# ਮਨ ਕੈਨਵਸ



ਹਰਦੇਵ ਚੌਹਾਨ

# ਮਨ ਕੈਨਵਸ

ਹਰਦੇਵ ਚੌਹਾਨ

ਪ੍ਰਕਾਸ਼ਕ

## ਹਰਦੇਵ ਚੌਹਾਨ ਦਾ ਪੰਜਾਬੀ ਵਿੱਚ ਪ੍ਰਕਾਸ਼ਤ ਬਾਲ ਸਾਹਿਤ :

1. ਪੰਜਾਬੀ ਵਿਸ਼ਵ ਕੋਸ਼ ( ਕੋਸ਼ ) ਅਭਿਸ਼ੇਕ ਪਬਲਿਸ਼ਰਜ਼, ਚੰਡੀਗੜ੍ਹ (1990)
2. ਜਨ ਸੰਖਿਆ ਸਿੱਖਿਆ ( ਆਬਾਦੀ ਸਿੱਖਿਆ ) ਅਭਿਸ਼ੇਕ ਪਬਲਿਸ਼ਰਜ਼, ਚੰਡੀਗੜ੍ਹ (1990)
3. ਸਾਡੀ ਚਮੜੀ ( ਸਿਹਤ ) ਬਿਸ਼ਨ ਚੰਦ ਐਂਡ ਸੰਨਜ਼, ਨਵੀਂ ਦਿੱਲੀ (1990)
4. ਹਰਾ ਸਮੁੰਦਰ ( ਬਾਲ ਖੇਡਾਂ ) ਪਬਲੀਕੇਸ਼ਨ ਡਿਵੀਜ਼ਨ, ਭਾਰਤ ਸਰਕਾਰ, ਨਵੀਂ ਦਿੱਲੀ (1992)
5. ਸਾਡਾ ਸਰੀਰ ( ਸਿਹਤ ) ਅਭਿਸ਼ੇਕ ਪਬਲੀਕੇਸ਼ਨਜ਼, ਚੰਡੀਗੜ੍ਹ (1992)
6. ਚਤੁਰ ਚਿੰਤੋ ਤੇ ਭੁੱਖੜ ਭਾਲੂ ( ਨੈਸ਼ਨਲ ਐਵਾਰਡ ਜੇਤੂ ) ਸ੍ਰੀ ਪ੍ਰਕਾਸ਼ਨ, ਨਵੀਂ ਦਿੱਲੀ (1995)
7. ਗੇਂਦ ਗੀਟੇ ( ਬਾਲ ਖੇਡਾਂ ) ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ (1995)
8. ਗਾਲੜ੍ਹਾਂ ਦੀ ਸੈਰ ( ਕਾਵਿ ਕਹਾਣੀ) ਪੰਜਾਬ ਰਾਜ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ,ਚੰਡੀਗੜ੍ਹ (1995)
9. ਸਰਲ ਯੋਗ ਅਭਿਆਸ ( ਸਿਹਤ ) ਮੈਸ. ਸ਼ਬਦਕਾਰ, ਚੰਡੀਗੜ੍ਹ (1995)
10. ਚਮਤਕਾਰੀ ਸ਼ਬਦ ਪਹੇਲੀਆਂ (ਕ੍ਰਾਸ ਵਰਡਜ਼) ਨੀਲੰਬਰ ਪਬਲੀਕੇਸ਼ਨਜ਼, ਚੰਡੀਗੜ੍ਹ (1997)
11. ਜੁਗਨੂੰ ਫੁੱਲ (ਬਾਲ ਕਹਾਣੀਆਂ ) ਨੀਲੰਬਰ ਪਬਲੀਕੇਸ਼ਨਜ਼, ਚੰਡੀਗੜ੍ਹ (1998)
12. ਪੁਤਲੀ ਤਮਾਸ਼ਾ (ਪੁਤਲੀ ਕਲਾ) ਪੰਜਾਬ ਰਾਜ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ (1998)
13. ਉੱਡਣ ਖਟੋਲਾ (ਬਾਲ ਨਾਵਲ) ਨੀਲੰਬਰ ਪਬਲੀਕੇਸ਼ਨਜ, ਚੰਡੀਗੜ੍ਹ (1998)
14. ਫਿੱਡੂ ਫਲੂਗਰ (ਬਾਲ ਨਾਵਲ) ਪਬਲੀਕੇਸ਼ਨਜ਼ ਡਿਵੀਜ਼ਨ, ਭਾਰਤ ਸਰਕਾਰ, ਨਵੀਂ ਦਿੱਲੀ (1999)
15. ਚਾਂਦੀ ਦਾ ਕੱਪ ( ਐਵਾਰਡ ਜੇਤੂ ਕਾਵਿ ਕਹਾਣੀ ) ਪੰਜਾਬੀ ਅਕਾਦਮੀ ਨਵੀਂ ਦਿੱਲੀ (1999)
16. ਚੀਚੋ ਚੀਚ ਗਨੇਰੀਆਂ (ਬਾਲ ਖੇਡਾਂ) ਭਾਸ਼ਾ ਵਿਭਾਗ, ਪਟਿਆਲਾ, ਪੰਜਾਬ ਸਰਕਾਰ (2000)
17. ਚਿੜੀ ਚੂਕਦੀ ਨਾਲ ( ਬਾਲ ਕਹਾਣੀਆਂ ) ਮਨਪ੍ਰੀਤ ਪ੍ਰਕਾਸ਼ਨ, ਨਵੀਂ ਦਿੱਲੀ (2001)
18. ਕਬਰੇ ਦਾ ਕਰਿਸ਼ਮਾ (ਬਾਲ ਨਾਵਲ) ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ (2006)
19. ਬਿੱਲੀ ਗਲ ਟੱਲੀ (ਬਾਲ ਨਾਵਲ) ਸਰਵ ਸਿੱਖਿਆ ਅਭਿਆਨ, ਪੰਜਾਬ ਸਰਕਾਰ (2011)
20. ਪਰੀਆਂ ਦਾ ਜਾਹਜ਼ (ਬਾਲ ਨਾਵਲ) ਸ੍ਰੀ ਪ੍ਰਕਾਸ਼ਨ, ਨਵੀਂ ਦਿੱਲੀ (2014)

## ਹਿੰਦੀ ਵਿੱਚ ਪ੍ਰਕਾਸ਼ਤ ਬਾਲ ਸਾਹਿਤ :

1. ਚਤੁਰ ਚਿੰਤੋ ਔਰ ਭੂਖਾ ਭਾਲੂ ਅਪੂਰਵ ਆਰਟਸ, ਚੰਡੀਗੜ੍ਹ (1995)
2. ਉੱਡਣ ਖਟੋਲਾ ਨੀਲਾਂਬਰ ਪਬਲੀਕੇਸ਼ਨਜ਼ ਚੰਡੀਗੜ੍ਹ (1998)
3. ਨਟਖੱਟ ਗਲਹਿਰੀਆਂ ਨੀਲਾਂਬਰ ਪਬਲੀਕੇਸ਼ਨਜ਼ ਚੰਡੀਗੜ੍ਹ (1998)
4. ਸ਼ਰਾਰਤੀ ਸਿੱਕਾ ਨੀਲਾਂਬਰ ਪਬਲੀਕੇਸ਼ਨਜ਼, ਚੰਡੀਗੜ੍ਹ (1998)
5. ਲਾਲੀ ਪੌਪ ਨੀਲਾਂਬਰ ਬਰ ਪਬਲੀਕੇਸ਼ਨਜ਼, ਚੰਡੀਗੜ੍ਹ (2005)
6. ਫਿੱਡੂ ਫਲੂਗਰ ਆਕਰਿਤੀ ਪਬਲੀਕੇਸ਼ਨਜ਼, ਨਵੀਂ ਦਿੱਲੀ (2009)

**ਸ਼ਾਹਮੁਖੀ ਵਿੱਚ ਪ੍ਰਕਾਸ਼ਤ ਬਾਲ ਸਾਹਿਤ :**

1. ਚਤੁਰ ਚਿੰਤੋ ਤੇ ਭੁੱਖਾ ਭਾਲੂ ( ਉਰਦੂ ) — ਪਾਕਿਸਤਾਨ (1995)
2. ਗਾਲੜ੍ਹਾਂ ਦੀ ਸੈਰ ( ਉਰਦੂ ) — ਪਾਕਿਸਤਾਨ (1996)
3. ਚਾਂਦੀ ਦਾ ਕੱਪ ( ਉਰਦੂ ) — ਪਾਕਿਸਤਾਨ (1997)
4. ਉੱਡਣ ਖਟੋਲਾ ( ਉਰਦੂ ) — ਕਿਸਤਾਨ (1999)

**ਗੁਜਰਾਤੀ ਭਾਸ਼ਾ ਵਿੱਚ ਪ੍ਰਕਾਸ਼ਤ ਬਾਲ ਸਾਹਿਤ :**

1. ਉੱਡਣ ਖਟੋਲਾ ( ਗੁਜਰਾਤੀ ) — ਗੁਜਰਾਤ (2003)
2. ਚਤੁਰ ਚਿੰਤੋ ਤੇ ਭੁੱਖਾ ਭਾਲੂ ( ਗੁਜਰਾਤੀ ) — ਗੁਜਰਾਤ (2003)
3. ਨਟਖੱਟ ਗਲੈਹਰੀਆਂ ( ਗੁਜਰਾਤੀ ) — ਗੁਜਰਾਤ (2003)

**ਹਿੰਦੀ ਅਤੇ ਇੰਗਲਿਸ਼ ਤੋਂ ਅਨੁਵਾਦਿਤ ਬਾਲ ਸਾਹਿਤ :**

1. ਚਿੱਤਰਾ ( ਇੰਗਲਿਸ਼ ਨਾਵਲ ਗੇ ਨੈੱਕ ) — ਐੱਨਬੀਟੀ , ਭਾਰਤ ਸਰਕਾਰ, ਨਵੀਂ ਦਿੱਲੀ
2. ਕੋਇਲ ਦੀ ਸਿਤਾਰ ( ਬੱਚਿਆਂ ਦਾ ਸਾਹਿਤ ) — ਐੱਨਬੀਟੀ , ਭਾਰਤ ਸਰਕਾਰ, ਨਵੀਂ ਦਿੱਲੀ
3. ਗ੍ਰਹਿ ਵਿਗਿਆਨ ( ਪਾਠ ਪੁਸਤਕ ) — ਨੈਸ਼ਨਲ ਓਪਨ ਸਕੂਲ, ਨਵੀਂ ਦਿੱਲੀ
4. ਸੁੱਖ ਦੀ ਖੋਜ ( ਸਾਹਿਤ ) — ਸ਼ਰੁਤੀ ਪਾਕੇਟ ਬੁਕਸ, ਚੰਡੀਗੜ੍ਹ
5. ਮੌਕਾ ਨਾ ਗਵਾਓ ( ਸਾਹਿਤ ) — ਸ਼ਰੁਤੀ ਪਾਕੇਟ ਬੁਕਸ, ਚੰਡੀਗੜ੍ਹ

**ਮਾਣ, ਸਨਮਾਨ :**

- ਰਾਸ਼ਟਰੀ ਅਧਿਆਪਕ ਪੁਰਸਕਾਰ, ਸੀ.ਸੀ.ਆਰ.ਟੀ. ਭਾਰਤ ਸਰਕਾਰ, ਨਵੀਂ ਦਿੱਲੀ (1991)
- ਰਾਸ਼ਟਰੀ ਜੂਨੀਅਰ ਫੈਲੋਸ਼ਿਪ, ਐਮ.ਐਚ.ਆਰ. ਡੀ., ਭਾਰਤ ਸਰਕਾਰ, ਨਵੀਂ ਦਿੱਲੀ (1992)
- ਰਾਸ਼ਟਰੀ ਬਾਲ ਸਾਹਿਤ ਪੁਰਸਕਾਰ, ਐਨ.ਸੀ.ਈ.ਆਰ.ਟੀ. ਭਾਰਤ ਸਰਕਾਰ, ਨਵੀਂ ਦਿੱਲੀ (1995)
- ਬਾਲ ਸਾਹਿਤ ਅਵਾਰਡ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, ਪੰਜਾਬ (2001)
- ਸ਼੍ਰੋਮਣੀ ਬਾਲ ਸਾਹਿਤ ਪੁਰਸਕਾਰ, ਪੰਜਾਬ ਸਰਕਾਰ (2002)
- ਸ੍ਰੀ ਗੁਰੂ ਨਾਨਕ ਦੇਵ ਜੀ ਅਚੀਵਰਜ ਅਵਾਰਡ, ਪੰਜਾਬ ਸਰਕਾਰ (2019)

# MANN CANVAS

(Baiographic Clips)

Hardev Chauhan ©

Chandigarh, India (160017)
Mobile : 9815194782 : 7009857708

E mail : hardev.chauhan@yahoo.co.in

ISBN :

PRICE :

2020

Title by :

Published by :

# ਤਤਕਰਾ


| | | |
|---|---|---|
| 1. | ਭੰਡਾ, ਭੰਡਾਰੀਆ | 09 |
| 2. | ਮਾਤਾ ਸ੍ਰੀ | 12 |
| 3. | ਪਿਤਾ ਸ੍ਰੀ | 19 |
| 4. | ਸੁੰਦਰ ਮੁੰਦਰੀਏ ਹੋ | 26 |
| 5. | ਰੱਬਾ ! ਰੱਬਾ !! ਮੀਂਹ ਵਰ੍ਹਾ | 29 |
| 6. | ਸੂਰਜਾ, ਸੂਰਜਾ ਫੱਟੀ ਸੁਕਾ | 32 |
| 7. | ਮੁਕਾਬਲਾ | 35 |
| 8. | ਪੜ੍ਹਾਈ-ਲਿਖਾਈ | 39 |
| 9. | ਦਾਸਤਾਨ-ਏ-ਕਿੱਤਾ ਮੁਖੀ | 42 |
| 10. | ਓ. ਟੀ. ਕੋਰਸ ਲਈ ਸੱਦਾ ਪੱਤਰ | 44 |
| 11. | ਇਲਮ ਦੀਨ | 50 |
| 12. | ਜੂਨ ਚੁਰਾਸੀ | 53 |
| 13. | ਰੱਬ ਦੇ ਖੇਡ, ਖਿਡਾਉਣੇ | 59 |
| 14. | ਲੱਲੂ ਸਰ ! ਬਨਾਮ ਕੰਮ ਦੀਆਂ ਗੱਲਾਂ | 61 |
| 15. | ਪਤੀਲਾ ਬਨਾਮ ਪੀਲੀ ਪੱਤਰਕਾਰੀ | 66 |
| 16. | ਚਿੰਤਾ, ਚਿਖਾ ਬਰਾਬਰੀ | 69 |
| 17. | ਕਰਮ, ਕੁਕਰਮ | 75 |
| 18. | ਮਨ ਦੀ ਮੌਜ | 80 |
| 19. | ਅਸ਼ਟਾਵਕਰ ਬਨਾਮ ਆਟੇ ਦੀ ਚਿੜੀ | 82 |
| 20. | ਜਲ ਹੈ ਤਾਂ ਕੱਲ੍ਹ ਹੈ | 86 |
| 21. | ਮਨ ਕੈਨਵਸ ਤੇ ਖੇੜੇ-ਝੇੜੇ | 90 |
| 22. | ਵਾਤਾਵਰਨ ਦੀ ਸੰਭਾਲ | 93 |
| 23. | ਹਲਫੀਆ ਬਿਆਨ | 97 |
| 24. | ਚਾਂਦੀ ਵੰਨੀ ਲਿਟ | 101 |
| 25. | ਜਵਾਰਭਾਟਾ | 111 |
| 26. | ਸੀ ਬਲਾਕ | 129 |
| 27. | ਈਲੀ ਸਾਡੀ ਰਾਣੀ | 141 |
| 28. | ਬਾਬੇ ਦੀਆਂ ਬਰਕਤਾਂ | 144 |
| 29. | ਚੈੱਕ ਆਊਟ, ਚੈੱਕ ਇਨ | 149 |

# ਭੰਡਾ, ਭੰਡਾਰੀਆ

ਕੁਦਰਤ ਦੀ ਕਾਇਨਾਤ ਵਿੱਚ ਸਥਿਰ ਕੁਝ ਵੀ ਨਹੀਂ... ਤਾਰੇ, ਚਿਰ ਕਾਲ ਤੋਂ ਗਰਦਿਸ਼ ਵਿੱਚ ਪਏ ਹੋਏ ... ਦਿਨ ਵਿਚਾਰਾ ਹੋਏ ਬੀਤੇ ਇਖ਼ਲਾਕੀ ਤੇ ਗੈਰ ਇਖ਼ਲਾਕੀ ਪੁੰਨ-ਕਾਰਜਾਂ ਦਾ ਲੇਖਾ ਜੋਖਾ ਕਰਦਾ ਮਰ, ਮਰ ਮਿੱਟੀ ਹੁੰਦਾ... ਨਮੋਸ਼ੀ ਦਾ ਮਾਰਿਆ ਓਟ, ਆਸਰੇ ਭਾਲਦਾ ਹਰਲ, ਹਰਲ ਫਿਰਦਾ ... ਆਪਣੇ ਬੇਗ਼ੈਰਤੀ ਚਿਹਰੇ ਨੂੰ ਛੁਪਾਉਣ ਲਈ ਰਾਤ ਦੀ ਬੁੱਕਲ 'ਚ ਜਾਂ ਲੁਕਦਾ ...

ਸੌਖੀ ਰਾਤ ਵੀ ਨਹੀਂ ਰਹਿੰਦੀ ... ਰਾਤ, ਆਪਣੇ ਵੇਲਿਆਂ ਦੇ ਕਰਮਾਂ, ਕੁਕਰਮਾਂ ਨੂੰ ਉਜਾਗਰ ਕਰਨ ਲਈ ਤਰਲੋ ਮੱਛੀ ਹੁੰਦੀ ... ਇਮਦਾਦ ਲਈ ਹਰ ਰੋਜ਼, ਦਿਨ ਦੇ ਅੱਗੇ, ਪਿੱਛੇ ਤੁਰੀ ਰਹਿੰਦੀ ... ਕੋਈ, ਕਿਸੇ ਨੂੰ ਪੱਲਾ ਨਹੀਂ ਜੇ ਫੜਾਉਂਦਾ ... ਨਿਰੰਤਰ ਚੱਲਦੀ ਰਹਿੰਦੀ ਛੂਹਣ, ਛੁਪਾਈ ਦੀ ਇਹ ਖੇਡ ...

ਤਪਸ਼ ਤੇ ਸੋਕੇ ਮਾਰੀ ਧਰਤੀ ਦੀ ਹਿੱਕ ਠਾਰਨ ਲਈ ਬਰਸਾਤਾਂ ਆਉਂਦੀਆਂ। ਪੱਤਝੜ ਦੀ ਨਮੋਸ਼ੀ ਵਿੱਚ ਰੰਗ ਭਰਨ ਲਈ ਬਸੰਤੀ ਪੌਣਾਂ ਰੁਮਕਦੀਆਂ ... ਗਰਮੀ ਨਾਲ ਲੂਹੇ ਭੋਇੰ ਦੇ ਪਿੰਡੇ ਨੂੰ ਸਕੂਨ ਦੇਣ ਲਈ ਸਰਦੀ ਦੀ ਰੁੱਤ ਆਪਣੀ ਬਰਫ਼-ਰੂੰਈਂ ਵਾਲੀ ਚਾਦਰ ਵਿਛਾਉਂਦੀ ...

ਬੰਦੇ ਵਾਂਗ ਕਾਦਰ ਦੇ ਜੀਵ, ਜੰਤੂਆਂ ਦਾ ਜਿਊਣ-ਥੀਣ ਵੀ ਹਮੇਸ਼ਾ ਸਥਿਰ ਤੇ ਸਾਵਾਂ, ਪੱਧਰਾ ਨਹੀਂ ਹੁੰਦਾ ... ਉਹ ਵੀ ਵਿਗਸਦੇ, ਫੈਲਦੇ ... ਮੋਹ, ਮੁਹੱਬਤਾਂ ਦੇ ਵਰਤਾਰੇ 'ਚ ਕੁਰਬਾਨੀਆਂ ਦਿੰਦੇ, ਲੈਂਦੇ ... ਜੰਮ, ਜੰਮ ਮੁੱਕਦੇ ...

ਕੋਈ ਬੀਜ ਆਪਣੀ ਹੋਣੀ ਤੋਂ ਬੇਖ਼ਬਰ ਨਦੀ ਕਿਨਾਰੇ ਹਵਾ, ਪਾਣੀ ਦੇ ਵਹਿਣ 'ਚ ਵਹਿੰਦਾ ਦੂਰ, ਦੁਰੇਡਿਉਂ ਤੁਰ ਆਉਂਦਾ ... ਆਪਣੀ ਥਾਂ ਬਣਾਉਂਦਾ, ਪੌਦਾ ਬਣ ਉੱਗ ਪੈਂਦਾ ... ਫੁੱਲਦਾ, ਫਲਦਾ... ਆਪਣੇ ਹਿੱਸੇ ਦੇ ਬੀਜ ਪੈਦਾ ਕਰਦਾ ... ਤੇ ਮੁੜ ਆਪਣੀ ਜੀਵਨ ਲੀਲ੍ਹਾ ਸਮੇਟ ਸੁੱਕਦਾ, ਝੜਦਾ ਨਦੀ ਪਾਣੀਆਂ 'ਚ ਵਹਿੰਦਾ ਹੋਇਆ ਕਾਲੇ ਸਮੁੰਦਰਾਂ 'ਚ ਲੀਨ ਹੋ ਜਾਂਦਾ ...

ਜੀਵ, ਜੰਤੂਆਂ ਦੇ ਉਲਟ ਮਾਨਵ ਜਾਤ, ਘੜੀ 'ਚ ਤੋਲਾ ਹੋ ਜਾਂਦੀ ਤੇ ਘੜੀ 'ਚ ਮਾਸਾ। ਰੁਆਉਣ 'ਤੇ ਬੰਦਾ ਕਦੀ ਹੱਸਣ ਲੱਗ ਪੈਂਦਾ ... ਤੇ ਕਦੀ ਹਸਾਉਣ 'ਤੇ ਤਾਉਮਰ ਰੋਣਾ ਪੱਲੇ ਬੰਨ ਬਹਿੰਦਾ ... ਜਾਗਦਾ ਹੋਇਆ ਕਦੀ ਸੁਫਨ-ਲੋਕ ਦੀਆਂ ਵਰਜਿਤ ਫਸੀਲਾਂ ਉਲੰਘ ਜਾਂਦਾ ... ਕਦੀ

ਬੀਵੀ ਦੀ ਬਾਂਹ ਵਾਲੇ ਕੋਮਲ ਸਿਰਹਾਣੇ 'ਤੇ ਘੂਕ ਸੁੱਤਾ ਹੋਇਆ ਵੀ ਕਿੱਕਰ, ਥੋਹਰਾਂ ਦੇ ਕੰਡੇ ਚੁੱਭਣ ਵਾਲੀ ਪੀੜ ਮਨਾਉਣ ਲੱਗ ਪੈਂਦਾ ਤੇ ਟਿੱਕੀ ਹੋਈ ਰਾਤ ਵਿੱਚ ਖੱਖੜੀ, ਖੱਖੜੀ ਖਿੱਲਰ ਜਾਂਦਾ ...

ਕੁਦਰਤ ਦਾ ਕ੍ਰਿਸ਼ਮਾ ਵੇਖੋ, ਬੰਦੇ ਅੰਦਰ ਬੜੀਆਂ ਅਜੀਬੋ ਗਰੀਬ ਪ੍ਰਵਿਰਤੀਆਂ ਸਮੋਈਆਂ ਪਈਆਂ ... ਉਹ ਚਾਹੁੰਦਾ ਕਿ ਉਸਦੇ ਦੁਆਲੇ ਹਮੇਸ਼ਾ ਖੁਸ਼ਬੂਦਾਰ ਫੁੱਲ ਖਿੜੇ ਰਹਿਣ ... ਘਰ-ਬਾਹਰ ਦੀਆਂ ਤਮਾਮ ਬਾਰੀਆਂ ਹਮੇਸ਼ਾ ਖੁਲ੍ਹੀਆਂ ਰਹਿਣ ... ਰੰਗ-ਬਰੰਗੀਆਂ ਤਿਤਲੀਆਂ ਬੇਰੋਕ ਅੰਦਰ ਆ, ਆ ਉਸਦੇ ਦੁਆਲੇ ਮੰਡਰਾਉਂਦੀਆਂ ਰਹਿਣ ...

ਉਹ ਹਮੇਸ਼ਾ ਪਿਆਰ ਤੇ ਮੁਹੱਬਤ ਦੀ ਸਥਿਤੀ ਵਿੱਚ ਵਿਚਰਨਾ ਚਾਹੁੰਦਾ ... ਐਪਰ ਵਿੱਚ, ਵਿਚਾਲੇ ਕਿਸਮਤ 'ਚ ਲਿਖੇ ਪੱਥਰ ਠੇਡੇ, ਛੋਟੇ-ਵੱਡੇ ਹਾਦਸੇ ਤੇ ਕੁਦਰਤੀ ਕਰੋਪੀਆਂ ਵੀ ਉਸ ਨਾਲ ਦੋ, ਚਾਰ ਹੋਣ ਦੀ ਉਡੀਕ 'ਚ ਬਰੂਹੀਂ ਬੈਠੀਆਂ ਹੁੰਦੀਆਂ ... ਕਦੀ, ਕਦਾਈਂ ਉਸਨੂੰ ਨਿਗੂਣੀ ਜਿਹੀ ਗੱਲ 'ਤੇ ਗੁੱਸਾ ਆ ਜਾਂਦਾ ... ਬੇਚਾਰੇ ਨੂੰ ਅਕਸਰ, ਪਿਆਰ, ਗੁੱਸੇ, ਨਫ਼ਰਤ, ਸੁਸਤੀ, ਤਲਖ਼ੀ ਅਤੇ ਕਈ ਹੋਰ ਅਜੀਬੋ-ਗਰੀਬ ਵਰਤਾਰਿਆਂ ਦਾ ਸਾਹਮਣਾ ਕਰਨਾ ਪੈਂਦਾ ...

ਵੇਖਣ ਅਤੇ ਵਾਚਣ ਵਿੱਚ ਉਸ ਲਈ ਗੁੱਸੇ ਦੀ ਸਥਿਤੀ ਬੜੀ ਦੁੱਖਦਾਇਕ ਹੁੰਦੀ। ਗੁੱਸੇ ਤੇ ਕ੍ਰੋਧ ਨਾਲ ਬੰਦੇ ਦਾ ਤਨ, ਮਨ ਕੰਬਣ ਲੱਗਦਾ। ਅੱਖਾਂ, ਤਪਦੇ ਹੋਏ ਸੂਰਜ ਵਾਂਗ ਲਾਲ ਹੋ ਜਾਂਦੀਆਂ। ਦਿਲ, ਧੜਕਣ ਦੀ ਤੇਜ਼ੀ ਨਾਲ ਆਪਣੇ ਚੌਖਟੇ 'ਚੋਂ ਬਾਹਰ ਭੱਜਣ ਦੀ ਕੋਸਿਸ਼ ਕਰਦਾ। ਬੰਦੇ ਦਾ ਲਹੂ-ਦਬਾਓ ਵੱਧ, ਵੱਧ ਜਾਂਦਾ ਤੇ ਗੁੱਸੇ 'ਚ ਭਰਿਆ ਪੀਤਾ, ਹਲਕਾਏ ਕੁੱਤੇ ਵਾਂਗ ਦੂਜੇ ਬੰਦੇ ਨੂੰ ਵੱਢ ਖਾਣ ਵਾਲੀ ਸਥਿਤੀ 'ਚ ਝਈਆਂ ਲੈ, ਲੈ ਪੈਂਦਾ।

ਵੇਖੋ ! ਵਿਰੋਧੀ ਬਹੁਤ ਨੇੜੇ ਖੜਾ ਹੁੰਦਾ ਪਰ ਗੁੱਸੇਖੋਰਾ ਬੰਦਾ ਉੱਚੀ, ਉੱਚੀ ਬੋਲਦਾ। ਅਜਿਹੀਆਂ ਪ੍ਰਸਥਿਤੀਆਂ ਵਿੱਚ ਤਨਾਂ, ਮਨਾਂ ਦੀਆਂ ਦੂਰੀਆਂ ਵੱਧਦੀਆਂ, ਵੱਧਦੀਆਂ ਕੋਹਾਂ ਲੰਮੀਆਂ ਹੋ ਜਾਂਦੀਆਂ ... ਇਸ ਮੌਕੇ ਬੰਦੇ ਦਾ ਖੁਦ ਦਾ ਜਾਨੀ ਤੇ ਮਾਲੀ ਨੁਕਸਾਨ ਹੋਣਾ ਵੀ ਅੱਟਲ ਹੋ ਜਾਂਦਾ ... ਇਸ ਵਰਤਾਰੇ ਵਿੱਚ ਹੱਦਾਂ,ਸਰਹੱਦਾਂ ਉੱਸਰ ਜਾਂਦੀਆਂ... ਢਿੱਡੋਂ ਜਾਏ ਇੱਕ, ਦੂਸਰੇ ਦੇ ਜਾਨੀ ਦੁਸ਼ਮਣ ਬਣ ਜਾਂਦੇ ... ਆਰ, ਪਾਰ ਜਾਣ, ਆਉਣ ਦੀਆਂ ਬੰਦਿਸ਼ਾਂ ਲਾ ਬੈਠਦੇ ... ਹੋਰ ਤੇ ਹੋਰ, ਆਪਣੇ ਦਰਮਿਆਨ ਕੰਡਿਆਲੀਆਂ ਤਾਰਾਂ ਸਿਰਜ ਲੈਂਦੇ ... ਫਿਰ ਕੀ ਹੁੰਦਾ, ਆਉਂਦੇ, ਜਾਂਦੇ ਪੰਖੇਰੂਆਂ ਨੂੰ ਵੇਖ ਆਪੇ ਨੂੰ ਝੂਰਦੇ, ਕੋਸਦੇ ਪੰਛੀਆਂ ਵਾਂਗ ਇੱਧਰ, ਉਧਰ ਉੱਡਣ ਲਈ ਅਰਦਾਸਾਂ, ਅਰਜੋਈਆਂ ਕਰਦੇ ...

ਗੁੱਸੇ ਦੇ ਉਲਟ ਪਿਆਰ ਦੀ ਸਥਿਤੀ ਬੜੀ ਸੁੱਖਦਾਇਕ ਹੁੰਦੀ। ਪ੍ਰੇਮ-ਪਿਆਰ 'ਚ ਲੀਨ ਬੰਦਾ ਝੀਲ ਪਾਣੀਆਂ ਵਾਂਗ ਬੜਾ ਸ਼ਾਂਤ ਤੇ ਸਥਿਰ ਹੁੰਦਾ। ਉਸਨੂੰ ਦੀਨ-ਦੁਨੀਆ ਭੁੱਲ ਜਾਂਦੀ। ਪ੍ਰੇਮੀ, ਪਿਆਰੇ ਇੱਕ, ਦੂਜੇ ਦੇ ਨਜਦੀਕ ਹੋ ਜਾਂਦੇ। ਅਜਿਹੀ ਸਥਿਤੀ ਵਿੱਚ ਮਨਾਂ ਤੇ ਤਨਾਂ ਦੀਆਂ ਦੂਰੀਆਂ

ਘਟ ਜਾਂਦੀਆਂ ... ਵੇਖਣ ਨੂੰ ਦੋ ਲੱਗਣ ਵਾਲੇ ਜਿਉੜੇ ਇੱਕ-ਮਿੱਕ ਹੋ ਜਾਂਦੇ ... ਰੂਹਾਂ ਵੀ ਆਪਸ ਵਿੱਚ ਸਿਮਟ ਜਾਂਦੀਆਂ ...

ਮਾਂ ਦੀ ਗੋਦੀ 'ਚ ਖੇਡਦੇ ਬੱਚੇ ਨੂੰ ਵੇਖੋ ... ਮਾਂ, ਪੁੱਤ ਹੌਲੀ, ਹੌਲੀ ਬੋਲਦੇ ... ਕਦੀ, ਕਦੀ ਕੁਝ ਵੀ ਨਹੀਂ ਬੋਲਦੇ...ਬਸ ! ਫੁਸਫੁਸਾ ਕੇ ਤੇ ਮੁਸਕਰਾ ਕੇ ਦਿਲਾਂ ਦੀਆਂ ਰਮਜਾਂ ਦਾ ਆਦਾਨ, ਪ੍ਰਦਾਨ ਕਰ ਲੈਂਦੇ... ਖੁਸ਼ੀਆਂ ਦੇ ਇਸ ਬੇਸ਼ਕੀਮਤੀ ਵਪਾਰ ਵਿੱਚ ਇਸ਼ਾਰੇ ਤੇ ਸੈਨਤਾਂ ਡਾਕੀਏ ਬਣ ਜਾਂਦੇ। ਸਰਵ ਪ੍ਰਵਾਨਤ ਸਚਾਈ ਇਹ ਵੀ ਕਿ ਪ੍ਰੇਮ-ਪਿਆਰ ਅਤੇ ਮਿਲਵਰਤਣ ਵਾਲਾ ਅਜਿਹਾ ਕਾਰ-ਵਿਹਾਰ ਹਮੇਸ਼ਾ ਨਿੱਘ-ਮੋਹ ਅਤੇ ਵਾਧੇ ਵਾਲਾ ਸੌਦਾ ਰਿਹਾ ਤੇ ਰਹੇਗਾ ...

ਮਲਕੁਲ ਮੌਤ ਦਾ ਫਰਿਸ਼ਤਾ ਚਿਰ ਕਾਲ ਤੋਂ ਭੰਡਾ, ਭੰਡਾਰੀਆ ਵਾਲੀ ਖੇਡ ਖਿਡਾਉਂਦਾ ਆ ਰਿਹਾ ਏ ... ਹਰ ਬੰਦੇ ਦੇ ਨਾਲ ਸਾਏ ਵਾਂਗ ਮੰਡਰਾਉਂਦਾ ਰਹਿੰਦਾ ... ਵੇਖਣ ਨੂੰ ਉਹ ਜਲ, ਥਲ ਦੇ ਜੀਵ, ਜੰਤੂਆਂ ਨੂੰ ਆਪਣੇ ਨਾਲ ਖਿਡਾਉਂਣ ਦੇ ਖੇਖਣ ਕਰਦਾ ਏ ... ਪਰ ਹਕੀਕਤ ਵਿੱਚ ਉਹ ਉਨਾਂ ਦੇ ਸਿਰ 'ਤੇ ਆਪਣੀ ਮੁੱਠ ਰੱਖਕੇ ਸਾਹ ਪੀੜਣ 'ਚ ਮਸਰੂਫ਼ ਰਹਿੰਦਾ ... ਹੀਰੇ, ਜਵਾਹਰਾਤਾਂ ਜੜੇ ਸਿੰਘਾਸਣ 'ਤੇ ਬੈਠਣ ਵਾਲਾ ਕੋਈ ਰਾਜਾ ਹੋਵੇ ... ਗਰੀਬ ਤੇ ਨਿਥਾਵਾਂ ਕੋਈ ਜੀਅ ਜਿਸ ਨੂੰ ਬੈਠਣ ਲਈ ਕਦੀ ਤਖ਼ਤੀ ਤੇ ਜ਼ਮੀਨ ਵੀ ਨਸੀਬ ਨਾ ਹੋਈ ਹੋਵੇ ... ਉਸਦੀ ਅਦਿੱਖ ਮੁੱਠੀ ਦੇ ਭਾਰ ਨਾਲ ਵਾਰੋ, ਵਾਰੀ ਅਜਿਹੇ ਸਾਰੇ ਮਖ਼ਲੂਕ ਉਸਦੀ ਬੁੱਕਲ 'ਚ ਸਾਂਵੇ, ਪੱਧਰੇ ਹੋ ਜਾਂਦੇ ...

# ਮਾਤਾ ਸ਼੍ਰੀ

ਉਹ ਰਾਤ ਵੀ ਬੀਤਦੀ, ਬੀਤਦੀ ਬੀਤਣ ਵਾਲੀ ਸੀ। ਰਾਤ ਦੇ ਆਖਰੀ ਪਹਿਰ ਦਿਮਾਗ ਪਰਦੇ 'ਤੇ ਇੱਕ ਸੁਫਨਾ ਸ਼ੁਰੂ ਹੋ ਗਿਆ। ਕੋਈ ਦਰਵੇਸ਼ ਆਉਂਦਾ ਏ ... ਘਰ ਦੇ ਬਾਹਰ ਖੜਾ, ਇੱਕ ਸੌ ਇੱਕ ਰੋਟੀਆਂ ਮੰਗਦਾ ਏ ... ਉਸਦੇ ਉਹਲੇ 'ਚ ਕੋਈ ਹੋਰ ਬੰਦਾ ਵੀ ਖੜਾ ਦਿਸਦਾ ਏ ... ਉਸਨੂੰ ਵੇਖ ਕੇ ਜੰਗੀ ਦਾ ਝਾਉਲਾ ਪੈਦਾ ਏ ... ਛੋਟਾ ਭਰਾ ਜੰਗੀ, ਜਿਹੜਾ ਵੀਹ ਕੁ ਸਾਲ ਪਹਿਲਾਂ ਸੜਕ ਹਾਦਸੇ ਵਿੱਚ ਰੱਬ ਨੂੰ ਪਿਆਰਾ ਹੋ ਗਿਆ ਸੀ। ਇਥੇ ਰਹਿੰਦਾ ਬੰਦਾ ਪੱਕ, ਪਕੇਰੇ ਕਿਲ੍ਹੇ ਬਣਾਉਣ ਦੀ ਵਿਉਂਤਬੰਦੀ ਕਰਦਾ ਏ ਪਰ ਚੰਗੇ ਬੰਦਿਆਂ ਦੀ ਉੱਪਰ ਵੀ ਬੜੀ ਲੋੜ ਹੁੰਦੀ ਹੋਏਗੀ। ਇਸੇ ਲਈ ਸ਼ਾਇਦ ਉਹ ਇਸ ਫਾਨੀ ਦੁਨੀਆ 'ਚੋਂ ਛੇਤੀ ਰੁਖਸਤ ਹੋ ਜਾਂਦੇ ਨੇ ...

ਸਵੇਰ ਹੋਈ ਸੀ। ਉੱਠਦਿਆਂ ਸਾਰ ਹੀ ਭੁੱਲ ਜਾਣ ਤੋਂ ਪਹਿਲਾਂ ਸ਼੍ਰੀ ਮਤੀ ਨੂੰ ਸੁਫਨੇ ਵਾਲੀ ਘਟਨਾ ਹੂ ਬ ਹੂ ਸੁਣਾ ਦਿੱਤੀ। ਬੜੀ ਗੰਭੀਰਤਾ ਨਾਲ ਸੁਣਕੇ ਉਸਨੇ ਕਿਹਾ ਸੀ, 'ਉੱਪਰ ਬੈਠੇ ਹੋਏ ਸਾਡੇ ਪਿੱਤਰ ਭੁੱਖੇ, ਪਿਆਸੇ ਹੋਣਗੇ। ਓਹੀਓ ਰੋਟੀਆਂ ਮੰਗਦੇ ਹੋਣਗੇ ... ਕੋਈ ਗੱਲ ਨਹੀਂ ... ਮੈਂ ਕਿਸੇ ਛੁੱਟੀ ਵਾਲੇ ਦਿਨ ਰੋਟੀਆਂ ਬਣਾ ਲਵਾਂਗੀ ਤੇ ਤੁਸੀਂ

ਬਾਜ਼ਾਰੋਂ ਦੁੱਧ ਦੇ ਚਾਰ, ਪੰਜ ਪੈਕਟ ਖਰੀਦ ਲਿਆਇਓ ... ਅਸੀਂ ਦੋਵੇਂ ਜਣੇ ਗੁਰੂਦਵਾਰੇ ਜਾ ਕੇ ਸਾਰਾ ਰਸਦ, ਪਾਣੀ ਲੰਗਰ 'ਚ ਪਾ ਆਵਾਂਗੇ'...

ਸੁਫਨੇ ਵਾਲਾ ਚੜ੍ਹਾਵਾ ਚੜ੍ਹਾਉਣ ਲਈ ਕਿਸੇ ਛੁੱਟੀ ਵਾਲੇ ਦਿਨ ਦੇ ਆਉਣ ਤੋਂ ਪਹਿਲਾਂ ਹੀ ਸ਼੍ਰੀ ਮਤੀ ਨੂੰ ਅੰਮ੍ਰਿਤਸਰੋਂ ਬੀਜੀ ਦੇ ਪੂਰੇ ਹੋ ਜਾਣ ਦਾ ਫੋਨ ਆ ਗਿਆ। ਦੁਪਹਿਰੇ ਦੋ ਵਜੇ ਫੋਨ ਆਇਆ ਸੀ। ਢਾਈ ਵਜੇ ਸ਼੍ਰੀ ਮਤੀ ਨੇ ਸਾਡੇ ਅਜੀਤ ਦੇ ਦਫ਼ਤਰ ਇਤਲਾਹ ਦੇ ਦਿੱਤੀ ਸੀ। ਤਿੰਨ ਕੁ ਵਜੇ ਦਫ਼ਤਰ ਪੁੱਜਦਿਆਂ ਸਾਰ ਹੀ ਸਾਹ ਲੈਣ ਤੋਂ ਪਹਿਲਾਂ ਖਜ਼ਾਨਚੀ ਕੁਲਦੀਪ ਨੇ ਸਾਨੂੰ ਸੁਨੇਹਾ ਦੇਣਾ ਸ਼ੁਰੂ ਕਰ ਦਿੱਤਾ, 'ਭਾਜੀ ਜੀ ! ਬੈਡ ਨਿਊਜ ਹੈ ... ਭਾਬੀ ਜੀ ਦੀ ਸੱਸ ਮਾਂ ਪੂਰੀ ਹੋ ਗਈ ਹੈ' ...

ਮਨ 'ਚ ਸੋਚਿਆ ਕਿ ਜਾਣ ਵਾਲਾ ਚਲਾ ਗਿਆ। ਹਕੀਕਤਨ ਜਿਹੜਾ ਇਸ ਧਰਤੀ 'ਤੇ ਆਉਂਦਾ ਹੈ ਉਸਨੇ ਇਕ ਨਾ ਇਕ ਦਿਨ ਵਾਪਸ ਵੀ ਜਾਣਾ ਹੁੰਦਾ ਏ। ਕੁਲਦੀਪ ਦੀ ਗੱਲ ਸੁਣੀ,ਅਣਸੁਣੀ ਕਰ ਅਸੀਂ ਕੋਰੇ ਪੇਪਰ ਲਏ ਤੇ ਖ਼ਬਰ ਲਿਖਣ ਬੈਠ ਗਏ। ਉੱਪਰੋਂ ਠੰਡ ਵੀ ਵਧਦੀ ਜਾ ਰਹੀ ਸੀ। ਮਨ 'ਚ ਸੋਚਿਆ ਕਿ ਜਿੰਨੀ ਛੇਤੀ ਕੰਮ ਮੁੱਕ ਜਾਏ, ਓਨੀਂ ਛੇਤੀ ਵਿਹਲੇ ਹੋ ਕੇ ਘਰ ਚਲੇ ਜਾਵਾਂਗੇ ...

ਆਪਣੀ ਸੀਟ ਤੋਂ ਉੱਠ ਫਰੰਟ ਡੈਸਕ ਵਾਲਾ ਕੁਲਦੀਪ ਸਾਡੇ ਸਿਰ 'ਤੇ ਆਣ ਖਲੋਤਾ ਤੇ ਉਦਾਸ ਜਿਹੇ ਮੂਡ 'ਚ ਮੋਢੇ ਨੂੰ ਝੰਜੋੜਦਾ ਹੋਇਆ ਬੋਲਿਆ, 'ਭਾਜੀ ! ਕੀ ਕਰਦੇ ਓ ?... ਛੇਤੀ, ਛੇਤੀ ਘਰ ਨੂੰ ਜਾਓ'...

'ਕੀ ਮਤਲਬ ? ਦੋ, ਢਾਈ ਘੰਟੇ ਪੰਜਾਬ ਯੂਨੀਵਰਸਿਟੀ ਦੀ ਸੈਨਟ ਮੀਟਿੰਗ ਵਿੱਚ ਮੱਥਾ ਮਾਰ ਕੇ ਆਇਆ ਹਾਂ ... ਸਟੋਰੀ ਤਾਂ ਭੇਜਣੀ ਹੀ ਪਏਗੀ ਨਾ'... ਖਬਰ ਨੂੰ ਝਰੀਟਦਿਆਂ ਅਸਾਂ ਖਰਵੇ ਜਿਹੇ ਅੰਦਾਜ 'ਚ ਕਿਹਾ ।

ਪਰ ਭਾਜੀ ! ਮਾਂ ਦੇ ਲਈ ਤੁਸੀਂ ਇੱਕ ਸਟੋਰੀ ਦਾ ਤਿਆਗ ਵੀ ਨਹੀਂ ਕਰ ਸਕਦੇ' ?...

'ਠੀਕ ਏ ... ਸੁਣ ਵੀ ਲਿਆ ਕਿ ਸ੍ਰੀ ਮਤੀ ਦੀ ਮਾਂ ਪ੍ਰਾਣ ਤਿਆਗ ਗਈ ... ਤੇ ਹੁਣ ਮੇਰੇ ਛੇਤੀ ਚਲੇ ਜਾਣ ਨਾਲ ਉਸਦੇ ਸਾਹ, ਪ੍ਰਾਣ ਵਾਪਸ ਤਾਂ ਨਹੀਂ ਨਾ ਮੁੜ ਆਉਣੇ' ...

'ਭਾਜੀ ! ਹੋਸ਼ ਨਾਲ ਸੁਣੋ ... ਭਾਬੀ ਜੀ ਦੀ ਮਾਂ ਨਹੀਂ, ਤੁਹਾਡੇ ਮਾਤਾ ਜੀ ਪੂਰੇ ਹੋਏ ਨੇ ... ਤੁਹਾਡੀ ਇੱਕ ਖਬਰ ਤੋਂ ਬਿਨਾਂ ਅਖ਼ਬਾਰ ਤਾਂ ਕੱਲ੍ਹ ਨੂੰ ਵੀ ਛੱਪਣੋਂ ਨਹੀਂ ਰਹੇਗੀ ... ਉੱਠੋ ਤੇ ਛੇਤੀ, ਛੇਤੀ ਘਰ ਨੂੰ ਜਾਓ'...

'ਹੈਂ ! ਸਾਡੀ ਮਾਂ ਮਰ ਗਈ' ... ਮਨ 'ਚ ਧੂਹ ਪਾ ਦੇਣ ਵਾਲੀ ਇੱਕ ਹੂਕ ਉੱਠੀ ਤੇ ਅਸੀਂ ਕਾਹਲੀ, ਕਾਹਲੀ ਹੱਥਲੀ ਖ਼ਬਰ ਨੂੰ ਸਮੇਟਣ ਲੱਗ ਪਏ ।

ਅਖ਼ਬਾਰੀ ਕੰਮ ਤੋਂ ਵਿਹਲੇ ਹੁੰਦਿਆਂ ਸਾਰ ਸ੍ਰੀ ਮਤੀ ਨੂੰ ਫੋਨ ਕੀਤਾ । ਅੱਗੋਂ ਉਹ ਰੋਣੀ ਆਵਾਜ਼ 'ਚ ਬੋਲੀ ਸੀ, 'ਬੀਜੀ ਪੂਰੇ ਹੋ ਗਏ ਨੇ ... ਛੇਤੀ ਘਰ ਆ ਜਾਓ ... ਸਮੇਂ ਸਿਰ ਅੰਮ੍ਰਿਤਸਰ ਜਾਣਾ ਹੈ'...

'ਮੈਂ ਇਥੋਂ ਤੁਰਨ ਲੱਗਾ ਹਾਂ... ਤੁਸੀਂ ਤਿਆਰ ਹੋ ਜਾਓ' ... ਅਸਾਂ ਕਿਹਾ ਤੇ ਛੇਤੀ, ਛੇਤੀ ਆਪਣਾ ਬੈਗ ਸਮੇਟ ਕੇ ਘਰ ਨੂੰ ਆ ਗਏ ।

ਸ਼ਾਮੀ ਪੰਜ ਵਜੇ ਅਸੀਂ ਬੱਸੇ ਬੈਠ ਗਏ ਤੇ ਦਸ ਵਜੇ ਰਾਤੀ ਅੰਮ੍ਰਿਤਸਰ ਪੁੱਜ ਗਏ । ਕੁਲਵੰਤ ਭਾਜੀ ਨੂੰ ਉਥੋਂ ਫੋਨ ਕੀਤਾ ਸੀ । ਪੁੱਛਿਆ ਸੀ, 'ਭਾਜੀ ! ਕੁਝ ਸੁਣਿਆ ਜੇ' ?...

ਕੁਲਵੰਤ ਭਾਜੀ ਬੋਲੇ ਸਨ, 'ਅਸੀਂ ਤਾਂ ਉੱਥੋਂ ਹੋ ਵੀ ਆਏ ਹਾਂ ... ਹੁਣ ਤੁਹਾਡੀ ਹੀ ਉਡੀਕ ਹੋ ਰਹੀ ਏ' ...

ਸੁਣ ਕੇ ਪੈਰਾਂ ਹੇਠਲੀ ਜ਼ਮੀਨ ਖਿਸਕਦੀ ਪ੍ਰਤੀਤ ਹੋਣ ਲੱਗ ਪਈ । ਮਾਤਾ ਸ੍ਰੀ , ਜਿਸ ਬਾਰੇ ਕਦੀ ਸੋਚਣ ਲਈ ਫੁਰਸਤ ਨਹੀਂ ਸੀ ਮਿਲੀ ਹੁਣ ਉਹ ਰੋਮ, ਰੋਮ 'ਚ ਸਮਾਈ ਪ੍ਰਤੀਤ ਹੋਣ ਲੱਗੀ । ਬੀਤੇ ਮਹੀਨੇ ਉਹ ਠੀਕ, ਠਾਕ ਸੀ । ਕੋਠੇ 'ਤੇ ਬੈਠੀ ਧੁੱਪ ਸੇਕਦੀ ਹੱਸ, ਹੱਸ ਗੱਲਾਂ ਕਰਦੀ ਸੀ । ਹਰੇਕ ਵਾਰੀ ਇੱਕੋ, ਜਿਹੀ ਫਰਮਾਇਸ਼ ਪਾਉਂਦੀ ਆਖਦੀ ਸੀ, 'ਪੁੱਤ ! ਠੰਡ ਤੇਜ਼ੀ ਨਾਲ ਵੱਧ ਰਹੀ ਏ ...

ਮੂੰਗੀਆ ਰੰਗ ਵਾਲਾ ਇੱਕ ਮੋਟੇ ਸੂਟ ਦਾ ਕੱਪੜਾ ਲਿਆ ਕੇ ਦੇ ਜਾਈਂ ... ਤੇ ਹਾਂ ਪਾਈਆ, ਪਾਈਆ ਔਲਿਆਂ ਦਾ ਮੁਰੱਬਾ, ਮੋਟਾ ਮੁਨੱਕਾ, ਬਦਾਮ, ਹਰੀ ਸੌਗੀ ਤੇ ਖ਼ਤਾਈਆਂ ਵੀ ... ਤੇਰਾ ਲਿਆਂਦਾ ਪਿਛਲਾ ਰਾਸ਼ਨ ਚਿਰੋਕਣਾ ਮੁੱਕ ਚੁਕਾ ਏ' ...

ਦੋ ਹਫ਼ਤੇ ਪਹਿਲਾਂ ਸ਼੍ਰੀ ਮਤੀ ਆਪਣੀ ਮਾਂ ਦੇ ਵਰ੍ਹੀਣੇ 'ਤੇ ਅੰਮ੍ਰਿਤਸਰ ਗਈ ਸੀ। ਆਪਣੇ ਘਰੋਂ ਕਾਰ,ਵਿਹਾਰ ਸਮੇਟ ਕੇ ਉਹ ਕੋਠੀ, ਸਾਡੇ ਬੀਜੀ ਕੋਲ ਚਲੀ ਗਈ। ਉਸਨੇ ਬੀਜੀ ਨੂੰ ਨੁਹਾਇਆ, ਸਵਾਰਿਆ। ਚਾਦਰਾਂ, ਖੇਸ ਧੋਤੇ।ਜੀਅ, ਜਾਨ ਨਾਲ ਰਸੋਈ, ਕਮਰਿਆਂ 'ਚ ਝਾੜੂ, ਪੋਚਾ ਲਾਇਆ। ਬੀਜੀ ਨੇ ਰੱਜ ਕੇ ਸੇਵਾ ਕਰਵਾਈ। ਕੰਮ ਕਰਦੀ ਹੋਈ ਸ੍ਰੀਮਤੀ ਦੇ ਕੋਲ ਖਲੋਤੀ ਨੇ ਆਖਿਆ ਸੀ, 'ਧੀਏ ! ਵੱਡਿਆਂ ਦੇ ਕਿਸੇ ਕੰਮ ਤੋਂ ਕਚਿਐਣ ਨਹੀਂ ਮਨਾਈਦੀ' ...

ਸ੍ਰੀਮਤੀ ਨੇ ਬੜੇ ਠਰੰਮੇ ਨਾਲ ਬੀਜੀ ਦੀ ਗੱਲ ਸੁਣ ਤਾਂ ਲਈ ਸੀ ਪਰ ਕੋਈ ਜੁਆਬ ਨਹੀਂ ਸੀ ਦਿੱਤਾ। ਉਹ ਵਾਪਸੀ ਲਈ ਤੁਰਨ ਲੱਗੀ ਤਾਂ ਬੀਜੀ ਉਸਦਾ ਰਸਤਾ ਰੋਕਦੇ ਕਹਿਣ ਲੱਗੇ, 'ਧੀਏ ! ਰੁਕ ਜਾ ਦੋ, ਚਾਰ ਦਿਨ ਹੋਰ ... ਤੇਰਾ ਗੇੜਾ ਬਚ ਜਾਊ ' ...

ਹੁਣ ਲੱਗਦਾ ਏ ਕਿ ਮਰ, ਖੱਪ ਚੁਕੇ ਸੱਜਣ-ਸਨੇਹੀ ਜਦੋਂ ਤੁਹਾਡੇ ਸੁਪਨਿਆਂ ਵਿੱਚ ਨਾਲੋ, ਨਾਲ ਵਿਚਰਨਾ ਸ਼ੁਰੂ ਕਰ ਦੇਣ ਤਾਂ ਸ਼ਾਇਦ ਉਦੋਂ ਸਾਡੀ ਜੀਵਨ ਯਾਤਰਾ ਵੀ ਅੰਤਮ ਪੜਾਅ ਦੇ ਨੇੜੇ, ਤੇੜੇ ਪੁੱਜ ਜਾਂਦੀ ਹੋਏਗੀ ...

ਰਿਕਸ਼ੇ 'ਚ ਬੈਠੇ ਕੋਠੀ ਵੱਲ ਆ ਰਹੇ ਸਾਂ। ਤੜਕੇ ਵੇਲੇ ਦਾ ਸੁਪਨਾ ਸੀਨ ਦਰ ਸੀਨ ਅੱਖਾਂ ਅੱਗੇ ਘੁੰਮਣ ਲੱਗ ਪਿਆ। ਮਾਤਾ ਸ਼੍ਰੀ ਹੀ ਹੋਣਗੇ ਜਿਹੜੇ ਆਪਣੀ ਯਾਤਰਾ ਲਈ ਇੱਕ ਸੌ ਇਕ ਰੋਟੀਆਂ ਮੰਗਦੇ ਹੋਣਗੇ ... ਵੱਡਿਆਂ ਦਾ ਤੀਜਾ ਨੇਤਰ ਖੁੱਲ ਜਾਂਦਾ ਏ ਆਖਰੀ ਉਮਰੇ ... ਉਨਾਂ ਨੂੰ ਹੋਣੀ, ਅਣਹੋਣੀ ਦਾ ਗਿਆਨ ਵੀ ਪਹਿਲਾਂ ਤੋਂ ਹੀ ਹੋ ਜਾਂਦਾ ਹੋਏਗਾ ... ਪਿੱਛੇ ਜਿਹੇ ਉਨਾਂ ਨੂੰ ਵੀ ਆਪਣਾ ਆਖਰੀ ਸਮਾਂ ਬੜਾ ਨੇੜੇ ਦਿਸਦਾ ਹੋਏਗਾ ਤਾਂ ਹੀ ਉਹ ਸ਼੍ਰੀ ਮਤੀ ਨੂੰ ਥੋੜ੍ਹੇ ਦਿਨ ਹੋਰ ਰੁਕ ਜਾਣ ਲਈ ਆਖਦੇ ਹੋਣਗੇ' ...

ਸੋਚਾਂ ਦੀ ਫਿਲਮ ਬੜੀ ਤੇਜ਼ੀ ਨਾਲ ਚੱਲ ਰਹੀ ਸੀ। ਅਚਾਨਕ ਸ਼੍ਰੀ ਮਤੀ ਨੇ ਸਾਡਾ ਮੋਢਾ ਝੰਜੋੜਦਿਆਂ ਕਿਹਾ, 'ਚਲੋ ਉੱਤਰੋ ਹੇਠਾਂ... ਕੋਠੀ ਆ ਗਈ ਏ' ...

ਪਿਤਾ ਸ਼੍ਰੀ ਪੋਰਚ ਹੇਠਲੇ ਆਪਣੇ ਕਮਰੇ ਵਿਚ ਲੰਮੇ ਪਏ ਸਨ। ਗੋਰੀ-ਚਿੱਟੀ, ਭੂਆ ਗੋਮਾ, ਛਿੰਦੋ ਤੇ ਜੈਲੋ ਮਾਮੇ ਵਾਲੀ ਲੰਮ-ਸੁਲੰਮੀ ਤੇ ਵਾਲਾਂ ਵਿੱਚ ਚਿੜੀਆਂ ਵਾਹੁਣ ਵਾਲੀ ਮਾਮੀ ... ਉਸਦਾ ਨਾਂ ਭੁੱਲ ਗਿਆ ... ਦੂਜੇ ਕਮਰੇ 'ਚ ਲੰਮੀਆਂ ਪਈਆਂ ਸਨ।

'ਪੁੱਤ ! ਕਦੀਂ ਤਾਂ ਸੁਵਖਤੇ ਚੱਲ ਪਿਆ ਕਰ ... ਇਥੇ ਆਉਣ ਲਈ ਤੂੰ ਹਮੇਸ਼ਾ ਲੇਟ ਹੋ ਜਾਂਦੈਂ' ...

ਇੰਝ ਮਹਿਸੂਸ ਹੋਇਆ ਕਿ ਮਾਤਾ ਸ਼੍ਰੀ ਕੁਝ ਬੋਲ ਰਹੇ ਨੇ ... ਸ਼ਾਇਦ, ਹਰ ਵਾਰ ਹਨੇਰੇ, ਸਵੇਰੇ ਉਨਾਂ ਕੋਲ ਪੁੱਜਣ 'ਤੇ ਉਲ੍ਹਾਮਾ ਦੇ ਰਹੇ ਹੋਣ ... ਪਰ ਨਹੀਂ, ਅਡੋਲ ਪਏ ਮਾਤਾ ਸ਼੍ਰੀ ਕੁਝ ਨਹੀਂ ਸੀ ਬੋਲੇ ... ਸਾਡੇ ਕੰਨ ਹੀ ਵੱਜੇ
ਸਨ ...

ਅੱਜ, ਕੱਲ ਇੱਕ ਬਚਾ ਸੰਭਾਲਣਾ ਔਖਾ ਲੱਗਦਾ ਏ ਤੇ ਮਾਤਾ ਸ਼੍ਰੀ ਨੇ ਕਦੀ ਵੀ ਮੱਥੇ ਵੱਟ ਪਾਏ ਬਿਨਾ ਪੰਜ ਪੁੱਤ ਪਾਲ ਲਏ। ਕਦੀ, ਕਦਾਈਂ ਕੰਮ ਕਾਜ ਤੋਂ ਥੱਕੇ ਹੋਇਆਂ ਨੇ ਸਬਜ਼ੀ ਬਣਾ ਦੇਣੀ ਤੇ ਕਦੀ ਆਟਾ ਗੁੰਨ ਕੇ ਰੱਖ ਦੇਣਾ। ਸਕੂਲੋਂ ਆ ਕੇ ਅਸੀਂ ਖੁਦ ਰੋਟੀਆਂ ਬਣਾ ਕੇ ਖਾ ਲੈਣੀਆਂ।

ਮਾਤਾ ਸ਼੍ਰੀ ਹਰੀ ਤਰੀ ਵਾਲੇ ਆਲੂ, ਮਟਰ, ਕੀਮਾ-ਕਲੇਜੀ, ਮੱਛੀ-ਮੁਰਗਾ ਅਤੇ ਵੇਸਣ, ਦਾਲ ਦੀਆਂ ਪਿੰਨੀਆਂ ਸਮੇਤ ਹਰ ਚੀਜ਼ ਬੜੀ ਸੁਆਦੀ ਬਣਾਉਂਦੀ ਸੀ। ਤਰਕਾਰੀ ਬਣਾਉਂਦੀ ਹੋਈ ਕੜਛੀ ਨਾਲ ਕੜਾਹੀ ਦੇ ਕੰਡੇ ਨਾਲੋਂ, ਨਾਲ ਸਾਫ ਕਰਦੀ ਰਹਿੰਦੀ। ਉੱਪਰੋਂ ਅਸੀਂ ਵੀ ਖਾਣੇ ਵਾਲੇ ਸਾਰੇ ਬਰਤਨ ਉਂਗਲੀਆਂ ਨਾਲ ਚੱਟ, ਚੱਟ ਕੇ ਲਿਸ਼ਕਾ ਦਿੰਦੇ। ਸਿਰਫ ਪੰਜ ਪੋਥੀਆਂ ਪੜ੍ਹੇ ਬੀਜੀ ਨੂੰ ਤਮਾਮ ਦੀਨ, ਦੁਨੀਆ ਦਾ ਪਤਾ ਹੁੰਦਾ ਸੀ।

ਸੁਣਿਆ ਸੀ ਕਿ ਦੇਸ਼ ਵੰਡ ਤੋਂ ਪਹਿਲਾਂ ਹੀ ਉਨਾਂ ਦੀ ਡੋਲੀ ਸਾਡੇ ਘਰ ਪਾਕਿਸਤਾਨ ਦੇ ਜਿਲ੍ਹੇ ਲਾਹੌਰ ਵਾਲੇ ਪਿੰਡ ਨੜਵੜ 'ਚ ਆਈ ਸੀ।

ਪਿਤਾ ਸ਼੍ਰੀ ਦੱਸਦੇ ਹੁੰਦੇ ਸਨ ਕਿ ਉਦੋਂ 'ਵਾਰੀ ਵੱਟੇ ਦੇ ਸਾਕ' ਹੁੰਦੇ ਸਨ ... ਰਿਸ਼ਤੇਦਾਰੀ 'ਚੋਂ ਕਈ ਲੋਕ ਸਾਡੀਆਂ ਧੀਆਂ, ਭੈਣਾਂ ਦੇ ਸਾਕ ਮੰਗਦੇ ... ਬਾਬਾ ਹੀਰਾ ਸਿੰਘ ਉਨਾਂ ਨੂੰ ਵੱਟੇ ਦੇ ਸਾਕ ਲਈ ਹਮੇਸ਼ਾਂ ਉੱਪਰੋਂ ਦੀ ਪੈਂਦੇ। ਉਲਟਾ ਉਨਾਂ ਕੋਲੋਂ ਆਪਣੇ ਮੁੰਡਿਆਂ ਲਈ ਉਨਾਂ ਦੀਆਂ ਕੁੜੀਆਂ ਦਾ ਸਾਕ ਮੰਗ ਲੈਂਦੇ ... ਉਦੋਂ ਛੇਤੀ ਕੀਤਿਆਂ ਘਰਾਂ 'ਚੋਂ ਕੁੜੀਆਂ ਦਾ ਸਾਕ ਦੇਣਾ ਹੇਠੀ ਵਾਲੀ ਗੱਲ ਮੰਨੀ ਜਾਂਦੀ ਸੀ।

ਉਸ ਵੇਲੇ ਸਾਡੇ ਘਰੀਂ ਉਮਦਾ ਨਸਲ ਦੇ ਕਈ ਘੋੜੇ ਵੀ ਹੁੰਦੇ ਸਨ ... ਮਾਤਾ ਸ਼੍ਰੀ ਦੇ ਵਡੇਰਿਆਂ ਨੂੰ ਉਨਾਂ ਦੇ ਵਿਆਹ ਤੋਂ ਪਹਿਲਾਂ ਇਹੋ ਅਣਖ ਵਾਲੀ ਸ਼ਰਤ ਪੁਗਾਉਣ ਲਈ ਸਾਡੇ ਘੋੜੇ ਕੋਲੋਂ ਆਪਣੀ ਘੋੜੀ ਵੀ ਹਰੀ ਕਰਵਾਉਣੀ ਪਈ ਸੀ ...

ਉਹ ਆਪਣੇ ਕਮਰੇ ਵਿੱਚ ਵਾਣ ਵਾਲੀ ਮੰਜੀ 'ਤੇ ਚੁੱਪ, ਚਾਪ ਲੰਮੇ ਪਏ ਸਨ। ਹੁਣ ਉਹ ਗੋਰੇ, ਨਿਛੋਹ ਤੇ ਭਾਰੀ, ਭਰਕਮ ਜੁੱਸੇ ਵਾਲੇ ਬੀਜੀ ਨਹੀਂ ਸੀ ਲੱਗ ਰਹੇ। ਜਿੰਦਹੀਣ ਦੇਹ ਇੰਜ ਲੱਗ ਰਹੀ ਸੀ ਜਿਵੇਂ ਮੰਜੇ 'ਤੇ ਦੋ, ਚਾਰ ਗੁੱਛਾ, ਮੁੱਛਾ ਖੇਸ ਇੱਕਠੇ ਸੁੱਟੇ ਹੋਣ ... ਸਾਈਡ ਵਾਲੇ ਪਾਸੇ ਉਨਾਂ ਦੇ ਕੱਦ ਜਿੱਡਾ ਲੰਮਾ ਕਾਨਾ ਰੱਖਿਆ ਪਿਆ ਸੀ।

ਸਾਡੇ ਮੋਢੇ 'ਤੇ ਹੱਥ ਰੱਖਦੀ ਭੂਆ ਗੋਮਾ ਦੱਸਦੀ ਹੈ, 'ਤੇਰੀ ਬੀਬੀ ਤੈਨੂੰ ਯਾਦ ਕਰਦੀ, ਕਰਦੀ ਗਈ ... ਦੋ ਦਿਨ ਪਹਿਲਾਂ ਡਿੱਗਦੀ, ਢਹਿੰਦੀ ਤੇਰੇ ਦਾਰਜੀ ਦੇ ਕਮਰੇ 'ਚ ਚਲੀ ਗਈ ਤੇ ਪੁੱਛਦੀ ਸੀ, 'ਜੰਗੀ ਆ ਗਿਆ ? ਟੋਨੀ ਆ ਗਿਆ ?

ਭੂਆ ਦੀ ਗੱਲ ਸੁਣ ਕੇ ਮਨ ਦਹਿਲ ਜਾਂਦਾ ਏ ... ਕਿਸੇ ਵਲ, ਛਲ ਤੋਂ ਰਹਿਤ ਬੀਬਾ ਰਾਣਾ ਛੋਟਾ ਜੰਗੀ, ਚਿਰੋਕਣਾ ਉੱਪਰ ਜਾ ਚੁਕਾ ਏ। ਮਾਤਾ ਸ਼੍ਰੀ ਉਸਦੇ ਕੋਲ ਚਲੇ ਗਏ ... ਆਪਣੇ ਸਾਥ ਲਈ ਉਨਾਂ ਨੂੰ ਉੱਪਰ ਕਿਧਰੇ ਲਾਗੇ ਬੈਠੇ ਇੱਕਲੇ ਓਸੇ ਭਰਾ ਨੂੰ ਹੀ ਯਾਦ ਕਰਨਾ ਚਾਹੀਦਾ ਸੀ ... ਪਰ ਮਾਤਾ ਸ਼੍ਰੀ ਨੇ ਆਪਣੀ ਅੰਤਿਮ ਯਾਤਰਾ ਵੇਲੇ ਸਾਨੂੰ ਕਿਉਂ ਯਾਦ ਕੀਤਾ ?...ਅਸੀਂ ਕਿਹੜਾ ਇਧਰ ਵਿਹਲੇ ਬੈਠੇ ਹਾਂ ?... ਛੱਤੀ ਖਲਜਗਣ ਤੇ ਖਿਲਾਰੇ ਪਏ ਨੇ ਸਾਂਭਣ ਵਾਲੇ ... ਪਿੱਛੋਂ ਭਲਾ ਕਿਸ ਕੋਲ ਫੁਰਸਤ ਹੁੰਦੀ ਏ ਸਾਡੀ ਸਾਂਭ, ਸੰਭਾਲ ਕਰਨ ਦੀ ?...

ਅੱਜ ਸੋਚਦੇ ਹਾਂ... ਬੰਦੇ ਨੂੰ ਹਿਮਾਕਤ ਭਰਿਆ ਕਿੱਡਾ ਵੱਡਾ ਭਰਮ ਹੋ ਜਾਂਦੈ ... ਉਹ ਆਪਣੇ ਆਪ ਨੂੰ ਪਾਤਾਲ ਵਿੱਚ ਪੱਕੇ ਪੈਰੀਂ ਖੜਾ ਬੌਲਦ ਮੰਨ ਲੈਂਦਾ ਤੇ ਸਮਝਣ ਲੱਗ ਪੈਂਦਾ ਕਿ ਸਾਰੀ ਧਰਤੀ ਉਸਦੇ ਸਿੰਗਾਂ 'ਤੇ ਹੀ ਟਿਕੀ ਹੋਈ ਏ ... ਜਰਾ ਕੁ ਹਿੱਲੇ ਤਾਂ ਵੱਡਾ ਜ਼ਲਜ਼ਲਾ ਆ ਜਾਏਗਾ... ਤਹਿਸ, ਨਹਿਸ ਹੋ ਜਾਣਗੇ ਮਹਿਲ, ਮਿਨਾਰੇ ... ਕਿਰਸਾਂ ਕਰ, ਕਰ ਕੇ ਜੋੜੇ ਬੰਦੇ ਦੇ ਲੱਖਾਂ ਰੁਪਏ ਸਾਂਭਣ ਵਾਲੇ ਪਏ ਹੋਣ ... ਸੈਂਕੜੇ ਕੰਮ ਪਹਿਲ ਦੇ ਆਧਾਰ 'ਤੇ ਨਿਬਟਾਉਂਣ ਵਾਲੇ ਪਏ ਹੋਣ ... ਅੱਖਾਂ ਮੀਟਦਿਆਂ ਹੀ ਸਾਰਾ ਕੁਝ ਮਿੱਟੀ ਨਾਲ ਮਿੱਟੀ ਹੋ ਜਾਂਦੈ ... ਮਰਨ ਤੋਂ ਬਾਅਦ ਸਭ, ਕੁਝ ਕੋਈ ਦੂਸਰਾ ਸਾਂਭ-ਸਮੇਟ ਲੈਂਦੈ ... ਬਣੇ, ਸੁਆਰੇ ਕੰਮਾਂ ਨੂੰ ਵਿਗਾੜ ਦੇਣ ਲਈ ਮਰ, ਮੁੱਕਿਆ ਬੰਦਾ ਤਾਂ ਬੱਸ ! ਭੂਤ-ਛਲੇਡਾ ਬਣਕੇ ਰਹਿ ਜਾਂਦੈ ...

'ਤੁਹਾਡੀ ਬੀਜੀ ਲੋਹੇ ਦੇ ਹਮਾਮ ਦਸਤੇ ਨੂੰ ਹਮੇਸ਼ਾ ਮੋਮਜਾਮੇ ਦੇ ਲਿਫ਼ਾਫ਼ੇ 'ਚ ਲਪੇਟ ਕੇ ਰੱਖਦੀ ਸੀ। ਬਦਾਮ ਗਿਰੀਆਂ, ਹਰੀ ਇਲਾਚੀ, ਕੂਜਾ-ਮਿਸ਼ਰੀ, ਭਾਂਡਾ ਬਣਾਉਣ ਲਈ ਲਵੇਰੇ ਦੀ ਪਹਿਲੀ ਬਹੁਲੀ 'ਚ ਭਿਉਂ ਕੇ ਸੁਕਾਈ ਹੋਈ ਛੋਲਿਆਂ ਦੀ ਦਾਲ, ਮਾਂਹ ਦੇ ਆਟੇ 'ਚ ਲਪੇਟ ਕੇ ਦੇਸੀ ਘਿਓ 'ਚ ਤਲਿਆ ਹੋਇਆ ਖੋਪਾ ਤੇ ਹੋਰ ਨਿੱਕ-ਸੁੱਕ ਹਮੇਸ਼ਾ ਹੱਥੀਂ ਕੁੱਟਦੀ ਹੁੰਦੀ ਸੀ। ਹਰ ਖੁਸ਼ਬੂਦਾਰ ਚੀਜ਼ ਤੇ ਮਸਾਲਿਆਂ ਵਾਲੀਆਂ ਸ਼ੀਸ਼ੀਆਂ ਨੂੰ ਬੰਨ-ਵਲ੍ਹੇਟ ਕੇ ਰੱਖਦੀ ਸੀ' ... ਪਿਤਾ ਸ਼੍ਰੀ ਦੱਸਦੇ ਸਨ।

'ਅਖੀਰਲੇ ਦੋ ਦਿਨ ਉਸਨੇ ਕੁਝ ਨਹੀਂ ਸੀ ਖਾਧਾ-ਪੀਤਾ ... ਆਪਣੇ ਟਰੰਕ, ਪੇਟੀਆਂ ਦੀਆਂ ਜਿਹੜੀਆਂ ਚਾਬੀਆਂ ਦਾ ਕਦੀ ਵਿਸਾਹ ਨਹੀਂ ਸੀ ਖਾਂਦੀ ਉਹ ਵੀ ਸਾਹਮਣੇ ਵਾਲੇ ਆਲੇ 'ਚ ਰੱਖ ਗਈ ... ਉਸਦੇ ਸਿਰਹਾਣੇ ਪਿਆ ਚਾਹ ਵਾਲਾ ਕੱਪ ਤੇ ਨਕਲੀ ਦੰਦਾਂ ਦੇ ਬੀੜ ਵਾਲਾ ਗਿਲਾਸ ਬੀਤੀ ਰਾਤ ਟੇਬਲ ਤੋਂ ਹੇਠਾਂ ਡਿੱਗੇ ਮਿਲੇ ... ਆਖਰੀ ਵੇਲੇ ਉਸਦੀਆਂ ਬਾਂਹਵਾਂ, ਲੱਤਾਂ ਉੱਕਾ ਹੀ ਜਵਾਬ ਦੇ ਗਈਆਂ

ਸਨ' ... ਜੰਗੀ ਦੇ ਤੁਰ ਜਾਣ ਵੇਲੇ ਸੰਭਾਲਿਆਂ ਨਾ ਸਾਂਭੇ ਜਾਣ ਵਾਲੇ ਪਿਤਾ ਸ੍ਰੀ ਬੜੀ ਠਹਿਰੀ ਹੋਈ ਅਵਸਥਾ 'ਚ ਦੱਸਦੇ ਰਹੇ ।

ਰਾਤ ਦਾ ਪਤਾ ਹੀ ਨਹੀਂ ਸੀ ਲੱਗਿਆ ਕਿ ਕਦੋਂ ਬੀਤ ਗਈ । ਸਵੇਰ ਹੁੰਦਿਆਂ ਸਸਕਾਰ ਸਮੱਗਰੀ, ਫੱਟਾ, ਤੌੜੀ ਤੇ ਸੇਵਾ ਸੰਮਤੀ ਦੀ ਗੱਡੀ ਲਿਆਉਣ ਵਾਲੇ ਕਾਰ, ਵਿਹਾਰ ਸ਼ੁਰੂ ਹੋ ਗਏ । ਅਸੀਂ ਮਾਤਾ ਸ੍ਰੀ ਦੇ ਕਮਰੇ 'ਚ ਚਲੇ ਗਏ । ਆਖਰੀ ਵੇਲੇ ਦਾ ਚਿਹਰਾ ਯਾਦਾਂ 'ਚ ਵਸਾਉਣ ਲਈ ਸਿਰਹਾਣੇ ਵੱਲ ਖੜੇ ਦੇਰ ਤੀਕ ਉਨਾਂ ਦਾ ਚਿਹਰਾ ਨਿਹਾਰਦੇ ਰਹੇ ... ਮੱਥਾ ਛੂਹਿਆ ਸੀ ... ਹੱਥ ਫੜ ਕੇ ਘੁੱਟਣ ਦੀ ਕੋਸ਼ਿਸ਼ ਕੀਤੀ ਪਰ ਸਾਰਾ ਸਰੀਰ ਯਖ ਠੰਡਾ ਹੋਇਆ ਪਿਆ ਸੀ ... ਲਾਗੇ ਖੜੀ ਭੂਆ ਗੋਮਾ ਨੇ ਮੋਢੇ 'ਤੇ ਹੱਥ ਰੱਖਦਿਆਂ ਕਿਹਾ ਸੀ, 'ਪੁੱਤ ! ਸਾਹ, ਸੱਤਿਆ ਹੀਣ ਸਰੀਰ ਮਿੱਟੀ ਹੋ ਜਾਂਦੈ' ...

ਨੁਹਾ, ਧੁਆ ਕੇ ਮਾਤਾ ਸ੍ਰੀ ਦੀ ਮਿਰਤਕ ਦੇਹ ਨੂੰ ਸ਼ਮਸ਼ਾਨ ਘਾਟ ਲੈ ਗਏ । ਅਰਦਾਸ ਹੋਈ । ਮਿੱਟੀ ਦੀ ਤੌੜੀ ਭੰਨੀ ਗਈ । ਆਏ, ਗਏ ਨੇ ਵਿਛੜੀ ਰੂਹ ਨੂੰ ਸ਼ਰਧਾਵਸ ਮੱਥੇ ਟੇਕੇ ਤੇ ਆਪੋ, ਆਪਣੇ ਵਿੱਤ ਮੂਜਬ ਚੜ੍ਹਾਵਾ ਚੜ੍ਹਾਇਆ । ਛੋਟੇ ਪੱਪੂ ਨੇ ਵੀ ਮੱਥਾ ਟੇਕਣ ਵੇਲੇ ਭੁਬਾਂ ਮਾਰਦਿਆਂ ਪੰਜ ਸੌ ਰੁਪਏ ਦਾ ਨਵਾਂ ਨੋਟ ਬੀਜੀ ਦੇ ਚਰਨਾਂ 'ਤੇ ਰੱਖ ਦਿੱਤਾ । ਵੱਡੇ ਭਾਜੀ ਗੁਲ ਨੇ ਮਿਰਤਕ ਦੇਹ ਨੂੰ ਅਗਨੀ ਵਿਖਾ ਕੇ ਬੀਜੀ ਨੂੰ ਅਗਨ ਦੇਵਤਾ ਦੇ ਹਵਾਲੇ ਕਰ ਦਿੱਤਾ। ਚਾਰਜ ਨੇ ਚੜ੍ਹਾਵੇ ਦੇ ਪੈਸੇ ਆਪਣੇ ਪਟਕੇ 'ਚ ਸਮੇਟੇ ਤੇ ਮੜਾਸਾ ਸੁਆਰ ਕੇ ਚਿਖਾ ਤੋਂ ਥੋੜੀ ਦੂਰ ਨੁੱਕਰੇ ਜਾ ਬੈਠਾ ।

ਵਿਦਾਇਗੀ ਤੋਂ ਪਹਿਲਾਂ ਸ਼ਮਸ਼ਾਨ ਘਾਟ ਵਿੱਚ ਥੜ੍ਹੀਆਂ 'ਤੇ ਬੈਠੇ ਸਾਕ, ਸੰਬੰਧੀ ਬੀਜੀ ਦੀ ਘੱਟ ਤੇ ਛੋਟੇ ਪੱਪੂ ਦੇ ਚੜ੍ਹਾਏ ਪੰਜ ਸੌ ਰੁਪਏ ਵਾਲੇ ਨੋਟ ਦੀ, ਉਸਦੇ ਮੋਹ-ਦਰੇਗ ਅਤੇ ਉਸਦੀ ਦਰਿਆ ਦਿਲੀ ਦੀ ਚਰਚਾ ਵਧੇਰੇ ਕਰਦੇ ਰਹੇ । ਹੌਲੀ, ਹੌਲੀ ਸਾਰੇ ਰਿਸ਼ਤੇਦਾਰ ਤੇ ਆਏ ਹੋਏ ਦੂਜੇ ਲੋਕ ਵਿਦਾ ਹੋ ਗਏ ।

ਪੱਪੂ ਸਾਨੂੰ ਨਾਲ ਲੈ ਕੇ ਪਰੇ ਨੁੱਕਰੇ ਬੈਠੇ ਚਾਰਜ ਵੱਲ ਹੋ ਤੁਰਿਆ । ਜਾਂਦਿਆਂ ਹੀ ਸਿੱਧਾ ਉਸ ਦੀ ਜੇਬ 'ਚ ਵੱਖਰਾ ਝਾਕ ਰਿਹਾ ਆਪਣਾ ਪੰਜ ਸੌ ਰੁਪਏ ਦਾ ਨਵਾਂ ਨੋਟ ਕੱਢ ਕੇ ਕਹਿਣ ਲੱਗਾ, ' ਛੋਟੇ ਵੀਰੇ ! ਗ਼ਲਤੀ ਨਾਲ ਵੱਡਾ ਨੋਟ ਚੜ੍ਹਾਇਆ ਗਿਆ ਸੀ ... ਆਹ ਲੈ ਫੜ ਆਪਣੇ ਦੱਸ ਰੁਪਏ' ...

'ਸਾਬ ! ਮਰਨ ਵਾਲੀ ਬੀਬੀ ਭਲਾ ਤੁਹਾਡੀ ਕੀ ਲੱਗਦੀ ਸੀ' ? ਇਸ ਅਣਕਿਆਸੇ ਵਰਤਾਰੇ ਤੋਂ ਹੱਕੇ, ਬੱਕੇ ਹੋਏ ਚਾਰਜ ਨੇ ਪੱਪੂ ਨੂੰ ਪੁੱਛਿਆ ਸੀ ।

'ਮਾਂ ਸੀ ਮੇਰੀ' ... ਪੱਪੂ ਨੇ ਕਿਹਾ ਤੇ ਝੂਠੀ, ਮੂਠੀ ਅੱਖਾਂ 'ਚੋਂ ਅੱਥਰੂ ਪੂੰਝਦਾ ਹੋਇਆ ਤੇਜ਼ੀ ਨਾਲ ਸਾਨੂੰ ਨਾਲ ਲੈ, ਘਰ ਵੱਲ ਮੁੜ ਰਹੀ ਭੀੜ ਵਿੱਚ ਜਾ ਰਲਿਆ ।

ਪਿੱਛੇ ਖੜਾ ਚਾਰਜ ਕਹਿ ਰਿਹਾ ਸੀ, 'ਸਾਡੀ ਸਾਰੀ ਉਮਰ ਗੁਜ਼ਰ ਗਈ ... ਮੋਇਆਂ ਦੇ ਨਾਂ ਲੋਕੀ ਇਥੇ ਉਨਾਂ ਦੇ ਸੋਨੇ ਦੇ ਗਹਿਣੇ ਤੀਕ ਚੜ੍ਹਾਉਂਦੇ ਵੇਖੇ ਨੇ ... ਪਰ ਆਪਣੀ ਸਕੀ ਮਾਂ ਨਾਲ ਬੇਇਨਸਾਫ਼ੀ ਕਰਨ ਵਾਲਾ ਕੋਈ ਅਜੀਬ ਜਿਹਾ ਬੰਦਾ ਅੱਜ ਪਹਿਲੀ ਵਾਰੀ ਵੇਖਿਆ ਏ' ...

# ਪਿਤਾ ਸ਼੍ਰੀ

ਤੇਤੀ ਕਰੋੜ ਦੇਵੀ, ਦੇਵਤਿਆਂ ਵਿੱਚੋਂ ਇੱਕ ਵੀ ਨਹੀਂ ਸੀ ਪਿਤਾ ਸ਼੍ਰੀ ... ਹੁੰਦੇ ਤਾਂ ਮਿੱਟੀ ਦੀ ਕੋਈ ਦੇਵ ਮੂਰਤੀ ਬਣੇ ਹੁੰਦੇ ... ਕਿਸੇ ਯੁੱਗ ਦੇ ਮਿਥਿਹਾਸਕ, ਇਤਿਹਾਸਕ ਜਾਂ ਕੋਈ ਤਕਨੀਕੀ ਪਾਤਰ ਵੀ ਨਹੀਂ ਸੀ ... ਹੁੰਦੇ ਤਾਂ ਪੱਥਰ ਦਾ ਕੋਈ ਬੁੱਤ ਬਣੇ ਸਾਡੇ ਡਰਾਇੰਗ ਰੂਮ ਦੇ ਕਿਸੇ ਕੋਨੇ 'ਚ ਸਜਾਏ ਹੁੰਦੇ ... ਚੁਰਾਸੀ ਲੱਖ ਜੂਨਾਂ ਦਾ ਪੈਂਡਾ ਮਾਰ ਕੇ ਆਏ ... ਅੱਖਾਂ ਨਾਲ ਵੇਖਿਆ ਉਸ ਹੱਡ, ਮਾਸ ਦੇ ਪੁਤਲੇ ਨੂੰ ... ਸਾਹ, ਸਾਹ ਨਾਲ ਜੀਵਿਆ ...

ਦੇਸ਼ ਵੰਡੀਆਂ ਤੋਂ ਪਹਿਲਾ ਪਿਤਾ ਸ਼੍ਰੀ ਭਰ ਜੁਆਨ ਤੇ ਸਿਰੇ ਦੇ ਜੰਗਜੂ ਹੁੰਦੇ ਸੀ । ਵੱਡ, ਵਡੇਰਿਆਂ ਦਾ ਸ਼ਾਹੂਕਾਰਾ ਦੂਰ, ਦੁਰੇਡੇ ਫੈਲਿਆ ਹੁੰਦਾ ਸੀ । ਵਾਹੀਕਾਰ ਕਿਸਾਨਾਂ ਨੂੰ ਲੋੜ ਵੇਲੇ ਪੈਸੇ, ਟਕੇ ਦੀ ਇਮਦਾਦ ਕਰਦੇ ਤੇ ਬਦਲੇ ਵਿੱਚ ਬਣਦੇ ਹਿੱਸੇ ਦੇ ਹਾੜ੍ਹੀ, ਸਾਉਣੀ ਵਾਲੇ ਦਾਣੇ ਲੈ ਆਉਂਦੇ ... ਕਦੀ ਕਿਸੇ ਅੜਬ ਅਸਾਮੀ ਨਾਲ ਪਾਲਾ ਪੈ ਜਾਣਾ ਤਾਂ ਤਾਏ, ਚਾਚਿਆਂ ਨੇ ਸਿਰਾਂ 'ਤੇ ਆਪਣੇ ਮੜਾਸਿਆਂ ਹੇਠ ਕਹਿੰ ਦੀਆਂ ਭਾਰੀਆਂ ਬਾਟੀਆਂ ਬੰਨ੍ਹ ਕੇ ਆਪਣੀਆਂ ਅਸਾਮੀਆਂ ਦੇ ਘਰਾਂ 'ਚ ਨਹੀਂ, ਉਨਾਂ ਦੀਆਂ ਪੈਲੀਆਂ 'ਚ ਹੱਲਾ ਬੋਲ ਦੇਣਾ ... ਤੇ ਧਿੱਗੋ, ਜ਼ੋਰੀ ਆਪਣੇ ਮੂਲ ਅਤੇ ਸੂਦ ਬਦਲੇ ਬਣਦੇ ਉਨਾਂ ਦੇ ਬੋਹਲ ਆਪਣੇ ਘੋੜਿਆਂ 'ਤੇ ਲੱਦ ਲਿਆਉਣੇ ...

ਪਿਤਾ ਸ਼੍ਰੀ ਦੱਸਦੇ ਕਿ ਨੜਵੜ ਪਿੰਡ ਵਾਲੀਆਂ ਹਵੇਲੀਆਂ ਵਿੱਚ ਵੱਡੇ, ਵੱਡੇ ਅਨਾਜ ਵਾਲੇ ਭੰਡਾਰ ਹੁੰਦੇ ਜਿਨਾਂ ਦੀਆਂ ਕੰਧਾਂ, ਪਹਾੜੀ ਲੂਣ ਦੀਆਂ ਇੱਟ ਨੁਮਾਂ ਡਲੀਆਂ ਨਾਲ ਚਿਣੀਆਂ ਹੁੰਦੀਆਂ ... ਨਵੀਂ ਫਸਲ ਦੀ ਆਮਦ 'ਤੇ ਇਹ ਭੰਡਾਰ, ਛੱਤਾਂ ਦੇ ਮਘੋਰਿਆਂ ਰਾਹੀਂ ਉਗਰਾਹੇ ਹੋਏ ਦਾਣੇ, ਫੱਕੇ ਨਾਲ ਭਰ ਲਏ ਜਾਂਦੇ ... ਬਟਵਾਰੇ ਵੇਲੇ ਲੰਮ, ਲੰਮੇਰੀਆਂ ਜਮੀਨਾਂ, ਜਾਇਦਾਦਾਂ ਤੇ ਅਨਾਜ਼ ਦੇ ਭਰੇ, ਭਰੂਚੇ ਭੰਡਾਰ ਉਹ ਪਿੱਛੇ ਛੱਡ ਆਏ ਸਨ ...

ਅਣਖ ਵਾਲੇ ਬਾਬਾ ਹੀਰਾ ਸਿੰਘ ਵਾਪਸ ਨਹੀਂ ਸੀ ਆਏ ... ਆਪਦੀਆਂ ਅੱਖਾਂ ਸਾਹਵੇਂ ਜਿਉਂਦੇ ਜੀਅ, ਭਲਾ ਉਮਰ ਭਰ ਦੀ ਕਮਾਈ ਕੌਣ ਛੱਡਦਾ ਏ ... ਆਪਣੀ ਕੀਮਤੀ ਜਾਇਦਾਦ ਦੀ ਰੱਖਿਆ ਹਿਤ ਲੋਟੂ ਮੁਸਲਿਆਂ ਦੀ ਹੇੜ ਨਾਲ ਦੋ, ਦੋ ਹੱਥ ਕਰਦੇ ਉਹ ਉਥੇ ਹੀ ਵਫ਼ਾਤ ਪਾ ਗਏ ...

ਪਿਤਾ ਸ਼੍ਰੀ ਉਦੋਂ ਆਪਣੇ ਪਾਰਲੇ ਪਿੰਡੋਂ, ਇਧਰ ਖਾਲਸਾ ਕਾਲਜ ਘੋੜੀ 'ਤੇ ਪੜ੍ਹਨ ਆਉਂਦੇ ਸਨ । ਘੋੜੀ, ਬੜੀ ਦਰਸ਼ਨੀ ਹੁੰਦੀ ਸੀ । ਇਲਾਕੇ ਦਾ ਮੁਸਲਮਾਨ ਥਾਣੇਦਾਰ ਪਹਿਲੀ ਨਜ਼ਰੇ ਹੀ ਉਸਤੇ ਮੋਹਤ ਹੋ ਗਿਆ ... ਘੋੜੀ ਨਾ ਹੋਵੇ, ਜਿਵੇਂ ਲਗਰ ਵਰਗੀ ਡੁੱਲ੍ਹ, ਡੁੱਲ੍ਹ ਪੈਂਦੀ ਭਰ ਜੁਆਨ ਕੋਈ

ਮੁਟਿਆਰ ਹੋਵੇ ... ਉਸਨੇ ਮੂੰਹ ਪਾੜ ਕੇ ਪਾੜ੍ਹੇ ਪਿਤਾ ਸ਼੍ਰੀ ਕੋਲੋਂ ਘੋੜੀ ਮੰਗ ਲਈ । ਪਿਤਾ ਸ਼੍ਰੀ ਨੇ ਵੀ ਉਸ ਨੂੰ ਘੋੜੀ ਸੌਂਪਣ ਵੇਲੇ ਬਹੁਤੀ ਨਾਂਹ, ਨੁੱਕਰ ਨਾ ਕੀਤੀ ... ਉਨਾਂ ਨੂੰ ਕਾਲਜੋਂ, ਪੈਦਲ ਘਰ ਪਰਤਿਆਂ ਵੇਖ ਪਿਓ, ਭਰਾ ਤੇ ਸਾਰੇ ਚਾਚੇ, ਤਾਏ ਦੇਰ ਤੀਕ ਉਨਾਂ ਨੂੰ ਬੁਰਾ, ਭਲਾ ਆਖਦੇ ਰਹੇ ...

ਕਰਨੀ ਰੱਬ ਦੀ ... ਲੈਣ, ਦੇਣ ਦੇ ਉਗਰਾਹੀ ਵਾਲੇ ਵੱਡਿਆਂ ਦੇ ਵਰਤਾਰੇ ਦੌਰਾਨ ਖ਼ੂਨ, ਖ਼ਰਾਬਾ ਹੋ ਗਿਆ । ਉਨਾਂ 'ਤੇ ਕਤਲ ਦਾ ਕੇਸ ਪੈ ਗਿਆ ... ਕਿਸਮਤ ਚੰਗੀ ਨੂੰ ਘੋੜੀ ਲੈਣ ਵਾਲਾ ਥਾਣੇਦਾਰ ਹੀ ਤਫਤੀਸ਼ੀ ਅਫਸਰ ਲੱਗ ਗਿਆ ... ਘੋੜੀ ਦੇ ਬਦਲੇ ਉਸ ਪਿਓ ਦੇ ਪੁੱਤ ਨੇ ਕਤਲ ਵਾਲਾ ਕੇਸ ਰਫ਼ਾ-ਦਫ਼ਾ ਕਰਵਾ ਦਿੱਤਾ ... ਘਰ ਦਿਆਂ ਨੂੰ ਵੇਖੋ, ਘੋੜੀ ਬਦਲੇ ਜਿਵੇਂ ਦੂਣ, ਸਵਾਇਆ ਲਾਭ ਹੋ ਗਿਆ ... ਇੱਕ ਵੇਲੇ ਘਰ ਗਵਾਉ ਸਮਝੇ ਜਾਣ ਵਾਲੇ ਪਿਤਾ ਸ਼੍ਰੀ ਵੀ ਉਦੋਂ ਤੋਂ ਵੱਡਿਆਂ ਦੀਆਂ ਨਜਰਾਂ ਵਿੱਚ ਬੜੇ ਸੂਝਵਾਨ ਤੇ ਦੂਰਦਰਸ਼ੀ ਸਮਝੇ ਜਾਣ ਲੱਗੇ ...

ਖੈਰ ! ਪਿਤਾ ਸ਼੍ਰੀ ਦੇ ਵਿਆਹ ਨੂੰ ਹਾਲੇ ਬਹੁਤਾ ਸਮਾਂ ਨਹੀਂ ਸੀ ਹੋਇਆ ਕਿ ਦੇਸ਼ ਦੀਆਂ ਵੰਡੀਆਂ ਪਾ ਦਿੱਤੀਆਂ ਗਈਆਂ । ਇਧਰਲੇ ਮੁਸਲਮਾਨ ਪਾਕਿਸਤਾਨ ਵੱਲ ਤੁਰ ਪਏ ਤੇ ਉਧਰਲੇ ਹਿੰਦੂ, ਸਿੱਖ ਭਾਰਤ ਵੱਲ... ਬੜਾ ਖ਼ੂਨ, ਖਰਾਬਾ ਹੋਇਆ ... ਲੱਖਾਂ ਵਾਲੇ ਕੱਖਾਂ 'ਚ ਰੁਲ ਗਏ ... ਕਈ ਕੱਖਾਂ ਵਾਲੇ ਲੱਖਾਂ 'ਚ ਖੇਡਣ ਲੱਗ ਪਏ ...

ਬਾਬਾ ਹੀਰਾ ਸਿੰਘ ਨੇ ਸੈਂਕੜੇ ਚਾਂਦੀ ਦੇ ਦੁੱਪੜਾਂ ਤੇ ਮੋਹਰਾਂ ਵਾਲੀ ਆਪਣੀ ਗੁਥਲੀ 'ਚੋਂ ਚੰਦ ਕੁ ਦੁੱਪੜ ਪਿਤਾ ਸ਼੍ਰੀ ਦੇ ਹੱਥ ਫੜਾਏ ਤੇ ਉਨਾਂ ਨੂੰ ਇਧਰ ਬਾਡਰੋਂ ਪਾਰ ਭਾਰਤ ਵਿੱਚ ਆਉਣ ਲਈ ਸਾਰੇ ਜੀਆ-ਜੰਤ ਦੀ ਕਮਾਨ ਸੌਂਪ ਦਿੱਤੀ । ਉਹ ਹੱਥ 'ਚ ਬਰਛੀ ਫੜੀ ਘੋੜੇ 'ਤੇ ਚੜ੍ਹੇ ਕਾਫ਼ਲੇ ਦੀ ਅਗਵਾਈ ਕਰਦੇ ਸਾਰੇ ਜੀਆਂ ਨੂੰ ਸੁੱਖੀ-ਸਾਂਦੀ ਇਥੇ ਲੈ ਆਏ । ਤਾਏ, ਚਾਚੇ ਲਾਗੇ ਹੀ ਵਾਹਗਿਆਓਂ ਪਾਰ ਅਟਾਰੀ ਵਾਲੇ ਪਾਸੇ ਲੋਪੋਕੇ, ਚੁਗਾਵੇਂ ਦੇ ਕੋਲ ਪਿੰਡ ਭਿੱਟੇਵਡ ਆ ਬਿਰਾਜੇ ।

ਪਿਤਾ ਸ਼੍ਰੀ ਨੇ ਅੰਮ੍ਰਿਤਸਰ 'ਚ ਹਕੀਮਾਂ ਵਾਲੇ ਗੇਟ ਵਿਖੇ ਮੁਸਲਮਾਨਾਂ ਦਾ ਇੱਕ ਖਾਲੀ ਘਰ ਮੱਲ ਲਿਆ । ਭਰੇ ਘਰ ਵਿੱਚ ਕਿਸਮ, ਕਿਸਮ ਦੇ ਅਚਾਰ ਤੇ ਮੁਰੱਬਿਆਂ ਦੇ ਭਰੇ ਮਰਤਬਾਨ ਅਲਮਾਰੀਆਂ ਵਿੱਚ ਚਿਣੇ ਪਏ ਸਨ । ਉਨਾਂ ਦੇ ਪੈਰਾਂ ਵਿੱਚ ਜੀਕਣ ਹੋਰ ਸਫ਼ਰ ਲਿਖਿਆ ਹੋਇਆ ਸੀ ... ਵੱਡਿਆਂ ਨੇ ਕਹਿ, ਕਹਾ ਕੇ ਸੱਜਿਆ, ਬਣਿਆ ਮੁਸਲਮਾਨਾਂ ਦਾ ਉਹ ਘਰ ਭੂਆ ਗੋਮਾ ਨੂੰ ਦਿਵਾ ਦਿੱਤਾ । ਇਧਰ, ਬਟਵਾਰੇ ਤੋਂ ਬਾਅਦ ਆਪਣਿਆਂ ਹੀ ਸਾਕ-ਸ਼ਰੀਕਾਂ ਨੇ ਉਨਾਂ ਨੂੰ ਦੁਬਾਰਾ ਨਿਹੱਥੇ ਤੇ ਬੇਘਰ ਕਰ ਦਿੱਤਾ । ਪਿਤਾ ਸ਼੍ਰੀ ਵੱਡਿਆਂ ਦੇ ਇਸ ਅਣਕਿਆਸੇ ਅਨਿਆਂ ਨੂੰ ਅੰਦਰ ਹੀ ਅੰਦਰ ਪੀ ਗਏ...

ਪਿਤਾ ਸ਼੍ਰੀ ਉਸ ਵੇਲੇ ਖਾਲਸਾ ਕਾਲਜ ਵਿੱਚੋਂ ਐੱਫਏ ਤਾਂ ਪਾਸ ਕਰ ਚੁਕੇ ਸੀ ਪਰ ਹੱਥ 'ਚ ਰੋਟੀ, ਰੋਜ਼ੀ ਦਾ ਕੋਈ ਵਸੀਲਾ ਨਹੀਂ ਸੀ । ਉੱਜੜੇ, ਪੁੱਜੜੇ ਮੀਆਂ, ਬੀਵੀ ਕੰਮ ਦੀ ਭਾਲ ਵਿੱਚ ਹੁਸ਼ਿਆਰਪੁਰ

ਚਲੇ ਗਏ। ਉਸ ਵੇਲੇ ਉਨਾਂ ਕੋਲ ਚੰਦ ਕੁ ਰੁਪਈਏ ਹੀ ਸਨ। ਉਨਾਂ ਨੇ ਉੱਥੇ ਕੀ ਕੀਤਾ, ਆਪਣੀ ਰੋਟੀ,ਰੋਜ਼ੀ ਤੋਰਨ ਲਈ ਹੱਥਾਂ ਵਿੱਚਲੀ ਜਮਾਂ,ਪੂੰਜੀ ਨਾਲ ਗੁੜ, ਕਣਕ, ਨਸ਼ਾਦਰ ਤੇ ਹੋਰ ਨਿੱਕ, ਸੁੱਕ ਖਰੀਦਿਆ ਤੇ ਦਾਰੂ ਵਾਲਾ ਘੜਾ ਪਾ ਲਿਆ।

ਘੜਾ ਵਾਹਵਾ ਸੁਹਣਾ ਤੁਰ ਪਿਆ। ਭੱਠੀ ਬਾਲ ਲਈ। ਉਨਾਂ ਸੋਚਿਆ ਹੋਏਗਾ ਕਿ ਅੱਠ, ਦਸ ਬੋਤਲਾਂ ਦਾਰੂ ਬਣ ਜਾਏਗੀ ਤੇ ਉਨਾਂ ਨੂੰ ਵੇਚ-ਵੱਟ ਕੇ ਰੋਟੀ, ਪਾਣੀ ਦਾ ਜੁਗਾੜ ਹੋ ਜਾਏਗਾ। ਪਰ ਮਾੜੀ ਕਿਸਮਤ, ਅਣਜਾਣਪੁਣੇ 'ਚ ਅੱਗ ਜਿਆਦਾ ਮਚਾ ਲਈ। ਭੱਠੀ 'ਤੇ ਚਾੜ੍ਹਿਆ ਹੋਇਆ ਘੜਾ ਵਧੇਰੇ ਸੇਕ ਨਾਲ ਫੁੱਟ ਕੇ ਖੱਖੜੀ, ਖੱਖੜੀ ਹੋ ਗਿਆ। ਥੋੜ੍ਹੀ ਕੁ ਕਮਾਈ ਦੀ ਆਸ ਵਿੱਚ ਹੱਥਲੀ ਰਾਸ਼ੀ ਵੀ ਫੁੱਟੇ ਹੋਏ ਘੜੇ ਨਾਲ ਹੱਥੋਂ ਰੁੜ੍ਹ ਗਈ।

ਨੁਕਸਾਨ ਤਾਂ ਇੱਕ ਪੈਸੇ ਦਾ ਵੀ ਬਰਦਾਸ਼ਤ ਨਹੀਂ ਹੁੰਦਾ... ਪਿਤਾ ਸ੍ਰੀ ਉਸ ਵੇਲੇ ਸਾਰੇ ਦੇ ਸਾਰੇ ਟੁੱਟ ਗਏ ਹੋਣਗੇ ... ਜਿਉਣ, ਥੀਣ ਲਈ ਇੱਕ ਹੋਰ ਹੰਭਲਾ ਮਾਰ ਕੇ ਪਿਤਾ ਸ੍ਰੀ ਬਿਨਾਂ ਕਿਸੇ ਨੂੰ ਦੱਸੇ, ਪੁੱਛੇ ਘਰੋਂ ਅਲੋਪ ਹੋ ਗਏ ... ਅੰਬਾਲੇ ਛਾਉਣੀ ਜਾ ਕੇ ਉਹ ਚੁੱਪ, ਚਾਪ ਫੌਜ 'ਚ ਰੰਗਰੂਟ ਭਰਤੀ ਹੋ ਗਏ। ਲੰਮੇ ਅਰਸੇ ਬਾਅਦ ਉਨਾਂ ਦੀ ਭਰਤੀ ਦੀ ਖਬਰ ਤਾਏ, ਚਾਚਿਆਂ ਨੂੰ ਮਿਲੀ। ਉਹ ਸਾਰੇ, ਫੌਜੀ ਰੰਮ ਪੀਣ ਲਈ ਮੁੜ ਘਰੇ ਆਉਣ, ਜਾਣ ਲੱਗ ਪਏ।

ਸੁਣੀਦਾ ਹੈ ਕਿ ਪਿਤਾ ਸ੍ਰੀ ਬਹੁਤੀ ਦੇਰ ਫੌਜ 'ਚ ਨਹੀਂ ਸੀ ਰਹੇ। ਸਰੀਰਕ ਜੋਖਮ ਭਰੀ ਰੰਗਰੂਟੀ ਤਿਆਗ ਉਹ ਪੁਲਿਸ ਵਿੱਚ ਸਿਪਾਹੀ ਭਰਤੀ ਹੋ ਗਏ। ਭਲੇ ਵੇਲਿਆਂ 'ਚ ਦੋਹਾਂ ਜੀਆਂ ਨੇ ਆਪਣੇ ਮੂੰਹ ਬੰਨ ਕੇ ਚਾਲ੍ਹੀ, ਪੰਜਾਹ ਰੁਪਏ ਜੋੜ ਲਏ। ਉਨਾਂ ਪੈਸਿਆਂ ਨਾਲ ਪਿਤਾ ਸ੍ਰੀ ਨੇ ਵੇਲੇ, ਕੁਵੇਲੇ ਦੀ ਸਵਾਰੀ ਲਈ ਹਰਕੁਲੀਸ ਦਾ ਨਵਾਂ ਨਕੋਰ ਸਾਈਕਲ ਖਰੀਦ ਲਿਆ। ਪਿੰਡੋਂ ਆਏ ਵੱਡੇ ਤਾਏ ਬਚਨੇ ਨੇ ਕੀ ਕੀਤਾ, ਮੂੰਹ ਪਾੜ ਕੇ ਦਰਜੀ ਕੋਲੋਂ ਉਹ ਸਾਈਕਲ ਮੰਗ ਲਿਆ। ਬਦਲੇ ਵਿੱਚ ਸਾਈਕਲ 'ਤੇ ਪਿੰਡ ਨੂੰ ਜਾਂਦਾ ਹੋਇਆ ਸਾਡਾ ਤਾਇਆ ਪਿਤਾ ਸ੍ਰੀ ਨੂੰ ਕਹਿ ਗਿਆ, 'ਪੁੱਤ ! ਕੋਈ ਨਾ, ਤੈਨੂੰ ਵੀ ਅਸਾਂ ਸਾਂਝੇ ਘਰ 'ਚੋਂ ਐੱਫਏ ਪਾਸ ਕਰਵਾਈ ਸੀ ... ਭਲਕ ਨੂੰ ਤੂੰ ਹੋਰ ਕਮਾਈ ਕਰਕੇ ਨਵਾਂ ਸਾਈਕਲ ਖਰੀਦ ਲਈਂ'...

ਇਸ ਅਣਕਿਆਸੇ ਤੇ ਅਣਚਾਹੇ ਭਾਣੇ ਦੇ ਵਾਪਰ ਜਾਣ ਤੋਂ ਬਾਅਦ ਮਾਤਾ ਸ੍ਰੀ ਨੇ ਕਈ ਦਿਨ ਰੋਟੀ-ਪਾਣੀ ਨੂੰ ਹੱਥ ਨਹੀਂ ਸੀ ਲਾਇਆ ਤੇ ਭੁੱਖਣ-ਭਾਣੇ ਰੋਂਦੇ ਰਹੇ ...

ਸਭ ਤੋਂ ਵੱਡੇ ਗੁਲ ਭਾਜੀ ਹੁਸ਼ਿਆਰਪੁਰ ਪੈਦਾ ਹੋਏ। ਉਥੋਂ ਪਿਤਾ ਸ੍ਰੀ ਦੀ ਬਦਲੀ ਅੰਮ੍ਰਿਤਸਰ ਹੋ ਗਈ।ਕੁਝ ਦੇਰ ਉਨਾਂ ਗੁਰਦਾਸਪੁਰ ਵੀ ਨੌਕਰੀ ਕੀਤੀ ਪਰ ਫਿਰ ਗੁਰੂ ਦੀ ਨਗਰੀ ਅੰਮ੍ਰਿਤਸਰ 'ਚ ਹੀ ਸੈਟਲ ਹੋ ਗਏ। ਬਾਕੀ ਸ਼ਾਨੀ, ਅਸੀਂ, ਜੰਗੀ ਤੇ ਪੱਪੂ ਇਥੇ ਹੀ ਪੈਦਾ ਹੋਏ ਤੇ ਇਥੇ ਹੀ ਪਲੇ, ਪੜ੍ਹੇ ...

ਪਹਿਲਾਂ ਗੁਲ ਭਾਜੀ ਆਪਣੇ ਸਾਹਿਤਕਾਰ ਮਿੱਤਰਾਂ ਦੇ ਸੱਦੇ 'ਤੇ ਅੰਮ੍ਰਿਤਸਰ ਵਾਲੀ ਕੋਠੀ ਨੂੰ ਅਲਵਿਦਾ ਕਹਿ ਚੰਡੀਗੜ੍ਹ ਆਏ ਤੇ ਮਗਰੇ, ਮਗਰ ਅਸੀਂ ਵੀ ਭਾਜੀ ਦੇ ਪਿੱਛੇ, ਪਿੱਛੇ ਇਥੇ ਚੰਡੀਗੜ੍ਹ ਆ ਗਏ ...

ਪਿਤਾ ਸ੍ਰੀ ਅੰਮ੍ਰਿਤਸਰੋਂ ਬੜੇ ਚਾਅ ਨਾਲ ਚੰਡੀਗੜ੍ਹ ਆਉਂਦੇ ... ਸੱਤ ਕੁ ਦਿਨ ਇਥੇ ਬੜੀ ਖੁਸ਼ੀ ਨਾਲ ਬਿਤਾਉਂਦੇ ... ਅੱਠਵੇਂ ਦਿਨ ਪਿਛਲੇ ਘਰ ਦੀ ਯਾਦ ਆਉਣ ਲੱਗ ਪੈਂਦੀ ਤੇ ਉਹ ਆਪਣਾ ਸਾਮਾਨ ਸਮੇਟਦੇ ਹੋਏ ਵਾਪਸੀ ਦਾ ਐਲਾਨ ਕਰ ਦਿੰਦੇ ... ਅਸੀਂ ਉਨਾਂ ਨੂੰ ਦੋ,ਚਾਰ ਦਿਨ ਹੋਰ ਰੁਕ ਜਾਣ ਦੀ ਅਰਜੋਈ ਕਰਦੇ ... ਬੱਚੇ ਉਨਾਂ ਦਾ ਨਿੱਕ, ਸੁੱਕ ਵਾਲਾ ਬੈਗ ਲੁਕਾ ਦਿੰਦੇ ... ਨੌਵੇਂ ਦਿਨ, ਉਹ ਘਰ ਵਾਪਸੀ ਨੂੰ ਚੰਗਾ ਨਹੀਂ ਸੀ ਸਮਝਦੇ ... ਦਸਵੇਂ ਦਿਨ ਉਨਾਂ ਨੂੰ ਵਾਪਸ ਜਾਣ ਤੋਂ ਕੋਈ ਮਾਈ ਦਾ ਲਾਲ ਵੀ ਨਹੀਂ ਸੀ ਰੋਕ ਸਕਦਾ ...

ਪਿਤਾ ਸ੍ਰੀ ਰਾਤ ਦੇ ਖਾਣੇ ਤੋਂ ਬਾਅਦ ਦੇਸੀ ਘਿਉ ਵਿੱਚ ਤੜਕੀ ਸੁੰਢ, ਅਜਵਾਇਣ ਵਾਲੇ ਗੁੜ ਨਾਲ ਲਾਲ ਪਰੌਂਠੀ ਖਾਂਦੇ ... ਸੌਣ ਵੇਲੇ ਸ੍ਰੀ ਮਤੀ ਉਨਾਂ ਦੇ ਸਿਰਹਾਣੇ ਕੇਲੇ ਵੀ ਰੱਖਦੀ ਹੁੰਦੀ ਸੀ ... ਪਿੱਛੇ ਜਿਹੇ ਉਹ ਦੱਸਦੀ ਸੀ ... ਸ਼ੂਗਰ ਹੋਣ ਕਾਰਨ ਉਹ ਕੇਲੇ ਤਾਂ ਖਾਂਦੇ ਨਹੀਂ ਸੀ ਪਰ ਸਾਰੀ ਰਾਤ ਇਨਾਂ ਦੀ ਖੁਸ਼ਬੂ ਲੈਂਦੇ ਹੀ ਤ੍ਰਿਪਤ ਹੋ ਜਾਂਦੇ ਸੀ ...

ਵੇਖੋ ! ਇੱਕ ਬੰਦਾ, ਦੂਜੇ ਬੰਦੇ ਨਾਲ ਉੱਕਾ ਨਹੀਂ ਮਿਲਦਾ... ਹਰ ਬੰਦੇ ਦੇ ਨੈਣ-ਨਕਸ਼ ਵੱਖਰੇ ਹੁੰਦੇ ... ਉਸਦੀ ਰਹਿਣੀ, ਬਹਿਣੀ ਤੇ ਖੁਸ਼ੀਆਂ, ਗਮੀਆਂ ਦੂਜੇ ਨਾਲੋਂ ਬੜੀਆਂ ਭਿੰਨ ਹੁੰਦੀਆਂ ...

ਸਾਡੀ ਸੁਣੋ ... ਰਾਤ ਵੇਲੇ ਅਸੀਂ ਅੱਧਾ ਰਹਿ ਜਾਣ 'ਤੇ ਤੀਸਰਾ ਜਾਂ ਚੌਥਾ ਪੈੱਗ ਸਿਰਹਾਣੇ ਰੱਖ ਸੌਂ ਜਾਂਦੇ ਹਾਂ ...

ਸੁਫ਼ਨਿਆਂ ਵਿੱਚ ਲਾਗੇ ਪਏ ਅੱਧ, ਪਚੱਦੇ ਪੈੱਗ ਦੀ ਮਹਿਕ ਆਸਰੇ ਬੰਦਾ ਸਾਰੀ ਰਾਤ ਰੱਜਿਆ, ਪੁੱਜਿਆ ਮਹਿਸੂਸ ਕਰਦਾ ... ਪਿਤਾ ਸ੍ਰੀ ਵੀ ਸੁੱਤੇ ਪਏ ਕੇਲਿਆਂ ਦਾ ਸੁਆਦ ਨਾ ਸਹੀ, ਉਨਾਂ ਦੀ ਖੁਸ਼ਬੂ ਸਦਕਾ ਹੀ ਆਪਣੇ, ਆਪ ਨੂੰ ਬੇਤਾਜ਼ ਕੋਈ ਰੱਜਿਆ, ਪੁੱਜਿਆਂ ਬਾਦਸ਼ਾਹ ਸਮਝਦੇ ਹੋਣਗੇ ...

ਕਦੀ ਵੀ ਕੁਝ ਦੇਣ, ਲੈਣ ਦੀ ਗੱਲ ਆਉਂਦੀ ਤਾਂ ਪਿਤਾ ਸ੍ਰੀ ਹਜ਼ਾਰ ਗੁਣਾ ਵਾਧਾ ਪਾ ਕੇ ਲਿਖਤ-ਪੜ੍ਹਤ ਕਰ ਪ੍ਰੋਨੋਟ ਬਣਾ ਦਿੰਦੇ... ਬੜੀ ਸੁੰਦਰ ਲਿਖਤ ਵਾਲੇ ਉਹ ਪ੍ਰੋਨੋਟ ਹੀ ਹੁੰਦੇ ਜਿਨਾਂ ਵਿੱਚ ਦਰਜ

ਕੀਤੀ ਰਕਮ ਦੀ ਵਸੂਲੀ ਲਈ ਸਾਡੇ ਬੱਚਿਆਂ ਨੇ ਦਿਨ-ਰਾਤ ਮਿਹਨਤ ਕਰਕੇ ਪਹਿਲੇ ਦਰਜ਼ੇ ‘ਚ ਦਸਵੀਂ ਤੇ ਬਾਰਵੀਂ ਪਾਸ ਕਰ ਲਈ ...

ਇੱਕ ਗ਼ੁਲਾਮ ਦੀ ਸੁਣੋ ... ਭਰ ਸਿਆਲਾਂ ਦੇ ਦਿਨ ਸੀ ... ਸ਼ਾਹੀ ਦਰਬਾਰ ਵਿੱਚ ਕੋਈ ਕੁਤਾਹੀ ਕਰਦਾ ਫੜਿਆ ਗਿਆ ... ਗੁਨਾਹ ਉਸਦਾ ਵੀ ਮਾਫ਼ੀ ਯੋਗ ਨਹੀਂ ਸੀ ... ਰਾਜੇ ਨੇ ਉਸਨੂੰ ਸਜਾ ਦੇ ਰੂਪ ਵਿੱਚ ਜਾਨੋਂ ਮਰਵਾਉਣ ਲਈ ਆਪਣੇ ਸਿਪਾਹੀਆਂ ਕੋਲੋਂ ਮੁਸ਼ਕਾਂ ਬੰਨਵਾ ਲਈਆਂ ਤੇ ਕਾਲੀ, ਬੋਲੀ ਰਾਤ ਨੂੰ ਉਸਨੂੰ ਬਾਹਰ ਇੱਕ ਯਖ ਠੰਡੇ ਪਾਣੀ ਦੇ ਤਲਾਬ 'ਚ ਸੁੱਟਵਾ ਦਿੱਤਾ ...

ਸਵੇਰ ਹੋਈ ... ਹੱਥ ਬੰਨੀ ਗ਼ੁਲਾਮ ਪਾਣੀ ਵਿੱਚ ਜਿੰਦਾ ਖੜਾ ਮਿਲਿਆ ...

ਅਜੀਬ ਜਿਹੇ ਵਰਤਾਰੇ ਬਾਰੇ ਸੁਣ ਰਾਜਾ ਬੜਾ ਹੈਰਾਨ ਹੋਇਆ। ਉਸਨੇ ਕੀ ਕੀਤਾ, ਉਸ ਕੌਤਕੀ ਗ਼ੁਲਾਮ ਨੂੰ ਮੁੜ ਦਰਬਾਰ 'ਚ ਬੁਲਵਾ ਲਿਆ ਤੇ ਉਸਦੇ ਜਿੰਦਾ ਰਹਿਣ ਦਾ ਅਸਲ ਕਾਰਨ ਪੁੱਛਿਆ।

'ਰਾਜਨ ! ਦੂਰ ਕਿਸੇ ਘਰ 'ਚ ਬਲਦੇ ਦੀਵੇ 'ਤੇ ਨਜ਼ਰ ਪੈ ਗਈ ... ਮੱਧਮ ਜਿਹੀ ਉਸ ਦੀਵੇ ਦੀ ਲੋਅ ਨੂੰ ਇਸ਼ਟ ਧਾਰ ਲਿਆ ... ਆਪ ਦੇ ਕ੍ਰੋਧ ਨੂੰ ਮਨੋਂ ਵਿਸਾਰ ਬਰਫ਼ੀਲੇ ਪਾਣੀ ਵਿੱਚ ਅਗਨੀ ਦੇਵਤੇ ਨੂੰ ਧਿਆਉਂਦਾ ਰਿਹਾ ... ਇੰਝ ਉਸ ਦੁਰੇਡੀ ਲੋਅ ਦੇ ਨਿੱਘ ਆਸਰੇ ਰਾਤ ਕੱਟ ਲਈ' ... ਗ਼ੁਲਾਮ ਨੇ ਬੜੀ ਆਜਜ਼ੀ ਨਾਲ ਜ਼ਿੰਦਗੀ ਤੇ ਮੌਤ ਨਾਲ ਜੂਝਣ ਵਾਲਾ ਕਿੱਸਾ ਸੁਣਾਉਂਦਿਆਂ ਦੱਸਿਆ।

ਗ਼ੁਲਾਮ ਦੀ ਸੁਣ ਰਾਜੇ ਨੂੰ ਕਿਸੇ ਬੰਦੇ ਦੇ ਸਾਹ, ਪ੍ਰਾਣ ਖੋਹ ਲੈਣ ਵਾਲੀ ਆਪਣੀ ਕਰੂਰਤਾ ਅਤੇ ਜੀਵਨ ਦਾਨ ਦੇਣ ਵਾਲੀ ਲੋਅ ਵਿੱਚਲੇ ਫ਼ਰਕ ਦਾ ਚਾਨਣਾ ਹੋ ਗਿਆ ... ਉਸਨੇ ਵੀ ਗ਼ੁਲਾਮ ਨੂੰ ਮੁਆਫ ਕਰ ਦਿੱਤਾ ...

ਗੱਲ ਪ੍ਰੋਨੋਟ ਵਾਲੀ ਹੋ ਰਹੀ ਸੀ ... ਪਿਤਾ ਸ਼੍ਰੀ ਦੇ ਪ੍ਰੋਨੋਟ ਵਾਲੀ ਲਿੱਖਤ ਦੇ ਹਿਸਾਬ ਨਾਲ ਬੱਚਿਆਂ ਨੂੰ ਅੱਸੀ, ਨੱਬੇ ਫੀਸਦੀ ਨੰਬਰ ਲੈਣ ਦੇ ਬਦਲੇ ਅੱਸੀ, ਨੱਬੇ ਹਜ਼ਾਰ ਰੁਪਈਆਂ ਦਾ ਇਨਾਮ ਦੇਣਾ ਲਿਖਿਆ ਹੁੰਦਾ ਸੀ ਨਾ... ਸੱਚੀ ! ਉਹ

ਪ੍ਰੋਨੋਟ ਵੀ ਸਾਡੇ ਬਾਲਾਂ ਲਈ ਸਜਾ ਯਾਫ਼ਤਾ ਗ਼ੁਲਾਮ ਨੂੰ ਮੌਤ ਦੀ ਸਜਾ ਤੋਂ ਮੁਕਤ ਕਰਵਾਉਣ ਵਾਲੇ ਦੀਵੇ ਹੁੰਦੇ ਹੋਣਗੇ ... ਦੀਵੇ, ਜਿੰਨਾਂ ਦੀ ਲੋਅ ਵਿੱਚ ਦਿਨ, ਰਾਤ ਇੱਕ ਕਰਕੇ ਪੜ੍ਹਦੇ, ਲਿਖਦੇ ਬੱਚੇ ਸਾਡੇ ਪਿਤਾ ਸ਼੍ਰੀ ਕੋਲੋਂ ਖੁਸ਼ੀ, ਖੁਸ਼ੀ ਹਜ਼ਾਰਾਂ ਰੁਪਈਏ ਲੈਣ ਦੇ ਹੱਕਦਾਰ ਬਣਦੇ ਹੋਣਗੇ ...

ਪੁੱਤਰ ਸ਼੍ਰੀ ਅਕਸਰ ਵੀਕ ਐਂਡ 'ਤੇ ਦਿੱਲੀਉਂ ਚੰਡੀਗੜ੍ਹ ਆ ਜਾਂਦਾ ਏ ... ਇਸ ਵਾਰ ਨਾਲ ਆਈ ਬਹੂ ਸ਼੍ਰੀ

ਆਉਂਦਿਆਂ ਸਾਰ ਤਿੰਨ ਹਜ਼ਾਰ ਰੁਪਏ ਵਾਲਾ ਲਿਫ਼ਾਫ਼ਾ ਦਿੰਦਿਆ ਕਹਿਣ ਲੱਗੀ, 'ਸਾਂਭੋ, ਆਪਣੀ ਧੀ ਦੀ ਟਿਊਸ਼ਨ ਵਾਲੀ ਪਹਿਲੀ ਕਮਾਈ ... ਤੇ ਬਦਲੇ ਵਿੱਚ ਸਾਨੂੰ ਰੱਜੀਆਂ-ਪੁੱਜੀਆਂ ਬਰਕਤਾਂ ਭਰੀਆਂ ਆਸੀਸਾਂ ਦਿਓ'...

ਬਹੂ ਸ੍ਰੀ ਪੈਰੀਂ ਹੱਥ ਲਾਉਣ ਵੇਲੇ ਨਿਮਾਣਿਆਂ ਵਾਂਗ ਪੂਰੀ ਦੀ ਪੂਰੀ ਝੁਕ ਗਈ ... ਅਸੀਂ ਲਿਫ਼ਾਫਾ ਲੈ ਲਿਆ ਤੇ ਸੌਣ ਲਈ ਆਪਣੇ ਬੈੱਡ ਰੂਮ 'ਚ ਆ ਗਏ ... ਯਾਦ ਆਇਆ, ਕਿਸੇ ਤਿਓਹਾਰ ਦੇ ਸੰਬੰਧ 'ਚ ਕੇਰਾਂ ਉਸਨੂੰ ਇੱਕੀ ਸੌ ਰੁਪਏ ਦੇਣ ਦਾ ਵਾਅਦਾ ਕੀਤਾ ਸੀ ਜੋ ਕਈ ਵਾਰ ਉਸਦੇ ਹਾਸੇ, ਹਾਸੇ ਵਿੱਚ ਮੰਗਣ ਦੇ ਬਾਵਜੂਦ ਅੱਜ ਤੀਕ ਵਫ਼ਾ ਨਹੀਂ ਸੀ ਹੋਇਆ...

ਪਿਤਾ ਸ੍ਰੀ ਦੇ ਪ੍ਰੋਨੋਟ ਵਾਲੀ ਇਬਾਰਤ ਤੇ ਉਨਾਂ ਦੀ ਦਰਿਆਦਿਲੀ ਮੁੜ ਸਾਡੇ ਚੇਤਿਆਂ 'ਚੋਂ ਬਾਹਰ ਆ ਗਈ ... ਅਸਾਂ ਕੀ ਕੀਤਾ, ਰਾਤ ਨੂੰ ਲਿਫ਼ਾਫ਼ੇ ਵਿੱਚ ਤਿੰਨ ਹਜ਼ਾਰ ਰੁਪਏ ਹੋਰ ਪਾ ਕੇ ਰਕਮ ਦੂਣੀ ਕਰ ਦਿੱਤੀ ... ਤੇ ਸਵੇਰੇ ਸੁੱਚੇ ਮੂੰਹ ਬੈੱਡ ਟੀ ਲੈ ਕੇ ਆਈ ਬਹੂ ਸ੍ਰੀ ਨੂੰ ਬਰਕਤਾਂ ਭਰਿਆ ਉਹ ਲਿਫ਼ਾਫ਼ਾ ਵਾਪਸ ਫੜਾ ਦਿੱਤਾ ...

ਹੁਣ ਲੱਗਦਾ ਏ ਕਿ ਸਾਡੇ ਵੱਡ, ਵਡੇਰੇ ਕਿਧਰੇ ਨਹੀਂ ਮਰਦੇ, ਖੱਪਦੇ ... ਸਾਡੀਆਂ ਸਿਮਰਤੀਆਂ ਤੇ ਸਾਡੇ ਕਾਰ, ਵਿਹਾਰ 'ਚ ਜਿਉਂਦੇ, ਜਾਗਦੇ ਰਹਿੰਦੇ ਨੇ ... ਕਿਸੇ ਗ਼ੁਲਾਮ ਨੂੰ ਜੀਵਨ ਦਾਨ ਦੇਣ ਵਾਲੇ ਦੀਵੇ ਦੀ ਲੋਅ ਵਾਂਗ ਉਹ ਚਾਨਣ ਤੇ ਨਿੱਘ ਵੰਡਦੇ ਸਾਡੇ ਇਰਦ, ਗਿਰਦ ਮੰਡਰਾਉਂਦੇ ਰਹਿੰਦੇ ਨੇ ...

ਸਨ 2003 ਦੇ ਸ਼ੁਰੂ ਨਵੰਬਰ ਵਾਲੇ ਦਿਨ ਸੀ । ਚਾਰ ਨਵੰਬਰ ਨੂੰ ਪੁੱਤਰ ਸ੍ਰੀ ਦਾ ਜਨਮ ਦਿਨ ਮਨਾਇਆ ਸੀ । ਪਿਤਾ ਸ੍ਰੀ ਸ਼ੂਗਰ ਦੀ ਬਿਮਾਰੀ ਨਾਲ ਝੰਬੇ ਹੋਏ ਸੀ ਪਰ ਸਾਹ, ਸੱਤ ਹੀਣ ਲੱਤਾਂ ਦੇ ਆਸਰੇ ਬੜਾ ਨੱਚੇ ... ਦੰਦ ਹੀਣ ਪੋਪਲੇ ਮੂੰਹੋਂ ਢੇਰਾਂ ਦੁਆਵਾਂ ਦਿੰਦੇ ਨਹੀਂ ਸੀ ਥੱਕੇ ... ਉਨਾਂ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ ...

ਪਿਤਾ ਸ੍ਰੀ ਨੇ ਨੌਂ ਦਿਨ ਹੱਸਦਿਆਂ, ਖੇਡਦਿਆਂ ਟਪਾ ਲਏ । ਦੱਸਵੇਂ ਦਿਨ ਵਾਪਸੀ ਲਈ ਬੈਗ ਮੋਢੇ ਪਾ ਲਿਆ ਤੇ ਘਰੋਂ ਬਾਹਰ ਨਿਕਲ ਤੁਰੇ ... ਉਨਾਂ ਦੀ ਸਿਹਤ ਨੂੰ ਵੇਖਦਿਆਂ ਬਥੇਰਾ ਰੋਕਿਆ ... ਸਭਨਾਂ ਨੇ ਥੋੜ੍ਹੇ ਦਿਨ ਹੋਰ ਰੁਕੇ ਰਹਿਣ ਲਈ ਲੱਖ ਤਰਲੇ ਲਏ ... ਪਰ ਉਹ ਨਹੀਂ ਸੀ ਰੁਕਣ ਵਾਲੇ ... ਬਸ ! ਇੱਕ ਵਾਰੀ ਮਨ 'ਚ ਆਇਆ ... ਤੁਰ ਪਏ ਤੇ ਤੁਰ ਪਏ ...

ਬਸ ਸਟੈਂਡ ਲਾਗੇ ਹੀ ਸੀ ... ਡਿੱਗਦੇ, ਢਹਿੰਦੇ ਖੁਦ ਬਸ ਦੀ ਪਲੇਟ ਪੜ੍ਹ ਕੇ ਡਰਾਈਵਰ ਦੀ ਪਿਛਲੀ ਸੀਟ 'ਤੇ ਜਾ ਬੈਠੇ ... ਕਹਿਣ ਲੱਗੇ , 'ਪੁੱਤ ! ਹੁਣ ਸਿੱਧਾ ਘਰ ਨੂੰ ਜਾ ... ਖਿਆਲ ਰੱਖੀਂ ਸਾਰਿਆਂ ਦਾ... ਕਿਸੇ ਚੀਜ਼ ਦੀ ਲੋੜ ਹੋਈ ਤਾਂ ਟਿਕਟ ਵਾਲੀ ਚਿੱਠੀ ਪਾ ਦੇਵੀਂ'...

ਆਖਰੀ ਵਾਰ ਸੀ ... ਪਿਤਾ ਸ੍ਰੀ ਨੂੰ ਬਸ ਤੇ ਬਿਠਾ ਦਿੱਤਾ ... ਅਸਾਂ ਸਾਰਿਆਂ ਨੇ ਇੱਕਲਿਆਂ ਹੀ ਆਪਣੀ ਲਿਖੀ ਹੋਈ ਅੰਤਮ ਯਾਤਰਾ ਕਰਨੀ ਹੁੰਦੀ ਏ ਨਾ ... ਬੱਸੋਂ ਹੇਠਾਂ ਉੱਤਰਦਿਆਂ ਨਾਲ ਵਾਲੀ ਸੀਟ ਤੇ ਬੈਠੇ ਕੰਡਕਟਰ ਦੇ ਬੋਲ ਕੰਨੀਂ ਪੈ ਗਏ ...

ਉਹ ਕਹਿ ਰਿਹਾ ਸੀ, 'ਬਜ਼ੁਰਗੋ ! ਬੇਦਰੇਗੀ, ਅਜਿਹੀ ਔਲਾਦ ਖੁਣੋਂ ਬੰਦਾ ਕੱਲਾ ਹੀ ਚੰਗਾ ... ਕੈਮ ਰਿਹੋ... ਢੇਰੀ ਨਾ ਢਾਇਓ ... ਮਰੀ ਸਮਝਿਓ ਆਪਣੀ ਢਿੱਡੋਂ ਜਾਈ ਔਲਾਦ ਨੂੰ ... ਰਸਤੇ ਵਿੱਚ ਮੈਂ ਤੁਹਾਡਾ ਖਿਆਲ ਰਖਾਂਗਾ'...

ਅੰਮ੍ਰਿਤਸਰ ਜਾਂਦਿਆਂ ਹੀ ਪਿਤਾ ਸ੍ਰੀ ਬਿਮਾਰੀ ਤੇ ਕਮਜ਼ੋਰੀ ਕਾਰਨ ਮੰਜੇ ਨਾਲ ਮੰਜਾ ਹੋ ਗਏ । ਆਪਣੇ ਹਿੱਸੇ ਦੀ 77 ਸਾਲ ਵਾਲੀ ਸੁਆਸ ਪੂੰਜੀ ਭੋਗਦੇ, ਮਾਣਦੇ 6 ਜਨਵਰੀ ਵਾਲੇ ਦਿਨ ਸਾਨੂੰ ਸਾਰਿਆਂ ਨੂੰ ਅਲਵਿਦਾ ਕਹਿ ਗਏ...

# ਸੁੰਦਰ ਮੁੰਦਰੀਏ ਹੋ

ਪੰਜ ਪਾਣੀਆਂ ਵਾਲੇ ਸਾਂਝੇ ਪੰਜਾਬ ਦੇ ਲੋਕਾਂ ਨੂੰ ਸਦਾ ਹੀ ਭੀੜਾਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ। ਹਮਲਾਵਰਾਂ ਤੇ ਕੁਦਰਤ ਦੀ ਮਾਰ ਦਾ ਮੁਕਾਬਲਾ ਸਾਰੇ ਪੰਜਾਬੀ ਰਲ, ਮਿਲ ਕੇ ਕਰਦੇ। ਫੁਰਸਤ ਅਤੇ ਖੁਸ਼ੀ ਦੇ ਪਲਾਂ ਵਿੱਚ ਇਧਰਲੇ ਤੇ ਉਧਰਲੇ ਪੰਜਾਬ ਦੇ ਲੋਕ ਮੇਲੇ ਅਤੇ ਤਿਓਹਾਰ ਵੀ ਬੜੀ ਸਾਂਝ ਨਾਲ ਮਨਾਉਂਦੇ।

ਲੋਹੜੀ, ਬਸੰਤ ਤੇ ਵਿਸਾਖੀ ਸਾਡੀਆਂ ਰੁੱਤਾਂ ਅਤੇ ਫਸਲਾਂ ਦੀ ਪੈਦਾਵਾਰ ਨਾਲ ਜੁੜੇ ਹੋਏ ਤਿਓਹਾਰ ਨੇ। ਲੋਹੜੀ ਦੇ ਤਿਓਹਾਰ ਨੂੰ 'ਦੁੱਲੇ ਭੱਟੀ' ਨਾਲ ਵੀ ਜੋੜਿਆ ਜਾਂਦਾ ਏ। ਸੁਣੀਂਦਾ ਏ ਕਿ ਉਹ ਯੋਧਾ ਲਾਚਾਰ ਤੇ ਬੇਬਸ ਲੋਕਾਂ ਨੂੰ ਅਮੀਰਾਂ ਤੇ ਸ਼ਾਹੂਕਾਰਾਂ ਦੀਆਂ ਵਧੀਕੀਆਂ ਤੋਂ ਬਚਾਉਂਦਾ ਹੁੰਦਾ ਸੀ।

ਲੋਹੜੀ ਦੇ ਨਾਂ ਤੋਂ ਅੱਜ ਵੀ ਆਪਣਾ ਬਚਪਨ ਚੇਤੇ ਆ ਜਾਂਦਾ ਏ। ਬੀਤੇ ਛੇਵੇਂ ਦਹਾਕੇ ਦੀ ਗੱਲ ਹੋਏਗੀ। ਮੁੰਡੇ, ਕੁੜੀਆਂ ਬੜੀ ਬੇਸਬਰੀ ਨਾਲ ਲੋਹੜੀ ਦੀ ਉਡੀਕ ਕਰਿਆ ਕਰਦੇ। ਧਰਤੀ ਦੇ ਸੂਰਜ ਤੋਂ ਦੂਰ ਹੋ ਜਾਣ ਕਾਰਨ ਪੋਹ ਦੇ ਮਹੀਨੇ ਅੰਤਾਂ ਦੀ ਠੰਡ ਹੁੰਦੀ ਸੀ। ਦਿਨ ਛੋਟੇ ਹੋ ਜਾਂਦੇ। ਖੇਸੀਆਂ ਦੀਆਂ ਬੁੱਕਲਾਂ ਮਾਰ ਕੇ ਅਸੀਂ ਆਪਣੇ ਜਮਾਤੀਆਂ ਤੇ ਗੁਆਂਢੀ ਮੁੰਡਿਆਂ ਨਾਲ ਟੋਲੀਆਂ ਬਣਾ ਕੇ ਸ਼ਾਮਾਂ ਵੇਲੇ ਘਰੋ, ਘਰੀ ਲੋਹੜੀ ਮੰਗਣ ਤੁਰ ਜਾਣਾ। ਕੁੜੀਆਂ, ਚਿੜੀਆਂ ਨੇ ਵੱਖਰੀ ਟੋਲੀ ਬਣਾ ਕੇ ਲੋਹੜੀ ਮੰਗਣੀ।

ਹਾਂ ਸੱਚ ! ਉਦੋਂ ਪਿੰਡਾਂ ਦੇ ਘਰ ਕਚੇ, ਪੱਕੇ ਹੁੰਦੇ ਸਨ। ਜਨ-ਜੀਵਨ ਬੜਾ ਸਾਦ, ਮੁਰਾਦਾ ਹੁੰਦਾ ਸੀ। ਲੋੜ ਦੀ ਹਰ ਸ਼ੈਅ ਖੁਦ ਖੇਤ, ਬੰਨੇ ਹੀ ਤਿਆਰ ਕਰ ਲਈ ਜਾਂਦੀ। ਹਰ ਘਰ ਵਿੱਚ ਲਵੇਰਾ ਹੁੰਦਾ। ਗੁੜ, ਘਿਓ, ਤਿਲ, ਮੱਕੀ, ਛੋਲੇ, ਕਣਕ ਤੇ ਚਾਵਲ ਆਦਿ ਆਪਣੇ ਖੇਤਾਂ ਵਿੱਚ ਹੀ ਪੈਦਾ ਕਰ ਲਏ ਜਾਂਦੇ।

ਹਰ ਪਿੰਡ ਵਿੱਚ ਦਾਣੇ ਭੁੰਨਣ ਵਾਲੀਆਂ ਭੱਠੀਆਂ ਹੁੰਦੀਆਂ ਸਨ। ਲੋਹੜੀ ਆਉਣ ਤੋਂ ਪਹਿਲਾਂ ਹੀ ਘਰ ਵਿੱਚਲੇ ਮੱਕੀ ਤੇ ਛੋਲਿਆਂ ਦੇ ਦਾਣੇ ਲੱਪ ਕੁ ਭਾੜਾ ਦੇ ਕੇ ਭੱਠੀ ਵਾਲੀ ਮਾਈ ਕੋਲੋਂ ਭੁੰਨਾ ਲੈਣੇ। ਭੁੱਜੇ ਹੋਏ ਫੁੱਲੇ ਤੇ ਖਿੱਲਾਂ ਨੂੰ ਗੁੜ ਦੀ ਚਾਸ਼ਨੀ ਵਿੱਚ ਮਿਲਾ ਕੇ ਪਿੰਨੀਆਂ ਵੀ ਬਣਾ ਲੈਣੀਆਂ। ਮੂੰਗਫਲੀ ਤੇ

ਰਿਓੜੀਆਂ ਹਟਵਾਣੀਏ ਕੋਲੋਂ ਖਰੀਦ ਲੈਣੀਆਂ। ਮੇਸੂ, ਅੰਮ੍ਰਤੀਆਂ ਤੇ ਸੋਨ ਹਲਵੇ ਦੀ ਥਾਂ ਪਿੰਡ, ਕਸਬਿਆਂ ਵਿੱਚ ਇਹੋ ਪਿੰਨੀਆਂ ਹੀ ਘਰ, ਘਰ ਦੀ ਮਠਿਆਈ ਹੋਣੀ ...

ਉਸ ਵੇਲੇ ਦੇ ਨਿਮਾਣੇ ਤੇ ਨਿਤਾਣੇ ਸ਼ਹਿਰਾਂ ਵਿੱਚ ਵੀ ਅੱਜ ਵਰਗੇ ਆਸਮਾਨਾਂ ਨੂੰ ਛੂਹੰਦੇ ਸਕਾਈ ਸਕਰੇਪਰ ਨਹੀਂ ਸਨ ਹੁੰਦੇ। ਨਾ ਹੀ ਉਦੋਂ ਵੱਡੇ, ਵੱਡੇ ਮਾਲ ਤੇ ਸੁਪਰ ਬਾਜ਼ਾਰ ਹੁੰਦੇ ਸਨ। ਅੱਜ ਅਜਿਹੇ ਬਾਜ਼ਾਰਾਂ ਵਿੱਚੋਂ ਗੱਚਕ, ਮੂੰਗਫਲੀ, ਰਿਓੜੀਆਂ ਤੇ ਸੂਈ ਤੋਂ ਲੈ ਕੇ ਜਹਾਜ ਤੀਕ ਘਰ ਬੈਠਿਆਂ ਹੀ ਸਾਰਾ ਸਾਮਾਨ ਖਰੀਦਿਆ ਜਾ ਸਕਦਾ ਏ। ਇਨਾਂ ਬਾਜ਼ਾਰਾਂ ਨੇ ਜਿਵੇਂ ਸਾਡਾ ਨਿੱਘ, ਮੋਹ ਤੇ ਰਲ, ਮਿਲ ਕੇ ਰਹਿਣ ਵਾਲਾ ਭਾਈਚਾਰਾ ਹੀ ਖੋਹ ਲਿਆ ਲੱਗਦਾ ਏ। ਸੱਚੀ ! ਇਨਾਂ ਨੇ ਸਾਨੂੰ ਮਿਲਵਰਤੋਂ ਵਾਲੀ ਭਾਵਨਾ ਤੋਂ ਕੋਹਾਂ ਦੂਰ ਕਰ ਛੱਡਿਆ ਏ।

ਗੱਲ ਲੋਹੜੀ ਦੀ ਹੋ ਰਹੀ ਸੀ। ਅਸੀਂ ਘਰ ਦੇ ਬਣੇ ਖੱਦਰ ਦੇ ਤਣੀਆਂ ਵਾਲੇ ਝੋਲੇ ਲੈ ਕੇ ਘਰੋ, ਘਰੀ ਲੋਹੜੀ ਮੰਗਣ ਤੁਰ ਜਾਣਾ। ਸਾਂਝੀ ਹੇਕ ਵਿਚ ਉੱਚੀ, ਉੱਚੀ 'ਸੁੰਦਰ ਮੁੰਦਰੀਏ ਹੋ ... ਤੇਰਾ ਕੌਣ ਵਿਚਾਰਾ'... ਗਾਉਣਾ। ਸਾਨੂੰ ਬਦਲੇ ਵਿਚ ਟਕੇ, ਆਨੇ, ਮੱਕੀ ਦੇ ਫੁੱਲੇ, ਗੁੜ ਅਤੇ ਸੁੱਕੀਆਂ ਪਾਥੀਆਂ ਆਦਿ ਮਿਲਣੇ। ਦਾਣੇ, ਪੈਸੇ ਅਸੀਂ ਵੰਡ, ਵੰਡਾ ਲੈਂਦੇ ਤੇ ਲੱਕੜ, ਪਾਥੀਆਂ ਨਾਲ ਯਖ ਠੰਡੀਆਂ ਰਾਤਾਂ ਨੂੰ ਲੋਹੜੀ ਦਾ ਭੁੱਗਾ ਬਾਲ ਕੇ ਸੇਕਦੇ। ਜਿਹੜੇ ਘਰੋਂ ਸਾਨੂੰ ਲੋਹੜੀ ਨਹੀਂ ਸੀ ਮਿਲਦੀ, ਉਸ ਘਰ ਅੱਗੇ ਅਸੀਂ 'ਹੁੱਕਾ ਬਾਈ ਹੁੱਕਾ ... ਇਹ ਘਰ ਭੁੱਖਾ' ... ਬੋਲਕੇ ਅਗਲੇ ਘਰ ਲੋਹੜੀ ਮੰਗਣ ਤੁਰ ਜਾਂਦੇ।

ਕੁੜੀਆਂ ਨੇ 'ਟਾਂਡਾ ਟਾਂਡਾ ... ਤੇ ਦੇ ਮਾਈ ਲੋਹੜੀ ... ਤੇਰੀ ਜੀਵੇ ਜੋੜੀ' ... ਵਰਗੇ ਟੋਟਕੇ ਗਾਉਂਣੇ। ਜਿਨਾਂ ਦੇ ਘਰੀਂ ਬਾਲ ਪੈਦਾ ਹੋਏ ਹੁੰਦੇ ਤੇ ਵਿਆਹ ਹੋਏ ਹੁੰਦੇ, ਉਹ ਬੜੀ ਖੁਲ੍ਹੀ, ਡੁੱਲੀ ਲੋਹੜੀ ਵੰਡਦੇ। ਜੇ ਕਿਸੇ ਘਰੋਂ ਲੋਹੜੀ ਮਿਲਣ ਤੋਂ ਦੇਰੀ ਹੋ ਜਾਣੀ ਤਾਂ ਕੁੜੀਆਂ-ਚਿੜੀਆਂ ਬੋਲਦੀਆਂ, 'ਸਾਡੇ ਪੈਰਾਂ ਹੇਠ ਸਲਾਈਆਂ ... ਅਸੀਂ ਕਿਹੜੇ ਵੇਲੇ ਦੀਆਂ ਆਈਆਂ' ...

ਵੇਖੋ ! ਅਜੋਕੀਆਂ ਲੋਹੜੀਆਂ ਤੇ ਹੋਰ ਰੀਤੀ-ਰਿਵਾਜ਼ ਬਹੁਤ ਬਦਲ ਗਏ ਨੇ। ਹੁਣ ਤਾਂ ਨਵ ਜੰਮੀਆਂ ਕੁੜੀਆਂ ਦੀ ਲੋਹੜੀ ਵੀ ਬੜੀ ਧੂਮ, ਧਾਮ ਨਾਲ ਮਨਾਈ ਜਾਣ ਲੱਗ ਪਈ ਏ ਐਪਰ ਸਾਡੇ ਸੱਚੇ-ਸੁੱਚੇ ਮੇਲੇ ਅਤੇ ਤਿਓਹਾਰਾਂ 'ਤੇ ਬਾਜ਼ਾਰੂ ਰੁਚੀ ਵੀ ਭਾਰੂ ਹੋਣ ਲੱਗ ਪਈ ਏ। ਤੇਜ਼ੀ ਨਾਲ ਉੱਸਰ ਰਹੇ ਗਲੋਬ ਪਿੰਡ ਦੇ ਵਰਤਾਰੇ ਕਾਰਨ ਰਿਸ਼ਤਿਆਂ ਦਾ ਨਿੱਘ, ਮੋਹ, ਸਭਿਆਚਾਰਕ ਸਾਂਝ ਤੇ ਮਿਲਵਰਤਣ ਵੀ ਉਸੇ ਰਫ਼ਤਾਰ ਨਾਲ ਘੱਟਦਾ ਜਾ ਰਿਹਾ ਏ। ਬਾਲਾਂ 'ਤੇ ਭਵਿੱਖ ਵਿੱਚ ਕੁਝ ਬਣ ਕੇ ਵਿਖਾਉਣ ਵਾਲਾ ਢੇਰ ਸਾਰਾ ਬੋਝ ਪਾ ਦਿੱਤਾ ਜਾਂਦਾ ਏ ... ਮੁਕਾਬਲੇ ਵਾਲੀ ਪੜ੍ਹਾਈ ਅਤੇ ਆਏ ਦਿਨ

ਪੇਪਰਾਂ ਦੀ ਚਿੰਤਾ ਕਾਰਨ ਖੇਡਣ,ਕੁੱਦਣ ਦੀ ਉਮਰ ਵਿੱਚ ਵੀ ਸਾਡੇ ਬੱਚੇ ਬੜੇ ਮਸਰੂਫ ਹੁੰਦੇ ਜਾ ਰਹੇ ਨੇ । ਉਨਾਂ ਕੋਲੋਂ ਵੀ ਜਿਵੇਂ ਅਸੀਂ ਸਾਂਝੀਆਂ ਖੁਸ਼ੀਆਂ ਮਨਾਉਣ ਵਾਲੀ ਫੁਰਸਤ ਖੋਹ ਲਈ ...

# ਰੱਬਾ ! ਰੱਬਾ !! ਮੀਂਹ ਵਰ੍ਹਾ

ਹੁਣ ਦੀਆਂ ਬਰਸਾਤਾਂ ਨੂੰ ਵੇਖਦਿਆਂ ਹੀ ਬਚਪਨ ਦੀਆਂ ਬਰਸਾਤਾਂ ਯਾਦ ਆ ਜਾਂਦੀਆਂ ਨੇ... ਬਰਸਾਤਾਂ ਦੇ ਦਿਨੀਂ, ਸਕੂਲੋਂ ਛੁੱਟੀਆਂ ਹੋ ਜਾਂਦੀਆਂ ਸਨ। ਮੌਜਾਂ ਹੀ ਮੌਜਾਂ ਹੋਣੀਆਂ। ਮੀਂਹ ਪੈਂਦਿਆਂ ਸਾਰ ਹੀ ਅਸੀਂ ਫਾਂਟਾਂਦਾਰ ਕੱਛੇ ਪਾਈ, ਨੰਗੇ ਪਿੰਡੇ ਘਰੋਂ ਬਾਹਰ ਨਿਕਲ ਜਾਣਾ। ਉਦੋਂ ਘਰ ਦੇ ਵੀ ਕੋਈ ਇਤਰਾਜ਼ ਨਹੀਂ ਸੀ ਕਰਦੇ। ਮੀਂਹ ਵਿੱਚ ਨਹਾਉਣ ਨਾਲ ਪਿੱਤ ਜੁ ਮਰ ਜਾਂਦੀ ਸੀ। ਨੱਚਦੇ, ਟੱਪਦੇ ਅਸੀਂ ਸਾਥੀਆਂ ਨਾਲ ਉੱਚੀ, ਉੱਚੀ ਗਾਉਂਦੇ ਫਿਰਨਾ ...'ਰੱਬਾ ! ਰੱਬਾ !! ਮੀਂਹ ਵਰ੍ਹਾ... ਸਾਡੀ ਕੋਠੀ ਦਾਣੇ ਪਾ ...

ਭਲੇ ਵੇਲੇ ਹੁੰਦੇ ਸਨ। ਉਦੋਂ ਫ਼ਿਕਰ, ਫਾਕੇ ਸਾਨੂੰ ਨਹੀਂ, ਘਰ ਦੇ ਵਡੇਰਿਆਂ ਨੂੰ ਹੁੰਦੇ ਸਨ। ਉਨਾਂ ਨੂੰ ਬਰਸਾਤਾਂ ਤੋਂ ਬੜਾ ਡਰ ਲੱਗਿਆ ਰਹਿਣਾ। ਬਰਸਾਤਾਂ ਸ਼ੁਰੂ ਹੋਣ ਤੋਂ ਬਹੁਤ ਪਹਿਲਾਂ ਘਰਾਂ ਦੀਆਂ ਸੁਆਣੀਆਂ ਨੇ ਕੱਚੇ ਕੋਠੇ ਤੇ ਕੰਧਾਂ ਲਿੱਪ ਲੈਣੀਆਂ। ਛੱਪੜ ਦੀ ਕਾਲੀ ਮਿੱਟੀ ਨਾਲ ਪਸ਼ੂ-ਲਵੇਰੇ ਵਾਸਤੇ ਤੂੜੀ ਸੰਭਾਲਣ ਲਈ ਹਵੇਲੀ ਦੇ ਬਾਹਰ ਕੁੱਪ ਬਣਾ ਲਏ ਜਾਂਦੇ ... ਵੇਲੇ, ਕੁਵੇਲੇ ਰੋਟੀ-ਸਬਜ਼ੀ ਬਣਾਉਣ ਲਈ ਸੁੱਕੀਆਂ ਪਾਥੀਆਂ ਨੂੰ ਚਿਣ ਕੇ ਇਜ਼ਿਪਟ ਦੇ ਪਿਰਾਮਿਡਾਂ ਵਰਗੇ ਉੱਚੇ, ਉੱਚੇ ਗਹੀਰੇ ਬਣਾ ਲਏ ਜਾਂਦੇ।

ਅੱਜ, ਕੱਲ ਵਾਂਗ ਉਦੋਂ ਬਿਜਲੀ, ਮੋਬਾਈਲ ਫੋਨ, ਟੀਵੀ, ਲੈਪਟਾਪ ਤੇ ਇੰਟਰਨੈੱਟ ਨਹੀਂ ਸੀ ਹੁੰਦੇ। ਰਾਤਾਂ ਨੂੰ ਸਰੋਂ ਦੇ ਤੇਲ ਵਾਲੇ ਦੀਵੇ ਬਾਲ ਕੇ ਪੜ੍ਹਾਈ ਕਰਨੀ। ਵਿਰਲੇ ਟਾਂਵੇ ਰੇਡੀਓ ਤੇ ਟਰਾਂਜ਼ਿਸਟਰ ਜਰੂਰ ਹੁੰਦੇ ਸਨ। ਸੱਤ ਘਰ ਟੱਪ ਕੇ ਦੀਨ, ਦੁਨੀਆ ਦੀ ਕੋਈ ਖਬਰ ਸੁਣਨ ਨੂੰ ਮਿਲਣੀ। ਬਰਸਾਤਾਂ ਦੇ ਦਿਨੀਂ ਸਾਡੇ ਪਿੰਡ, ਦੂਜੇ ਪਿੰਡਾਂ ਨਾਲੋਂ ਕੱਟੇ ਜਾਂਦੇ
ਸਨ।

ਉਦੋਂ ਆਸਮਾਨੀ ਸੈਟੇਲਾਈਟਾਂ ਨਹੀਂ ਸੀ ਹੁੰਦੀਆਂ ਜਿਨਾਂ ਰਾਹੀਂ ਅੱਜ ਵਾਂਗ ਮੌਸਮ ਦਾ ਹਾਲ, ਚਾਲ ਪਲਾਂ,ਛਿਣਾਂ ਵਿੱਚ ਜਾਣਿਆ ਜਾ ਸਕਦਾ। ਹੁਣ ਸਾਨੂੰ ਲੰਮੀਆਂ, ਲੰਮੀਆਂ ਝੜੀਆਂ ਲੱਗਣ, ਸਮੁੰਦਰੀ ਤੂਫ਼ਾਨ ਤੇ ਝੱਖੜ ਆਦਿ ਆਉਣ ਦੀ ਜਾਣਕਾਰੀ ਪਹਿਲਾਂ ਹੀ ਮਿਲ ਜਾਂਦੀ ਏ। ਅਸੀਂ ਘਰਾਂ ਵਿੱਚ ਰਾਸ਼ਨ, ਪਾਣੀ ਖ਼ਰੀਦ ਕੇ ਰੱਖ ਲੈਂਦੇ ਹਾਂ। ਸੁਰੱਖਿਆ ਦੇ ਸਾਰੇ ਪ੍ਰਬੰਧ ਤੁਰੰਤ ਕਰ ਲੈਂਦੇ ਹਾਂ। ਆਪਣੇ ਜ਼ਰੂਰੀ ਕੰਮ, ਕਾਜ਼ ਵੀ ਵੇਲੇ ਸਿਰ ਨਿਬਟਾ ਲੈਂਦੇ ਹਾਂ।

ਹਾਂ ਸੱਚ ! ਝੜੀਆਂ ਤੋਂ ਬਚਪਨ ਦੀ ਇੱਕ ਗੱਲ ਯਾਦ ਆ ਗਈ । ਸੁਣਿਆਂ ਕਰਦੇ ਸਾਂ ਕਿ ਵੀਰਵਾਰ ਨੂੰ ਸ਼ੁਰੂ ਹੋਈ ਬਰਸਾਤ ਕਈ, ਕਈ ਦਿਨ ਨਹੀਂ ਰੁਕਦੀ । ਉਦੋਂ ਵੀ ਮੋਹਲੇਧਾਰ ਮੀਂਹ ਪੈ ਰਿਹਾ ਸੀ । ਸ਼ਾਇਦ ਉਹ ਵੀਰਵਾਰੀ ਝੜੀ ਹੀ ਸੀ । ਮੀਂਹ ਸੀ ਕਿ ਰੁਕਣ ਦਾ ਨਾਂ ਨਹੀਂ ਸੀ ਲੈ ਰਿਹਾ । ਕੋਠੀਆਂ, ਕੋਠੜਿਆਂ ਦੀ ਲਿੱਪਾ, ਪੋਚੀ ਤਾਂ ਚਿਰੋਕਣੀ ਹੋ ਚੁਕੀ ਸੀ ਪਰ ਫਿਰ ਵੀ ਝੜੀ ਨੂੰ ਵੇਖਦੀ ਹੋਈ ਦਾਦੀ ਮਾਂ ਬੜੀ ਹੈਰਾਨ, ਪ੍ਰੇਸ਼ਾਨ ਲੱਗ ਰਹੀ ਸੀ । ਉਹ ਬੜੀ ਘਬਰਾਈ ਹੋਈ ਘਰ ਦੇ ਅੰਦਰ, ਬਾਹਰ ਫਿਰ ਰਹੀ ਸੀ ।

ਸਾਡੇ ਵੇਖਦਿਆਂ, ਵੇਖਦਿਆਂ ਉਹ ਕੱਪੜੇ ਦੀ ਟੱਲੀ ਜਿਹੀ ਲੈ ਕੇ ਚੌਂਕੇ 'ਚ ਜਾ ਬੈਠੀ । ਟੱਲੀ ਵਿਚ ਚੁੱਟਕੀ ਕੁ ਲੂਣ,

ਮਿਰਚਾਂ, ਕਣਕ ਦੇ ਦਾਣੇ, ਚੌਲ ਤੇ ਛੋਲੇ ਆਦਿ ਨਿੱਕ-ਸੁੱਕ ਪਾ ਕੇ ਪੋਟਲੀ ਤਿਆਰ ਕਰਨ ਲੱਗ ਪਈ । ਜਦੋਂ ਉਸਦੀ ਚਾਹਤ ਅਨੁਸਾਰ ਪੋਟਲੀ ਤਿਆਰ ਹੋ ਗਈ ਤਾਂ ਸਾਨੂੰ ਆਪਣੇ ਕੋਲ ਬੁਲਾ ਕੇ ਬੜੇ ਪਿਆਰ ਤੇ ਮੋਹ ਨਾਲ ਆਖਣ ਲੱਗੀ, 'ਪੁੱਤ ਛਿੰਦਿਆ ! ਜਾਹ, ਇਸ ਪਾਂਧੀ ਨੂੰ ਹਵੇਲੀ ਦੀ ਕੰਧ 'ਤੇ ਚਿਣੀਆਂ ਪਾਥੀਆਂ ਵਿੱਚ ਬਿਠਾ ਆ...

'ਪਰ ਇਹ ਸ਼ੈਅ ਕੀ ਐ ਦਾਦੀ ਮਾਂ ? ਦਾਦੀ ਹੱਥੋਂ ਕੱਪੜੇ ਦਾ ਪੁਤਲਾ ਜਿਹਾ ਫੜਦਿਆਂ ਅਸਾਂ ਪੁੱਛਿਆ ।

'ਪੁੱਤ ! ਇਹ ਮੀਂਹ, ਝੜੀਆਂ ਵਿੱਚ ਫਸਿਆ ਹੋਇਆ ਮੁਸਾਫ਼ਰ ਏ .. ਇਸਦੇ ਘਰ ਵਾਲੇ ਵੀ ਇਸਨੂੰ ਬੜੀ ਬੇਸਬਰੀ ਨਾਲ ਉਡੀਕਦੇ ਪਏ ਨੇ ... ਘਰੀਂ ਬੈਠੇ ਇਸ ਦੇ ਬਾਲ-ਨਿਆਣੇ, ਖਾਣ ਲਈ ਮਿੱਠੀਆਂ ਡੱਡ-ਮੱਛੀਆਂ ਨੂੰ ਵੀ ਤਰਸ ਰਹੇ ਹੋਣਗੇ ...

'ਦਾਦੀ ਮਾਂ ! ਤੇਰੇ ਹੱਥਾਂ ਵਿੱਚ ਫੜਿਆ ਹੋਇਆ ਇਹ ਪਾਂਧੀ ਤਾਂ ਮੀਂਹ, ਕਣੀ ਤੋਂ ਬਚਿਆ ਹੋਇਆ ਏ ... ਜੇ ਆਪਾਂ ਇਸਨੂੰ ਬਾਹਰ ਬਿਠਾ ਆਏ ਤਾਂ ਪਾਥੀਆਂ ਦੇ ਨਾਲ ਇਹ ਵੀ ਮੀਂਹ ਵਿੱਚ ਭਿੱਜਦਾ ਰਹੂ ਵਿਚਾਰਾ ... ਅਸਾਂ ਆਪਣੀ ਸਿਆਣਪ ਝਾੜਦਿਆਂ ਕਿਹਾ ।

'ਨਾ ਪੁੱਤ ! ਝੜੀ ਵੇਖ ... ਦਿਨਾਂ ਤੋਂ ਠੱਲਣ ਦਾ ਨਾਂ ਨਹੀਂ ਲੈ ਰਹੀ ... ਤੂੰ ਛੇਤੀ, ਛੇਤੀ ਜਾਹ ਤੇ ਇਸ ਪਾਂਧੀ ਨੂੰ ਬਾਹਰ ਪਾਥੀਆਂ ਵਾਲੀ ਕੰਧ 'ਤੇ ਬਿਠਾ ਆ ... ਸਾਡਾ ਰੱਬ, ਜਦੋਂ ਇਸ ਬੇਚਾਰੇ ਨੂੰ ਮੀਂਹ ਵਿੱਚ ਭਿੱਜਦਾ ਵੇਖੂਗਾ ਤਾਂ ਆਪੇ ਹੀ ਤਰਸ ਖਾ ਕੇ ਮੀਂਹ ਨੂੰ ਮੋੜਾ ਲਾ ਦਊਗਾ ... ਬੜੇ ਭਰੇ ਹੋਏ ਮਨ ਨਾਲ ਦਾਦੀ ਮਾਂ ਨੇ ਕਿਹਾ ਸੀ ।

ਦਾਦੀ ਮਾਂ ਦਾ ਕਿਹਾ ਮੰਨ ਅਸੀਂ ਨਾ ਚਾਹੁੰਦੇ ਹੋਏ ਵੀ ਪੋਟਲੀ ਨੁਮਾ ਉਸ ਗਰੀਬੜੇ ਪਾਂਧੀ ਨੂੰ ਬਾਹਰ ਵਰ੍ਹਦੇ ਮੀਂਹ ਵਿੱਚ ਬਿਠਾ ਆਏ । ਕੁਝ ਦੇਰ ਬਾਅਦ ਸੱਚ-ਮੁੱਚ ਮੀਂਹ ਰੁਕ ਗਿਆ । ਪਤਾ ਨਹੀਂ

ਦਾਦੀ ਮਾਂ ਦੇ ਵਿਸ਼ਵਾਸ ਭਰੇ ਓਹੜ-ਪੋਹੜ ਕਰਕੇ ਜਾਂ ਉਸ ਭਿੱਜਦੇ ਹੋਏ ਮੁਸਾਫ਼ਰ 'ਤੇ ਹੋਈ ਰੱਬ ਦੀ ਮਿਹਰ ਕਰਕੇ ... ਵੇਲਿਆਂ ਨੂੰ ਵਗੀ ਮਾਰ ਵੇਖੋ, ਹੁਣ ਸਰਬੱਤ ਦਾ ਭਲਾ ਚਾਹੁਣ ਵਾਲੀਆਂ ਦਾਦੀਆਂ, ਨਾਨੀਆਂ ਵੀ ਜਿਵੇਂ ਸੁਪਨਾ ਹੋ ਗਈਆਂ ਨੇ ...

# ਸੂਰਜਾ, ਸੂਰਜਾ ਫੱਟੀ ਸੁਕਾ

ਅੱਧੀ ਸਦੀ ਤੋਂ ਪਹਿਲਾਂ ਦੀਆਂ ਗੱਲਾਂ ਨੇ । ਕੱਚੀ, ਪੱਕੀ ਤੋਂ ਬਾਅਦ ਪੰਜ ਜਮਾਤਾਂ ਪਾਸ ਕਰੀਦੀਆਂ ਸੀ । ਮਿਡਲ ਸਕੂਲ ਤੋਂ ਬਾਦ ਸੈਕੰਡਰੀ ਜਮਾਤਾਂ ਪਾਸ ਕਰਨੀਆਂ ਪੈਂਦੀਆਂ । ਵਿਰਲੇ, ਟਾਂਵੇਂ ਅਮੀਰ ਤੇ ਹੁਸ਼ਿਆਰ ਬੱਚੇ ਬੀਏ, ਐੱਮਏ ਕਰ ਜਾਂਦੇ । ਸਰਦੇ, ਪੁੱਜਦੇ ਸੁਚੇਤ ਤੇ ਪੜ੍ਹੇ,ਲਿਖੇ ਘਰਾਂ ਦੇ ਕਾਕੇ ਸਰਕਾਰੀ ਨੌਕਰੀਆਂ ਪ੍ਰਾਪਤ ਕਰ ਲੈਂਦੇ ।

ਅੱਜ ਦੇ ਦੌਰ ਵਾਂਗ ਉਦੋਂ ਵਿਦਿਆ ਦਾ ਪਸਾਰਾ ਏਨਾ ਜਿਆਦਾ ਨਹੀਂ ਸੀ ਹੁੰਦਾ ... ਬਿਜਲੀ ਦੇ ਪੱਖੇ, ਏਸੀ, ਸੋਲਰ ਊਰਜਾ ਤੇ ਸਮਾਰਟ ਟੀਵੀ ਜਮਾਤਾਂ ਵਾਲੇ ਸਕੂਲ ਅਜੋਕੇ ਦੌਰ ਦੀ ਦੇਣ ਏ । ਸਾਡੇ ਵੇਲੇ ਪੜ੍ਹਾਈ ਤੇ ਕਮਾਈ ਲਈ ਨਿਊਜ਼ੀਲੈਂਡ, ਆਸਟ੍ਰੇਲੀਆ, ਕਨੇਡਾ ਤੇ ਅਮਰੀਕਾ ਜਾਣ ਦਾ ਵੀ ਜਿਆਦਾ ਰੁਝਾਨ ਨਹੀਂ ਸੀ ਹੁੰਦਾ ... ਉਦੋਂ ਵਿਰਲੇ,ਟਾਂਵੇ ਲੋਕ ਹੀ ਖੇਤੀ, ਬਾੜੀ ਜਾਂ ਫ਼ੌਜੀ ਹੋਣ ਲਈ ਵਿਦੇਸ਼ੀਂ ਜਾਂਦੇ ... ਖੈਰ ! ਅਸੀਂ ਹੱਸਦੇ, ਖੇਡਦਿਆਂ ਆਪਣੇ ਹਿੱਸੇ ਦੀ ਪੜ੍ਹਾਈ, ਲਿਖਾਈ ਕਰ ਲਈ ਤੇ ਰੋਟੀ, ਰੋਜ਼ੀ ਲਈ ਬੜੀ ਲਗਨ ਅਤੇ ਮਿਹਨਤ ਨਾਲ ਆਪਣੇ ਪੈਰਾਂ 'ਤੇ ਖੜ੍ਹੇ ਹੋ ਗਏ ।

ਉਦੋਂ ਮੁਕਾਬਲੇ ਦੇ ਇਮਤਿਹਾਨ ਵੀ ਬੜੇ ਘੱਟ ਹੁੰਦੇ ਸਨ । ਦੁਰੇਡੇ ਸਕੂਲਾਂ 'ਚ ਜਾਣ ਲਈ ਜੀਪਾਂ ਤੇ ਮਹਿੰਗੀਆਂ ਬੱਸਾਂ, ਕਾਰਾਂ ਬਾਰੇ ਤਾਂ ਸੋਚਿਆ ਵੀ ਨਹੀਂ ਸੀ ਜਾ ਸਕਦਾ । ਸਾਈਕਲ ਵੀ ਕਿਸੇ ਕਿਸਮਤ ਵਾਲੇ ਵਿਦਿਆਰਥੀ ਨੂੰ ਨਸੀਬ ਹੁੰਦੇ । ਦੀਵੇ ਤੇ ਮਿੱਟੀ ਦੇ ਤੇਲ ਨਾਲ ਬਲਣ ਵਾਲੀਆਂ ਲਾਲਟੈਨਾਂ ਤੋਂ ਬਾਅਦ ਪੀਲੀ ਰੌਸ਼ਨੀ ਵਾਲੇ ਲਾਟੂ ਜਰੂਰ ਟਿਮਟਿਮਾਉਣ ਲੱਗ ਪਏ ਸਨ ਉਦੋਂ ...

ਪਿਤਾ ਸ਼੍ਰੀ ਦੱਸਦੇ ਕਿ ਸਕੂਲੀ ਪੜ੍ਹਾਈ ਦੇ ਦਿਨੀਂ ਉਸਤਾਦ ਅੱਲਾ ਬਖਸ਼ ਉਨਾਂ ਨੂੰ ਹਿਸਾਬ ਪੜ੍ਹਾਉਂਦੇ ਹੁੰਦੇ ਸੀ ... ਕਦੀ ਬਲੈਕ ਬੋਰਡ ਨਾ ਮਿਲਣਾ ਤਾਂ ਉਹ ਆਪਣੇ ਕਾਲੇ ਕੋਟ ਨੂੰ ਬਲੈਕ ਬੋਰਡ ਮੰਨ ਲੈਂਦੇ ... ਤੇ ਫਿਰ ਉਸੇ 'ਤੇ ਹੀ ਚਾਕ ਨਾਲ ਸੁਆਲ ਸਮਝਾਉਣ ਲੱਗ ਪੈਂਦੇ ... ਆਜ਼ਾਦੀ ਤੋਂ ਪਹਿਲਾਂ ਉਨਾਂ ਨੇ ਵਾਹਗਾ ਬਾਰਡਰ ਦੇ ਪਾਰ ਪਿੰਡ ਨੜਵੜ ਦੇ ਮਦਰੱਸੇ 'ਚ ਤਾਲੀਮ ਹਾਸਲ ਕੀਤੀ ਸੀ ।

ਉਨਾਂ ਦੇ ਉਸਤਾਦ ਇਲਮ ਦੀਨ ਨੂੰ ਵੀ ਚੰਮ ਦੀ ਥਾਂ ਕੰਮ ਪਿਆਰਾ ਹੁੰਦਾ ਸੀ । ਪਰ ਜੇ ਕਦੀ ਪੜਾਈ, ਲਿਖਾਈ ਤੋਂ ਉਚਾਟ ਹੋ ਗਏ ਕਿਸੇ ਬਾਲ ਨੇ ਉਨਾਂ ਨੂੰ ਖੇਡਣ ਦੀ ਫਰਿਆਦ ਕਰਨੀ ਤਾਂ ਉਹ ਝੱਟ, ਪਟ ਆਪਣੇ ਸਾਰੇ ਸ਼ਗਿਰਦਾਂ ਨੂੰ ਨਾਲ ਲੈ ਲਾਗਲੇ ਛੱਪੜ ਵੱਲ ਤੁਰ ਪੈਂਦੇ । ਆਪਣਾ ਪਜ਼ਾਮਾ ਟੁੰਗ ਉਹ ਛੱਪੜ 'ਚ ਜਾ ਵੜਦੇ ਤੇ ਬੁੱਕਾਂ ਭਰ,ਭਰ ਖੋਏ, ਮਲਾਈ ਵਰਗੀ ਮੁਲਾਇਮ ਮਿੱਟੀ ਬਾਹਰ ਲੈ

ਆਉਂਦੇ। ਗਿੱਲੀ ਮਿੱਟੀ ਨਾਲ ਪਹਿਲਾਂ ਆਪ ਸੁਹਣੇ, ਸੁਹਣੇ ਅਲਫ, ਬੇ, ਪੇ ਬਣਾਉਂਦੇ ਤੇ ਫਿਰ ਬਾਲਾਂ ਦੀ ਅੱਖਰ ਬਣਾਉਣ ਵਾਲੀ ਵਾਰੀ ਆਉਣੀ।

ਫਿਰ ਕੀ ਹੁੰਦਾ, ਸਾਰੇ ਬੱਚੇ, ਬੜੀਆਂ ਰੀਝਾਂ ਨਾਲ ਗਿੱਲੀ ਮਿੱਟੀ ਦੇ ਅਲਫ਼, ਬੇ , ਪੇ ਅਤੇ ਗਿਣਤੀ ਵਾਲੇ ਅੱਖਰ ਬਣਾਉਂਦੇ। ਛੱਪੜ ਕੰਢੇ ਜਿਵੇਂ ਅੱਖਰਾਂ ਦਾ ਮੀਂਹ ਪਿਆ ਲੱਗਣਾ। ਉਸਤਾਦ ਜੀ ਸਭਨਾਂ ਦੇ ਸੁੱਕਣੇ ਪਏ ਅੱਖਰ ਬੜੇ ਧਿਆਨ ਨਾਲ ਵੇਖਦੇ, ਘੋਖਦੇ। ਸਹੀ ਤੇ ਸੁਹਣੇ ਅੱਖਰ ਬਣਾਉਣ ਵਾਲਿਆਂ ਨੂੰ ਉਸਤਾਦ ਜੀ ਕੋਲੋਂ ਮੋਹ ਭਰੀ ਸ਼ਾਬਾਸ਼ੀ ਮਿਲਣੀ। ਬੱਚੇ ਦੇਰ ਤੀਕ ਆਪਣੇ ਉਸਤਾਦ ਜੀ ਦੀ ਨਿਰਛਲ ਗਲਵੱਕੜੀ ਤੇ ਸ਼ਾਬਾਸ਼ੀ ਦਾ ਨਿੱਘ ਮਾਣਦੇ ...

ਦੂਜੇ ਬੰਨੇ ਖੇਡ, ਖੇਡ ਰਾਹੀਂ ਉਸਤਾਦ ਜੀ ਵੀ ਆਪਣੇ ਵਿਦਿਆਰਥੀਆਂ ਨੂੰ ਸ਼ਾਹਮੁਖੀ ਪੜ੍ਹਾਉਣ, ਲਿਖਾਉਣ ਵਿੱਚ ਸਹਿਜੇ ਹੀ ਸਫ਼ਲ ਹੋ ਜਾਂਦੇ ...

ਅੱਜ ਦੀ ਸੁਣੋ ... ਸਾਡੀ ਨਿਕੜੀ ਮਾਨਿਆ ਸੇਂਟ ਏਨਜ ਕਾਨਵੈਂਟ ਸਕੂਲੇ ਐਲ ਕੇ ਜੀ 'ਚ ਦਾਖਲ ਹੋਈ ਹੁਣ ਛੇਵੀਂ ਕਲਾਸ 'ਚ ਪੜ ਰਹੀ ਏ। ਬਸ ਰਾਹੀਂ ਸਕੂਲ ਜਾਂਦੀ ਏ। ਰੋਜ਼ ਵੱਖ, ਵੱਖ ਰੰਗਾਂ ਦੀ ਵਰਦੀ ਪਾਉਂਦੀ ਏ। ਉਸਦੇ ਕੋਲ ਸਮਾਰਟ ਫੋਨ, ਲੈਪ ਟਾਪ , ਸਮਾਰਟ ਬੋਰਡ, ਵਾਕੀ ਟਾਕੀ, ਹੈੱਡ ਫੋਨ, ਸਕੇਟਰ ਅਤੇ ਸਾਈਕਲ ਸਮੇਤ ਲਿਖਣ, ਪੜ੍ਹਨ ਲਈ ਹੋਰ ਵੀ ਕਈ, ਕੁਝ ਏ। ਪਿਟਰ, ਪਿਟਰ ਅੰਗਰੇਜ਼ੀ ਬੋਲਦੀ ਉਹ ਆਪਣੇ ਆਪ ਨੂੰ ਮਾਸਟਰਨੀ ਸਮਝਦੀ। ਉਸਨੂੰ ਸੰਸਾਰ ਭਰ ਦੀ ਜਾਣਕਾਰੀ ਏ। ਚੰਦ, ਮੰਗਲ ਤੇ ਦੁਰੇਡੇ ਤਾਰਿਆਂ ਦੀਆਂ ਗੱਲਾਂ ਇੰਝ ਪਟਾਕਦੀ ਜਿਵੇਂ ਉਥੋਂ ਹੋ ਕੇ ਆਈ ਹੋਏ।

ਗੱਲ ਸਾਡੇ ਵੇਲਿਆਂ ਦੀ ਹੋ ਰਹੀ ਸੀ। ਪਿੰਡ ਨੀਂਵੇਂ ਤੁੰਗ ਤੋਂ ਅੰਮ੍ਰਿਤਸਰ ਸ਼ਹਿਰ ਵਿੱਚਲੇ ਮਲਕਾਂ ਦੇ ਬੁੱਤ ਲਾਗਲੇ ਸਰਕਾਰੀ ਪ੍ਰਾਇਮਰੀ ਸਕੂਲ 'ਚ ਪੜ੍ਹਨ ਜਾਣਾ ਪੈਂਦਾ ਸੀ। ਦੂਜੀ, ਤੀਜੀ 'ਚ ਪੜ੍ਹਦੇ ਹੋਵਾਂਗੇ ... ਸਾਨੂੰ ਛੋਟਿਆਂ ਨੂੰ ਢਾਈ, ਤਿੰਨ ਕੁ ਮੀਲ ਮੀਲ ਦਾ ਪੈਂਡਾ ਮਾਰ ਕੇ ਸਕੂਲ ਜਾਣਾ ਪੈਂਦਾ। ਨਾ ਸਾਡੇ ਕੋਲ ਸਾਈਕਲ ਹੁੰਦੇ ਤੇ ਨਾ ਹੀ ਉਦੋਂ ਸਕੂਲ ਬੱਸਾਂ ਤੇ ਆਟੋ ਰਿਕਸ਼ੇ ਚੱਲਦੇ ਸਨ। ਮਾਤਾ ਸ਼੍ਰੀ ਦੇ ਸੀਤੇ ਤਣੀ ਵਾਲੇ ਝੋਲੇ 'ਚ ਕੈਦਾ, ਸਲੇਟ, ਸਲੇਟੀਆਂ, ਕਲਮ, ਦੁਆਤ, ਗਾਚਣੀ ਤੇ ਫੱਟੀ ਸਾਂਭੀ ਹੋਣੀ।

ਹਾਂ ਸੱਚ ! ਉਸ ਵੇਲੇ ਦੇ ਕੈਦੇ ਵਿੱਚਲੀ ਇੱਕ ਕਵਿਤਾ ਦੀ ਸਤਰ ਅੱਜ ਵੀ ਯਾਦ ਏ ... ਓਹ ਸੀ -

'ਜਾਂਦੇ ਪੈਲੀ, ਪੈਲੀ ਮੈਨੂੰ
ਰਾਹ 'ਚੋਂ ਲੱਭੀ ਥੈਲੀ ਮੈਨੂੰ ...

ਉਸ ਕਵਿਤਾ ਦੇ ਨਾਲ ਕਰੋਸ਼ੀਏ ਤੇ ਸੂਤਲੀ ਨਾਲ ਉਣੀ ਨੀਲੀਆਂ, ਲਾਲ ਧਾਰੀਆਂ ਵਾਲੀ ਛੋਟੀ ਜਿਹੀ ਗੁਥਲੀ ਵਰਗੀ ਥੈਲੀ ਦੀ ਤਸਵੀਰ ਅੱਜ ਵੀ ਜਿਵੇਂ ਮਨ ਪਰਦੇ 'ਤੇ ਉਕਰੀ ਹੋਈ ਏ । ਕੈਦੇ 'ਚੋਂ ਹੋਰ ਵੀ ਕਈ ਬਾਲ ਗੀਤ ਗੁਣਗੁਣਾ ਕੇ ਪੜ੍ਹਦੇ ... ਉਦੋਂ ਸਲੇਟਾਂ 'ਤੇ ਪਹਾੜੇ ਲਿਖੀਦੇ ਤੇ ਯਾਦ ਕਰੀਦੇ ਸਨ ...

ਫੱਟੀਆਂ ਦੀ ਸੁਣੋ ... ਬੜੀ ਮਜ਼ੇਦਾਰ ਗੱਲ ਏ । ਅੱਧੀ ਛੁੱਟੀ ਹੋਣੀ ... ਫਿੱਕੀ, ਸੰਧੂਰੀ ਤੇ ਪੀਲੀ ਗਾਚਣੀ ਨਾਲ ਫੱਟੀਆਂ ਪੋਚਣ ਦੀ ਵਾਰੀ ਆ ਜਾਣੀ । ਹੱਥੀ ਵਾਲੇ ਨਲਕੇ ਦੁਆਲੇ ਬੈਠ ਫੱਟੀਆਂ ਪੋਚੀਆਂ ਜਾਂਦੀਆਂ ... ਬੜੇ ਸਲੀਕੇ ਨਾਲ ਪੋਚੀ ਹੋਈ ਫੱਟੀ ਦੇ ਕਿਨਾਰਿਆਂ 'ਤੋਂ ਦੋ ਉਂਗਲਾਂ ਦੇ ਪੋਟਿਆਂ ਨਾਲ ਗਾਚਣੀ ਪੂੰਝ ਕੇ ਬਾਡਰ ਬਣਾਉਣੇ ... ਧੁੱਪ 'ਚ ਪੋਚੀਆਂ ਹੋਈਆਂ ਫੱਟੀਆਂ ਲਹਿਰਾਉਂਦੇ ਅਸੀਂ ਗੁਣਗੁਣਾਉਂਦੇ -

ਸੂਰਜਾ, ਸੂਰਜਾ ਫੱਟੀ ਸੁਕਾ
ਨਹੀਂ ਸੁਕਾਉਣੀ, ਘਰ ਨੂੰ ਜਾਹ ...

ਸਾਮ੍ਹਣੇ ਦੂਸਰੀ ਟੋਲੀ ਦੇ ਬਾਲ ਬੈਠੇ ਹੁੰਦੇ ... ਸੂਰਜ ਦੀ ਦਿਸ਼ਾ ਵੱਲ ਜ਼ਮੀਨ 'ਤੇ ਜੋੜ, ਜੋੜ ਕੇ ਟਿਕਾਈਆਂ ਗਿੱਲੀਆਂ ਫੱਟੀਆਂ ਦੇ ਪਿੱਛੇ ਉਂਗਲੀ ਨਾਲ ਜ਼ਮੀਨ ਖੁਰਚਦੇ ਤੇ ਗੁਣਗੁਣਾਉਂਦੇ -

ਚੂਹਿਆ, ਚੂਹਿਆ
ਮੈਂ ਤੇਰੀ ਖੁੱਡ ਕੱਢਦਾ
ਤੂੰ ਮੇਰੀ ਫੱਟੀ ਸੁਕਾ...

ਅੱਧੀ ਛੁੱਟੀ ਖ਼ਤਮ ਹੋਣ ਤੋਂ ਬਾਅਦ ਫੱਟੀਆਂ ਲਿਖਣ ਦੇ ਮੁਕਾਬਲੇ ਹੋਣੇ । ਮਾਸਟਰ ਜੀ ਨੇ ਆਪਣੇ ਚਾਕੂ ਨਾਲ ਸਾਨੂੰ ਕਾਨਿਆਂ ਤੇ ਵਾਂਸਾਂ ਦੀਆਂ ਕਲਮਾਂ ਘੜ, ਘੜ ਦੇਣੀਆਂ । ਪੈਨਸਿਲ ਨਾਲ ਪੈਂਤੀ ਤੇ ਗਿਣਤੀ ਦੇ ਪੂਰਨੇ ਪਾ ਦੇਣੇ ... ਸੋਹਣੀ ਪੈਂਤੀ ਲਿਖਣ ਵਾਲੇ ਨੂੰ ਸਭ ਤੋਂ ਵੱਧ ਨੰਬਰ ਅਤੇ ਸ਼ਾਬਾਸ਼ੀ ਮਿਲਣੀ । ਏਨੇਂ ਵਿੱਚ ਸਾਰੀ ਛੁੱਟੀ ਹੋ ਜਾਣੀ ਤੇ ਅਸੀਂ ਆਪਣੇ ਕੀਮਤੀ ਨੰਬਰ ਅਤੇ ਨਿੱਘੀਆਂ, ਕੋਸੀਆਂ ਸ਼ਾਬਾਸ਼ੀਆਂ ਸਮੇਟੀ ਹੱਸਦੇ, ਖੇਡਦੇ ਘਰਾਂ ਨੂੰ ਮੁੜ ਪੈਂਦੇ ...

# ਮੁਕਾਬਲਾ

ਛੋਟੇ ਹੁੰਦਿਆਂ ਦੀ ਗੱਲ ਏ । ਉਦੋਂ ਅਸੀਂ ਚੌਥੀ ਜਮਾਤ ਵਿੱਚ ਪੜ੍ਹਦੇ ਸੀ । ਗੁਆਂਢ ਰਹਿੰਦੇ ਫ਼ੌਜੀਆਂ ਦਾ ਜੀਤਾ ਸਾਡਾ ਜਮਾਤੀ ਹੁੰਦਾ ਸੀ । ਉਹ ਪੜ੍ਹਾਈ ਵਿੱਚ ਮਹਾ ਨਲਾਇਕ ਤੇ ਸ਼ਰਾਰਤਾਂ ਕਰਨ ਵਿੱਚ ਵੱਡਾ ਅਫਲਾਤੂ ਹੁੰਦਾ ਸੀ । ਤੁਰਿਆ ਜਾਂਦਾ ਵੀ ਕਿਸੇ ਨੂੰ ਚੁਚਰ ਛੇੜਨੋਂ ਬਾਜ ਨਹੀਂ ਸੀ ਆਉਂਦਾ ।

ਦੱਸਿਆ ਸੀ ਨਾ ਪਿੰਡੋਂ ਢਾਈ, ਤਿੰਨ ਮੀਲ ਦੂਰ ਸ਼ਹਿਰ ਵਿੱਚ ਸਾਡਾ ਪ੍ਰਾਇਮਰੀ ਸਕੂਲ ਹੁੰਦਾ ਸੀ। ਸਾਰਾ ਰਸਤਾ ਪੈਦਲ ਤੁਰ ਕੇ ਸਕੂਲ ਪੁੱਜੀਦਾ ਸੀ । ਸਾਡੇ ਘਰਾਂ ਦੇ ਸਾਮ੍ਹਣੇ ਸੂਆ ਵਹਿੰਦਾ ਸੀ । ਸੂਏ ਦੇ ਕੰਢੇ, ਕੰਢੇ ਤੁਰ ਕੇ ਅਸੀਂ ਪੜ੍ਹਨ ਲਈ ਸ਼ਹਿਰ ਜਾਂਦੇ । ਸੂਏ ਦਾ ਵਹਿੰਦਾ ਪਾਣੀ ਵੀ ਸਾਡੇ ਨਾਲ,ਨਾਲ ਸ਼ਹਿਰ ਜਾਂਦਾ ਹੁੰਦਾ ਸੀ ।

ਸਕੂਲ ਜਾਂਦੇ, ਜਾਂਦੇ ਅਸੀਂ ਕਾਪੀਆਂ ਵਿੱਚੋਂ ਕਾਗਜ਼ ਪਾੜਦੇ ਤੇ ਬੇੜੀਆਂ ਬਣਾ, ਬਣਾ ਕੇ ਸੂਏ ਦੇ ਪਾਣੀ ਵਿੱਚ ਤਾਰਦੇ । ਪਾਣੀ ਵਿੱਚ ਤਰਦੀ ਸਾਡੀ ਬੇੜੀ ਹਮੇਸ਼ਾ ਅੱਗੇ ਨਿਕਲ ਜਾਂਦੀ । ਜੀਤਾ ਪਿੱਛੇ ਰਹਿ ਗਈ ਆਪਣੀ ਬੇੜੀ ਦੀ ਉਡੀਕ ਵਿੱਚ ਖਲੋ ਜਾਂਦਾ । ਕਦੀ, ਕਦੀ ਬੇੜੀ ਨੂੰ ਉਡੀਕਦਾ, ਉਡੀਕਦਾ ਉਹ ਆਪ ਵੀ ਸਕੂਲੋਂ ਲੇਟ ਹੁੰਦਾ ਤੇ ਸਾਨੂੰ ਵੀ ਲੇਟ ਕਰ ਦਿੰਦਾ ।

ਸੂਏ ਦੇ ਪਾਰ ਹਰੇ, ਕਚੂਰ ਬਾਗ਼ ਤੇ ਖੇਤ ਹੁੰਦੇ ਸਨ । ਸਕੂਲੋਂ ਆਉਂਦਾ ਹੋਇਆ ਜੀਤਾ ਸਾਨੂੰ ਫਲਾਂ ਦੇ ਕਿਸੇ ਬਾਗ਼ ਵਿੱਚ ਲੈ ਵੜਦਾ । ਫਾਲਸਿਆਂ ਦੇ ਮੌਸਮ ਵਿੱਚ ਅਸੀਂ ਰੱਜ, ਰੱਜ ਫਾਲਸੇ ਖਾਂਦੇ ਤੇ ਅਮਰੂਦਾਂ,ਲੁਕਾਠਾਂ ਦੇ ਮੌਸਮ ਵਿੱਚ ਅਮਰੂਦ ਤੇ ਲੁਕਾਠਾਂ ...

ਬਾਗਾਂ ਵਿੱਚ ਉੱਚੇ, ਉੱਚੇ ਰੁੱਖਾਂ 'ਤੇ ਬਣੇ ਮਣਿਆਂ ਵਿੱਚ ਬੈਠੇ ਹੋਏ ਰਾਖੇ 'ਜੋੜਾ ਈ ਓਏ ... ਘੋਗੜ ਈ ਓਏ' ... ਵਰਗੇ ਆਵਾਜ਼ੇ ਕੱਸਦੇ ... ਫਲਾਂ ਨੂੰ ਟੁੱਕਣ ਵਾਲੇ ਤੋਤਿਆਂ ਦੀਆਂ ਡਾਰਾਂ ਨੂੰ ਮਿੱਟੀ ਦੇ ਬਣਾਏ ਗੁਲੇਲੇ ਮਾਰ, ਮਾਰ ਉਡਾਉਂਦੇ ... ਇੱਕ ਰਾਖੇ ਦੀ ਆਵਾਜ਼ ਸੁਣ ਦੂਜੇ ਬਾਗਾਂ ਦੇ ਰਾਖੇ ਵੀ ਸੁਚੇਤ ਹੋ ਜਾਂਦੇ ... ਉਹ ਵੀ 'ਜੋੜਾ ਈ ਓਏ ... ਘੋਗੜ ਈ ਓਏ' ... ਬੋਲਦੇ ਹੋਏ ਫਲਾਂ ਦਾ ਨੁਕਸਾਨ ਕਰਨ ਵਾਲੇ ਪੰਛੀਆਂ ਨੂੰ ਉਡਾਉਣ ਲੱਗ ਪੈਂਦੇ ।

ਜੀਤਾ ਕੀ ਕਰਦਾ, ਸਾਡੀ ਉਂਗਲੀ ਫੜ ਰਾਖਿਆਂ ਨੂੰ ਝਕਾਨੀ ਦੇ ਉਨਾਂ ਦੀ ਪਿੱਠ ਪਿੱਛੋਂ ਬਾਗ਼ ਵਿੱਚ ਵੜ ਜਾਂਦਾ । ਬਾਂਦਰ ਵਾਂਗ ਟਪੂਸੀ ਮਾਰ ਉਹ ਕਿਸੇ ਫਲਾਂ ਲੱਦੇ ਰੁੱਖ 'ਤੇ ਚੜ੍ਹ ਜਾਂਦਾ । ਪਲਾਂ, ਛਿਣਾਂ ਵਿੱਚ ਖਾਣ ਜੋਗੇ ਫਲ ਤੋੜ ਹੇਠਾਂ ਉੱਤਰ ਆਉਂਦਾ ।

ਘਰ ਵੱਲ ਤੁਰੇ ਆਉਂਦਿਆਂ ਮਜ਼ੇ ਨਾਲ ਤਾਜ਼ੇ ਫਲ ਖਾਂਦੇ ਅਸੀਂ ਜੀਤੇ ਨੂੰ ਤਾੜਦੇ, 'ਯਾਰ ! ਇੱਕ ਦਿਨ ਤੂੰ ਆਪ ਵੀ ਮਰੇਂਗਾ ਤੇ ਸਾਨੂੰ ਵੀ ਮਰਵਾਏਂਗਾ ।

' ਦੇਬੀ ਬਾਦਸ਼ਾਹ ! ਬਾਗਾਂ ਦੇ ਰਾਖੇ ਸਾਨੂੰ ਨਹੀਂ, ਆਸਮਾਨੀ ਉੱਡਦੇ ਪੰਛੀਆਂ ਨੂੰ ਹੀ ਵੇਖਦੇ ਨੇ ... ਤੇ ਇੱਕ ਗੱਲ ਹੋਰ ... ਜਦੋਂ ਅਸਾਂ ਹਰੀ ਕਮੀਜ਼ ਪਾਈ ਹੁੰਦੀ ਏ ਨਾ ... ਉਦੋਂ ਬਾਗਾਂ ਦੇ ਰਾਖੇ ਅੰਨ੍ਹੇ ਹੋ ਜਾਂਦੇ ਨੇ ... ਰੁੱਖਾਂ ਦੇ ਝੁਰਮਟ ਵਿੱਚ ਉਹ ਸਾਨੂੰ ਵੇਖ ਨਹੀਂ ਸਕਦੇ' ... ਆਪਣੀ ਕਮੀਜ਼ ਤੋਂ ਮਿੱਟੀ ਝਾੜਦਾ ਜੀਤਾ ਬੜੇ ਮਾਣ ਨਾਲ ਸਾਨੂੰ ਹੌਸਲਾ ਦਿੰਦਾ ।

ਸਾਨੂੰ ਜੀਤੇ ਦੀ ਗੱਲ ਵਿੱਚ ਕੋਈ ਸੱਚਾਈ ਨਾ ਲੱਗਦੀ ... ਜਿੰਨਾ ਚਿਰ ਅਸੀਂ ਬਾਗ਼ ਵਿੱਚ ਰਹਿੰਦੇ ਸਾਡਾ ਸਾਹ ਸੂਤਿਆ ਰਹਿੰਦਾ । ਗ਼ਲਤੀ ਤਾਂ ਗ਼ਲਤੀ ਹੁੰਦੀ ਏ ਤੇ ਕਦੀ ਨਾ ਕਦੀ ਉਸਦੀ ਸਜਾ ਵੀ ਭੁਗਤਣੀ ਹੀ ਪੈਂਦੀ ਏ ... ਸਾਨੂੰ ਇੰਝ ਲੱਗਦਾ ਕਿ ਉੱਪਰ ਮਣੇ ਵਿੱਚ ਬੈਠੇ ਰਾਖੇ ਦੇ ਗੋਪੀਏ ਚੋਂ ਨਿਕਲਿਆ ਬੰਦੂਕ ਦੀ ਗੋਲੀ ਵਰਗਾ ਗੁਲੇਲਾ ਹੁਣੇ ਕਿ ਹੁਣੇ ਸਾਡੀ ਪਿੱਠ ਸੇਕ ਦਏਗਾ । ਰੱਬ, ਰੱਬ ਕਰਦੇ ਅਸੀਂ ਬਾਗ਼ ਚੋਂ ਨਿਕਲਦੇ ... ਕਾਹਲੀ, ਕਾਹਲੀ ਘਰ ਪੁੱਜਦੇ ਤੇ ਸਾਡੇ ਸਾਹ ਵਿੱਚ ਸਾਹ ਆਉਂਦਾ ।

ਸ਼ਾਮਾਂ ਵੇਲੇ ਜੀਤਾ ਸਾਡੇ ਘਰ ਆ ਜਾਂਦਾ । ਉਹ ਸਾਡੇ ਕੀਤੇ ਹੋਏ ਸੁਆਲ ਆਪਣੀ ਕਾਪੀ ਤੇ ਝਰੀਟ ਲੈਂਦਾ ।ਘਰ ਦਾ ਕੰਮ ਪੂਰਾ ਕਰਕੇ ਵੀ ਉਸ ਨੂੰ ਭੈਣਜੀਆਂ ਕੋਲੋਂ ਝਿੜਕਾਂ ਪੈ ਜਾਂਦੀਆਂ । ਲਾਪਰਵਾਹ ਹੁੰਦਾ ਸੀ ਨਾ ... ਲਿਖਦਾ, ਲਿਖਦਾ ਕਦੀ ਕੋਈ ਅੱਖਰ ਖਾ ਜਾਂਦਾ ਤੇ ਕਦੀ ਕੋਈ ਲਾਈਨ ਛੱਡ ਦਿੰਦਾ ...

ਇੱਕ ਦਿਨ ਦੀ ਗੱਲ ਏ ... ਅਸੀਂ ਦੋਵੇਂ ਜਣੇ ਸਕੂਲ ਜਾ ਰਹੇ ਸਾਂ ... ਸੂਏ ਦੀ ਪੁਲੀ ਪਾਰ ਕਰਕੇ ਜੀਤੇ ਨੇ ਆਪਣੇ ਬਸਤੇ 'ਚੋਂ ਬੇੜੀ ਕੱਢੀ ਤੇ ਬੋਲਿਆ, 'ਬੱਚੂ ਜੀ ! ਅੱਜ ਵੇਖਿਓ ... ਸਾਡੀ ਬੇੜੀ, ਤੁਹਾਡੀ ਬੇੜੀ ਨੂੰ ਜ਼ਰੂਰ ਹਰਾਏਗੀ ...

ਜੀਤੇ ਦੀ ਰੰਗਦਾਰ ਕਾਗਜ਼ ਵਾਲੀ ਬੇੜੀ ਵੇਖ, ਅਸਾਂ ਵੀ ਆਪਣੀ ਰਫ਼ ਕਾਪੀ ਕੱਢੀ । ਇੱਕ ਕਾਗਜ਼ ਪਾੜਿਆ ਤੇ ਤੁਰੇ, ਤੁਰੇ ਜਾਂਦਿਆਂ ਬੇੜੀ ਬਣਾ ਲਈ ।

ਹੁਣ ਵਾਰੀ ਸੀ ਬੇੜੀਆਂ ਨੂੰ ਸੂਏ ਦੇ ਪਾਣੀ ਵਿੱਚ ਤਾਰਨ ਦੀ ... ਜੀਤਾ ਆਪਣੀ ਬੇੜੀ ਫੜੀ ਅੱਖਾਂ ਮੀਟ ਕੇ ਖਲੋ ਗਿਆ ... ਜਿਵੇਂ ਕੋਈ ਮੰਤਰ ਪੜ੍ਹ ਰਿਹਾ ਹੋਵੇ ...

ਫਿਰ ਅਸਾਂ ਦੋਹਾਂ ਨੇ ਆਪੋ, ਆਪਣੀਆਂ ਬੇੜੀਆਂ ਪਾਣੀ ਵਿੱਚ ਠੇਲ ਦਿੱਤੀਆਂ । ਜੀਤੇ ਦੀ ਬੇੜੀ ਤਰਦੀ, ਤਰਦੀ ਅੱਗੇ ਨਿਕਲ ਗਈ । ਸਾਡੀ ਬੇੜੀ ਸੂਏ ਕੰਢੇ ਉੱਗੇ ਘਾਹ ਵਿੱਚ ਫਸ ਗਈ । ਅਸਾਂ ਇੱਕ

ਲੰਮਾ ਜਿਹਾ ਤੀਲਾ ਲੱਭਿਆ ਤੇ ਉਸ ਨਾਲ ਆਪਣੀ ਬੇੜੀ ਨੂੰ ਮੁੜ ਪਾਣੀ ਵਿੱਚ ਠੇਲ ਦਿੱਤਾ। ਮਾੜੀ ਕਿਸਮਤ ... ਡਿੱਕੋ-ਡੋਲੇ ਖਾਂਦੀ ਸਾਡੀ ਬੇੜੀ ਤਰ ਤਾਂ ਪਈ ਪਰ ਜੀਤੇ ਦੀ ਬੇੜੀ ਤੋਂ ਅੱਗੇ ਨਾ ਜਾ ਸਕੀ।

'ਬੱਚੂ ਜੀ ! ਆਇਆ ਮਜ਼ਾ ... ਵੱਡਾ ਫੰਨੇ ਖਾਂ ਸਮਝਦਾ ਸੀ ਆਪਣੇ ਆਪ ਨੂੰ' ... ਸਾਡੇ ਮੋਢੇ ਨੂੰ ਥਾਪੜਦਿਆਂ ਜੀਤੇ ਨੇ ਕਿਹਾ।

ਉਸ ਦਿਨ ਸਕੂਲ ਵੱਲ ਤੁਰਿਆ ਜਾਂਦਾ ਜੇਤੂ ਜੀਤਾ ਇੰਜ ਲੱਗ ਰਿਹਾ ਸੀ ਜਿਵੇਂ ਅੱਡੀਆਂ ਚੁੱਕ, ਚੁੱਕ ਉੱਡ ਰਿਹਾ ਹੋਵੇ।

'ਬੰਤੂ ! ਅੱਜ ਸਾਡੀ ਬੇੜੀ ਬਾਜ਼ੀ ਮਾਰ ਗਈ ... ਨਾਮੇ ! ਦੇਬੀ ਦੀ ਬੇੜੀ ਦਾ ਹਾਲ, ਚਾਲ ਪੁੱਛ' ... ਜੀਤੇ ਨੇ ਇੱਕ, ਇੱਕ ਕਰਕੇ ਸਾਰੀ ਜਮਾਤ ਦੇ ਮੁੰਡਿਆਂ ਨੂੰ ਆਪਣੀ ਜੇਤੂ ਬੇੜੀ ਵਾਲੀ ਗੱਲ ਦੱਸੀ। ਪ੍ਰਾਰਥਨਾ ਵੇਲੇ ਵੀ ਉਹ ਆਪਣੀ ਬੇੜੀ ਦੀਆਂ ਗੱਲਾਂ ਹੀ ਕਰਦਾ ਰਿਹਾ।

ਜਮਾਤਾਂ ਲੱਗ ਗਈਆਂ। ਹਾਜ਼ਰੀ ਲਾਉਣ ਤੋਂ ਬਾਅਦ ਭੈਣਜੀ ਹਿਸਾਬ ਦੇ ਸੁਆਲ ਕਢਵਾਉਣ ਲੱਗ ਪਏ।ਉਨ੍ਹਾਂ ਨੇ ਕਾਲੇ ਫੱਟੇ ਉੱਤੇ ਗੁਣਾਂ ਦੀ ਰਕਮ ਲਿਖ ਕੇ ਉੱਤਰ ਪੁੱਛਿਆ। ਅਸਾਂ ਆਪਣਾ ਹੱਥ ਖੜ੍ਹਾ ਕਰ ਦਿੱਤਾ। ਸਾਡੇ ਕੋਲੋਂ ਉੱਤਰ ਪੁੱਛਣ ਦੀ ਥਾਂ ਭੈਣਜੀ ਨੇ ਜੀਤੇ ਕੋਲੋਂ ਉੱਤਰ ਪੁੱਛ ਲਿਆ। ਹੱਥ ਮਲਦਾ ਹੋਇਆ ਜੀਤਾ ਘੁੱਗੂ ਘੋੜਾ ਬਣ ਕੇ ਖੜ੍ਹਾ ਹੋ ਗਿਆ। ਉਸਨੂੰ ਪਹਾੜੇ ਆਉਂਦੇ ਤਾਂ ਜਵਾਬ ਦਿੰਦਾ ... ਅਖੀਰ, ਸਵਾਲ ਦਾ ਜਵਾਬ ਅਸਾਂ ਹੀ ਦਿੱਤਾ ...ਬੇੜੀਆਂ ਦੇ ਮੁਕਾਬਲੇ 'ਚੋਂ ਅਸੀਂ ਹਾਰ ਗਏ ਪਰ ਸੁਆਲਾਂ ਤੇ ਪਹਾੜਿਆਂ ਦੇ ਮੁਕਾਬਲੇ 'ਚੋਂ ਸਾਡੀ ਜਿੱਤ ਹੋ ਗਈ।

ਜੀਤੇ ਦੀ ਬੇੜੀ ਵਾਲੀ ਖੁਸ਼ੀ ਖੰਭ ਲਾ ਉੱਡ-ਪੁੱਡ ਗਈ। ਹੁਣ ਉਸ ਨੂੰ ਚਿੜ੍ਹਾਉਣ ਲਈ ਬੜੀ ਆਕੜ ਵਿੱਚ ਅਸਾਂ ਕਿਹਾ, 'ਬੱਚੂ ਜੀ ! ਕਿਸਮਤ ਨਾਲ ਤੁਹਾਡੀ ਬੇੜੀ ਤਾਂ ਅੱਗੇ ਨਿਕਲ ਗਈ ਪਰ ਸਵਾਲ ਕੱਢਣ 'ਚ ਤੁਸੀਂ ਕਦੇ ਵੀ ਸਾਡੇ ਨਾਲੋਂ ਅੱਗੇ ਨਹੀਂ ਜਾ ਸਕਦੇ।

ਉਸ ਦਿਨ ਤੋਂ ਬਾਅਦ ਜੀਤਾ ਬਦਲ ਗਿਆ। ਉਹ ਸਾਡੇ ਨਾਲ ਬੋਲਣੋਂ ਹਟ ਗਿਆ। ਹੁਣ ਉਹ ਸਾਡੇ ਨਾਲ ਤੁਰਨ, ਫਿਰਨ ਤੋਂ ਵੀ ਕੰਨੀ ਕਤਰਾਉਣ ਲੱਗ ਪਿਆ। ਆਪਣੇ, ਆਪ ਵਿੱਚ ਮਸਤ ਉਹ ਹਰ ਵੇਲੇ ਲਿਖਦਾ, ਪੜ੍ਹਦਾ ਰਹਿੰਦਾ। ਇਸ ਵਾਰ ਨਕਲ ਮਾਰਨ ਲਈ ਸਾਲਾਨਾ ਪੇਪਰਾਂ ਵਿੱਚ ਵੀ ਉਹ ਸਾਡੇ ਪਿੱਛੇ ਨਾ ਬੈਠਿਆ।

ਹੁਣ ਸਾਲਾਨਾ ਨਤੀਜਿਆਂ ਦੀ ਉਡੀਕ ਬਾਕੀ ਸੀ। ਆਉਂਦਾ, ਆਉਂਦਾ ਨਤੀਜੇ ਵਾਲਾ ਦਿਨ ਵੀ ਆ ਗਿਆ। ਜੀਤਾ ਸਾਡੇ ਤੋਂ ਪਹਿਲਾਂ ਸਕੂਲ ਪਹੁੰਚ ਗਿਆ। ਆਪਣਾ ਨਤੀਜਾ ਸੁਣਨ ਲਈ ਉਹ ਸਭ

ਤੋਂ ਅੱਗੇ ਜਾ ਬੈਠਾ । ਉਸਦੇ ਹੱਥ ਵਿੱਚ ਫੁੱਲ ਵੇਖ ਸਾਡੇ ਲਾਗੇ ਬੈਠਾ ਮੀਕਾ ਬੋਲਿਆ, 'ਵੇਖ ਦੇਬੀ ! ਵੱਡਾ ਪਾਟੇ ਖਾਂ ਕਿਵੇਂ ਫਸਟ ਆਉਣ ਦੀ ਤਿਆਰੀ ਕਰੀ ਬੈਠਾ ਈ' ...

ਮੀਕੇ ਦੀ ਗੱਲ ਸੁਣ ਕੇ ਸਾਡਾ ਹਾਸਾ ਨਿਕਲ ਗਿਆ । ਵੱਡੇ ਭੈਣਜੀ ਨੇ ਨਤੀਜਾ ਬੋਲਣਾ ਸ਼ੁਰੂ ਕਰ ਦਿੱਤਾ । ਵੱਡੀਆਂ ਜਮਾਤਾਂ ਤੋਂ ਬਾਅਦ ਸਾਡੀ ਜਮਾਤ ਦੀ ਵਾਰੀ ਵੀ ਆ ਗਈ । ਅਸੀਂ ਪਹਿਲੇ ਨੰਬਰ ਤੇ ਆਉਣ ਵਾਲੇ ਵਿਦਿਆਰਥੀਆਂ ਦੀ ਸੂਚੀ ਵਿੱਚੋਂ ਆਪਣਾ ਨਾਂ ਸੁਣਨ ਦੀ ਉਡੀਕ ਕਰਨ ਲੱਗ ਪਏ । ਪਰ ਆਪਣੇ ਨਾਂ ਦੇ ਉਲਟ ਜੀਤੇ  ਦਾ ਨਾਂ ਸੁਣਦਿਆਂ ਸਾਰ ਸਾਡੀਆਂ ਅੱਖਾਂ ਅੱਗੇ ਭੰਬੂਤਾਰੇ ਨੱਚਣ ਲੱਗ ਪਏ ।

ਵੇਖਦਿਆਂ, ਵੇਖਦਿਆਂ ਭੰਬੂਤਾਰੇ ਰੰਗ, ਬਿਰੰਗੀਆਂ ਬੇੜੀਆਂ ਬਣ ਗਏ । ਹਰ ਬੇੜੀ ਵਿੱਚ ਬੈਠਾ ਹੋਇਆ ਜੀਤਾ ਸਾਨੂੰ ਦੰਦੀਆਂ ਝਕਾਉਂਦਾ ਹੋਇਆ ਅੱਗੇ ਹੀ ਅੱਗੇ ਵੱਧਦਾ ਦਿਸਣ ਲੱਗਾ । ਅਖੀਰ, ਅਸਾਂ ਆਪਣੀਆਂ ਅੱਖਾਂ ਖੋਲ੍ਹ ਲਈਆਂ।

ਸਕੂਲ ਵਾਲੀ ਸਟੇਜ ਦੇ ਆਲੇ, ਦੁਆਲੇ ਫੁੱਲ, ਪੱਤੀਆਂ ਖਿੱਲਰੀਆਂ ਪਈਆਂ ਸਨ ।  ਨੱਚਦਾ, ਟੱਪਦਾ ਜੀਤਾ ਘਰ ਵੱਲ ਜਾ ਰਿਹਾ ਸੀ । ਅਸੀਂ ਵੀ ਭਰੇ ਹੋਏ ਮਨ ਨਾਲ ਉਥੋਂ ਉੱਠ ਪਏ ਤੇ ਆਪਣੇ ਪੈਰ ਘਸੀਟਦੇ ਹੋਏ ਜੀਤੇ  ਦੇ ਪਿੱਛੇ, ਪਿੱਛੇ ਤੁਰ ਪਏ ।

ਸੱਚੀ ! ਬੇੜੀਆਂ ਦੇ ਮੁਕਾਬਲੇ ਨਾਲੋਂ ਵੱਡੇ ਕਈ ਹੋਰ ਮੁਕਾਬਲੇ ਵੀ ਹੁੰਦੇ ਨੇ ... ਜੀਵਨ ਵਿੱਚ ਪੈਰ, ਪੈਰ 'ਤੇ ਭੀੜਾਂ ਪੈਂਦੀਆਂ ਨੇ ... ਮੁਕਾਬਲੇ ਦੀਆਂ ਪ੍ਰੀਖਿਆਵਾਂ ਪਾਸ ਕਰਨੀਆਂ ਪੈਂਦੀਆਂ ਨੇ ... ਸਾਡੇ ਵਰਗੇ ਅਵੇਸਲੇ ਤੇ ਆਪਣੇ, ਆਪ 'ਤੇ ਫੋਕਾ ਮਾਣ ਕਰਨ ਵਾਲੇ ਅਜਿਹੇ ਮੌਕਿਆਂ ਦੌਰਾਨ ਬਹੁਤ ਪਿੱਛੇ ਰਹਿ ਜਾਂਦੇ ਨੇ ... ਹੁਣ ਸਮਝ ਆਈ ਕਿ ਜੀਤੇ ਵਰਗੇ ਜਿਹੜੇ ਮਿਹਨਤੀ ਬੱਚੇ ਨਿਗੂਣੀ ਜਿਹੀ ਹਾਰ ਤੋਂ ਵੱਡੇ ਸਬਕ ਲੈ ਲੈਂਦੇ ਨੇ ਉਹ ਜੀਵਨ ਦੇ ਹਰ ਖੇਤਰ ਵਿੱਚ ਜੇਤੂ ਬਣ ਜਾਂਦੇ  ਤੇ ਬਹੁਤ ਅੱਗੇ ਨਿਕਲ ਜਾਂਦੇ ਨੇ ...

# ਪੜ੍ਹਾਈ-ਲਿਖਾਈ

ਪਾਕਿਸਤਾਨ ਤੇ ਭਾਰਤ ਦੀ ਸੰਨ 1965 ਵਾਲੀ ਜੰਗ ਵੇਲੇ ਅਸੀਂ ਪੱਕੀ ਗਲੀ ਅੰਮ੍ਰਿਤਸਰ ਵਿਖੇ ਕਿਰਾਏ ਵਾਲੇ ਮਕਾਨ ਵਿੱਚ ਰਹਿੰਦੇ ਸੀ। ਤੀਜੀ, ਚੌਥੀ ਵਿੱਚ ਲਾਗੇ ਹੀ ਸਰਕਾਰੀ ਪ੍ਰਾਇਮਰੀ ਸਕੂਲ 'ਚ ਪੜ੍ਹਦੇ। ਗੁਆਂਢ ਵਿੱਚ ਟੀਨਾਂ ਦੀ ਛੱਤ ਵਾਲਾ ਮੰਦਰ ਹੁੰਦਾ ਸੀ।

ਇੱਕ ਦਿਨ ਦੀ ਗੱਲ ਏ ... ਮਾਤਾ ਸ੍ਰੀ ਸਾਡਾ ਮੀਢੀ ਵਾਲਾ ਜੂੜਾ ਕਰ ਰਹੇ ਸਨ ਕਿ ਅਚਾਨਕ ਹੋਏ ਜ਼ੋਰਦਾਰ ਧਮਾਕੇ ਦੀ ਆਵਾਜ਼ ਸੁਣ ਆਪਣੀ ਪੀੜ੍ਹੀ ਤੋਂ ਡਿੱਗਦੇ, ਡਿੱਗਦੇ ਮਸਾਂ ਹੀ ਸੰਭਲੇ। ਕੰਨ ਪਾੜਵੇਂ ਖੜਾਕ ਨਾਲ ਆਪਾਂ ਵੀ ਡਰ ਗਏ। ਡਿਊਟੀ ਭੁਗਤਾ ਕੇ ਠਾਣਿਉਂ ਆਏ ਪਿਤਾ ਸ੍ਰੀ ਨੇ ਉਸ ਸ਼ਾਮ ਦੱਸਿਆ ਕਿ ਪਾਕਿਸਤਾਨ ਦੇ ਲੜਾਕੂ ਜਹਾਜ਼ ਰਾਜਾ ਸਾਂਸੀ ਹਵਾਈ ਅੱਡੇ 'ਤੇ ਬੰਬਾਰੀ ਕਰਕੇ ਗਏ ਨੇ ... ਉਸ ਦਿਨ ਤੋਂ ਬਾਅਦ ਸਾਡੇ ਨਿਸ਼ਾਨੇਬਾਜ ਤੋਪਚੀ ਬੜੇ ਸਤਰਕ ਹੋ ਗਏ। ਉਨਾਂ ਦੀ ਗੋਲੀ, ਬਾਰੀ ਨੇ ਦੁਸ਼ਮਣ ਦੇ ਲੜਾਕੂ ਜਹਾਜਾਂ ਦੇ ਮੂੰਹ ਮੋੜ ਦਿੱਤੇ।

ਜੰਗ ਦੇ ਦਿਨੀਂ ਗੋਲੀਆਂ ਦੇ ਸ਼ਰਰੇ ਮੰਦਰ ਦੀਆਂ ਟੀਨਾਂ 'ਤੇ ਤਾੜ, ਤਾੜ ਡਿੱਗਣੇ। ਅਸੀਂ ਦਹਿਲ, ਦਹਿਲ ਜਾਣਾ। ਵੇਲੇ, ਕੁਵੇਲੇ ਖਤਰੇ ਦੇ ਸਾਇਰਨ ਵੱਜਣੇ। ਰਾਤਾਂ ਨੂੰ ਬਲੈਕ ਆਊਟ ਦੇ ਹੁਕਮ ਮੰਨਦਿਆਂ ਅਸਾਂ ਸਾਰਿਆਂ ਨੇ ਦੀਵੇ, ਬੱਤੀਆਂ ਬੁਝਾ ਬਿਸਤਰਿਆਂ ਵਿੱਚ ਦੁਬਕ ਜਾਣਾ ਤੇ ਸਾਰੀ, ਸਾਰੀ ਰਾਤ ਦੁਸ਼ਮਣਾਂ ਦੇ ਜਹਾਜਾਂ ਤੋਂ ਬਚਣ ਲਈ ਸਤਿਨਾਮ, ਵਾਹਿਗੁਰੂ ਦਾ ਜਾਪ ਕਰਦੇ ਰਹਿਣਾ।

ਸੁਣਨ ਵਿੱਚ ਇਹ ਵੀ ਆਉਂਦਾ ਕਿ ਜਦੋਂ ਪਾਕਿਸਤਾਨ ਦੇ ਲੜਾਕੂ ਜਹਾਜ਼ ਸਾਡੀ ਗੁਰੂ ਨਗਰੀ 'ਤੇ ਬੰਬ ਸੁੱਟਣ ਆਉਂਦੇ ਤਾਂ ਉਨਾਂ ਦੇ ਫੌਜੀ ਪਾਇਲਟਾਂ ਨੂੰ ਹੇਠਾਂ ਕੁਝ ਵੀ ਸਾਫ ਨਹੀਂ ਸੀ ਦਿਸਦਾ ... ਉਹ ਅੰਨ੍ਹੇ ਹੋ ਜਾਂਦੇ ਸਨ ...

ਉਦੋਂ ਸਾਨੂੰ ਸਕੂਲੋਂ ਛੁੱਟੀਆਂ ਹੋ ਗਈਆਂ ਸਨ ... ਤੇ ਸੁਣੋ, ਸਾਨੂੰ ਛੁੱਟੀਆਂ ਦੀ ਕੋਈ ਖਾਸ ਖੁਸ਼ੀ ਨਹੀਂ ਸੀ ਹੋਈ। ਘਰੋਂ ਬਾਹਰ ਨਿਕਲਣਾ ਤਾਂ ਦੂਰ ਦੀ ਗੱਲ ਸੀ, ਆਪਣੇ ਕੋਠਿਆਂ 'ਤੇ ਚੜ੍ਹਕੇ ਸਾਡਾ ਗੁੱਡੀਆਂ ਉਡਾਉਣਾ ਤੇ ਡੋਰਾਂ ਲੁੱਟਣਾ ਵੀ ਬੰਦ ਹੋ ਗਿਆ। ਦੋ ਮੁਲਕਾਂ ਦੀ ਆਪਸੀ ਲੜਾਈ ਸੀ ਤੇ ਸਾਨੂੰ ਖਾਹਮਖਾਹ ਆਪਣੇ ਹੀ ਘਰਾਂ 'ਚ ਕੈਦ ਕੱਟਣ ਵਰਗੇ ਕਸ਼ਟ ਝੱਲਣੇ ਪਏ।

ਲਾਗੇ ਹੀ ਕੋਤਵਾਲੀ ਠਾਣਾ ਸੀ ਜਿਥੇ ਪਿਤਾ ਸ੍ਰੀ ਦੀ ਪੋਸਟਿੰਗ ਹੁੰਦੀ ਸੀ। ਉਦੋਂ ਉਹ ਸੀ.ਆਈ.ਡੀ. ਮਹਿਕਮੇ ਵਿੱਚ ਸਬ ਇੰਸਪੈਕਟਰ ਹੁੰਦੇ ਸਨ। ਠਾਣੇ ਦੇ ਸਾਮ੍ਹਣੇ ਹੀ ਸਾਡਾ ਟਾਊਨ ਹਾਲ ਵਾਲਾ ਸਰਕਾਰੀ ਸੈਕੰਡਰੀ ਸਕੂਲ ਸੀ ਜਿਥੋਂ ਅਸਾਂ ਦਸਵੀਂ ਤੱਕ ਪੜ੍ਹਾਈ ਕੀਤੀ।

ਪੱਕੀ ਗਲੀ ਵਿਖੇ ਕਿਰਾਏ ਵਾਲੇ ਸ਼ਹਿਰੀ ਘਰ ਨੂੰ ਛੱਡ ਕੇ ਦਾਰਜੀ ਨੇ ਪਿੰਡ ਨੀਵੇਂ ਤੁੰਗੀਂ ਪੰਝੀ, ਤੀਹ ਮਰਲਿਆਂ ਦੀ ਪੈਲੀ ਖਰੀਦ ਲਈ। ਅੱਧੇ ਹਿੱਸੇ ਵਿੱਚ ਰਹਿਣ ਲਈ ਕਮਰੇ ਪਾ ਲਏ ਤੇ ਅੱਧੇ ਹਿੱਸੇ ਵਿੱਚ ਘਰ ਲਈ ਖੇਤੀ ਬਾੜੀ ਕਰ ਲਈ। ਅੰਮ੍ਰਿਤਸਰ ਵਿੱਚ ਪਿੰਡ ਤੁੰਗ ਬਾਲਾ ਹੈ। ਤੁੰਗ ਪਾਈ ਹੈ। ਤੁੰਗ ਨਾਂ ਵਾਲੇ ਕਈ ਹੋਰ ਪਿੰਡ ਵੀ ਹੋਣਗੇ ਜੋ ਅੱਜ ਤੇਜ਼ੀ ਨਾਲ ਉੱਸਰਦੇ ਨਗਰ ਤੇ ਸ਼ਹਿਰਾਂ ਦੇ ਪਰਛਾਵਿਆਂ ਹੇਠ ਧੁੰਦਲੇ ਹੁੰਦੇ ਜਾ ਰਹੇ ਨੇ ...

ਉਥੋਂ ਸੂਏ, ਸੂਏ ਸਕੂਲੇ ਜਾਂਦਿਆਂ ਰਸਤੇ ਵਿੱਚ ਫਲਾਂ ਲੱਦੇ ਬਾਗ ਤੇ ਹਰੇ, ਭਰੇ ਖੇਤ ਆਉਂਦੇ ਸਨ। ਲੁਕਾਠਾਂ, ਅਮਰੂਦ, ਫਾਲਸੇ , ਅੰਬ ਤੇ ਜਲੇਬਾ ਸ਼ਹਿਤੂਤ ਰੱਜ, ਰੱਜ ਖਾਂਦੇ ਜਾਣਾ। ਸੂਏ ਦਾ ਪੁਲ ਪਾਰ ਕਰਦਿਆਂ ਹੀ ਆਪੋ, ਆਪਣੀਆਂ ਕਾਗ਼ਜ਼ ਦੀਆਂ ਬੇੜੀਆਂ ਸੂਏ ਦੇ ਸ਼ਫਾਫ ਪਾਣੀਆਂ 'ਚ ਤਾਰ ਦੇਣੀਆਂ। ਅਸੀਂ ਵੀ ਹਾਸੇ, ਠੱਠੇ ਕਰਦਿਆਂ ਬੇੜੀਆਂ ਦੇ ਮਗਰ, ਮਗਰ ਤੁਰੇ ਜਾਣਾ।

ਤਹਿਸੀਲਪੁਰੇ ਤੋਂ ਇਸ ਸੂਏ ਦਾ ਪਾਣੀ ਹੰਸਲੀ ਰਾਹੀਂ ਦਰਬਾਰ ਸਾਹਿਬ ਦੇ ਸਰੋਵਰ ਵਿੱਚ ਚਲਾ ਜਾਂਦਾ ਸੀ। ਉਦੋਂ ਅਸੀਂ ਨਿਰਸੰਕੋਚ ਇਸ ਸੂਏ ਦੇ ਨੀਲੇ ਪਾਣੀ ਨਾਲ ਆਪਣੀ ਪਿਆਸ ਬੁਝਾ ਲੈਂਦੇ। ਹੁਣ ਤਾਂ ਪੰਜ ਪਾਣੀਆਂ ਵਿੱਚ ਜਿਵੇਂ ਜ਼ਹਿਰ ਘੁਲ ਗਿਆ ਏ ... ਸਾਡੇ ਪਿੰਡਾਂ ਦੇ ਕੀ, ਸਾਰੇ ਜਗਤ ਦੇ ਇਹ ਦੂਸ਼ਤ ਪਾਣੀ ਪੀਣ ਯੋਗ ਨਹੀਂ ਰਹੇ...

ਤਹਿਸੀਲਪੁਰੇ ਤੋਂ ਅੱਗੇ ਮਹਾਂ ਸਿੰਘ ਗੇਟ ਆਉਂਦਾ ਸੀ। ਮਹਾਂ ਸਿੰਘ ਗੇਟ ਤੋਂ ਸਿੱਧਾ ਅੱਗੇ ਸਾਡਾ ਟਾਊਨ ਹਾਲ ਵਾਲਾ ਸਰਕਾਰੀ ਸੈਕੰਡਰੀ ਸਕੂਲ ਤੇ ਕੋਤਵਾਲੀ ਆਉਂਦੀ। ਇਥੋਂ ਸੱਜੇ ਹੱਥ ਰਾਮ ਬਾਗ ਆਉਂਦਾ ਸੀ। ਖੱਬੇ ਹੱਥ ਮੁੜ ਜਾਣ 'ਤੇ ਸ਼ੇਰਾਂ ਵਾਲਾ ਗੇਟ ਆਉਂਦਾ। ਅੱਗੇ ਸੁਲਤਾਨ ਪਿੰਡ ਗੇਟ, ਗੁਰਦੁਆਰਾ ਸ਼ਹੀਦਾਂ, ਭਗਤਾਂ ਵਾਲਾ ਗੇਟ ਤੇ ਅੱਗੇ ਭੂਆ ਗੋਮਾ ਦੇ ਘਰ ਵਾਲਾ ਗੇਟ ਹਕੀਮਾਂ ਆ ਜਾਣਾ। ਆਖਦੇ ਹਨ ਕਿ ਅੰਮ੍ਰਿਤਸਰ ਸ਼ਹਿਰ ਉਦੋਂ ਸੱਤ ਗੇਟਾਂ ਵਿੱਚ ਘਿਰਿਆ ਹੁੰਦਾ ਸੀ।

ਸ਼ੇਰਾਂ ਵਾਲੇ ਗੇਟ ਤੋਂ ਸੱਜੇ ਹੱਥ ਮੁੜਦਿਆਂ ਅੱਗੇ ਮਲਕਾਂ ਦਾ ਬੁੱਤ, ਜੱਲਿਆਂ ਵਾਲਾ ਬਾਗ਼, ਸ੍ਰੀ ਦਰਬਾਰ ਸਾਹਿਬ ਤੇ ਖ਼ੂਬੀ ਰਾਮ ਹਲਵਾਈ ਦੀ ਦੇਸੀ ਘਿਓ ਵਾਲੀਆਂ ਜਲੇਬੀਆਂ ਵਾਲੀ ਦੁਕਾਨ ਆਉਂਦੀ। ਇਸੇ ਸੜਕ ਤੋਂ ਮਲਕਾਂ ਦੇ ਬੁੱਤ ਵੱਲ ਜਾਂਦਿਆਂ ਖੱਬੇ ਹੱਥ ਸਾਡਾ ਸਰਕਾਰੀ ਪ੍ਰਾਇਮਰੀ ਸਕੂਲ ਹੁੰਦਾ ਸੀ।

ਮਨ ਦੀ ਮੌਜੇ, ਅੱਧੀ ਜਾਂ ਸਾਰੀ ਛੁੱਟੀ ਵੇਲੇ ਸਕੂਲੋਂ ਸ੍ਰੀ ਦਰਬਾਰ ਸਾਹਿਬ ਚਲੇ ਜਾਣਾ । ਮੂੰਗੀ, ਮਸਰਾਂ ਦੀ ਦਾਲ ਨਾਲ ਪ੍ਰਸ਼ਾਦੇ ਛੱਕਣੇ ਤੇ ਮਰਮਰੀ ਪਰਿਕਰਮਾਂ ਵਿੱਚੋਂ ਗੁੱਡੀਆਂ, ਡੋਰਾਂ ਲੁੱਟਣੀਆਂ । ਪਹੁੰਚ ਤੋਂ ਬਾਹਰ ਕੱਟੀਆਂ ਹੋਈਆਂ ਗੁੱਡੀਆਂ, ਪਤੰਗਾਂ ਅੱਖਾਂ ਸਾਹਵੇਂ ਸਰੋਵਰ ਵਿੱਚ ਡਿੱਗਦੀਆਂ ਵੇਖਣੀਆਂ । ਫਿਰ ਸਰੋਵਰ ਦੇ ਕੰਡੇ ਉਨਾਂ 'ਤੇ ਟਿਕਟਿਕੀ ਲਾਈ ਬੈਠ ਜਾਣਾ ... ਹੌਲੀ, ਹੌਲੀ ਸਰੋਵਰ ਦੇ ਅੰਮ੍ਰਿਤ ਵਰਗੇ ਪਵਿੱਤਰ ਜਲ ਨਾਲ ਲੇਵੀ ਤੇ ਚਮਕੀਲੇ ਬੰਦ ਲੱਗੇ ਲਖਨਊ ਕੱਟ ਗੁੱਡੇ ਤੇ ਪਤੰਗਾਂ ਦੀਆਂ ਕੰਨੀਆਂ ਤੜਾਕ ਦੇਣੀ ਖੁੱਲ ਜਾਣੀਆਂ ... ਬੇਕਸੂਰ, ਨਿਮਣੀਆਂ ਗੁੱਡੀਆਂ ਤੇ ਪਤੰਗਾਂ ਨੂੰ ਅਨਿਆਈ ਮੌਤੇ ਮਰਦਿਆਂ ਵੇਖ ਅੱਖਾਂ 'ਚੋਂ ਆਪ ਮੁਹਾਰੇ ਅੱਥਰੂ ਸਿੰਮ ਆਉਣੇ ਤੇ ਵਰਦੀ ਵਾਲੀ ਚਿੱਟੀ ਕਮੀਜ਼ ਦੀਆਂ ਬਾਹਵਾਂ ਨਾਲ ਅੱਥਰੂ ਪੂੰਝਦੇ ਹੋਏ ਘਰਾਂ ਨੂੰ ਪਰਤ ਆਉਣਾ ...

ਸੀਨੀਅਰ ਸੈਕੰਡਰੀ ਸਕੂਲ ਵਿੱਚ ਪੰਜਾਬੀ ਮਾਸਟਰ ਸ਼ੰਗਾਰਾ ਆਜੜੀ ਤੋਂ ਪਹਿਲਾਂ ਮਧਰੇ ਕੱਦ ਤੇ ਵੱਡੀਆਂ, ਵੱਡੀਆਂ ਮੁਛਾਂ ਵਾਲੇ ਗਿਆਨੀ ਹਰਜੀਤ ਸਿੰਘ ਸਾਨੂੰ ਪੰਜਾਬੀ ਪੜ੍ਹਾਇਆ ਕਰਦੇ । ਉਹ ਬੜੇ ਮਿਹਨਤੀ ਸਨ। ਘਰ ਦੇ ਕੰਮ ਵਾਲੀਆਂ ਕਾਪੀਆਂ ਵੇਖਦੇ ਸਨ । ਯਾਦ ਹੈ ਕਿ ਦਿਨ, ਤਿਓਹਾਰ ਤੋਂ ਇੱਕ ਦਿਨ ਪਹਿਲਾਂ ਛੁੱਟੀ ਵੇਲੇ ਉਹ ਸਾਨੂੰ ਸਾਹਮਣੀ ਕੋਤਵਾਲੀ 'ਚ ਲੱਗੇ ਪਿਤਾ ਸ੍ਰੀ ਕੋਲੋਂ ਰੰਮ ਦੀ ਬੋਤਲ ਲਿਆਉਣ ਲਈ ਭੇਜਣ ਤੋਂ ਕਦੀ ਨਹੀਂ ਸੀ ਖੁੰਝਦੇ ।

ਮਾਸਟਰ ਸ਼ੰਗਾਰਾ ਆਜੜੀ ਦੀਆਂ ਕਿਆ ਬਾਤਾਂ ਹੁੰਦੀਆਂ ਸਨ। ਗਿਆਨੀ ਹਰਜੀਤ ਸਿੰਘ ਤੋਂ ਬਾਅਦ ਉਹ ਸਾਨੂੰ ਪੰਜਾਬੀ ਪੜ੍ਹਾਉਣ ਲੱਗ ਪਏ। ਜਮਾਤ ਵਿੱਚ ਪੜ੍ਹਾਉਂਦੇ ਹੋਏ ਇੰਜ ਲੱਗਦੇ ਸਨ ਜਿਵੇਂ ਸਾਡੇ ਨਾਲ ਬਾਲ ਬਣਕੇ ਖੇਡ ਰਹੇ ਹੋਣ... ਲਿਬਾਸ ਉਨਾਂ ਦਾ ਹਮੇਸ਼ਾ ਦੁੱਧ ਵਰਗਾ ਚਿੱਟਾ ਤੇ ਬੇਦਾਗ ਹੁੰਦਾ। ਰੰਗ ਤਾਂ ਉਨਾਂ ਦਾ ਕੁਝ ਪੱਕਾ ਹੁੰਦਾ ਸੀ ਪਰ ਉਹ ਅੰਦਰੋਂ ਬੜੇ ਸਾਫ, ਸ਼ਫਾਫ ਲੱਗਦੇ। ਹਮੇਸ਼ਾ ਆਪਣੇ ਬਾਲ ਗੀਤ ਗੁਣਗੁਣਾਉਂਦੇ ਤੇ ਸਾਨੂੰ ਵੀ ਮਗਰੇ, ਮਗਰ ਗਾਉਣ ਲਈ ਉਕਸਾਉਂਦੇ ਰਹਿੰਦੇ... ਇੰਜ ਵੀ ਲੱਗਦਾ ਏ ਕਿ ਜੇ ਉਹ ਸਾਨੂੰ ਨਾ ਪੜ੍ਹਾਉਂਦੇ ਹੁੰਦੇ ਤਾਂ ਸਾਨੂੰ ਬਾਲ ਸਾਹਿਤ ਪੜ੍ਹਨ ਤੇ ਸਿਰਜਣ ਦੀ ਚੇਟਕ ਨਹੀਂ ਸੀ ਲੱਗਣੀ। ਉਨਾਂ ਦਾ ਚਹੇਤਾ ਇੱਕ ਗੀਤ ਅੱਜ ਵੀ ਯਾਦ ਏ ਜਿਸਦੇ ਬੋਲ ਹੁੰਦੇ ਸਨ...

ਮੇਰਾ ਸਾਈਕਲ ਨਵਾਂ ਨਕੋਰ ਨੀ
ਤੂੰ ਬਹਿਜਾ ਸਾੜੀ ਸੰਭਾਲ ਕੇ
ਇਹ ਕੰਪਨੀ ਬਾਗ਼ ਦਾ ਮੋੜ ਨੀ
ਜੇ ਕਹੇਂ ਤਾਂ ਟੱਲੀ ਵਜਾ ਦਿਆਂ
ਜੇ ਕਹੇਂ ਤਾਂ ਬਰੇਕਾਂ ਲਾ ਦਿਆਂ
ਮੇਰਾ ਸਾਈਕਲ ਨਵਾਂ ਨਕੋਰ ਨੀ ...

# ਦਾਸਤਾਨ-ਏ-ਕਿੱਤਾ ਮੁਖੀ

ਪਿੰਡ ਨੀਵੇਂ ਤੁੰਗ ਤੋਂ ਬਾਅਦ ਪਿਤਾ ਸ੍ਰੀ ਨੇ ਸੁਲਤਾਨ ਪਿੰਡ ਗੇਟ ਦੇ ਕੋਲ ਇੰਪਰੂਵਮੈਂਟ ਟ੍ਰਸਟ ਦੁਆਰਾ ਬਣਾਈ ਨਵੀਂ ਕਲੋਨੀ ਈਸਟ ਮੋਹਨ ਨਗਰ ਵਿਚ ਦੋ ਪਲਾਟ ਲੈ ਲਏ। ਪਹਿਲਾਂ ਅਸੀਂ ਗੁਰਦਵਾਰੇ ਦੇ ਕੋਲ ਬੀ 10 ਨੰਬਰ ਵਾਲੇ ਘਰ 'ਚ ਰਹਿੰਦੇ ਰਹੇ। ਇਥੇ ਰਹਿੰਦਿਆਂ ਗੁਲ ਭਾਜੀ ਨੇ ਮੈਡੀਕਲ ਵਿਸ਼ੇ ਨਾਲ ਹਾਇਰ ਸੈਕੰਡਰੀ ਪਾਸ ਕਰ ਲਈ। ਪਿਤਾ ਸ੍ਰੀ ਕਹਿੰਦੇ ਕਿ ਇਸ ਵਿਸ਼ੇ ਨਾਲ ਡਾਕਟਰ ਬਣਿਆ ਜਾ ਸਕਦਾ । ਪਰ ਗੁਲ ਭਾਜੀ ਡਾਕਟਰ ਨਹੀਂ ਬਣ ਸਕੇ। ਉਨਾਂ ਨੇ ਆਪਣੇ ਪੈਰਾਂ 'ਤੇ ਖਲੋਣ ਲਈ ਹਾਲ ਗੇਟ ਦੇ ਨਜ਼ਦੀਕ ਸੂਰਜ ਟਰਾਂਸਪੋਰਟ ਵਿਚ ਕਲਰਕ ਦੀ ਨੌਕਰੀ ਕਰ ਲਈ।

ਉਨੀਂ ਦਿਨੀਂ ਸਾਹਿਤ ਦਾ ਬਾਗੀ ਦੌਰ ਚੱਲ ਰਿਹਾ ਸੀ। ਨਕਸਲਬਾੜੀ ਲਹਿਰ ਤੋਂ ਪ੍ਰਭਾਵਤ ਹੋਏ ਭਾਜੀ ਵੀ ਸਥਾਪਤੀ ਦੇ ਖਿਲਾਫ ਕਵਿਤਾ ਲਿਖਣ ਲੱਗ ਪਏ।

ਇੱਕ ਸ਼ਾਮ ਦੀ ਗੱਲ ਏ। ਪਿਤਾ ਸ੍ਰੀ ਗੁੱਸੇ ਵਿੱਚ ਲਾਲ ਪੀਲੇ ਹੋਏ ਘਰ ਆਏ। ਉਦੋਂ ਉਹ ਸੀਆਈ.ਡੀ. ਇੰਸਪੈਕਟਰ ਬਣ ਚੁਕੇ ਸਨ। ਘਰ ਵੜਦਿਆਂ ਹੀ ਪਾਣੀ, ਧਾਣੀ ਪੀਣ ਦੀ ਥਾਂ ਉਹ ਸਾਡੇ ਭਾਜੀ 'ਤੇ ਅਸਵਾਰ ਹੋ ਗਏ। ਉਸਦੀਆਂ ਸਾਹਿਤਕ ਪੁਸਤਕਾਂ ਨੂੰ ਇੱਕ, ਇੱਕ ਕਰਕੇ ਘਰੋਂ ਬਾਹਰ ਸੁੱਟਦੇ ਹੋਏ ਬੋਲਣ ਲੱਗੇ ... 'ਆਹ ਜਾਂਦਾਂ ਈ ਤੇਰਾ ਗੋਰਕੀ ... ਆਹ ਜਾਂਦਾ ਈ ਤੇਰਾ ਲੈਨਿਨ ... ਤੇ ਆਹ ਆਪਣੇ ਪਾਬਲੋ ਨਰੂਦਾ ਦੇ ਨਾਲ ਤੂੰ ਵੀ ਮੇਰੇ ਘਰੋਂ ਬਾਹਰ ਨਿਕਲ' ...

ਫਿਰ ਕਿ ਹੋਇਆ, ਅਣਖ ਵਾਲੇ ਗੁਲ ਭਾਜੀ ਪਿਤਾ ਸ੍ਰੀ ਦਾ ਹੁਕਮ ਮੰਨਦਿਆਂ ਉਸੇ ਸ਼ਾਮ ਤਿੰਨੀ ਕੱਪੜੀਂ ਘਰੋਂ ਨਿਕਲ ਗਏ ...

ਵਿਚਲੀ ਗੱਲ ਇਹ ਸੀ ਕਿ ਉਦੋਂ ਭਾਜੀ ਦੀ ਇੱਕ ਬਾਗੀ ਸੁਰ ਵਾਲੀ ਕਵਿਤਾ, ਕਿਧਰੇ ਰਸਾਲੇ ਵਿੱਚ ਛਪ ਗਈ ਸੀ ਤੇ ਪਿਤਾ ਸ੍ਰੀ ਦੀ ਡਿਊਟੀ ਉਪਰੋਂ ਉਸ ਗਰਮ ਖਿਆਲੀਏ ਕਵੀ ਦੀ ਪਰਖ, ਪੜਚੋਲ ਕਰਨ ਦੀ ਲੱਗ ਗਈ ਸੀ। ਭਾਜੀ ਨੇ ਹੀ 'ਸ਼ਮੀਮ' ਤਖੱਲਸ ਦੇ ਨਾਂ 'ਤੇ ਉਹ ਕਵਿਤਾ ਲਿਖੀ ਸੀ ਜਿਸਦੀਆਂ ਸਤਰਾਂ ਕੁਝ ਇੰਝ ਸਨ ... 'ਰਾਤੀ ਸਾਡੇ ਘਰ ਰੋਟੀ ਨਹੀਂ ਪੱਕਦੀ... ਸਵੇਰੇ ਸਾਡੇ ਗਮਲਿਆਂ ਵਿੱਚ ਲੋਹੇ ਦੇ ਫੁੱਲ ਉਗਦੇ ਨੇ' ...

ਘਰੋਂ ਕੱਢੇ ਗਏ ਭਾਜੀ ਨੇ ਗਿਣ, ਗਿਣਾ ਕੇ ਦਸ, ਬਾਰਾਂ ਦਿਨ ਹੀ ਹਾਲ ਗੇਟ ਸਥਿਤ ਸੂਰਜ ਟਰਾਂਸਪੋਰਟ ਕੰਪਨੀ ਵਿੱਚ ਕਲਰਕ ਦੀ ਨੌਕਰੀ ਕੀਤੀ। ਉਥੇ ਹੀ ਇੱਕ ਛੋਟੇ ਜਿਹੇ ਕਮਰੇ ਵਿੱਚ ਰਾਤਾਂ

ਕੱਟਦੇ ਰਹੇ ... ਅਖੀਰ ਤੇਰਵੇਂ ਦਿਨ ਰੋਂਦੇ, ਕੁਰਲਾਉਂਦੇ ਮਾਤਾ ਸ਼੍ਰੀ ਨੇ ਪਿਤਾ ਸ਼੍ਰੀ ਨੂੰ ਮਨਾ ਲਿਆ ਤੇ ਉਹ ਦੋਵੇਂ ਆਪਣੇ ਪਲੇਠੇ ਪੁੱਤ ਨੂੰ ਵਾਪਸ ਘਰ ਲੈ ਆਏ ।

ਜਦੋਂ ਭਾਜੀ ਘਰ ਆਏ ਤਾਂ ਉਹ ਸਿਰ ਦੇ ਵਾਲ ਕਟਵਾ ਕੇ ਆਰ, ਪਰਿਵਾਰ ਵਾਲੀ ਸਰਦਾਰੀ ਨੂੰ ਅਲਵਿਦਾ ਕਹਿ ਚੁਕੇ ਸਨ । ਹੌਲੀ, ਹੌਲੀ ਉਨਾਂ ਦੀ ਇਸ ਬੱਜਰ ਗਲਤੀ ਨੂੰ ਵੀ ਸਾਰਿਆਂ ਨੇ ਭਰੇ, ਪੀਤਿਆਂ ਮਾਨਤਾ ਦੇ ਦਿੱਤੀ । ਹੋਰ ਭਲਾ ਹੋ ਵੀ ਕੀ ਸਕਦਾ ਸੀ ? ...

ਥੋੜ੍ਹੇ ਕੁ ਸਮੇਂ ਬਾਅਦ ਗੁਲ ਭਾਜੀ ਨੂੰ ਜੇਬੀਟੀ ਵਿੱਚ ਦਾਖਲਾ ਮਿਲ ਗਿਆ ਤੇ ਉਹ ਇਨਕਲਾਬੀ ਕਵੀ ਦੇ ਨਾਲ, ਨਾਲ ਹਿੰਦੀ ਵਿਸ਼ੇ ਦੇ ਮਾਸਟਰ ਵੀ ਬਣ ਗਏ ।

ਬੀ 10 ਨੰਬਰ ਵਾਲਾ ਛੋਟਾ ਘਰ ਵੇਚ, ਪਿਤਾ ਸ਼੍ਰੀ ਨੇ 557, ਈਸਟ ਮੋਹਨ ਨਗਰ ਵਿਖੇ ਪੰਜ ਸੌ ਗਜ ਵਾਲਾ ਵੱਡਾ ਘਰ ਬਣਾ ਲਿਆ । ਉਸ ਘਰ ਦਾ ਆਲਾ, ਦੁਆਲਾ ਬੜਾ ਨੀਵਾਂ ਹੁੰਦਾ ਸੀ । ਬਰਸਾਤਾਂ ਦੇ ਦਿਨੀਂ ਨਵਾਂ ਬਣਿਆ ਸਾਡਾ ਇੱਕਲਾ ਘਰ ਇੰਝ ਪ੍ਰਤੀਤ ਹੁੰਦਾ ਸੀ ਜਿਵੇਂ ਸਮੁੰਦਰ ਵਿੱਚ ਕੋਈ ਜਹਾਜ਼ ਲੰਗਰ ਸੁੱਟੀ ਖੜਾ ਹੋਵੇ । ਛੋਟੇ ਜੰਗੀ ਨੇ ਕੇਰਾਂ ਕੂਚੀ ਫੜੀ ਤੇ ਕਲੀ, ਚੂਨੇ ਨਾਲ ਬਾਹਰ ਵਾਲੀ ਕੰਧ 'ਤੇ 'ਝੀਲ ਕੇ ਉਸ ਪਾਰ' ਲਿਖ ਦਿੱਤਾ । ਬਾਅਦ ਵਿੱਚ ਸਾਡਾ ਉਹ ਘਰ ਇਸੇ ਨਾਂ ਨਾਲ ਮਸ਼ਹੂਰ ਹੋ ਗਿਆ । ਇਸੇ ਘਰ ਵਿੱਚੋਂ ਹੀ ਪਹਿਲਾਂ ਛੋਟੇ ਭਰਾ ਜੰਗੀ ਤੇ ਫਿਰ ਬੀਜੀ, ਦਾਰਜੀ ਨੇ ਇਸ ਫ਼ਾਨੀ ਜਹਾਨ ਨੂੰ ਅਲਵਿਦਾ ਕਹੀ ।

ਛੋਟੇ ਪੱਪੂ ਕੋਲ ਅੱਜ ਵੀ ਉਸ ਘਰ ਦੇ ਕਿਸੇ ਭੂਤਵਾੜੇ ਵਰਗੇ ਅਵਸ਼ੇਸ਼ ਬਾਕੀ ਨੇ ।

ਇਥੇ ਵਰਿੰਦਰ ਵਾਲੀਆ, ਡਾ. ਮਨਮੋਹਨ, ਦੇਵ ਭਾਰਦਵਾਜ, ਅਮਰ ਗਿਰੀ, ਭੂਸ਼ਣ, ਮੋਹਨ ਜੀਤ, ਜੋਗਿੰਦਰ ਕੈਰੋਂ, ਸ਼ੁਭਾਸ਼ ਪਰਿਹਾਰ, ਡਾ.ਕਰਨੈਲ, ਡਾ.ਅੰਬਰੀਸ਼, ਡਾ. ਰਵਿੰਦਰ, ਬਟਾਲੇ ਵਾਲੇ ਫੋਟੋ ਕਲਾਕਾਰ ਹਰਭਜਨ ਬਾਜਵਾ, ਹਰਨਾਮ ਦਾਸ ਸਹਿਰਾਈ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵਾਲੇ ਡਾ.ਰਮੇਸ਼ ਕੁੰਤਲ ਮੇਘ, ਡਾ. ਗੁਰਚਰਨ ਸਿੰਘ ਮੋਂਗੀਆ, ਡਾ. ਸ਼ਹਿਰਯਾਰ, ਡਾ.ਕੁਲਬੀਰ ਸਿੰਘ ਕਾਂਗ, ਜਤਿੰਦਰ ਜੌਲੀ, ਖੁਰਸ਼ੀਦ ਅਤੇ ਕਈ ਹੋਰ ਨਾਮੀ, ਸਥਾਪਤ ਅਤੇ ਨਵੇਂ ਲੇਖਕ ਗੁਲ ਭਾਜੀ ਕੋਲ ਆਉਂਦੇ, ਜਾਂਦੇ । ਅਸੀਂ ਉਨਾਂ ਦੀ ਚਾਹ, ਪਾਣੀ ਅਤੇ ਦਾਰੂ-ਸਿੱਕੇ ਵਾਲੀ ਸੇਵਾ ਵਿੱਚ ਹੱਥ ਵਟਾਉਂਦੇ ਤੇ ਉਨਾਂ ਦੇ ਬਚਨ ਬਿਲਾਸ ਸੁਣਦੇ ।

# ਓ.ਟੀ. ਕੋਰਸ ਲਈ ਸੱਦਾ ਪੱਤਰ

ਗੁਲ ਭਾਜੀ ਨੂੰ ਵੇਖਦਿਆਂ, ਵੇਖਦਿਆਂ ਅਸਾਂ ਵੀ ਦਸਵੀਂ ਵਿੱਚ ਬਿਆਲੋਜੀ ਦਾ ਵਿਸ਼ਾ ਚੁਣ ਲਿਆ। ਸਾਰਾ ਸਾਲ ਅੰਗਰੇਜ਼ੀ ਵਿੱਚ ਬਿਆਲੋਜੀ ਪੜ੍ਹਦੇ ਰਹੇ ... ਘੋਟੇ ਲਾ, ਲਾ ਸਾਲ ਲੰਘਾ ਲਿਆ ... ਸਲਾਨਾ ਪੇਪਰ ਸਿਰ 'ਤੇ ਆਣ ਖਲੋਤੇ ... ਪਿਤਾ ਸ਼੍ਰੀ ਨਾਲੋਂ ਵਧੇਰੇ ਅੰਗਰੇਜ਼ੀ ਵਾਲੇ ਬਿਆਲੋਜੀ ਦੇ ਵਿਸ਼ੇ ਤੋਂ ਡਰ ਲੱਗਦਾ ਸੀ ... ਫਾਈਨਲ ਪੇਪਰਾਂ ਦੀ ਸੁਣ ਲਓ ... ਬਿਆਲੋਜੀ ਦਾ ਪੇਪਰ ਹੱਲ ਕਰਦਿਆਂ ਨੂੰ ਅੰਗਰੇਜ਼ੀ ਵਾਲੀ ਬਿਆਲੋਜੀ ਦੇ ਘੋਟੇ ਵਾਲੇ ਅਰਥ ਲਿਖਣੇ ਭੁੱਲ ਗਏ।

ਮਾਪੇ ਡਾਕਟਰ ਜਾਂ ਉੱਚ ਅਧਿਕਾਰੀ ਹੋਣ ਤਾਂ ਪੜ੍ਹਾਈ, ਲਿਖਾਈ ਵਾਲੇ ਘਰ ਦੇ ਮਾਹੌਲ ਤੋਂ ਪ੍ਰਭਾਵਤ ਔਲਾਦ ਵੀ ਅੱਗੋਂ ਡਾਕਟਰ ਜਾਂ ਕੋਈ ਹੋਰ ਪ੍ਰਸ਼ਾਸ਼ਨਿਕ ਅਧਿਕਾਰੀ ਬਣਨ ਵਾਲੀ ਪ੍ਰੀਖਿਆ ਸਹਿਜੇ ਹੀ ਪਾਸ ਕਰ ਸਕਦੀ ਹੈ ... ਅਦਨੇ ਜਿਹੇ ਪੁਲਿਸ ਕਰਮਚਾਰੀ ਦਾ ਮੁੰਡਾ ਭਲਾ ਅੰਗਰੇਜ਼ੀ ਵਿੱਚ ਬਿਆਲੋਜੀ ਦੇ ਅਰਥ ਕਿਵੇਂ ਲਿਖ ਸਕਦਾ ਹੈ ?...

ਫਿਰ ਕੀ ਹੋਇਆ, ਅਸੀਂ ਤਿੰਨ ਘੰਟਿਆਂ ਦੀ ਪ੍ਰੀਖਿਆ ਵਾਲਾ ਸਮਾਂ ਬਿਤਾਉਣ ਲਈ ਕਾਪੀ ਨੁਮਾ ਪ੍ਰਸ਼ਨ ਪੱਤਰ ਨੂੰ ਉਲਟਾਉਣ, ਪਲਟਾਉਣ ਲੱਗ ਪਏ। ਹਰੇ,ਗੁਲਾਬੀ ਤੇ ਨੀਲੇ ਰੰਗ ਵਾਲੇ ਪੰਨਿਆਂ 'ਤੇ ਉਰਦੂ,ਹਿੰਦੀ ਤੇ ਪੰਜਾਬੀ ਵਿੱਚ ਲਿਖੇ ਹੋਏ ਪ੍ਰਸ਼ਨ ਦਿੱਸ ਪਏ ... ਅਸੀਂ ਮਨ ਹੀ ਮਨ ਸੋਚਣ ਲੱਗੇ ਕਿ ਵੱਖ, ਵੱਖ ਭਾਸ਼ਾਵਾਂ ਵਿੱਚ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਵੀ ਮਨਚਾਹੀ ਭਾਸ਼ਾ ਵਿੱਚ ਦਿੱਤੇ ਜਾ ਸਕਦੇ ਹੋਣਗੇ ... ਕੋਰੀ ਉੱਤਰ ਕਾਪੀ ਦੇ ਕੇ ਫੇਲ੍ਹ ਹੋਣ ਦੀ ਥਾਂ ਅਸਾਂ ਕੀ ਕੀਤਾ, ਆਪਣੀ ਅਕਲ ਤੇ ਯਾਦ ਮੁਤਾਬਕ ਅੰਗਰੇਜ਼ੀ ਵਿੱਚ ਹੱਲ ਕਰਨ ਵਾਲਾ ਇਹ ਪੇਪਰ ਪੰਜਾਬੀ ਵਿੱਚ ਹੱਲ ਕਰ ਦਿੱਤਾ।

ਡੇਢ,ਦੋ ਮਹੀਨਿਆਂ ਬਾਅਦ ਨਤੀਜਾ ਨਿਕਲਿਆ। ਅਸੀਂ ਬਿਆਲੋਜੀ ਦੇ ਪੇਪਰ ਵਿੱਚੋਂ ਪਾਸ ਹੋ ਗਏ। ਸਾਨੂੰ ਆਪਣੀ ਕੁਤਾਹੀ ਬਦਲੇ ਵੀ ਪਾਸ ਹੋਣ ਵਾਲੇ ਪੰਜਾਹ ਵਿੱਚੋਂ ਸਤਾਰਾਂ ਨੰਬਰ ਮਿਲ ਗਏ। ਅੱਗੇ ਮੈਡੀਕਲ ਵਿਸ਼ੇ ਵਿੱਚ ਹਾਇਰ ਸੈਕੰਡਰੀ ਦੀ ਜਮਾਤ ਲਈ ਦਾਖਲਾ ਤਾਂ ਪੱਕਾ ਹੋ ਗਿਆ ਪਰ ਸਾਰੇ ਵਿਸ਼ਿਆਂ ਦੀ ਅੰਗਰੇਜ਼ੀ ਭਾਸ਼ਾ ਵਾਲੇ ਹਊਏ ਨੇ ਸਾਨੂੰ ਅਗਲੇ ਕਿਸੇ ਸਕੂਲ ਵਿੱਚ ਦਾਖਲ ਹੋਣ ਤੋਂ ਸਦਾ ਲਈ ਰੋਕ ਦਿੱਤਾ।

ਅਸੀਂ ਸੀਨੀਅਰ ਸੈਕੰਡਰੀ ਸਕੂਲ ਵਾਲੀ ਅਗਲੇਰੀ ਪੜ੍ਹਾਈ ਕਰਨ ਤੋਂ ਬਾਗੀ ਹੋ ਗਏ। ਪਿਤਾ ਸ਼੍ਰੀ ਵੱਲੋਂ ਪੜ੍ਹਾਈ, ਲਿਖਾਈ ਲਈ ਕੋਈ ਰੋਕ, ਟੋਕ ਨਹੀਂ ਸੀ। ਉਸ ਵਿਹਲੇ ਸਮੇਂ ਦਾ ਸਦਉਪਯੋਗ ਕਰਨ ਲਈ ਅਸਾਂ ਮਾਸਟਰ ਬਣਨ ਦੀ ਥਾਂ ਟੇਲਰ ਮਾਸਟਰ ਬਣਨ ਦਾ ਫੈਸਲਾ ਕਰ ਲਿਆ।

ਕੋਤਵਾਲੀ ਤੋਂ ਅੱਗੇ ਹਾਲ ਬਾਜ਼ਾਰ ਵਿੱਚ ਸੁਰਜੀਤ ਟੇਲਰਜ ਕੋਲ ਸਾਨੂੰ ਸ਼ਗਿਰਦ ਰੱਖਵਾ ਦਿੱਤਾ ਗਿਆ। ਤਰਪਾਈਆਂ ਤੋਂ ਸ਼ੁਰੂਆਤ ਕੀਤੀ। ਦੂਸਰੇ ਕਾਰੀਗ਼ਰਾਂ ਦੀਆਂ ਕਮੀਜ਼ਾਂ ਦੇ ਚਾਕ ਕੀਤੇ ਤੇ ਬੱਟਣ ਲਾਏ। ਲਾਗੇ ਹੀ ਕੋਤਵਾਲੀ ਠਾਣੇ ਤਾਇਨਾਤ ਪਿਤਾ ਸ਼੍ਰੀ ਦੇ ਆਹੁਦੇ ਦੇ ਡਰੋਂ ਸੁਰਜੀਤ ਟੇਲਰ ਮਾਸਟਰ ਨੇ ਸਾਨੂੰ ਛੇਤੀ, ਛੇਤੀ ਪੈਂਟਾਂ, ਬੁਸ਼ਰਟਾਂ ਸਿਉਣ ਦੀ ਜਾਚ ਸਿਖਾ ਦਿੱਤੀ। ਕੋਟ ਤੇ  ਵਾਸਕਟਾਂ ਵੀ ਹੱਥੀਂ ਕੱਟ ਕੇ ਸਿਉਣੇ ਸਿੱਖ ਲਏ। ਹੁਣ ਆਪਣੀ ਟੇਲਰ ਮਾਸਟਰ ਦੀ ਵਧੀਆ ਦੁਕਾਨ ਖੋਲ੍ਹਣ ਵਾਲੇ ਸੁਪਨੇ ਨੂੰ ਸਾਕਾਰ ਕਰਨਾ ਬਾਕੀ ਸੀ।

ਦੱਸਿਆ ਸੀ ਨਾ ... ਗੁਲ ਭਾਜੀ ਉਦੋਂ ਜੇਬੀਟੀ ਮਾਸਟਰ ਬਣ ਚੁਕੇ ਸਨ। ਮੀਂਹ, ਕਣੀਂ ਵਿਚ ਉਹ ਸਕੂਲੋਂ ਛੁੱਟੀ ਕਰ ਲੈਂਦੇ। ਮਹੀਨੇ ਬਾਅਦ ਉਨਾਂ ਨੂੰ ਬਿਨਾ ਕਟੌਤੀ, ਪੂਰੀ ਤਨਖਾਹ ਮਿਲ ਜਾਂਦੀ। ਐਪਰ ਕਮਾਈ ਕਰਨ ਲਈ ਸਾਨੂੰ ਸੁਰਜੀਤ ਟੇਲਰ ਮਸਟਰ ਦੀ ਦੁਕਾਨ 'ਤੇ ਜਾਣਾ ਹੀ ਪੈਂਦਾ ... ਉਦੋਂ ਮਨ 'ਚ ਖਿਆਲ ਆਇਆ ਕਿ ਆਪਣੇ ਕੰਮ ਨਾਲੋਂ ਸਰਕਾਰੀ ਨੌਕਰੀ ਲੱਖ ਦਰਜੇ ਚੰਗੀ ... ਤੇ ਅਸੀਂ ਵੀ ਦਰਜੀਪੁਣਾ ਤਿਆਗ ਕੇ ਸਰਕਾਰੀ ਨੌਕਰੀ ਲੈਣ ਬਾਰੇ ਸੋਚਣ ਲੱਗ ਪਾਏ।

ਅੱਜ ਵਾਂਗ, ਉਦੋਂ ਵੀ ਸਰਕਾਰੀ ਨੌਕਰੀਆਂ ਦੀ ਬੜੀ ਘਾਟ ਹੁੰਦੀ ਸੀ। ਪਰ ਸਿਦਕ, ਸਿਰੜ ਵਾਲੇ ਤੇ ਮਿਹਨਤੀ ਲੋਕਾਂ ਲਈ ਕੁਝ ਵੀ ਅਸੰਭਵ ਨਹੀਂ ਹੁੰਦਾ। ਉਹ ਜੇ ਚਾਹੁਣ ਤਾਂ ਆਸਮਾਨ ਤੋਂ ਤਾਰੇ ਵੀ ਤੋੜ ਸਕਦੇ ਨੇ ...

ਇਹ ਹਕੀਕਤ ਏ ਕਿ ਉਸ ਵੇਲੇ ਦਸਵੀਂ ਪਾਸ ਬੰਦੇ ਲਈ ਕੋਈ ਖਾਸ ਨੌਕਰੀ ਨਹੀਂ ਸੀ ਹੁੰਦੀ। ਅੱਜ ਵਾਂਗ ਨੌਕਰੀ ਲਈ ਅੱਗੇ ਪੜ੍ਹਨਾ ਬੜਾ ਜਰੂਰੀ ਹੁੰਦਾ ਸੀ। ਸੋ ਅਸਾਂ ਕੀ ਕੀਤਾ ਯਾਰ, ਬੇਲੀਆਂ ਨਾਲ ਰਾਏ ਬਣਾਈ ਤੇ ਹਾਲ ਗੇਟ ਵਾਲੇ ਸਵਰਨ ਸਿੰਘ ਭੂਈ ਦੇ ਗਿਆਨੀ ਕਾਲਜ ਵਿੱਚ ਦਾਖਲਾ ਲੈ ਲਿਆ। ਅੱਗੋਂ ਪ੍ਰੈੱਪ ਕਰਕੇ 'ਓਨਲੀ ਇੰਗਲਿਸ਼' ਬੀਏ ਕਰਨ ਦਾ ਵਿਚਾਰ ਬਣਾ ਲਿਆ। ਗਿਆਨੀ ਪਾਸ ਕਰਕੇ ਉਥੇ ਲਾਗੇ ਹੀ ਇੱਕ ਨਿੱਜੀ ਕਾਲਜ ਵਿੱਚ ਦਾਖਲਾ ਲੈ ਕੇ ਪ੍ਰੈੱਪ ਤੇ ਬੀਏ ਬੜੀ ਆਸਾਨੀ ਨਾਲ ਕਰ ਲਈ। ਅਸੀਂ ਗਰੈਜੂਏਟ ਤਾਂ ਬਣ ਗਏ ਪਰ ਸਰਕਾਰੀ ਨੌਂਕਰੀ ਹਾਲੇ ਵੀ ਜਿਵੇਂ ਕੋਹਾਂ ਦੂਰ ਸੀ। ਉਸ ਲਈ ਕੋਈ ਕਿੱਤਾ ਮੁਖੀ ਕੋਰਸ ਕਰਨਾ ਬੜਾ ਜਰੂਰੀ ਸੀ।

ਆਪਣੀ ਯੋਗਤਾ ਨੂੰ ਧਿਆਨ 'ਚ ਰੱਖਦਿਆਂ ਗੁਲ ਭਾਜੀ ਵਾਂਗ ਮਾਸਟਰੀ ਕਰਨ ਲਈ ਭਾਸ਼ਾ ਅਧਿਆਪਕ ਬਣਨ ਵਾਲਾ ਓਟੀ ਦਾ ਕੋਰਸ ਕਰਨ ਦਾ ਵਿਚਾਰ ਬਣਾ ਲਿਆ। ਕੁਝ ਮਿੱਤਰਾਂ ਨੂੰ ਹਿਸਾਰ ਦੇ ਇੱਕ ਸਿੱਖਿਆ ਕਾਲਜ ਵਿੱਚ ਚੱਲਦੇ ਇਸ ਕੋਰਸ ਦੀ ਦੱਸ ਪੈ ਗਈ। ਘਰਦਿਆਂ ਕੋਲੋਂ ਕਿਰਾਇਆ, ਭਾੜਾ ਲਿਆ ਤੇ ਰਲ, ਮਿਲ ਕੇ ਅਸੀਂ ਇੱਕ, ਦੋ ਮਿੱਤਰਾਂ ਨਾਲ ਹਿਸਾਰ ਵੱਲ ਚਾਲੇ ਪਾ ਦਿੱਤੇ।

ਉਦੋਂ ਅਸੀਂ ਖੂਹ ਦੇ ਡੱਡੂ ਹੁੰਦੇ ਸੀ ... ਜਿੰਦਗੀ ਦਾ ਪਹਿਲਾ ਸਫ਼ਰ ਸ਼ੁਰੂ ਹੋ ਗਿਆ ... ਸਫ਼ਰ, ਕਿਸੇ ਅਣਜਾਣ ਤੇ ਗਲੋਬ ਵਿਚਲੇ ਦੁਰੇਡੇ ਮੁਲਕ ਵਾਲੇ ਆਖਰੀ ਪੜਾਓ 'ਤੇ ਪੁੱਜਣ ਵਰਗਾ ... ਪੈਰ, ਪੈਰ 'ਤੇ ਅਮੁੱਕ ਸੰਸੇ ... ਜੋਖਮ ਭਰਪੂਰ ਸਫ਼ਰ ...

ਖੈਰ ! ਰੱਬ, ਰੱਬ ਕਰਦੇ ਅਸੀਂ ਉੱਥੇ ਪੁੱਜ ਗਏ। ਆਪਣੇ ਕਾਗਜ਼, ਪੱਤਰ ਭਰੇ। ਅੱਗੇ, ਕਾਲਜ ਅਧਿਕਾਰੀਆਂ ਦੀ ਸੁਣੋ ... ਉਨਾਂ ਸਾਨੂੰ ਸਿਰ ਤੋਂ ਪੈਰਾਂ ਤੀਕ ਨਿਹਾਰਿਆ ... ਸਾਡੇ ਕਾਗਜ਼, ਪੱਤਰ ਪੁਣੇ-ਛਾਣੇ ... ਰਾਜ ਪੱਧਰ ਦੀ ਪਾਤਰਤਾ ਅਤੇ ਨਾਗਰਿਕਤਾ ਦੀ ਘਾਟ ਦਰਸਾ ਦਿੱਤੀ ... ਅਖੀਰ, ਆਪਣੇ ਨਹੀਂ, ਕਿਸੇ ਬੇਗਾਨੇ ਮੁਲਕ ਦੇ ਬਸ਼ਿੰਦੇ ਗਰਦਾਨ ਸਾਨੂੰ ਦਾਖਲੇ ਲਈ ਥਾਏਂ ਨਾਂਹ ਕਰ ਦਿੱਤੀ ... ਬੜੀ ਬੇਇਨਸਾਫ਼ੀ ਹੋਈ ਸਾਡੇ ਨਾਲ ...

ਸਾਡੇ ਸਾਹ ਸੂਤੇ ਗਏ ... ਲੜਖੜਾਉਂਦੇ ਹੋਏ ਅਸੀਂ ਵਾਪਸ ਮੁੜ ਪਏ ... ਵਾਪਸੀ ਵੇਲੇ ਜਲੰਧਰ ਦੇ ਸਰਕਾਰੀ ਸਿੱਖਿਆ ਕਾਲਜ ਵਿੱਚ ਓਟੀ ਪੰਜਾਬੀ ਦਾ ਨਵਾਂ ਕੋਰਸ ਸ਼ੁਰੂ ਹੋਣ ਵਾਲੀ ਖਬਰ ਕੰਨੀ ਪੈ ਗਈ। ਹਿਸਾਰੋਂ ਆਉਂਦੇ ਅਸੀਂ ਜਲੰਧਰ ਉੱਤਰ ਗਏ ... ਤੇ ਆਉਂਦੇ ਹੋਏ ਕਿਸਮਤ ਅਜਮਾਉਣ ਲਈ ਉਥੇ ਵੀ ਆਪਣੀਆਂ ਅਰਜ਼ੀਆਂ ਦੇ ਆਏ। ਕੋਈ ਨਤੀਜਾ ਨਾ ਨਿਕਲਿਆ ... ਇਨਾਂ ਦਾਖਲਾ ਅਰਜ਼ੀਆਂ ਬਾਰੇ ਅਸੀਂ ਖੁਦ ਵੀ ਭੁੱਲ-ਭਲਾ ਗਏ।

ਰੱਖੇ ਰੱਬ ਤੇ ਮਾਰੇ ਕੌਣ ... ਬੜਾ ਮਜ਼ੇਦਾਰ ਭਾਣਾ ਵਾਪਰਿਆ। ਇੱਕ ਦਿਨ ਦੀ ਗੱਲ ਸੁਣੋ... ਤੜਕੇ ਸਵੇਰੇ ਪਿਤਾ ਸ਼੍ਰੀ 557, ਈਸਟ ਮੋਹਨ ਨਗਰ ਵਾਲੀ ਕੋਠੀ ਦੇ ਸਾਮ੍ਹਣੇ ਖਾਲੀ ਪਏ ਪਲਾਟ ਵਿੱਚ ਗੇੜੀ ਲਾ ਰਹੇ ਸੀ ... ਨਾਲ ਹੀ ਉਹ ਚੁੱਲ੍ਹੇ, ਤੰਦੂਰ ਨੂੰ ਮਘਾਉਣ ਲਈ ਪੱਥੀਆਂ ਹੋਈਆਂ ਪਾਥੀਆਂ ਨੂੰ ਧੁੱਪ ਲਗਵਾਉਣ ਵਾਸਤੇ ਉੱਥਲ, ਪੁੱਥਲ ਕਰ ਰਹੇ ਸੀ ... ਅਚਾਨਕ ਰੂੜੀ ਦੇ ਢੇਰ 'ਚ ਪਿਆ ਸਰਕਾਰੀ ਟਿਕਟ ਵਾਲਾ ਇੱਕ ਲਿਫ਼ਾਫ਼ਾ ਉਨਾਂ ਦੇ ਹੱਥ ਲੱਗ ਗਿਆ। ਲਿਫ਼ਾਫ਼ੇ 'ਤੇ ਸਾਡਾ ਨਾਂ ਪੜ੍ਹਦਿਆਂ ਸਾਰ ਉਨਾਂ ਸਾਨੂੰ ਆਪਣੇ ਕੋਲ ਬੁਲਾ ਲਿਆ। ਤੌਬਾ ! ਤੌਬਾ !! ਬੜੀ ਗੁੱਸੇ ਭਰੀ ਤੇ ਰੋਬੀਲੀ ਆਵਾਜ਼ ਮਾਰੀ ਸੀ ... ਆਵਾਜ਼ ਸੁਣ ਅਸੀਂ ਹੱਥ ਵਿੱਚਲਾ ਨਾਸ਼ਤਾ ਛੱਡ ਭੱਜੇ, ਭੱਜੇ ਬਾਹਰ ਨੂੰ ਆ ਗਏ।

ਡਰ ਨਾਲ ਕੰਬਦਿਆਂ ਅਸਾਂ ਪਿਤਾ ਸ੍ਰੀ ਹੱਥੋਂ ਲਿਫ਼ਾਫ਼ਾ ਲਿਆ ਤੇ ਖੋਲ੍ਹ ਕੇ ਉਸ ਵਿੱਚਲੇ ਪੱਤਰ ਨੂੰ ਪੜ੍ਹਨ ਲੱਗ ਪਏ । ਸੱਚੀ ! ਰਹਿੰਦੇ ਸੁਆਸਾਂ ਨੂੰ ਮੱਘਦੇ ਰੱਖਣ ਵਾਲਾ ਪੱਤਰ ਸੀ ... ਜਲੰਧਰ ਵਾਲੇ ਸਰਕਾਰੀ ਸਿੱਖਿਆ ਕਾਲਜ ਨੇ ਆਪਣੇ ਪੰਜਾਬੀ ਵਾਲੇ ਓਟੀ ਦੇ ਨਵੇਂ ਕੋਰਸ ਵਿੱਚ ਦਾਖਲੇ ਲਈ ਸੱਦਾ ਭੇਜਿਆ ਸੀ ... ਸੱਦਾ ਪੱਤਰ, ਜਿਸ 'ਤੇ ਨਾਂ ਤਾਂ ਸਾਡਾ ਹੀ ਸੀ ਪਰ ਪਿਤਾ ਦਾ ਨਾਂ 'ਉਜਾਗਰ ਰਾਮ' ਲਿਖਿਆ ਹੋਇਆ ਸੀ ... ਖੈਰ ! ਕੰਬਦੇ ਹੱਥਾਂ ਨਾਲ ਚਿੱਠੀ ਖੋਲ੍ਹੀ ਤੇ ਅੱਖਰ, ਅੱਖਰ ਪੜ੍ਹੀ । ਲਿਖਿਆ ਸੀ ਕਿ ਤੁਹਾਨੂੰ ਦਾਖਲੇ ਲਈ ਸੱਦਾ ਦਿੱਤਾ ਜਾਂਦਾ ਹੈ ... ਜੇ ਤੁਸੀਂ ਦਾਖਲਾ ਚਾਹੁੰਦੇ ਹੋ ਤਾਂ ਦਸ ਦਿਨਾਂ ਦੇ ਅੰਦਰ, ਅੰਦਰ ਕੋਰਸ ਦੀ ਬਣਦੀ ਸਲਾਨਾ ਫੀਸ ਦੇ ਪਚਾਸੀ ਰੁਪਏ ਤੁਰੰਤ ਜਮਾਂ ਕਰਵਾਓ ...

ਦਸ ਦਿਨਾਂ ਵਾਲੀ ਸ਼ਰਤ ਦਾ ਸੁਣ ਪਿਤਾ ਸ੍ਰੀ ਨੇ ਸਾਡੇ ਹੱਥੋਂ ਚਿੱਠੀ ਲੈ ਲਈ ਤੇ ਉਸਦੇ ਜਾਰੀ ਹੋਣ ਦਾ ਹਿਸਾਬ, ਕਿਤਾਬ ਲਾਉਣ ਲੱਗ ਪਏ । ਮਿਤੀ ਦੀ ਘੋਖ, ਪੜਤਾਲ ਕੀਤੀ ... ਪਤਾ ਲੱਗਾ ਕਿ ਉਹ ਚਿੱਠੀ ਨੌਂ ਦਿਨ ਪਹਿਲਾਂ ਘਰ ਆਈ ਸੀ ... ਬੇਧਿਆਨੀ ਵੇਖੋ ... ਹੱਦ ਦਰਜੇ ਦੀ ਬੇਧਿਆਨੀ ... ਉਹ ਬੇਸ਼ਕੀਮਤੀ ਚਿੱਠੀ, ਘਰ ਦੀ ਹੂੰਝਾ, ਪੋਚੀ ਦੌਰਾਨ ਕਿਸੇ ਅਨਪੜ੍ਹ ਸਖਸ਼ ਦੁਆਰਾ ਰੂੜੀ ਦੇ ਢੇਰ 'ਤੇ ਸੁੱਟ ਦਿੱਤੀ ਗਈ ... ਉਹੀਓ ਚਿੱਠੀ ਜਿਸ ਦਿਨ ਸਾਡੇ ਹੱਥ ਲੱਗੀ ਉਸ ਦਿਨ ਜਲੰਧਰ ਵਾਲੇ ਕਾਲਜ ਵਿੱਚ ਫੀਸ ਜਮਾਂ ਕਰਵਾਉਣ ਵਾਲਾ ਆਖਰੀ ਦਿਨ ਸੀ ...

ਪਿਤਾ ਸ੍ਰੀ ਨੇ ਸਿਆਣਪ ਵਰਤੀ ... ਫਟਾ-ਫਟ ਸਾਨੂੰ ਫੀਸ ਜਮਾਂ ਕਰਵਾਉਣ ਲਈ ਜਲੰਧਰ ਤੁਰ ਜਾਣ ਦਾ ਪੁਲਸੀਆਂ ਹੁਕਮ ਚਾੜ੍ਹ ਦਿੱਤਾ । ਅਸਾਂ ਦਲੀਲ ਦਿੱਤੀ ਕਿ ਇਹ ਚਿੱਠੀ ਸਾਡੀ ਨਹੀਂ ... ਕਿਸੇ ਰਾਖਵੀਂ ਸ਼੍ਰੇਣੀ ਵਾਲੇ 'ਉਜਾਗਰ ਰਾਮ' ਦੇ ਮੁੰਡੇ ਹਰਦੇਵ ਸਿੰਘ ਦੀ ਹੋਏਗੀ ਪਰ ਉਸ ਦਿਨ ਉਨਾਂ ਸਾਡੀ ਇੱਕ ਨਾ ਸੁਣੀ ...

ਮਾਤਾ ਸ੍ਰੀ ਨੇ ਵੀ ਚਾਈਂ, ਚਾਈਂ ਆਪਣੀ ਗੁਥਲੀ 'ਚੋਂ ਆਉਣ, ਜਾਣ ਦੇ ਭਾੜੇ ਵਾਲੀ ਰਕਮ ਸਾਨੂੰ ਫੜਾ ਦਿੱਤੀ ... ਬੱਸੇ ਚੜ੍ਹ ਅਸੀਂ ਜਲੰਧਰ ਜਾ ਪਹੁੰਚੇ ... ਬੱਸ ਤੋਂ ਉੱਤਰ ਪੁੱਛਦੇ, ਪੁੱਛਾਉਂਦੇ ਅਸੀਂ ਸਮੇ ਸਿਰ ਲਾਡੋ ਵਾਲੀ ਸੜਕ 'ਤੇ ਸਰਕਾਰੀ ਕਾਲਜ ਪੁੱਜ ਗਏ ।

ਝੱਕਦੇ, ਝੱਕਦੇ ਦਫ਼ਤਰ ਅੰਦਰ ਚਲੇ ਗਏ ... ਸੁਪਰਡੈਂਟ ਸਾਹਿਬ ਨੂੰ ਮਿਲੇ ਤੇ ਬੜੀ ਆਜਜ਼ੀ ਨਾਲ ਚਿੱਠੀ ਵਿਖਾਉਂਦਿਆਂ ਬੇਨਤੀ ਕੀਤੀ, 'ਸਰ ਜੀ ! ਇਹ ਦਾਖਲੇ ਵਾਲੀ ਚਿੱਠੀ ਤਾਂ ਸਾਡੇ ਨਾਂ ਦੀ ਏ ਪਰ ਇਸ 'ਤੇ ਸਾਡੇ ਪਿਤਾ ਜੀ ਦਾ ਨਾਂ ਗ਼ਲਤ ਲਿਖਿਆ ਹੋਇਆ ਏ' ...

ਸੁਪਰਡੈਂਟ ਸਾਹਿਬ ਨੇ ਸਾਨੂੰ ਬੜੇ ਧਿਆਨ ਨਾਲ ਸੁਣਿਆ । ਫੋਨ ਰਾਹੀਂ ਪ੍ਰਿੰਸੀਪਲ ਨਾਲ ਗੱਲ ਕੀਤੀ ਤੇ ਸਾਡੇ ਮਿਲਣ ਵਾਲੀ ਆਗਿਆ ਲੈ, ਚਿੱਠੀ ਸਮੇਤ ਸਾਨੂੰ ਉਨਾਂ ਦੇ ਕਮਰੇ ਵੱਲ ਤੋਰ ਦਿੱਤਾ ।

ਕੰਬਦੇ, ਡੋਲਦੇ ਅਸੀਂ ਬਾਹਰ ਬੈਠੇ ਚਪੜਾਸੀ ਕੋਲੋਂ ਪ੍ਰਵਾਨਗੀ ਲੈ ਪ੍ਰਿੰਸੀਪਲ ਦੇ ਕਮਰੇ 'ਚ ਚਲੇ ਗਏ। ਬੜੇ ਅਦਬ ਨਾਲ ਝੁੱਕੇ ... ਪ੍ਰਿੰਸੀਪਲ ਸਾਹਿਬਾ ਨੂੰ ਨਮਸਤੇ ਬੁਲਾਈ ... ਉਨਾਂ ਨੂੰ ਹੱਥ ਵਾਲਾ ਪੱਤਰ

ਦਿੰਦਿਆਂ ਰੋਣੀ ਤੇ ਗੁਰਬਤ ਭਰੀ ਆਵਾਜ਼ ਵਿੱਚ ਆਪਣੇ ਪਿਤਾ ਜੀ ਦੇ ਗ਼ਲਤ ਨਾਂ ਵਾਲੀ ਗੱਲ ਦੁਹਰਾ ਦਿੱਤੀ ।

ਪ੍ਰਿੰਸੀਪਲ ਸਾਹਿਬਾ ਨੇ ਨਜ਼ਰ ਵਾਲੀ ਐਨਕ ਲਾਈ ... ਬੜੇ ਧਿਆਨ ਨਾਲ ਪੱਤਰ ਪੜ੍ਹਿਆ ... ਸਾਨੂੰ ਉੱਪਰ ਤੋਂ ਹੇਠਾਂ ਤੀਕ ਨੀਝ ਲਾ ਕੇ ਸਕੈਨ ਕੀਤਾ ... ਫਿਰ ਕੀ ਹੋਇਆ, ਸਾਡੀ ਰੋਣੀ ਸੂਰਤ ਦਾ ਮਨਚਾਹਿਆ ਜਾਦੂ ਚੱਲ ਗਿਆ ... ਉਨਾਂ ਨੇ ਉਸੇ ਵੇਲੇ ਸਾਨੂੰ ਖਜ਼ਾਨਚੀ ਕੋਲ ਬਣਦੀ ਫੀਸ ਜਮਾਂ ਕਰਵਾਉਣ ਦਾ ਫੁਰਮਾਨ ਜਾਰੀ ਕਰ ਦਿੱਤਾ । ਅੰਨਾ ਕੀ ਭਾਲੇ ਦੋ ਅੱਖੀਆਂ ... ਅਸੀਂ ਨਾਲ ਲਿਆਂਦੀ ਹੋਈ ਸਾਰੇ ਸਾਲ ਦੀ ਬਣਦੀ ਫੀਸ ਜਮਾਂ ਕਰਵਾਈ ਤੇ ਦਾਖਲਾ ਲੈ, ਖੁਸ਼ੀ ਵਿੱਚ ਫੁੱਲੇ ਨਾ ਸਮਾਉਂਦੇ ਹੋਏ ਵਾਪਸੀ ਡਾਕੇ ਘਰ ਆ ਗਏ ।

ਅੱਗਲੇ ਦਿਨ ਅਸੀਂ ਚਾਰ ਕੁ ਭਾਂਡੇ, ਟੀਂਡੇ ਲੈ ਕੋਰਸ ਕਰਨ ਲਈ ਜਲੰਧਰ ਤੁਰ ਗਏ । ਕੋਰਸ ਕਦੋਂ ਪੂਰਾ ਹੋਇਆ, ਦਿਨਾਂ ਦਾ ਪਤਾ ਹੀ ਨਾ ਲੱਗਿਆ । ਸਰਟੀਫਿਕੇਟ ਮਿਲਣ ਤੋਂ ਪਹਿਲਾਂ ਹੀ ਪਿਤਾ ਸ਼੍ਰੀ ਨੇ ਰੋਜ਼ਗਾਰ ਦਫਤਰ ਰਾਹੀਂ ਸਾਡੀ ਪੋਸਟਿੰਗ ਤਰਨਤਾਰਨ ਵਾਲੇ ਪਿੰਡ, ਪੰਡੋਰੀ ਗੋਲਾ ਦੇ ਮਿਡਲ ਸਕੂਲ 'ਚ ਕਰਵਾ ਦਿੱਤੀ । ਤਿੰਨ ਕੁ ਮਹੀਨਿਆਂ ਦੀ ਠਾਹਰ ਤੋਂ ਬਾਅਦ ਰੋਜ਼ਗਾਰ ਦਫਤਰ ਰਾਹੀਂ ਸਾਨੂੰ ਚਵਿੰਡਾ ਦੇਵੀ ਵਾਲੇ ਹਾਈ ਸਕੂਲ ਵਿੱਚ ਨੌਕਰੀ ਮਿੱਲ ਗਈ ।

ਪੰਜ ਕੁ ਸਾਲਾਂ ਬਾਅਦ ਅਸੀਂ ਨੇੜਲੇ ਮਿਹਰਬਾਨਪੁਰੇ ਪਿੰਡ ਵਾਲੇ ਮਿਡਲ ਸਕੂਲ ਵਿੱਚ ਆ ਗਏ। ਬੀਤੀ ਸਦੀ ਦੇ ਅੱਠਵੇਂ ਦਹਾਕੇ ਦੇ ਅਖੀਰ ਵਿੱਚ ਅਸਾਂ ਖੁਦ ਅੰਤਰ ਜਿਲ੍ਹਾ ਬਦਲੀ ਕਰਵਾ ਲਈ ... ਅੰਮ੍ਰਿਤਸਰ ਵਾਲੇ ਮਿਹਰਬਾਨਪੁਰੇ ਦੇ ਸਕੂਲੋਂ ਅਸੀਂ ਮੋਹਾਲੀ ਦੇ ਪਿੰਡ ਬਲਟਾਣੇ ਵਾਲੇ ਸਰਕਾਰੀ ਮਿਡਲ ਸਕੂਲ ਪੁੱਜ ਗਏ । ਉਦੋਂ ਇਹ ਸਕੂਲ ਪਟਿਆਲੇ ਵਿੱਚ ਪੈਂਦਾ ਸੀ । ਆਰਡਰ ਤਾਂ ਸਾਡੇ ਮੋਹੀ ਖੁਰਦ ਵਾਲੇ ਸੀਨੀਅਰ ਸੈਕੰਡਰੀ ਸਕੂਲ ਦੇ ਹੋਏ ਸਨ ਪਰ ਉਦੋਂ ਹੀ ਕਰਨੀ ਰੱਬ ਦੀ, ਬਲਟਾਣੇ ਵਾਲੇ ਸਕੂਲ ਦੇ ਪੰਜਾਬੀ ਵਾਲੇ ਮੈਡਮ ਬੜੇ ਦਰਦਨਾਕ ਸੜਕ ਹਾਦਸੇ ਦੌਰਾਨ ਰੱਬ ਨੂੰ ਪਿਆਰੇ ਹੋ ਗਏ ... ਤੇ ਅਸੀਂ ਖਾਲੀ ਹੋਈ ਉਸ ਪੰਜਾਬੀ ਮਾਸਟਰ ਵਾਲੀ ਪੋਸਟ ਲਈ ਐਡਜਸਟਮੈਂਟ ਕਰਵਾ ਲਈ ... ਉਥੋਂ ਹੀ ਅਸੀਂ ਸਿਖਿਆ ਮੰਤਰੀ ਦੇ ਨਾਲ ਡੀਪੀਆਈ ਸਕੂਲਜ਼ ਪੰਜਾਬ ਦੇ ਪ੍ਰੈੱਸ ਲਾਇਜਨ ਅਫਸਰ ਅਤੇ ਡੀਪੀਆਈ ਕਾਲਜਾਂ, ਪੰਜਾਬ ਦੇ ਦਫ਼ਤਰ ਵਿੱਚ ਸੰਪਾਦਕ ਦੇ ਆਹੁਦੇ 'ਤੇ ਸੇਵਾ ਨਿਭਾਉਂਦੇ ਮੋਹਾਲੀ ਜਿਲ੍ਹੇ ਦੇ ਸੀਨੀਅਰ ਸੈਕੰਡਰੀ ਸਕੂਲ, ਰਾਮ ਗੜ੍ਹ ਭੁੱਡਾ ਤੋਂ ਸੁੱਖ, ਸੁੱਖਾਂ ਨਾਲ ਬਤੌਰ ਪੰਜਾਬੀ ਲੈਕਚਰਾਰ ਸੇਵਾ ਮੁਕਤ ਹੋ ਗਏ । ਭਲਾ ਹੋਵੇ ਸਾਡੇ ਨਾਂ ਵਾਲੇ ਮੁੰਡੇ ਦੇ ਪਿਓ 'ਉਜਾਗਰ ਰਾਮ' ਦਾ ... 'ਉਜਾਗਰ ਰਾਮ' ਜਿਸ ਦੀ ਬਦੌਲਤ ਸਾਨੂੰ ਮਨਚਾਹੀ ਨੌਕਰੀ ਵਾਲੀ ਬੇਸ਼ਕੀਮਤੀ ਦਾਤ ਮਿਲੀ । ਰੱਬ ਉਸਦੇ ਆਰ, ਪਰਿਵਾਰ ਨੂੰ ਵੀ ਸਾਡੇ ਵਾਂਗ ਅਪਾਰ ਖੁਸ਼ੀਆਂ ਦੀ ਬਖਸ਼ਿਸ਼ ਕਰੇ ...

# ਇਲਮ ਦੀਨ

ਦੱਸਿਆ ਸੀ ਨਾ ... ਇਲਮ ਦੀਨ ਸਾਡੇ ਨਹੀਂ, ਪਿਤਾ ਸ੍ਰੀ ਦੇ ਉਸਤਾਦ ਹੁੰਦੇ ਸਨ। ਗੱਲ, ਬਟਵਾਰੇ ਤੋਂ ਪਹਿਲਾਂ ਦੀ ਏ। ਅਟਾਰੀ ਪਾਰ, ਵਾਹਗੇ ਬਾਡਰ ਦੇ ਕੋਲ ਨੜਵੜ, ਸਾਡਾ ਪਿੰਡ ਹੁੰਦਾ ਸੀ। ਪਿੰਡ 'ਚ ਇੱਕ ਮਸੀਤ ਹੁੰਦੀ ਤੇ ਮਸੀਤ ਦਾ ਵਿਹੜਾ ਪਿਤਾ ਸ੍ਰੀ ਦਾ ਮਦਰੱਸਾ ਹੁੰਦਾ ...

ਅਸੀਂ ਕਿਸਮਤ ਵਾਲੇ ਹਾਂ। ਸਾਡੇ ਲਈ ਥਾਂ, ਥਾਂ ਸਰਦੀਆਂ 'ਚ ਗਰਮ ਅਤੇ ਗਰਮੀਆਂ 'ਚ ਸਰਦ ਰਹਿਣ ਵਾਲੇ ਆਲੀਸ਼ਾਨ ਸਕੂਲ ਖੁੱਲ ਗਏ। ਵਿੱਦਿਆ ਦੇ ਪਸਾਰੇ ਲਈ ਕੰਪਿਊਟਰ, ਮੋਬਾਈਲ ਫੋਨ, ਕੈਲਕੁਲੇਟਰ ਤੇ ਡਿਜੀਟਲ ਤਖ਼ਤਿਆਂ ਸਮੇਤ ਹੋਰ ਕਈ ਉਪਕਰਣ ਸਾਨੂੰ ਗਲੋਬ ਪਿੰਡ ਦੀ ਵਿੱਦਿਆ ਦੇਣ 'ਚ ਸਹਾਈ ਹੋ ਰਹੇ ਨੇ ...

ਗੱਲ ਮਦਰੱਸੇ ਦੀ ਹੋ ਰਹੀ ਸੀ। ਉਥੇ ਘੁੰਮਣ ਵਾਲੀਆਂ ਕੁਰਸੀਆਂ ਤੇ ਮੇਜ਼ ਨਹੀਂ ਸਨ ਹੁੰਦੇ। ਪਿਤਾ ਜੀ ਹੋਰਨਾਂ ਵਿਦਿਆਰਥੀਆਂ ਵਾਂਗ ਜ਼ਮੀਨ 'ਤੇ ਬੈਠ ਕੇ ਪੜ੍ਹਿਆ ਕਰਦੇ। ਇੱਕੋ ਉਸਤਾਦ, ਇਲਮ ਦੀਨ ਉਨਾਂ ਨੂੰ ਸ਼ਾਹਮੁਖੀ, ਇਤਿਹਾਸ, ਭੂਗੋਲ ਤੇ ਹਿਸਾਬ, ਕਿਤਾਬ ਦੇ ਨੁਕਤੇ ਪੜਾਉਂਦੇ। ਸਵੇਰੇ ਅਲਫ਼,ਬੇ ,ਪੇ ਰਟਿਆ ਜਾਂਦਾ ਸੀ ਤੇ ਛੁੱਟੀ ਹੋਣ ਤੋਂ ਪਹਿਲਾਂ ਪਹਾੜੇ ਯਾਦ ਕੀਤੇ ਜਾਂਦੇ। ਰੁੱਖੇ ਤੇ ਖੁਸ਼ਕ ਜਿਹੇ ਇਤਿਹਾਸ, ਭੂਗੋਲ ਦੇ ਵਿਸ਼ੇ ਵੀ ਉਹ ਬੜੇ ਅਨੋਖੇ ਅਤੇ ਦਿਲਚਸਪ ਤਰੀਕੇ ਨਾਲ ਪੜ੍ਹਾਉਂਦੇ।

ਜਿਸਮਾਨੀ ਤੌਰ 'ਤੇ ਜਮਾਤ 'ਚ ਬੈਠੇ ਉਸਤਾਦ, ਸਾਰੇ ਬੱਚਿਆਂ ਨੂੰ ਲਾਰੀ 'ਚ ਬਿਠਾ ਲਾਹੌਰ ਤੋਂ ਦਿੱਲੀ ਨੂੰ ਰਵਾਨਾ ਹੋ ਜਾਂਦੇ। ਖਿਆਲੀ ਲਾਰੀ ਕੱਚੇ, ਪੱਕੇ ਭੱਜੀ ਜਾਣੀ ਤੇ ਪਿਤਾ ਸ੍ਰੀ ਨੇ ਦੂਜੇ ਬਾਲਾਂ ਸਮੇਤ ਰਸਤੇ 'ਚ ਆਉਣ ਵਾਲੇ ਅੱਡਿਆਂ ਦੇ ਨਾਂ ਉਚਾਰਦੇ ਜਾਣਾ ... ਜੱਲੋ ... ਅਟਾਰੀ ... ਪੁਤਲੀਘਰ ... ਅੰਮ੍ਰਿਤਸਰ ... ਜੰਡਿਆਲਾ ਗੁਰੂ ... ਰਈਆ ... ਬਿਆਸ ... ਜਲੰਧਰ ... ਲੁਧਿਆਣਾ ... ਅੰਬਾਲਾ ... ਪਿਪਲੀ ... ਕਰਨਾਲ ... ਪਾਣੀਪਤ ... ਸੋਨੀਪਤ ... ਦਿੱਲੀ ...

ਪਿਤਾ ਸ੍ਰੀ ਆਪਣੇ ਉਸਤਾਦ ਦੇ ਬੜੇ ਚਹੇਤੇ ਸ਼ਗਿਰਦ ਹੁੰਦੇ। ਅਖੀਰ ਤੀਕ, ਉਹਨਾਂ ਦੀ ਲਿਖਤ ਇੰਝ ਪ੍ਰਤੀਤ ਹੁੰਦੀ ਸੀ ਜਿਵੇਂ ਕਿਸੇ ਨੇ ਮੋਤੀਆਂ ਦੀ ਗਾਨੀ ਪਰੋਈ ਹੋਵੇ। ਉਨਾਂ ਦੀ ਯਾਦ ਸ਼ਕਤੀ ਸਮੇਤ ਉਰਦੂ, ਅੰਗਰੇਜ਼ੀ ਅਤੇ ਹਿਸਾਬ ਦਾ ਗਿਆਨ ਤੌਬਾ, ਤੌਬਾ... ਤੁਰਦੇ ਫਿਰਦੇ 'ਗਿਆਨ ਕੋਸ਼' ਲੱਗਦੇ। ਉਸਤਾਦਾਂ ਨੇ ਉਨਾਂ ਨੂੰ ਬੜੇ ਸ਼ੌਂਕ ਨਾਲ ਪੜ੍ਹਾਇਆ ਹੋਏਗਾ। ਉਹਨਾਂ ਦੇ ਮਨ ਵਿੱਚ ਵੀ ਪੜ੍ਹ, ਲਿਖਕੇ ਕੁਝ ਕਰ ਵਿਖਾਉਣ ਦੀ ਇੱਛਾ ਜਾਗੀ ਹੋਏਗੀ ... ਅੱਜ ਦੇ ਮੋਬਾਈਲ ਅਤੇ ਲੈਪ ਟੌਪਾਂ ਵਾਲੇ

ਯੁੱਗ ਵਿੱਚ ਸੁਹਣਾ ਲਿਖਣ ਦਾ ਅਭਿਆਸ ਕੋਈ ਨਹੀਂ ਕਰਦਾ ... ਸਲੀਕੇ ਨਾਲ ਸ਼ੁੱਧ ਭਾਸ਼ਾ ਬੋਲਣ ਅਤੇ ਉਚਾਰਣ ਦੀ ਕੋਸ਼ਿਸ਼ ਵੀ ਵਿਰਲੇ, ਟਾਵੇਂ ਵਿਦਿਆਰਥੀ ਹੀ ਕਰਦੇ ... ਉਜਾੜਿਆਂ ਦੇ ਮਾਰੇ ਸਾਡੇ ਵੱਡੇਰਿਆਂ ਦੇ ਪਰਿਵਾਰ ਵਿੱਚੋਂ ਸਿਪਾਹੀ ਭਰਤੀ ਹੋਏ ਪਿਤਾ ਸ੍ਰੀ ਆਪਣੀ ਲਿਆਕਤ ਅਤੇ ਸੂਝ, ਬੂਝ ਨਾਲ ਡੀਐੱਸਪੀ ਦੇ ਰੁਤਬੇ 'ਤੇ ਪਹੁੰਚ ਗਏ ...

ਬੱਚੇ ਦਾ ਪਹਿਲਾ ਅਧਿਆਪਕ ਉਸਦੀ ਮਾਂ ਹੁੰਦੀ । ਲੋਰੀਆਂ ਦੇਂਦੀ, ਬਾਤਾਂ ਪਾਉਂਦੀ ਤੇ ਗੁਣਗੁਣਾਉਂਦੀ ਹੋਈ ਮਾਂ ਆਪਣੇ ਬੱਚੇ ਨੂੰ ਮਾਂ ਬੋਲੀ ਸਿਖਾਉਂਦੀ । ਤੇ ਬੱਚੇ ਨੂੰ ਵੇਖੋ, ਬੜੇ ਗਹੁ ਨਾਲ ਆਪਣੀ ਮਾਂ ਦਾ ਚਿਹਰਾ ਪੜ੍ਹਦਾ । ਜਦੋਂ ਮਾਂ ਕੁਝ ਬੋਲਦੀ ਹੋਏ ਤਾਂ ਉਹ ਮਾਂ ਦੇ ਚਿਹਰੇ ਨੂੰ ਇਵੇਂ ਵਾਚਦਾ ਜਿਵੇਂ ਕੋਈ ਵਿਦਿਆਰਥੀ, ਜਮਾਤ ਵਿੱਚ ਬੈਠਾ, ਬਲੈਕ ਬੋਰਡ 'ਤੇ ਹੱਲ ਕੀਤਾ ਹੋਇਆ ਕੋਈ ਸੁਆਲ ਸਮਝ ਰਿਹਾ ਹੋਵੇ ... ਅੱਖਰਾਂ ਦੀ ਬਣਤਰ ਨੂੰ ਆਪਣੇ ਦਿਮਾਗ ਪਰਦੇ 'ਤੇ ਅੰਕਿਤ ਕਰ ਰਿਹਾ ਹੋਵੇ ... ਉਸਦੀਆਂ ਅੱਖਾਂ, ਉਸਦੇ ਕੰਨ ਤੇ ਉਸਦਾ ਦਿਮਾਗ ਮਿਲ, ਮਿਲਾ ਕੇ ਆਪਣੀ ਮਾਂ ਦੀ ਬੋਲੀ ਸਿੱਖਦੇ । ਸਕੂਲ ਦੇ ਅਧਿਆਪਕ ਉਸਨੂੰ ਪੜ੍ਹਾਈ, ਲਿਖਾਈ ਸਿਖਾਉਂਦੇ ਤੇ ਵੇਲਿਆਂ ਦੇ ਹਾਣੀ ਬਣਾਉਂਦੇ ...

ਸਲੇਟ, ਸਲੇਟੀਆਂ, ਫੱਟੀਆਂ, ਗਾਚੀਆਂ ਤੇ ਕਲਮਾਂ, ਦੁਆਤਾਂ ਵਾਲੇ ਯੁਗ 'ਚ ਧਿਆਨ ਨਾਲ ਸੁਣਕੇ ਤੇ ਸਮਝਕੇ ਲਿਖਦੇ, ਪੜ੍ਹਦੇ ਅਸੀਂ ਵੀ ਅਧਿਆਪਕ ਬਣ ਗਏ । ਪਿਤਾ ਸ੍ਰੀ, ਆਪਣੇ ਪਹਿਲੇ ਅਧਿਆਪਕ ਕੋਲੋਂ ਮਨ ਹੀ ਮਨ, ਅੱਖਰਾਂ ਨੂੰ ਸੋਹਣੇ ਆਕਾਰਾਂ ਵਿੱਚ ਚਿਤਰਨ, ਲਿਖਣ ਤੇ ਉਚਾਰਨ ਦੀ ਜਾਚ ਸਿੱਖ ਹੀ ਲਈ ਸੀ । ਸੋ ਆਪਣੇ ਵਿਦਿਆਰਥੀਆਂ ਨੂੰ ਜਿੰਨਾਂ ਚਿਰ ਇਲਮ ਵੰਡਿਆ, ਲੱਗਦੀ ਵਾਹੇ ਸ਼ਬਦਾਂ ਨੂੰ ਸਹੀ ਤਰੀਕੇ ਨਾਲ ਉਚਾਰਨ ਅਤੇ ਸਹੀ ਤਰੀਕੇ ਨਾਲ ਲਿਖਣ ਲਈ ਪ੍ਰੇਰਤ ਕਰਦੇ ਰਹੇ ।

ਗੱਲ, ਹੁਣ ਬੋਧ ਰਾਜ ਦੀ ਕਰਦੇ ਹਾਂ । ਬੋਧ ਰਾਜ ਸਾਡੇ ਬਲਟਾਣੇ ਸਕੂਲ ਵਿੱਚ ਛੇਵੀਂ ਦਾ ਵਿਦਿਆਰਥੀ ਹੁੰਦਾ ਸੀ । ਪੜ੍ਹਦਾ, ਲਿਖਦਾ ਲਗਾਂ, ਮਾਤਰਾਵਾਂ ਵੱਲ ਬਹੁਤਾ ਧਿਆਨ ਨਹੀਂ ਸੀ ਦਿੰਦਾ। ਹਮੇਸ਼ਾ ਸਿਹਾਰੀ ਦੀ ਥਾਂ ਬਿਹਾਰੀ ਤੇ ਬਿਹਾਰੀ ਦੀ ਥਾਂ ਸਿਹਾਰੀ ਵਰਤਣਾ ਉਸਦਾ ਅਸੂਲ ਹੁੰਦਾ । ਉੱਲੂ ਨੂੰ ਊਲੁ, ਬਿੱਲੀ ਨੂੰ ਬੀਲੀ ਅਤੇ ਤਿਤਲੀ ਨੂੰ ... ਤੀਤਲੀ ਲਿਖਦਾ । ਉਸਦੀ ਪੰਜਾਬੀ ਵਾਲੀ ਕਾਪੀ ਦੇ ਹਰ ਸਫ਼ੇ 'ਤੇ ਹਮੇਸ਼ਾ ਗ਼ਲਤੀਆਂ ਵਾਲੇ ਪੰਦਰਾਂ, ਵੀਹ ਗੋਲ ਦਾਇਰੇ ਬਣੇ ਹੁੰਦੇ ।

ਭੱਜ, ਨੱਠ ਵਾਲੇ ਤੇ ਖੇਡਾਂ ਵਾਲੇ ਸਾਰੇ ਕੰਮਾਂ 'ਚ ਉਹ ਬੜਾ ਹੁਸ਼ਿਆਰ ਹੁੰਦਾ ਸੀ ਪਰ ਪੰਜਾਬੀ ਨੂੰ ਲਿਖਣ ਵੇਲੇ ਹਮੇਸ਼ਾ ਅਣਗਹਿਲੀ ਵਰਤ ਜਾਂਦਾ । ਪੜ੍ਹਾਈ, ਲਿਖਾਈ ਵੇਲੇ ਉਸਦੀ ਬਿਰਤੀ ਹਮੇਸ਼ਾ ਹੀ ਖੰਡਿਤ ਰਹਿੰਦੀ ਸੀ ...ਲਿਖਣ ਤੋਂ ਪਹਿਲਾਂ ਸ਼ਬਦਾਂ ਨੂੰ ਧਿਆਨ ਨਾਲ ਨਹੀਂ ਸੀ ਸੁਣਦਾ... ਅੱਖਰਾਂ ਨੂੰ ਧਿਆਨ ਨਾਲ ਆਕਾਰਾਂ ਵਿੱਚ ਚਿਤਰਨ ਦੀ ਕੋਸ਼ਿਸ਼ ਨਹੀਂ ਸੀ ਕਰਦਾ ... ਸ਼ਬਦਾਂ ਨੂੰ ਮਨ 'ਚ ਨਹੀਂ ਸੀ

ਉਚਾਰਦਾ ... ਬਹੁਤੀ ਟੋਕਾ, ਟਾਕੀ ਨਾ ਹੋਣ ਕਰਕੇ ਮਨ, ਮਰਜੀ ਨਾਲ ਬੇਲੋੜੇ ਔਂਕੜ, ਦੁਲੈਂਕੜ ਅਤੇ ਸਿਹਾਰੀਆਂ, ਬਿਹਾਰੀਆਂ ਪਾਉਣਾ ਉਸਦਾ ਸ਼ੌਂਕ ਵੀ ਬਣ ਚੁਕਾ ਸੀ।

ਇੱਕ, ਦੋ ਵਾਰੀ ਜਮਾਤ 'ਚ ਉਸਤਾਦ ਇਲਮ ਦੀਨ ਦੀ ਕਹਾਣੀ ਸੁਣਾਈ। ਉਸਦੇ ਪੜ੍ਹਾਉਣ ਦੇ ਤੌਰ, ਤਰੀਕਿਆਂ ਬਾਰੇ ਗੱਲ ਕੀਤੀ। ਗੱਲਾਂ, ਗੱਲਾਂ 'ਚ ਪਿਤਾ ਸ਼੍ਰੀ ਦੀ ਮਸੀਤ ਵਾਲੀ ਜਮਾਤ ਦਾ ਜਿਕਰ ਵੀ ਕੀਤਾ। ਉਨਾਂ ਦੁਆਰਾ ਬਣਾਏ ਜਾਂਦੇ ਮਿੱਟੀ ਦੇ ਅੱਖਰਾਂ ਨੇ ਜਿਵੇਂ ਜਾਦੂ ਦਾ ਕੰਮ ਕੀਤਾ ਹੋਵੇ... ਬੋਧ ਰਾਜ, ਕਈ ਦਿਨ ਆਪਣੀਆਂ ਗਲਤੀਆਂ ਸੁਧਾਰਨ ਦੇ ਨੁਕਤੇ, ਖੁੱਦ ਆਪ ਪੁੱਛਦਾ ਰਿਹਾ। ਉਸਨੂੰ ਪੜ੍ਹਨ, ਲਿਖਣ ਦੀ ਅਜੇਹੀ ਚੇਟਕ ਲੱਗ ਗਈ ਕਿ ਹੌਲੀ, ਹੌਲੀ ਉਸਨੇ ਔਂਕੜ, ਦੁਲੈਂਕੜ ਅਤੇ ਸਿਹਾਰੀਆਂ, ਬਿਹਾਰੀਆਂ ਦੀਆਂ ਗਲਤੀਆਂ ਆਪਣੇ, ਆਪ ਹੀ ਸੁਧਾਰ ਲਈਆਂ।

# ਜੂਨ ਚੁਰਾਸੀ

ਬੜੀ ਤਪਸ਼ ਭਰੀ ਸੀ ਉਨੀਂ ਸੌ ਚੁਰਾਸੀ ਦੀ ਜੂਨ। ਜੂਨ ਦਾ ਮਹੀਨਾ ਹੀ ਤਪਸ਼ ਤੇ ਅੱਗ ਭਰਿਆ ਨਹੀਂ ਸੀ... ਗਰਮੀ ਤੇ ਸੇਕ, ਉਸਤੋਂ ਵੀ ਬਹੁਤ ਪਹਿਲਾਂ ਰਲਵੇਂ, ਮਿਲਵੇਂ ਕਰਮਾਂ ਵਾਲਿਆਂ ਤੇ ਨਿਕਰਮਿਆਂ ਨੂੰ ਲੱਗਣਾ ਸ਼ੁਰੂ ਹੋ ਗਿਆ ਸੀ।

ਪਿਤਾ ਸ਼੍ਰੀ ਉਦੋਂ ਹੁਸ਼ਿਆਰਪੁਰ ਤੋਂ ਬਦਲ ਕੇ ਅੰਮ੍ਰਿਤਸਰ ਵਿਖੇ ਡੀ.ਐਸ.ਪੀ. ਲੱਗ ਗਏ ... ਜਾਣੂ, ਉਨਾਂ ਨੂੰ 'ਗਿਆਨੀ ਜੀ' ਵੀ ਕਿਹਾ ਕਰਦੇ। ਦੱਸਿਆ ਸੀ ਨਾ ਬੜੇ ਰੋਅਬਦਾਰ ਹੁੰਦੇ ਸੀ ... ਕਦੀ, ਕਦਾਈਂ ਉਹ ਗੁੱਸੇ 'ਚ ਆ ਸਾਨੂੰ ਆਪਣੇ ਪੁਲਸੀਆ ਅੰਦਾਜ 'ਚ ਬੜਾ ਉੱਚਾ, ਨੀਵਾਂ ਬੋਲਦੇ ਜੋ ਸਾਨੂੰ ਚੰਗਾ ਨਹੀਂ ਸੀ ਲੱਗਦਾ। ਲਿਹਾਜ਼ਾ, ਪੰਜ ਸੌ ਗੱਜ ਦੀ ਵੱਡੀ ਕੋਠੀ 'ਚੋਂ ਸਾਡੇ ਪੰਜਾਂ ਭਰਾਵਾਂ ਵਿੱਚੋਂ ਕੋਈ ਨਾ ਕੋਈ ਭਰਾ ਆਪਣੇ ਸੁੱਖ, ਸਕੂਨ ਦੀ ਬਹਾਲੀ ਲਈ ਕਿਰਾਏ ਦੇ ਕਿਸੇ ਮਕਾਨ 'ਚ ਗਿਆ ਹੀ ਰਹਿੰਦਾ ਸੀ।

ਅਸੀਂ ਵੀ ਪੁਲਸੀਆ ਸੁਭਾਓ ਵਾਲੇ ਆਪਣੇ ਪਿਤਾ ਸ਼੍ਰੀ ਨਾਲ ਰੁੱਸ ਗਏ। ਈਸਟ ਮੋਹਨ ਨਗਰ 'ਝੀਲ ਕੇ ਉਸ ਪਾਰ' ਵਾਲੀ ਕੋਠੀ ਛੱਡ ਸੁਲਤਾਨ ਪਿੰਡ ਰੋਡ 'ਤੇ ਕੋਲਿਆਂ ਵਾਲੇ ਡੀਪੂ ਦੇ ਨਜ਼ਦੀਕ ਕਿਰਾਏ ਵਾਲੇ ਮਕਾਨ 'ਚ ਜਾ ਬੈਠੇ।

ਓਨੀਂ ਦਿਨੀਂ, ਰੱਬ ਦਾ ਨਾਂ ਲੈਣ ਵਾਲੇ ਉਸਦੇ ਇੱਕ ਕਰੀਬੀ ਮਿੱਤਰ 'ਤੇ ਬੜੀ ਭੀੜ ਬਣੀ ਹੋਈ ਸੀ ... ਜਿੰਦ ਬਚਾਉਂਦਾ ਉਹ ਥਾਂ, ਥਾਂ ਲੁਕਦਾ ਫਿਰਦਾ। ਰਾਤ ਦੇ ਹਨੇਰੇ 'ਚ ਛੋਟਾ ਪੱਪੂ ਉਸਦਾ ਵੈਬਲੇ ਪਿਸਟਲ ਸੰਭਾਲਣ ਲਈ ਸਾਡੇ ਘਰ ਛੱਡ ਗਿਆ। ਪਿਸਟਲ ਵੇਖਣ ਨੂੰ ਸੁਹਣਾ ਤੇ ਵਾਹਵਾ ਮਹਿੰਗਾ ਸੀ। ਅਮਾਨਤ ਜਾਣ ਅਸਾਂ ਰੱਖ ਲਿਆ। ਇਸਤੋਂ ਪਹਿਲਾਂ ਦਾਰਜੀ ਕੋਲ ਛੇ ਗੋਲੀਆਂ ਵਾਲਾ ਚੱਕਰੀਦਾਰ ਰਿਵਾਲਵਰ ਹੀ ਵੇਖੀਦਾ ਸੀ।

ਅਸੀਂ ਹਥਿਆਰਾਂ ਵਾਲੇ ਬਣ ਗਏ ... ਘਰ ਬੈਠੇ ਇੱਕ, ਦੋ ਦਿਨ ਪਿਸਟਲ ਨੂੰ ਉਂਗਲਾਂ 'ਤੇ ਨਚਾਉਂਦੇ ਰਹੇ। ਮਨ 'ਚ ਆਇਆ ਕਿ ਛੁੱਟੀਆਂ ਤੋਂ ਬਾਅਦ ਇੱਕ ਦਿਨ ਸਕੂਲੇ ਲੈ ਜਾਵਾਂਗੇ ਤੇ ਨਵਾਂ ਹਥਿਆਰ ਸਾਥੀ ਮਾਸਟਰਾਂ ਨੂੰ ਵੀ ਵਿਖਾਵਾਂਗੇ ... ਪਰ ਮਾਹੌਲ ਵੇਖੋ, ਐਸੇ ਵਿਗੜੇ ਕਿ ਇੱਕ ਤਰਾਂ ਦਾ ਪਹਿਰਾਵਾ ਵੀ ਇੱਕ, ਦੂਜੇ ਨੂੰ ਪਿਸਟਲ, ਸੰਤਾਲੀਆਂ ਅਤੇ ਹੋਰ ਹਥਿਆਰਾਂ ਤੋਂ ਘਾਤਕ ਲੱਗਣ ਲੱਗ ਪਿਆ ...

ਉਦੋਂ ਅਸੀਂ ਮਿਹਰਬਾਨਪੁਰੇ ਵਾਲੇ ਸਕੂਲ ਵਿੱਚ ਪੰਜਾਬੀ ਮਾਸਟਰ ਹੁੰਦੇ ਸੀ। ਵਿਆਹ ਕਰਵਾ ਕੇ ਅਸਾਂ ਵਾਲ ਕਟਵਾ ਲਏ ਤੇ ਪੱਗ ਤਿਆਗ ਦਿੱਤੀ ਪਰ ਸਾਨੂੰ ਸੁਹਣੀ ਪੱਗ ਬੰਨ੍ਹਣ ਦੀ ਜਾਚ ਨਹੀਂ ਸੀ ਭੁੱਲੀ। ਵੇਖਾ, ਵੇਖੀ ਪਿਆਰੀ ਜਿੰਦੜੀ ਦੇ ਬਚਾਓ ਲਈ ਅਸੀਂ ਵੀ ਭਰ ਗਰਮੀਆਂ 'ਚ ਪੱਗ ਬੰਨਣੀ ਸ਼ੁਰੂ ਕਰ ਦਿੱਤੀ। ਸਹਿਜੇ ਕੀਤਿਆਂ ਕੋਈ ਮਾਈ ਦਾ ਲਾਲ ਵੀ ਆਪਣੀ ਕੀਮਤੀ ਜਿੰਦ ਨੂੰ ਮੁਸੀਬਤ 'ਚ ਨਹੀਂ ਪਾਉਣਾ ਚਾਹੁੰਦਾ ....

ਮਈ ਮਹੀਨੇ ਦਾ ਆਖਰੀ ਹਫ਼ਤਾ ਚੱਲ ਰਿਹਾ ਸੀ। ਸਕੂਲ ਵਿੱਚ ਛੁੱਟੀ ਹੋ ਗਈ ਸੀ। ਸਾਰੇ ਬੱਚੇ ਤੇ ਹਿੰਦੀ ਵਾਲੇ ਪ੍ਰੇਮ ਲਤਾ ਭੈਣਜੀ ਘਰ ਨੂੰ ਜਾ ਚੁਕੇ ਸਨ। ਪੀਟੀ ਮਾਸਟਰ ਮਨਜੀਤ ਅਤੇ ਸਾਇੰਸ ਮਾਸਟਰ ਸੁਰਜੀਤ ਦੇ ਸਕੂਟਰਾਂ ਤੋਂ ਪਹਿਲਾਂ ਅਸਾਂ ਆਪਣਾ ਸਕੂਟਰ, ਸਕੂਲ ਦੇ ਗੇਟੋਂ ਬਾਹਰ ਕੱਢਿਆ ਹੀ ਸੀ ਕਿ ਲੋਈਆਂ ਦੀਆਂ ਬੁੱਕਲਾਂ ਮਾਰੀ ਚਿੱਟੇ ਬਾਣੇ ਵਾਲੇ ਦੋ ਸਿੰਘਾਂ ਨੇ ਸਾਡਾ ਰਸਤਾ ਰੋਕ ਲਿਆ ਤੇ ਕਹਿਣ ਲੱਗੇ, 'ਪਿਆਰਿਓ ! ਲਾਗਲੇ ਪਿੰਡੋਂ ਰਸਦ, ਪਾਣੀ ਲਿਆਉਣਾ ... ਥੋੜ੍ਹੇ ਕੁ ਚਿਰ ਲਈ ਸਾਨੂੰ ਤੁਹਾਡੇ ਸਕੂਟਰ ਦੀ ਲੋੜ ਏ ... ਸੋ ਸੇਵਾ ਵਿੱਚ ਹਿੱਸਾ ਪਾ ਦਿਓ' ...

ਇਸਤੋਂ ਪਹਿਲਾਂ ਕਿ ਸਾਡਾ ਮਨ ਨਵੇਂ ਸਕੂਟਰ ਨੂੰ ਬਚਾਉਣ ਲਈ ਬਹਾਨੇਬਾਜ਼ੀ ਕਰਦਾ, ਸਾਡੇ ਦਿਮਾਗ ਨੇ ਆਪਣੀ ਜਿੰਦ ਬਚਾਉਣ ਲਈ ਅੰਦਰੋਂ, ਅੰਦਰੀ ਉਨਾਂ ਨੂੰ ਸਕੂਟਰ ਦੇ ਦੇਣ ਦਾ ਫ਼ੁਰਮਾਨ ਜਾਰੀ ਕਰ ਦਿੱਤਾ। ਜਿਉਂ ਹੀ ਅਸੀਂ ਉਨਾਂ ਨੂੰ ਚਾਬੀ ਫੜਾਈ, ਉਹ ਕਿੱਕ ਮਾਰ, ਇੱਥੇ ਸੀ ਤੇ ਓਹ ਗਏ...

ਸਿੰਘਾਂ ਦੇ ਚਲੇ ਜਾਣ ਤੋਂ ਬਾਅਦ ਕੰਧ ਪਿੱਛੇ ਲੁਕੇ ਮਾਸਟਰ ਸੁਰਜੀਤ ਤੇ ਮਨਜੀਤ ਸਾਡੇ ਕੋਲ ਆਣ ਖਲੋਤੇ ਤੇ ਅਫ਼ਸੋਸ ਦੀ ਮੁਦਰਾ ਵਿੱਚ ਕਹਿਣ ਲੱਗੇ, 'ਭਾਊ ! ਸ਼ੁਕਰ ਕਰ, ਅੱਜ ਤੈਨੂੰ ਦਸਤਾਰ ਨੇ ਬਚਾਅ ਲਿਆ ...

ਸੱਚ, ਮੁੱਚ ਦੋ, ਚਾਰ ਦਿਨ ਪਹਿਲਾਂ ਹੀ ਪੱਗ ਬੰਨਣੀ ਸ਼ੁਰੂ ਕੀਤੀ ਸੀ। ਨਵੇਂ ਸਕੂਟਰ ਦੇ ਖੁੱਸ ਜਾਣ ਦੇ ਸਦਮੇ ਨੂੰ ਭਾਂਪਦਿਆਂ ਉਹ ਸਾਨੂੰ ਦਿਲਾਸੇ ਦੇਂਦੇ ਹੋਏ ਕਹਿਣ ਲੱਗੇ, 'ਭਰਾਵਾ ! ਜਾਨ ਬਚੀ ਤੇ ਲੱਖਾਂ ਪਾਏ ... ਲੋਕ ਤਾਂ ਇੱਥੇ ਜੀਅ-ਜੰਤ ਲੁਟਾ ਕੇ ਕੱਖੋਂ ਹੌਲੇ ਹੋਏ ਜਿੰਦ ਵਰੋਲ ਰਹੇ ਨੇ ... ਸੋ ਤੂੰ ਵੀ ਆਪਣੇ ਸਕੂਟਰ ਦੀ ਆਸ ਛੱਡ ਤੇ ਸਾਡੇ ਨਾਲ ਹੀ ਘਰ ਨੂੰ ਤੁਰ ਚੱਲ'...

ਆਪਣੇ ਨਵੇਂ ਸਕੂਟਰ ਨੂੰ ਅਲਵਿਦਾ ਕਹਿਣ ਦੀ ਸੋਚ ਹੀ ਰਹੇ ਸੀ ਕਿ ਦੋਵੇਂ ਸਿੰਘ ਕੀਤੇ ਹੋਏ ਵਾਅਦੇ ਮੁਤਾਬਕ ਵਾਪਸ ਸਾਡੇ ਕੋਲ ਆਣ ਰੁਕੇ। ਬੁੱਕ ਭਰ ਗੋਲੀ-ਸਿੱਕਾ ਤੇ ਨਵੇਂ ਨੋਟ ਦਿੰਦੇ ਹੋਏ ਬੜੀ ਆਜਜ਼ੀ ਨਾਲ ਕਹਿਣ ਲੱਗੇ, 'ਮਾਸਟਰ ਜੀ ! ਕਾਹਲੀ 'ਚ ਗੱਡੇ ਨਾਲ ਵੱਜਕੇ ਤੁਹਾਡੇ ਸਕੂਟਰ ਦੀ ਕਿੱਕ ਵਿੰਗੀ ਹੋ ਗਈ ... ਇਨਾਂ ਪੈਸਿਆਂ ਨਾਲ ਠੀਕ ਕਰਵਾ ਲਿਓ'..

ਅੱਗੋਂ ਅਸੀਂ ਰੂਹ ਤੀਕ ਕੰਬਦਿਆਂ ਨੇ ਨਾਂਹ ਵਿੱਚ ਸਿਰ ਹਿਲਾਉਂਦਿਆਂ ਸਕੂਟਰ ਸਟਾਰਟ ਕੀਤਾ ਤੇ ਪਲਾਂ, ਛਿਣਾਂ 'ਚ ਸਿੰਘਾਂ ਦੀ ਰੇਂਜ 'ਚੋਂ ਬਾਹਰ ਹੋ ਜਾਣਾ ਬਿਹਤਰ ਸਮਝਿਆ। ਸੱਚ, ਮੁੱਚ ਉਸ ਸੁਲੱਖਣੀ ਘੜੀ, ਸਾਡੀ ਦਸਤਾਰ ਨੇ ਹੱਕ ਦੀ ਕਮਾਈ ਵਾਲੇ ਸਕੂਟਰ ਦੇ ਨਾਲ, ਨਾਲ ਸਾਨੂੰ ਵੀ ਬਚਾਅ ਲਿਆ ...

ਗਰਮ ਹਵਾਵਾਂ ਦੇ ਉਸ ਦੌਰ ਵਿਚ ਠੰਡਾ, ਠਾਰ ਕਰਨ ਵਾਲੇ ਨਿਆਂ ਵਰਗੀ ਕੋਈ ਚੀਜ਼ ਲੱਭਿਆਂ ਨਹੀਂ ਸੀ ਲੱਭਦੀ। ਬੜੇ ਅਜ਼ੀਬ ਜਿਹੇ ਵਰਤਾਰੇ ਵੇਖਣ ਨੂੰ ਮਿਲਦੇ। ਵੇਖੋ ! ਨਿਮਾਣੀ ਜਿੰਦੜੀ ਨੂੰ ਬਚਾਉਣ ਦਾ ਸਬੱਬ ਬਣਨ ਵਾਲੀ ਦਸਤਾਰ ਵੀ ਬੰਦੇ ਨੂੰ ਮੌਤ ਦੇ ਮੂੰਹ ਵਿੱਚ ਪਾਉਣ ਤੋਂ ਗੁਰੇਜ਼ ਨਹੀਂ ਸੀ ਕਰਦੀ ...

ਹੋਰ ਸੁਣੋ ! ਮਾਸਟਰ ਸੁਰਜੀਤ ਨੇ ਬੋਰਡ ਦੇ ਚੈੱਕ ਕੀਤੇ ਹੋਏ ਪੇਪਰ ਤਾਰਾਗੜ੍ਹ ਤੋਂ ਅੱਗੇ ਨਾਗੋਕੇ ਪਿੰਡ ਆਪਣੇ ਹੈੱਡ ਐਗਜ਼ਾਮੀਨਰ ਨੂੰ ਦੇਣ ਜਾਣਾ ਸੀ। ਉਸਨੇ ਕੀ ਕੀਤਾ, ਸਾਨੂੰ ਵੀ ਨਾਲ ਚੱਲਣ ਲਈ ਪੁੱਛ ਲਿਆ। ਅਸੀਂ ਮੰਨ ਗਏ ... ਤੱਤੀਆਂ ਹਵਾਵਾਂ ਤੋਂ ਬਚਣ ਲਈ ਦਸਤਾਰ ਸਜਾ ਲਈ ... ਕੈਮਰਾ ਮੋਢੇ ਪਾਇਆ ਤੇ ਪਲਾਕੀ ਮਾਰ ਉਸਦੇ ਪਿੱਛੇ ਸਕੂਟਰ 'ਤੇ ਬੈਠ ਗਏ ... ਮਨ 'ਚ ਚਾਅ ਸੀ ਕਿ ਦੁਰੇਡੇ ਪਿੰਡ ਦੀਆਂ ਭੁੱਲੀਆਂ, ਵਿੱਸਰੀਆਂ ਤੇ ਯਾਦਗਾਰੀ ਤਸਵੀਰਾਂ ਖਿੱਚ ਕੇ ਲਿਆਵਾਂਗੇ ... ਉਦੋਂ ਸਾਡੇ ਫੋਟੋ ਫ਼ੀਚਰ ਵੀ ਅਖ਼ਬਾਰਾਂ 'ਚ ਲਗਾਤਾਰ ਛਪਿਆ ਕਰਦੇ ਸਨ।

ਲਓ ਜੀ ! ਜੰਡਿਆਲਾ ਗੁਰੂ ਤੋਂ ਅੱਗੇ ਤਾਰਾਗੜ੍ਹ ਤੋਂ ਬਾਅਦ ਨਾਗੋਕੇ ਆ ਗਿਆ। ਅਸੀਂ ਛੜੱਪਾ ਮਾਰ ਕੇ ਮਾਸਟਰ ਸੁਰਜੀਤ ਦੇ ਨਾਲ ਉਸਦੇ ਹੈੱਡ ਐਗਜ਼ਾਮੀਨਰ ਦੇ ਘਰ ਜਾਣ ਦੀ ਥਾਂ, ਪਿੰਡੋਂ ਬਾਹਰ ਇੱਕ ਹਵੇਲੀ ਦੇ ਸਾਹਮਣੇ ਸਕੂਟਰ ਤੋਂ ਹੇਠਾਂ ਉਤਰ ਗਏ। ਹਵੇਲੀ ਦੇ ਪੁਰਾਤਨ ਦਰਵਾਜ਼ੇ ਅੱਗੇ ਲੱਕੜ ਦੇ ਮੋਟੇ, ਮੋਟੇ ਪਹੀਆਂ ਵਾਲਾ ਬੜਾ ਪੁਰਾਣਾ ਗੱਡਾ ਖੜਾ ਸੀ। ਚਾਰ ਦੀਵਾਰੀ 'ਤੇ ਦੋ, ਤਿੰਨ ਪਰਤਾਂ ਵਿੱਚ ਮੋਟੀਆਂ, ਠੁੱਲ੍ਹੀਆਂ ਪਾਥੀਆਂ ਥੱਪੀਆਂ ਹੋਈਆਂ ਸਨ। ਸੀਨ ਬੜਾ ਫੋਟੋਜੈਨਿਕ ਸੀ। ਬਿਨਾਂ ਦੇਰੀ ਕੀਤਿਆਂ ਆਪਣਾ ਕੈਮਰਾ ਕੱਢਿਆ ਤੇ ਲੱਗ ਪਏ ਐਂਗਲ ਬਣਾ ਕਲਿੱਕ, ਕਲਿੱਕ ਫੋਟੋਆਂ ਖਿੱਚਣ।

ਅਚਾਨਕ, ਮਾਸਟਰ ਸੁਰਜੀਤ ਦੀ ਰੋਣਹਾਕੀ ਆਵਾਜ਼ ਕੰਨੀ ਪਈ। ਅੱਠ ਕੁ ਗਜ਼ ਦੂਰ ਬੱਸ ਅੱਡੇ 'ਤੇ ਖਲੋਤਾ ਉਹ ਸਾਨੂੰ ਬੁਲਾ ਰਿਹਾ ਸੀ। ਜਿਉਂ ਹੀ ਅਸਾਂ ਪਿੱਛੇ ਵੱਲ ਝਾਕਿਆ, ਬੜਾ ਡਰਾਉਣਾ ਸੀਨ ਦਿਸਿਆ ... ਉਫ ! ਅਜਿਹੇ ਸੀਨ ਦੀ ਕਦੀ ਫੋਟੋ ਵੀ ਨਹੀਂ ਕਿਆਸੀ ਜਾ ਸਕਦੀ ... ਕੰਬਦੇ ਹੱਥਾਂ 'ਚੋਂ ਕੈਮਰਾ ਛੁੱਟ, ਫਾਂਸੀ ਲਾਏ ਬੰਦੇ ਵਾਂਗ ਗਲੇ 'ਚ ਲਟਕ ਗਿਆ।ਆਲੇ, ਦੁਆਲੇ ਸੀ.ਆਰ.ਪੀ.ਐਫ. ਦੇ ਕਈ ਜੁਆਨ, ਬੰਦੂਕਾਂ ਨਾਲ ਨਿਸ਼ਾਨੇ ਸਾਧੀ, ਸਾਨੂੰ ਘੇਰਾ ਪਾਈ ਖਲੋਤੇ ਸਨ।

'ਸਾਲਾ! ਆਤੰਕਵਾਦੀ ਹੈ' ... ਵੱਡਾ ਅਫ਼ਸਰ ਸਾਡੀ ਪੁੜਪੁੜੀ 'ਤੇ ਬੰਦੂਕ ਟਿਕਾਉਂਦਾ ਗਰਜਿਆ।

ਜਿਵੇਂ ਸਬਰ ਦੀ ਸੀਮਾ ਮੁੱਕ ਗਈ ਹੋਵੇ, ਅੱਖਾਂ 'ਚੋਂ ਅੱਥਰੂ ਕੇਰਦਾ ਮਾਸਟਰ ਸੁਰਜੀਤ ਸਾਡੇ ਦੋਹਾਂ ਦੇ ਵਿਚਾਲੇ ਆਣ ਖਲੋਤਾ ਤੇ ਹੱਥ ਜੋੜ ਕੇ ਬੋਲਿਆ, 'ਸਾਹਿਬ ! ਰਹਿਮ ਕਰੋ ... ਹਮ ਦੋਨੋ ਸਰਕਾਰੀ ਮੁਲਾਜ਼ਮ ਹੈਂ ... ਯਹਾਂ ਆਪਣੇ ਹੈੱਡ ਐਗਜ਼ਾਮੀਨਰ ਕੋ ਚੈੱਕ ਕੀਏ ਹੂਏ ਪੇਪਰ ਦੇਨੇ ਆਏ ਹੈਂ'...

' ਫੌਰਨ ਦਿਖਾਓ ਆਪਣੇ ਸ਼ਨਾਖਤੀ ਕਾਰਡ ... ਨਹੀਂ ਤੋਂ'... ਹੌਲੀ, ਹੌਲੀ ਆਪਣੀ ਬੰਦੂਕ ਹੇਠਾਂ ਕਰਦਾ ਅਫ਼ਸਰ ਬੜੇ ਸਖ਼ਤ ਲਹਿਜੇ ਵਿੱਚ ਬੋਲਿਆ।

ਸਾਡੇ ਸ਼ਨਾਖਤੀ ਕਾਰਡ ਵੇਖ ਫੌਜੀ ਮੁੜ ਆਪੋ-ਆਪਣੇ ਮੋਰਚਿਆਂ 'ਤੇ ਤਾਇਨਾਤ ਹੋ ਗਏ। ਅਸੀਂ ਮੁਲਜ਼ਮ ਬਣਨ ਤੋਂ ਬਚ ਗਏ ਨਹੀਂ ਤਾਂ ਅਗਲੀ ਸਵੇਰੇ ਅਖ਼ਬਾਰਾਂ ਵਿੱਚ 'ਪ੍ਰਾਈਜ ਕੈਚ' ਦੀ ਸੁਰਖੀ ਹੇਠ ਸਾਡੀ ਲਹੂ ਭਿੱਜੀ ਫੋਟੋ ਛੱਪ ਜਾਣੀ ਸੀ।

ਚਾਰ ਜੂਨ ਦੀ ਗੱਲ ਹੋਏਗੀ। ਸ਼ਹਿਰ ਦੇ ਸਕੂਲ ਛੁੱਟੀਆਂ ਕਾਰਨ ਬੰਦ ਸਨ। ਦਸ ਕੁ ਵਜੇ ਨਿੱਤਨੇਮੀ ਮਾਸਟਰ ਸੁਰਜੀਤ, ਸਾਡੇ ਘਰ ਆ ਗਏ। ਉਹ ਬਿਨਾ ਨਾਗਾ, ਘੰਟਾ ਘਰ ਵਾਲੇ ਪਾਸੇ ਜੋੜਾ ਘਰ 'ਚ ਜੋੜਿਆਂ ਦੀ ਸੇਵਾ ਕਰਿਆ ਕਰਦੇ। ਉਸਦੇ ਕਹਿਣ 'ਤੇ ਅਸੀਂ ਦੋਵੇ ਜਣੇ ਸ੍ਰੀ ਦਰਬਾਰ ਸਾਹਿਬ ਚਲੇ ਗਏ। ਬਾਬੇ ਦੇ ਨਤਮਸਤਕ ਹੋ ਅਸੀਂ ਜੋੜਾ ਘਰ ਵਿੱਚ ਸੇਵਾ ਕਰਨ ਲਈ ਆਣ ਬੈਠੇ।

ਜੋੜਾ ਘਰ 'ਚ ਹਾਲੇ ਪੰਜ, ਸੱਤ ਜੋੜੇ ਹੀ ਪਾਲਸ਼ ਕੀਤੇ ਹੋਣਗੇ ਕਿ ਕਰਫਿਊ ਦਾ ਐਲਾਨ ਹੋ ਗਿਆ। ਸ੍ਰੀ ਦਰਬਾਰ ਸਾਹਿਬ ਦੇ ਅੰਦਰ,ਬਾਹਰ ਰੌਲਾ ਮੱਚ ਗਿਆ। ਸਾਰੇ ਪਾਸੇ ਭਾਜੜ ਪੈ ਗਈ। ਰੱਖੇ ਰੱਬ ਤੇ ਮਾਰੇ ਕੌਣ ... ਜੋੜਾ ਘਰ 'ਚ ਪਾਲਸ਼ ਵਾਲੀਆਂ ਡੱਬੀਆਂ ਖੁੱਲੀਆਂ ਛੱਡ ਅਸੀਂ ਵੀ ਵਾਹੋ, ਦਾਹੀ ਘਰੋ, ਘਰ ਪੁੱਜ ਗਏ। ਉਸਤੋਂ ਬਾਅਦ ਕਰਫਿਊ ਵੀ ਲੱਗ ਗਿਆ ਤੇ ਠਾਹ, ਠੂਹ ਵੀ ਸ਼ੁਰੂ ਹੋ ਗਈ। ਸ਼ਾਮਾਂ ਵੇਲੇ, ਕੋਠਿਆਂ ਉੱਪਰੋਂ ਸਪਿਰਲ ਗੰਨ ਦੀਆਂ ਗੋਲੀਆਂ ਛੂਕਣ ਲੱਗ ਪਈਆਂ। ਬਾਅਦ ਵਿੱਚ ਪਤਾ ਲੱਗਾ ਕਿ ਜਿਹੜੇ ਸ਼ਰਧਾਲੂ ਕਰਫਿਊ ਦੌਰਾਨ ਫੌਜ ਦੇ ਢਾਏ ਚੜ੍ਹੇ ਉਨਾਂ 'ਚੋਂ ਵਿਰਲੇ, ਟਾਂਵੇ ਹੀ ਬਚੇ।

ਹਾਂ ਸੱਚ ! ਵੈਬਲੇ ਪਿਸਟਲ ਦੀ ਗੱਲ ਹੋ ਰਹੀ ਸੀ। ਪੁਲਿਸ ਅਤੇ ਬਖ਼ਤਰਬੰਦ ਗੱਡੀਆਂ ਦੀ ਆਮਦੋਰਫ਼ਤ ਬੜੀ ਤੇਜ਼ ਹੋ ਗਈ। ਘੁੱਗ ਵੱਸਦੇ ਸ਼ਹਿਰ 'ਚ ਖੌਫ ਦਾ ਆਲਮ ਤਾਰੀ ਹੋ ਗਿਆ। ਘਰੋਂ ਬਾਹਰ ਤਾਂ ਤਣਾਉ ਭਰਿਆ ਮਾਹੌਲ ਹੈ ਹੀ ਸੀ, ਵੈਬਲੇ ਦੀ ਪਿਸਟਲ ਨੇ ਘਰ ਦੇ ਮਾਹੌਲ 'ਚ ਵੀ ਜਿਵੇਂ ਬਰੂਦ ਮਿਲੀ ਜ਼ਹਿਰ ਘੋਲ ਦਿੱਤੀ। ਸ੍ਰੀ ਮਤੀ, ਬੇਬੀ ਸ਼ਵੀ ਤੇ ਆਪਣੇ ਸਮੇਤ ਘਰ ਦਾ ਕੋਨਾ, ਕੋਨਾ

ਜਿਵੇਂ ਕਾਲੋਂ ਪੋਚਿਆਂ ਤੋਂ ਡਰ ਨਾਲ ਕੰਬਦਾ ਮਹਿਸੂਸ ਹੁੰਦਾ। ਰਾਜ ਸੱਤਾ ਦੇ ਵਰਤਾਰੇ ਨੇ ਜਿਵੇਂ ਘਰ, ਘਰ ਦੇ ਜੀਅ ਨੂੰ ਦੋਸ਼ੀ ਬਣਾ ਧਰਿਆ। ਮੁਫ਼ਤ ਵਾਲੀ ਪਿਸਟਲ ਵੀ ਸਾਡੇ ਗਲੇ ਦੀ ਹੱਡੀ ਬਣ ਗਈ। ਨਜ਼ਾਇਜ਼ ਹਥਿਆਰ ਬਾਰੇ ਸੋਚਦਿਆਂ, ਸਾਰੀ ਰਾਤ ਨੀਂਦ ਨਹੀਂ ਸੀ ਆਈ।

ਔਖੇ, ਸੌਖੇ ਰਾਤ ਬਿਤਾਈ। ਬਾਬੇ ਦੀ ਮਿਹਰ ਸਦਕਾ ਜੋੜਾ ਘਰ 'ਚੋਂ ਜਾਨ ਬਚਾ ਕੇ ਆਉਣ ਤੋਂ ਬਾਅਦ ਪਿਸਟਲ ਦਾ ਫਾਹਾ ਵੱਢਣਾ ਹਾਲੇ ਬਾਕੀ ਸੀ। ਸ਼ਹਿਰ ਵਿੱਚ ਸੁੰਨ, ਮਸਾਣ ਛਾਈ ਹੋਈ ਸੀ। ਪੈਰ, ਪੈਰ 'ਤੇ ਸਖਤ ਪਹਿਰੇ ਲੱਗ ਚੁਕੇ ਸਨ। ਪ੍ਰਸ਼ਾਸ਼ਨ ਦੀ ਆਗਿਆ ਤੋਂ ਬਗੈਰ ਚਿੜੀ ਵੀ ਨਹੀਂ ਸੀ ਫੜਫੜਾ ਸਕਦੀ। ਹੋਵੇ ਨਾ ਹੋਵੇ ਤਲਾਸ਼ੀ ਦੌਰਾਨ ਇਹ ਪਿਸਟਲ ਹੀ ਸਾਡੇ ਸਾਰੇ ਜੀਆਂ ਦੀ ਜਾਨ ਦਾ ਖੌ ਬਣ ਜਾਏ...

ਫਿਰ ਕੀ ਕੀਤਾ, ਸਾਈਕਲ ਦੇ ਅੱਗੇ ਲੱਗੇ ਕੈਨਵਸ ਦੇ ਝੋਲੇ 'ਚ ਪਿਸਟਲ ਪਾਈ। ਉੱਤੇ, ਫਰਿਜ 'ਚੋਂ ਆਲੂ, ਮਟਰ, ਅਦਰਕ ਤੇ ਹੋਰ ਜੋ ਵੀ ਮਿਲਿਆ, ਸਾਰਾ ਕੁਝ ਝੋਲੇ 'ਚ ਪਾ ਲਿਆ। ਸ਼ਾਮ ਵੇਲੇ ਕੰਬਦੀਆਂ ਲੱਤਾਂ ਨਾਲ ਸਾਈਕਲ 'ਤੇ ਚੜ੍ਹ, ਈਸਟ ਮੋਹਨ ਨਗਰ ਪਿਤਾ ਸ੍ਰੀ ਵੱਲ ਤੁਰ ਪਏ ...ਪੈਰ, ਪੈਰ 'ਤੇ ਫੌਜੀ ਨਾਕੇ ਲੱਗੇ ਹੋਏ ਸਨ। ਹਰ ਫੌਜੀ ਰੋਕੇ ਤੇ ਦਬੱਕੇ ਮਾਰੇ ...

'ਅੰਧੇ ਹੋ' ?...

'ਕਰਫਿਊ ਲਗਾ ਹੈ' ...

'ਕਹਾਂ ਜਾ ਰਹੇ ਹੋ' ?...

ਫੌਜੀਆਂ ਨੇ ਗੋਲੀਆਂ ਵਾਂਗ ਤਰਾਂ, ਤਰਾਂ ਦੇ ਸੁਆਲ ਮੱਥੇ 'ਚ ਦਾਗੇ।

ਮੁੜ, ਮੁੜ ਮੌਤ ਨੂੰ ਆਪ ਸਹੇੜ ਲਿਆ। ਸੋ ਬਚਾਓ ਲਈ ਹਰ ਇੱਕ ਨੂੰ ਬੜੀ ਹਲੀਮੀ ਨਾਲ ਇਹੀਓ ਉੱਤਰ ਦਿੱਤਾ, 'ਸਾਹਿਬ ! ਸਾਥ ਵਾਲੀ ਗਲੀ ਮੇਂ ਹਮਾਰੇ ਪਾਪਾ ਭੂਖੇ, ਪਿਆਸੇ ਬੈਠੇ ਹੈ ... ਖਾਣਾ ਬਣਾਨੇ ਕੇ ਲੀਏ ਸਬਜ਼ੀ ਦੇਣੇ ਜਾ ਰਹੇਂ ਹੈਂ' ...

ਅੱਧੀ ਮੀਲ ਦੀ ਵਾਟ ਜਿਵੇਂ ਕੋਹਾਂ ਲੰਬੀ ਹੋ ਗਈ ... ਖੈਰ ! ਕਿਸਮਤ ਚੰਗੀ, ਫੌਜੀਆਂ ਦੀ ਰਹਿਮ ਦਿਲੀ ਸਦਕਾ ਸੁੱਖ, ਸੁਖਾਂ ਨਾਲ ਪਿਤਾ ਸ੍ਰੀ ਕੋਲ ਈਸਟ ਮੋਹਨ ਨਗਰ ਵਾਲੀ ਕੋਠੀ ਪਹੁੰਚ ਗਏ। ਸਬਜ਼ੀਆਂ ਦੇ ਨਾਲ ਪਿਸਟਲ ਵੀ ਉਨਾਂ ਨੂੰ ਸੌਂਪ ਦਿੱਤਾ ... ਮਾੜੇ ਵੇਲਿਆਂ 'ਚ ਪਿਸਟਲ ਵੇਖ ਉਹਨਾਂ ਦੀਆਂ ਅੱਖਾਂ 'ਚ ਜਿਵੇਂ ਲਹੂ ਉੱਤਰ ਆਇਆ ਹੋਵੇ ... ਗੁੱਸੇ ਵਿੱਚ ਕਹਿਣ ਲੱਗੇ, 'ਕੰਜਰੋ ! ਆਪ ਵੀ ਮਰੋਗੇ ਤੇ ਮੈਨੂੰ ਵੀ ਮਰਵਾਓਗੇ' ...

ਪਿਤਾ ਸ਼੍ਰੀ ਦੀ ਸੁਣੀ, ਅਣਸੁਣੀ ਕਰ ਅਸਾਂ ਜਿਵੇਂ ਮਰੇ ਹੋਏ ਸੱਪ ਨੂੰ ਗਲੋਂ ਲਾਹਿਆ ਤੇ ਬੜੇ ਸੁਰਖਰੂ ਹੋ ਭੌਂਦੇ ਪੈਰੀਂ ਆਪਣੇ ਘਰ ਨੂੰ ਆ ਗਏ । ਅਗਲੇ ਦਿਨ ਉਨਾਂ ਨੇ ਨਜ਼ਾਇਜ ਪਿਸਟਲ ਆਪਣੇ ਵੱਡੇ ਅਫਸਰ ਨੂੰ ਸੌਂਪ ਦਿੱਤੀ ।

ਪਿਤਾ ਸ਼੍ਰੀ, ਸਾਨੂੰ ਭੁਲਣਹਾਰੇ ਪੁੱਤਰਾਂ ਨੂੰ ਹਮੇਸ਼ਾ ਗਲੇ ਲਾਉਂਦੇ ਰਹੇ ... ਵੇਲੇ, ਕੁਵੇਲੇ ਸਾਡੀਆਂ ਗ਼ਲਤੀਆਂ ਮਾਫ ਕਰਦੇ ਰਹੇ । ਰੱਬ ਨੇ ਵੀ ਸਾਡੀ ਸੇਵਾ, ਭਾਵਨਾ ਵੇਖ, ਕੋਈ ਅਣਹੋਣੀ ਨਹੀਂ ਸੀ ਵਾਪਰਨ ਦਿੱਤੀ । ਸੱਚੀ ! ਵੇਲਿਆਂ ਦੇ ਕਠੋਰ ਚਿੱਤ ਹਾਕਮਾਂ ਨਾਲੋਂ ਬੜੇ ਚੰਗੇ ਹੁੰਦੇ ਸਨ ...

# ਰੱਬ ਦੇ ਖੇਡ, ਖਿਡਾਉਣੇ

ਰੱਬ ਕੋਲ ਬੜੇ ਖੇਡ, ਖਿਡਾਉਣੇ ਹੁੰਦੇ ਨੇ ... ਉਹ ਖਿਡਾਉਂਦਾ ਰਹਿੰਦਾ ਏ ਬੰਦਿਆਂ ਨੂੰ ... ਖੇਡ, ਖੇਡ ਵਿੱਚ ਰੁੱਸਿਆਂ ਨੂੰ ਮਨਾਉਂਦਾ ਤੇ ਮੰਨਿਆਂ ਨੂੰ ਰੁਸਾਉਂਦਾ ਏ ... ਖਿਡਾਉਣਿਆਂ ਨਾਲ ਖੇਡਦਾ ਬੰਦਾ ਉੱਚੀਆਂ, ਨੀਵੀਆਂ ਢਾਲਵੀਆਂ ਧਰਤੀਆਂ ‘ਤੇ ਖੇਡਣ ਵਿੱਚ ਬੜਾ ਮਸਰੂਫ ਰਹਿੰਦਾ ਏ.... ਰੱਬ ਹੈ ਕਿ ਇਸ ਲੁਕੀ, ਛਿਪੀ ਖੇਡ ਰਾਹੀਂ ਯਥਾਯੋਗ ਸੱਟ-ਪੀੜ, ਸਦਮੇ ਤੇ ਚਿਰਾਂ ਤੀਕ ਨਾ ਭੁੱਲਣ ਵਾਲੇ ਕਹਿਰ ਵਰਤਾਉਂਦਾ ਏ... ਬੰਦੇ ਨੂੰ ਕੰਨੋਂ-ਕੰਨੀ ਖਬਰ ਵੀ ਨਹੀਂ ਹੁੰਦੀ...

ਤਾਰਾ ਦੇਵੀ ਵਾਲੀ ਖੇਡ ਦੀ ਸੁਣੋ ... ਸ਼ਿਮਲੇ ਤੋਂ ਉਰੇ ਤਾਰਾ ਦੇਵੀ ਵਿਖੇ ਭਾਰਤ ਸਕਾਊਟ ਤੇ ਗਾਈਡ ਦਾ ਕੈਂਪ ਲੱਗਾ ਹੋਇਆ ਸੀ । ਉਦੋਂ ਅਸੀਂ ਡੀਪੀਆਈ, ਸਕੂਲਜ਼ ਵਿਖੇ ਬਤੌਰ ਪ੍ਰੈਸ ਸੰਪਰਕ ਅਧਿਕਾਰੀ ਵੀ ਸੇਵਾ ਨਿਭਾਉਂਦੇ ਸੀ । ਸਾਹਿਬ ਸਾਨੂੰ ਵੀ ਆਪਣੇ ਨਾਲ ਲੈ ਗਏ । ਬੈਗ ਵਿੱਚ ਲੋੜੀਂਦੇ ਕੱਪੜੇ ਤੇ ਹੋਰ ਨਿੱਕ, ਸੁੱਕ ਲੈ ਲਿਆ ...

ਦੁਪਹਿਰ ਵੇਲੇ ਅਸੀਂ ਪਹਾੜੋਂ ਉੱਤਰੇ ਤੇ ਟੱਨਲ ਦੇ ਰਸਤੇ ਤਾਰਾ ਦੇਵੀ, ਰੇਲ ਸਟੇਸ਼ਨ ਤੋਂ ਰੇਲ 'ਚ ਬਹਿ ਕੇ ਸ਼ਿਮਲਾ ਵੇਖਣ ਚਲੇ ਗਏ । ਵਾਪਸੀ ਵੇਲੇ ਸ਼ਾਮ ਹੋ ਗਈ ।

ਪਹਾੜੀ ਟੀਸੀ ਵਾਲਾ ਸਾਡਾ ਕੈਂਪ, ਸਟੇਸ਼ਨ ਤੋਂ ਕਾਫੀ ਦੂਰ ਸੀ । ਅਸੀਂ ਮੁੜ ਸ਼ਾਰਟ ਕੱਟ ਮਾਰਨ ਲਈ ਰੇਲ ਪਟੜੀ ਵਾਲੀ  ਟੱਨਲ 'ਚ ਜਾ ਵੜੇ । ਹਨੇਰ ਘੁੱਪ, ਘੇਰ ... ਗੱਡੀ ਆ ਜਾਏ ਤਾਂ ਭੀੜੀ ਟੱਨਲ ਵਿੱਚ ਤੁਰਦਾ ਬੰਦਾ ਗੱਡੀ ਤੇ ਟੱਨਲ ਦੀਆਂ ਦੀਵਾਰਾਂ ਵਿੱਚ ਦਰੜਿਆ ਜਾਏ ... ਰੱਬ ਚੇਤੇ ਆ ਗਿਆ ... ਉਸਦਾ ਨਾਂ ਧਿਆਉਂਦੇ ਤੁਰਦੇ ਗਏ ... ਹੱਥ ਨੂੰ ਹੱਥ ਨਹੀਂ ਸੀ ਦਿਸਦਾ ... ਜੁਬਾਨ ਤਾਲੂ ਨੂੰ ਲੱਗ ਗਈ ... ਸੌ ਕੁ ਮੀਟਰ ਦੀ ਟੱਨਲ ਸੈਆਂ ਕੋਹ ਲੰਮੀ ਹੋ ਗਈ ... ਮੁਕੱਣ 'ਚ ਨਾ ਆਵੇ ...

ਖੈਰ ! ਹੌਲੀ, ਹੌਲੀ ਮਨ-ਯੁੱਧ ਕਰਦਿਆਂ ਮੁੱਕਦੀ, ਸਿਮਟਦੀ ਟੱਨਲ ਦਾ ਦੂਜਾ ਪਾਰ ਆ ਗਿਆ। ਇੰਝ ਲੱਗਾ ਜਿਵੇਂ ਨੌਂ ਮਹੀਨਿਆਂ ਬਾਅਦ ਮਾਂ-ਗਰਭ ਚੋਂ ਕੋਈ ਬੱਚਾ ਬਾਹਰ ਆਇਆ ਹੋਏ ...

ਖੇਡ ਇੱਥੇ ਹੀ ਮੁੱਕ ਜਾਂਦੀ ਤਾਂ ਚੰਗਾ ਸੀ । ਪਰ ਨਹੀਂ ... ਟੱਨਲ ਦੇ ਬਾਹਰ ਸ਼ੁਰੂ ਰਾਤ ਦਾ ਹਨੇਰਾ ਪੱਸਰਨ ਲੱਗ ਪਿਆ ... ਨਾਲ ਹੀ ਮੋੜ ਮੁੜਦਿਆਂ ਪਹਾੜ 'ਤੇ ਕੈਂਪ ਵੱਲ ਚੜ੍ਹਾਈ ਸ਼ੁਰੂ ਕੀਤੀ ਕਿ ਪੈਰ ਫਿਸਲ ਗਏ ... ਕਰਨੀ ਰੱਬ ਦੀ, ਹੱਥਾਂ ਨੇ ਇੱਕ ਪੌਦੇ ਦੀਆਂ ਟਾਹਣੀਆਂ ਜਕੜ ਲਈਆਂ ... ਸਾਰਾ ਜਿਸਮ ਹੇਠਾਂ ਫੈਲੀ ਅੰਨੀ, ਡੂੰਘੀ ਖਾਈ ਵਿੱਚ ਲਟਕ ਗਿਆ ...

ਹੇਠਲਾ ਸਾਹ ਹੇਠਾਂ ਤੇ ਉੱਪਰਲਾ ਉੱਪਰ ਰਹਿ ਗਿਆ ... ਫਿਰ ਰੱਬ ਜੀ ਨੂੰ ਧਿਆਉਣਾ ਪੈ ਗਿਆ ... ਜਿਸਮ ਵਿੱਚ ਕੋਈ ਗੈਬੀ ਸ਼ਕਤੀ ਆ ਗਈ ... ਹੱਥ, ਪੈਰ ਇੱਕ ਸੁਰ ਹੋ ਗਏ ... ਅਸੀਂ ਟਾਹਣੀਆਂ ਦੇ ਸਹਾਰੇ ਲਟਕਣ ਜੂਨ 'ਚੋਂ ਸੇਫ ਐਂਡ ਸਾਊਂਡ ਉੱਪਰ ਪਹਾੜੀ ਪਹੇ 'ਤੇ ਆ ਗਏ ... ਸਾਹੋ, ਸਾਹੀ ਬੜੀ ਨੀਝ ਨਾਲ ਪਹੇ ਵਾਲੇ ਰਸਤੇ ਨੂੰ ਟਟੋਲਦੇ ਉੱਪਰ ਜਗਦੀ ਕੈਂਪ ਵਾਲੀ ਬੱਤੀ ਦੇ ਆਸਰੇ ਸੁੱਖ, ਸੁੱਖਾਂ ਨਾਲ ਆਪਣੇ ਟਿਕਾਣੇ ਪਹੁੰਚ ਗਏ ...

ਤੁਰਨ ਲੱਗਿਆਂ ਘਰ ਵਾਲੇ ਕਹਿੰਦੇ ਸਨ ਕਿ ਪਹਾੜੀ ਯਾਤਰਾ ਵੇਲੇ ਟਾਰਚ ਜਰੂਰ ਨਾਲ ਰੱਖਣੀ ਚਾਹੀਦੀ ਏ ... ਪਰ ਉਨਾਂ ਦਾ ਕਿਹਾ ਨਹੀਂ ਸੀ ਮੰਨਿਆ ... ਜੇ ਨਿਗੂਣੀ ਜਿਹੀ ਟਾਰਚ ਕੋਲ ਹੁੰਦੀ ਤਾਂ ਸਹਿਜੇ ਹੀ ਇੱਕ ਵਾਰੀ ਨਹੀਂ, ਦੋ ਵਾਰੀ ਮੌਤ ਦੇ ਮੂੰਹ ਪੈਣੋਂ ਬਚ ਜਾਂਦੇ ...

ਸਵੇਰ ਹੋਈ। ਸੈਰ ਕਰਦੇ, ਕਰਦੇ ਮੁੜ ਹਾਦਸੇ ਵਾਲੀ ਥਾਂ ਵੇਖਣ ਆ ਗਏ ... ਦੂਰ ਤੀਕ ਮੂੰਹ ਅੱਡੀ ਫੈਲੀ ਹੋਈ ਮਨਹੂਸ ਖਾਈ ਸਾਫ ਦਿਸ ਰਹੀ ਸੀ ... ਰਾਤ ਦੇ ਹਨੇਰੇ ਵਿੱਚ ਜੇ ਹੇਠਾਂ ਨੂੰ ਲੁੜਕ ਜਾਂਦੇ ਤਾਂ ਤਿੰਨ ਦਹਾਕੇ ਪਹਿਲਾਂ ਇਸ ਰੰਗਲੀ ਦੁਨੀਆ ਦੇ ਗਰਾਫ਼ 'ਚੋਂ ਸਾਡਾ ਨਾਮੋ ਨਿਸ਼ਾਨ ਮਿਟ ਗਿਆ ਹੁੰਦਾ ... ਸੱਚੀ ! ਰੱਬ ਦੇ ਖੇਡ, ਖਿਡੌਣਿਆਂ ਦਾ ਕੁਝ ਪਤਾ ਨਹੀਂ ਲੱਗਦਾ ...

# ਲੱਲੂ ਸਰ ! ਬਨਾਮ ਕੰਮ ਦੀਆਂ ਗੱਲਾਂ

ਦੱਸਿਆ ਸੀ ਨਾ ... ਢਾਈ ਕੁ ਦਹਾਕੇ ਪਹਿਲਾਂ ਅੰਮ੍ਰਿਤਸਰ ਵਾਲੇ ਸਕੂਲਾਂ ਨੂੰ ਅਲਵਿਦਾ ਕਹਿ ਪਟਿਆਲੇ ਵਾਲੇ ਸਰਕਾਰੀ ਮਿਡਲ ਸਕੂਲ, ਬਲਟਾਣੇ 'ਚ ਪੜ੍ਹਾਉਣਾ ਸ਼ੁਰੂ ਕੀਤਾ ਸੀ । ਜੋ ਕਹੀਦਾ ਸੀ, ਬੱਚੇ ਕਰਦੇ । ਜੋ ਦੱਸੀਦਾ ਸੀ, ਬੱਚੇ ਧਿਆਨ ਨਾਲ ਸੁਣਦੇ ਤੇ ਪੱਲੇ ਬੰਨਦੇ । ਸਵੇਰੇ ਸਕੂਲ ਲੱਗਣ ਤੋਂ ਪਹਿਲਾਂ ਉਹ ਬਾਹਰਲੇ ਗੇਟ 'ਚ ਖੜ੍ਹੇ ਸਾਨੂੰ ਬੇਸਬਰੀ ਨਾਲ ਉਡੀਕਦੇ । ਉਨਾਂ ਲਈ ਪੰਖੜੀਆਂ, ਪ੍ਰਾਇਮਰੀ ਸਿੱਖਿਆ ਅਤੇ ਅਖਬਾਰਾਂ ਦੇ ਮੈਗਜ਼ੀਨ ਵਾਲੇ ਪੰਨੇ ਲੈ ਕੇ ਸਕੂਲ ਜਾਂਦੇ । ਪੰਜਾਬੀ ਤੇ ਹਿੰਦੀ ਦੇ ਰਲੇ, ਮਿਲੇ ਰਸਾਲੇ ਤੇ ਅਖਬਾਰਾਂ ਲੈ ਕੇ ਉਹ ਏਨੇ ਖੁਸ਼ ਹੁੰਦੇ ਜਿਵੇਂ ਕੋਈ ਬੇਸ਼ਕੀਮਤੀ ਤੋਹਫਾ ਮਿਲ ਗਿਆ ਹੋਵੇ....

ਵਿੱਚ, ਵਿਚਾਲੇ ਡਾਇਰੈਕਟੋਰੇਟ ਵਿਖੇ ਸੰਪਾਦਕ ਵਾਲੀ ਪ੍ਰਸ਼ਾਸਕੀ ਸੇਵਾ ਨਿਭਾਉਂਦਿਆਂ ਸੇਵਾਮੁਕਤੀ ਤੋਂ ਸਾਲ ਕੁ ਪਹਿਲਾਂ ਬਤੌਰ ਪੰਜਾਬੀ ਲੈਕਚਰਾਰ ਤਰੱਕੀ ਹੋ ਗਈ । ਬੜਾ ਚਾਅ ਚੜ੍ਹਿਆ ਕਿ ਹੁਣ ਰੁਟੀਨ ਜਿਹੇ ਦਫ਼ਤਰੀ ਕਾਰ ਵਿਹਾਰ ਤੋਂ ਛੁਟਕਾਰਾ ਮਿਲੇਗਾ। ਨਵੇਂ ਬਾਲ ਹੋਣਗੇ ... ਨਵੀਆਂ ਗੱਲਾਂ-ਬਾਤਾਂ ਹੋਣਗੀਆਂ ਤੇ ਨਵੀਆਂ ਬਾਲ ਕਹਾਣੀਆਂ ਲਈ ਨਿਵੇਕਲਾ ਵਿਸ਼ਾ ਵਸਤੂ ਮਿਲੇਗਾ ... ਗਿਆਰਵੀਂ, ਬਾਰਵੀਂ ਦੇ ਸਿਆਣੇ, ਬਿਆਣੇ ਤੇ ਆਗਿਆਕਾਰ ਵਿਦਿਆਰਥੀ ਹੋਣਗੇ ... ਜੋ ਕਹਾਂਗੇ, ਮੰਨ ਲੈਣਗੇ ... ਜਿਵੇਂ ਪਹਿਲੇ ਸਕੂਲਾਂ 'ਚ ਹੁੰਦਾ, ਵਾਪਰਦਾ ਰਿਹਾ ਉਵੇਂ ਹੀ ਉਹ ਸਾਡੀ ਕਹੀ ਹੋਈ ਹਰ ਗੱਲ ਨੂੰ ਧਿਆਨ ਨਾਲ ਸੁਨਣਗੇ, ਮੰਨਣਗੇ ਤੇ ਸਿੱਖਦੇ-ਸਿਖਾਉਂਦੇ ਉਹ ਵੀ ਸਰਦੇ, ਪੁੱਜਦੇ ਗੁਣੀ,ਗਿਆਨੀ ਬਣ ਜਾਣਗੇ ...

ਲਓ ਜੀ ! ਰਸਮੀ ਹੁਕਮ ਲੈ ਕੇ ਅਸੀਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਰਾਮਗੜ੍ਹ ਭੁੱਡੇ ਜਾ ਹਾਜ਼ਰ ਹੋਏ । ਬੜੇ ਚਾਅ ਨਾਲ ਨਵੇਂ ਵਿਦਿਆਰਥੀਆਂ ਨੂੰ ਆਪਣੀਆਂ ਕਵਿਤਾਵਾਂ, ਕਹਾਣੀਆਂ ਅਤੇ ਹੋਰ ਰਚਨਾਵਾਂ ਵਾਲੇ ਰਸਾਲੇ, ਅਖ਼ਬਾਰੀ ਮੈਗਜ਼ੀਨ ਤੇ ਪੁਸਤਕਾਂ ਦੀ ਜਾਣਕਾਰੀ ਦਿੱਤੀ । ਆਪ ਹੁਦਰੇ ਵਿਦਿਆਰਥੀਆਂ ਨੂੰ ਸਿੱਖਿਆ ਦੇਣ ਵਾਲਾ ਆਪਣਾ ਮਨੋਵਿਗਿਆਨਕ ਬਾਲ ਨਾਵਲ 'ਉਡਣ ਖਟੋਲਾ' ਵੀ ਗਿਆਰਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਵੰਡਿਆ ।

'ਉਡਣ ਖਟੋਲਾ' ਜਿਸ ਵਿੱਚ ਗੁਰੂ ਜੀ ਆਪਣੇ ਆਸ਼ਰਮ ਵਿਖੇ ਪੜ੍ਹਦੇ ਇੱਕ ਸ਼ਰਾਰਤੀ ਚੇਲੇ ਨੂੰ ਬੇਗਾਨੇ ਗ੍ਰਹਿ ਦੇ ਜ਼ਾਲਮ ਤੇ ਸਾਜਸ਼ੀ ਲੋਕਾਂ ਤੋਂ ਮੌਤ ਦੇ ਮੂੰਹ ਵਿੱਚ ਪੈਣ ਤੋਂ ਬਚਾਉਂਦੇ ਨੇ ...

ਪਹਿਲੇ ਦਿਨ ਦੀ ਗੱਲ ਸੁਣੋ ... ਗਿਆਰਵੀਂ ਜਮਾਤ ਵਿੱਚ ਪੰਜਾਬੀ ਦਾ ਪੀਰੀਅਡ ਚੱਲ ਰਿਹਾ ਸੀ। ਅਖੀਰਲੇ ਬੈਂਚ 'ਤੇ ਬੈਠਾ ਇੱਕ ਵਿਦਿਆਰਥੀ, ਪੜ੍ਹਾਈ ਵੱਲ ਧਿਆਨ ਦੇਣ ਦੀ ਥਾਂ ਆਪਣੇ ਨਾਲ ਬੈਠੇ ਵਿਦਿਆਰਥੀਆਂ ਨਾਲ ਗੱਲਾਂ ਕਰੀ ਜਾ ਰਿਹਾ ਸੀ। ਇਕ, ਦੋ ਵਾਰੀ ਉਸਨੂੰ ਇਸ਼ਾਰੇ ਨਾਲ ਟੋਕਿਆ ਵੀ ਪਰ ਉਹ ਅੜਬ ਜਿਹਾ ਗੱਲਾਂ ਕਰਨੋਂ ਨਹੀਂ ਸੀ ਹਟ ਰਿਹਾ ... ਜਮਾਤ ਵਿੱਚ ਗੱਲਾਂ ਕਰਨੀਆਂ ਜਿਵੇਂ ਉਸਦਾ ਜਨਮ-ਸਿੱਧ ਅਧਿਕਾਰ ਹੋਵੇ ...

ਅਸਾਂ ਕੀ ਕੀਤਾ, ਉਸਦੇ ਕੋਲ ਗਏ ... ਬੜੇ ਸਲੀਕੇ ਨਾਲ ਵਾਹੇ ਉਸਦੇ ਫੰਡਿਆਂ 'ਚ ਥੋੜ੍ਹੀ ਕੁ ਖਿਝ ਨਾਲ ਹਲਕੀ ਜਿਹੀ ਪਟੋਕੀ ਮਾਰੀ ਤੇ ਉਸਨੂੰ ਧਿਆਨ ਨਾਲ ਲੈਕਚਰ ਸੁਣਨ ਲਈ ਕਹਿ ਆਏ। ਉਸ ਵੇਲੇ ਦੂਜੇ ਪਾੜ੍ਹਿਆਂ ਦੀ ਹਾਜ਼ਰੀ ਵਿੱਚ ਚੁੱਪ ਤਾਂ ਉਹ ਕਰ ਗਿਆ ਪਰ ਅੱਧੀ ਛੁੱਟੀ ਵੇਲੇ ਜੋ ਕੁਝ ਹੋਇਆ ਸੁਣ, ਸਮਝ ਕੇ ਪੈਰਾਂ ਹੇਠੋਂ ਜ਼ਮੀਨ ਖਿਸਕਦੀ ਜਾਪੀ ...

ਨਵੇਂ ਪ੍ਰਿੰਸੀਪਲ ਸਾਹਿਬ ਨੇ ਸਾਨੂੰ ਦਫ਼ਤਰ 'ਚ ਬੁਲਾ ਲਿਆ। ਆਖਣ ਲੱਗੇ, 'ਗਿਆਰਵੀਂ ਜਮਾਤ, ਸਾਡੇ ਤੋਂ ਪਹਿਲੇ ਪ੍ਰਿੰਸੀਪਲ ਨੇ ਬੜੀ ਵਿਗਾੜੀ ਹੋਈ ਏ। ਉਹ ਵਿਦਿਆਰਥੀਆਂ ਨੂੰ ਅਧਿਆਪਕਾਂ ਦੇ ਵਿਰੁੱਧ ਉਕਸਾਉਂਦੇ ਰਹਿੰਦੇ ਸੀ ... ਇਸੇ ਕਾਰਨ ਸਾਡੇ ਸਕੂਲ ਦੇ ਬੱਚੇ ਬੜੇ ਚਾਂਭਲੇ ਹੋਏ ਨੇ ... ਤੁਸੀਂ ਵੀ ਲੱਗਦੀ ਵਾਹੇ, ਏਨ੍ਹਾਂ ਨੂੰ ਕਦੀ ਝਿੜਕਿਓ, ਮਾਰਿਓ ਨਾ' ...

ਉਨਾਂ ਦੱਸਿਆ ਕਿ ਹੁਣੇ, ਹੁਣੇ ਪਿੰਡ ਦੇ ਵੱਡੇ ਸਰਦਾਰਾਂ ਦਾ ਇੱਕ ਮੁੰਡਾ ਰੋਂਦਾ-ਕੁਰਲਾਉਂਦਾ ਮੇਰੇ ਕੋਲ ਸ਼ਿਕਾਇਤ ਲਾ ਕੇ ਗਿਆ ਏ ... ਉਹ ਆਖਦਾ ਸੀ, 'ਪੰਜਾਬੀ ਵਾਲੇ ਨਵੇਂ ਸਰ ਨੇ ਸਾਨੂੰ ਨਜਾਇਜ਼ ਚਪੇੜਾਂ ਮਾਰੀਆਂ ਨੇ ... ਉਨ੍ਹਾਂ ਨੂੰ ਛੇਤੀ ਤੋਂ ਛੇਤੀ ਸਾਡੇ ਸਕੂਲੋਂ ਤਬਦੀਲ ਕਰ ਦਿਓ ... ਅਜਿਹੇ ਗੁੱਸੇਖੋਰੇ ਮਾਸਟਰਾਂ ਕੋਲੋਂ ਆਪਾਂ ਨਹੀਂ ਜੇ ਪੜ੍ਹਨਾ ... ਜੇ ਅਸੀਂ ਗੁੱਸਾ ਵਿਖਾਇਆ ਤਾਂ ਸਾਰੇ ਅਧਿਆਪਕਾਂ ਨੂੰ ਪਛਤਾਉਣਾ ਪਏਗਾ ... ਫਿਰ ਨਾ ਕਹਿਓ ਕਿ ਪਹਿਲਾਂ ਦੱਸਿਆ ਨਹੀਂ ਸੀ' ...

ਪ੍ਰਿੰਸੀਪਲ ਸਾਹਬ ਦੀ ਇੱਕ, ਇੱਕ ਗੱਲ ਸੁਣ ਧਿਆਨ, ਪਿੱਛੇ ਸਵੇਰ ਵਾਲੀ ਗਿਆਰਵੀਂ ਜਮਾਤ 'ਚ ਚਲਾ ਗਿਆ। ਸ਼ਿਕਾਇਤ ਲਾਉਣ ਵਾਲੇ ਵਿਦਿਆਰਥੀ ਦਾ ਚਿਹਰਾ ਵੀ ਯਾਦ ਪਰਦੇ 'ਤੇ ਉੱਕਰ ਆਇਆ ... ਨੇਰ੍ਹ ਸਾਂਈ ਦਾ ... ਉਹੀਓ ਵਿਦਿਆਰਥੀ ਸੀ ਜਿਸਨੇ ਸਭ ਤੋਂ ਪਹਿਲਾਂ ਸਾਡਾ 'ਉਡਣ-ਖਟੋਲਾ' ਬਾਲ ਨਾਵਲ ਪੜ੍ਹਿਆ ਸੀ ... ਨਾਵਲ ਵਿੱਚੋਂ ਗੁਰੂਆਂ ਦੀ ਆਖੇ 'ਚ ਰਹਿਣ ਵਾਲੀ ਸਿੱਖਿਆ ਲੈਣ ਦੀ ਥਾਂ ਉਹੀਓ ਵਿਦਿਆਰਥੀ ਆਪਣੇ ਹੀ ਗੁਰੂ ਨੂੰ ਸਕੂਲੋਂ ਕਢਵਾਉਣ ਲਈ ਪ੍ਰਿੰਸੀਪਲ ਸਾਹਿਬ ਨੂੰ ਸ਼ਿਕਾਇਤ ਲਾਉਣ ਤੁਰ ਗਿਆ ...

ਖੈਰ ! ਛੋਟੀਆਂ ਜਮਾਤਾਂ ਦੇ ਵਿਦਿਆਰਥੀ ਜੋ ਕਹੋ ਸੁਣ ਲੈਂਦੇ, ਜਰ ਲੈਂਦੇ ਤੇ ਕਹਿਣਾ ਮੰਨ ਲੈਂਦੇ ਨੇ ... ਵੱਡੀਆਂ ਜਮਾਤਾਂ ਦੇ ਵਿਦਿਆਰਥੀ ਜੇ ਸਮਝਾਏ ਨਾ ਜਾਣ ਤਾਂ ਉਹ ਹੱਥੋਂ ਖਿਸਕ-ਖਿਸਕ ਜਾਂਦੇ ...

ਸ਼ਰਾਰਤਾਂ ਕਰਦੇ ... ਮੈਡਮਾਂ ਦੇ ਘਰਾਂ ਦੇ ਪਤੇ ਪੁੱਛਦੇ ... ਮੰਦਰ ਰੂਪੀ ਸਕੂਲਾਂ ਦੀਆਂ ਖਿੜਕੀਆਂ ਦੇ ਸ਼ੀਸ਼ੇ ਤੋੜਦੇ ... ਚਾਰ ਦੀਵਾਰੀ ਤੋਂ ਬਾਹਰ ਸਕੂਲ ਦੇ ਵਾਈ-ਫਾਈ ਰਾਹੀਂ ਆਪਣੇ ਸਮਾਰਟ ਫੋਨਾਂ 'ਤੇ ਲੱਚਰ ਸਮੱਗਰੀ ਵੇਖਦੇ ... ਕੰਧਾਂ 'ਤੇ ਅਸ਼ਲੀਲ ਤਸਵੀਰਾਂ ਬਣਾਉਂਦੇ ... ਮਨੋਵਿਗਿਆਨ ਦੇ ਤਹਿਤ ਉਨ੍ਹਾਂ ਨਾਲ ਭਾਵੁਕ, ਪਰਿਵਾਰਕ ਤੇ ਮਾਨਸਿਕ ਸਾਂਝ ਬਣਾਉਣੀ ਵੇਲੇ ਦੀ ਲੋੜ ਹੁੰਦੀ ... ਇਹ ਗੱਲਾਂ, ਸਾਨੂੰ ਨਵੇਂ ਸਕੂਲ 'ਚ ਜਾ ਕੇ ਇੱਕ, ਦੋ ਦਿਨਾਂ 'ਚ ਹੀ ਸਮਝ ਆ ਗਈਆਂ ...

ਪ੍ਰਾਰਥਨਾ ਵੇਲੇ ਭਾਸ਼ਣ ਦਿੰਦਿਆਂ ਵਿਦਿਆਰਥੀਆਂ ਨੂੰ ਦੱਸਿਆ ਸੀ, 'ਪਿਆਰੇ ਬੱਚਿਓ ! ਸਕੂਲ ਸਾਡਾ ਬਾਗ਼ ਹੁੰਦਾ ਏ। ਤੁਸੀਂ ਸਾਰੇ ਬੱਚੇ ਇਸ ਬਾਗ ਦੇ ਰੰਗ ,ਬਰੰਗੇ ਫੁੱਲ ਹੋ। ਸਾਡੇ ਪ੍ਰਿੰਸੀਪਲ ਸਾਹਿਬ ਇਸ ਬਾਗ ਦੇ ਵੱਡੇ ਮਾਲੀ ਨੇ। ਉਨ੍ਹਾਂ ਦੀ ਦੇਖ-ਰੇਖ ਵਿੱਚ ਅਸੀਂ ਸਾਰੇ ਅਧਿਆਪਕ, ਛੋਟੇ-ਛੋਟੇ ਮਾਲੀਆਂ ਵਾਂਗ ਤੁਹਾਨੂੰ ਸਿੱਖਿਆ ਅਤੇ ਗਿਆਨ ਰੂਪੀ ਪਾਣੀ ਦਿੰਦੇ ਹਾਂ ਤਾਂ ਜੋ ਤੁਸੀਂ ਵੰਨ-ਸੁਵੰਨੇ ਰੰਗਾਂ ਵਿੱਚ ਫੁੱਲਾਂ ਵਾਂਗ ਖਿੜੋ, ਮਹਿਕੋ ... ਚੱਜ-ਆਚਾਰ ਦੀਆਂ ਖੁਸ਼ਬੋਈਆਂ ਵੰਡੋਂ ਤੇ ਆਰ-ਪਰਿਵਾਰ ਸਮੇਤ ਆਪਣੇ ਪਿੰਡ, ਸ਼ਹਿਰ ਅਤੇ ਦੇਸ਼ ਦਾ ਨਾਂ ਰੋਸ਼ਨ ਕਰੋ' ...

ਭਾਸ਼ਣ ਦੇ ਅਖੀਰ 'ਚ ਇੱਕ ਕਹਾਣੀ ਵੀ ਸੁਣਾਈ। ਗੁਰੂ ਤੇ ਚੇਲਿਆਂ ਦੀ ਕਹਾਣੀ ... ਤਿੰਨ ਚੇਲੇ ਹੁੰਦੇ ਨੇ। ਉਨਾਂ ਨੇ ਆਪਣੇ ਗੁਰੂ ਜੀ ਦੇ ਆਸ਼ਰਮ ਵਿੱਚ ਰਹਿ ਕੇ ਸਾਰੀ ਸਿੱਖਿਆ ਪ੍ਰਾਪਤ ਕਰ ਲਈ ਹੁੰਦੀ ਏ। ਹੁਣ ਉਨ੍ਹਾਂ ਨੇ ਆਪਣੇ ਗੁਰੂ ਜੀ ਤੇ ਆਸ਼ਰਮ ਨੂੰ ਅਲਵਿਦਾ ਕਹਿ ਆਪਣੇ ਘਰੋ, ਘਰੀਂ ਜਾਣਾ ਹੁੰਦਾ ਏ। ਗੁਰੂ ਜੀ ਉਨ੍ਹਾਂ ਨੂੰ ਤੜਕੇ-ਸਵੇਰੇ, ਕੁਟੀਆ 'ਚ ਮਿਲਣ ਦਾ ਸਮਾਂ ਦੇ ਕੇ ਸੌਂ ਜਾਂਦੇ ਨੇ।

ਲੰਮੇ ਅਰਸੇ ਬਾਅਦ ਘਰੀਂ ਜਾਣ ਦੇ ਚਾਅ 'ਚ ਤਿੰਨੇ ਚੇਲੇ ਪਲ-ਪਲ, ਛਿਣ-ਛਿਣ ਗਿਣਦੇ ਰਾਤ ਬਿਤਾਉਂਦੇ ਨੇ। ਇੱਕ ਚੇਲਾ, ਸੂਰਜ ਚੜ੍ਹਨ ਤੋਂ ਪਹਿਲਾਂ ਹੀ ਆਪਣੀ ਪੋਟਲੀ ਚੁੱਕੀ ਦੁੜੰਗੇ ਮਾਰਦਾ ਗੁਰੂ ਜੀ ਦੀ ਕੁਟੀਆ 'ਚ ਆ ਪੁੱਜਦਾ ਏ। ਆਉਂਦਾ ਹੋਇਆ ਉਹ ਅੱਗੇ, ਪਿੱਛੇ, ਕੁਝ ਨਹੀਂ ਵੇਖਦਾ। ਹੱਫਿਆ ਹੋਇਆ ਅੰਦਰ ਕੁਟੀਆ 'ਚ ਬੈਠੇ ਗੁਰੂ ਜੀ ਦੇ ਚਰਨ ਛੂਹੰਦਾ ਤੇ ਆਪਣੇ ਘਰ ਜਾਣ ਲਈ ਆਗਿਆ ਮੰਗਦਾ ਏ ...

ਗੁਰੂ ਜੀ ਆਪਣੇ ਚੇਲੇ ਨੂੰ ਉੱਪਰ ਤੋਂ ਹੇਠਾਂ ਤੀਕ ਨਿਹਾਰਦੇ ਨੇ ... ਅਚਾਨਕ, ਉਨਾਂ ਦਾ ਧਿਆਨ ਉਸਦੇ ਪੈਰਾਂ 'ਚੋਂ ਸਿੰਮਦੇ ਲਹੂ 'ਤੇ ਪੈ ਜਾਂਦਾ ਏ ... ਗੁਰੂ ਜੀ ਬੜੇ ਪਿਆਰ ਨਾਲ ਉਸਨੂੰ ਆਪਣੇ ਕੋਲ ਬਿਠਾਉਂਦੇ ਤੇ ਮਲ੍ਹਮ-ਪੱਟੀ ਕਰਦੇ ਨੇ ...

ਬਾਹਰ, ਖੁਲ੍ਹੀ ਹੋਈ ਖਿੜਕੀ ਵਿੱਚੋਂ ਦੂਸਰਾ ਚੇਲਾ ਆਉਂਦਾ ਦਿਸਿਆ। ਕੁਟੀਆ ਵੱਲ ਆਉਂਦਿਆਂ ਰਸਤੇ ਵਿੱਚ ਉਸਨੂੰ ਕੁਝ ਕੰਡੇ ਦਿਸ ਪਏ ... ਬੜੇ ਧਿਆਨ ਨਾਲ ਬਚਦਾ-ਬਚਾਉਂਦਾ ਉਹ

ਕੁਟੀਆ 'ਚ ਆ ਪੁੱਜਾ। ਗੁਰੂ ਜੀ ਨੇ ਉਸਨੂੰ ਵੀ ਆਪਣੇ ਕੋਲ ਬਿਠਾਇਆ ਤੇ ਸਾਰਿਆਂ ਨੂੰ ਵਿਦਾ ਕਰਨ ਦੇ ਇਰਾਦੇ ਨਾਲ ਤੀਜੇ ਚੇਲੇ ਦੀ ਉਡੀਕ ਕਰਨ ਲੱਗੇ।

ਤੀਸਰੇ ਚੇਲੇ ਦੀ ਗੱਲ ਬੜੇ ਧਿਆਨ ਨਾਲ ਸੁਣਨ ਵਾਲੀ ਏ। ਕੁਟੀਆ ਵੱਲ ਆਉਂਦਿਆਂ ਉਸ ਦਾ ਧਿਆਨ ਹੇਠਾਂ ਪਏ ਇੱਕ ਕੰਡੇ 'ਤੇ ਪੈ ਗਿਆ। ਫਿਰ ਕੀ ਹੋਇਆ ... ਉਸਨੇ ਬੜੇ ਧਿਆਨ ਨਾਲ ਕੰਡਾ ਚੁੱਕਿਆ ਤੇ ਦੂਰ ਇੱਕ ਟੋਏ 'ਚ ਸੁੱਟ ਆਇਆ। ਅੱਗੇ ਉਸਨੂੰ ਇੱਕ ਨਹੀਂ, ਕਈ ਹੋਰ ਕੰਡੇ ਦਿਸ ਪਏ। ਬੜੇ ਸਹਿਜ ਨਾਲ ਉਸਨੇ ਵਾਰੀ-ਵਾਰੀ ਸਾਰੇ ਕੰਡੇ ਚੁਗੇ ਤੇ ਲਾਂਘੇ ਤੋਂ ਦੂਰ ਵਾਲੇ ਟੋਏ 'ਚ ਸਮੇਟ ਆਇਆ ... ਆਪਣੇ ਚੇਲਿਆਂ ਸਮੇਤ ਗੁਰੂ ਜੀ ਅੰਦਰ ਕੁਟੀਆ 'ਚ ਬੈਠੇ ਸਾਰਾ ਕੁਝ ਬੜੇ ਗਹੁ ਨਾਲ ਵੇਖਦੇ ਰਹੇ।

ਤੀਸਰੇ ਚੇਲੇ ਦੇ ਆਉਂਦਿਆਂ ਸਾਰ ਗੁਰੂ ਜੀ ਆਪਣੇ ਆਸਣ ਤੋਂ ਉੱਠ ਖਲੋਤੇ ... ਬੜੇ ਮੋਹ ਨਾਲ ਉਸਨੂੰ ਵੀ ਗਲਵਕੜੀ ਪਾਈ ... ਤੇ ਸਾਰਿਆਂ ਨੂੰ ਨਿੱਘੀ ਵਿਦਾਇਗੀ ਦੇ ਘਰਾਂ ਨੂੰ ਤੋਰ ਦਿੱਤਾ ...

ਵੇਖਦਿਆਂ, ਵੇਖਦਿਆਂ ਤਿੰਨੇ ਚੇਲੇ ਆਪੋ,ਆਪਣੀਆਂ ਬੱਘੀਆਂ 'ਤੇ ਬੈਠ ਗੁਰੂ ਜੀ ਕੋਲੋਂ ਰੁਖ਼ਸਤ ਹੋ ਗਏ ...

ਹੋਇਆ ਕੀ ... ਕੁਝ ਚਿਰ ਬਾਅਦ ਪਹਿਲੇ ਦੋ ਚੇਲੇ ਗੁਰੂ ਜੀ ਕੋਲ ਵਾਪਸ ਆ ਗਏ ... ਉਨਾਂ ਨੂੰ ਵੇਖ ਹੈਰਾਨ ਹੋਏ ਗੁਰੂ ਜੀ ਨੇ ਪੁੱਛਿਆ, 'ਬੱਚਿਓ ! ਕੋਈ ਚੀਜ਼ ਰਹੀ ਗਈ ਇੱਥੇ' ?...

ਜੁਆਬ ਵਿੱਚ ਦੋਵੇਂ ਚੇਲੇ ਬੜੀ ਨਿਮਰਤਾ ਨਾਲ ਹੱਥ ਜੋੜਦੇ ਬੋਲੇ, 'ਗੁਰੂ ਜੀ ! ਇੱਥੇ ਸਾਡੇ ਹਿੱਸੇ ਵਾਲੇ ਕੰਡੇ ਚੁਗਣੇ ਬਾਕੀ ਰਹੀ ਗਏ ... ਜਦੋਂ ਅਸੀਂ ਸਾਰੇ ਕੰਡੇ ਚੁਗ ਲਵਾਂਗੇ ਤਾਂ ਉਦੋਂ ਅਸੀਂ ਆਪੇ ਹੀ ਘਰਾਂ ਨੂੰ ਵਾਪਸ ਪਰਤ ਜਾਵਾਂਗੇ' ...

ਪ੍ਰਾਰਥਨਾ ਤੋਂ ਬਾਅਦ ਜਮਾਤਾਂ ਲੱਗ ਗਈਆਂ। ਅੱਧੀ ਛੁੱਟੀ ਹੋ ਗਈ। ਸ਼ਰਾਰਤੀ ਵਿਦਿਆਰਥੀਆਂ ਦੀ ਵੱਡੀ ਜਮਾਤ ਦੇ ਕੁਝ ਵਿਦਿਆਰਥੀ ਸਾਡੇ ਕੋਲ ਲਾਇਬਰੇਰੀ ਵਿੱਚ ਆ ਗਏ ਤੇ ਸਾਡੇ ਦੁਆਲੇ ਝੁਰਮਟ ਪਾ ਖਲੋਤੇ ...

'ਸਰ ! ਪਹਿਲੇ ਦੋ ਚੇਲੇ ਗੁਰੂ ਜੀ ਕੋਲੋਂ ਆਗਿਆ ਮਿਲ ਜਾਣ 'ਤੇ ਵੀ ਆਸ਼ਰਮ ਵਿੱਚ ਵਾਪਸ ਕਿਉਂ ਆਏ' ?... ਇੱਕ ਵਿਦਿਆਰਥੀ ਨੇ ਪੁੱਛਿਆ।

'ਸਰ ਜੀ ! ਹੋ ਸਕਦਾ ਏ ਕਿ ਗੁਰੂ ਜੀ ਨੇ ਚੇਲਿਆਂ ਦੀ ਸਲਾਨਾ ਪ੍ਰੀਖਿਆ ਲੈਣ ਲਈ ਖੁਦ ਹੀ ਕੰਡੇ ਖਿਲਾਰੇ ਹੋਣ'... ਦੂਜਾ ਵਿਦਿਆਰਥੀ ਬੋਲਿਆ।

'ਸਿਰਫ ਤੀਜੇ ਚੇਲੇ ਨੇ ਹੀ ਕੰਡੇ ਸਾਫ ਕਰਕੇ ਆਪਣੀ ਸਿਆਣਪ ਅਤੇ ਨੇਕ ਨੀਅਤ ਦਾ ਸਬੂਤ ਦਿੱਤਾ ਹੋਏਗਾ... ਇਸੇ ਕਰਕੇ ਗੁਰੂ ਜੀ ਨੇ ਉਸ ਦੁਆਰਾ ਪ੍ਰਾਪਤ ਕੀਤੀ ਸਿੱਖਿਆ ਨੂੰ ਸਫ਼ਲ ਸਮਝਿਆ

ਹੋਏਗਾ ਤੇ ਸਾਰਿਆਂ ਨੂੰ ਘਰ ਜਾਣ ਦੀ ਆਗਿਆ ਦੇ ਦਿੱਤੀ ਹੋਏਗੀ' ... ਤੀਜੇ ਵਿਦਿਆਰਥੀ ਨੇ ਕਹਾਣੀ ਦੀ ਵਿਆਖਿਆ ਕਰਦਿਆਂ ਕਿਹਾ ।

'ਸਰ ਜੀ ! ਬਾਹਰ ਸੇ ਤਾਂ ਤੁਸੀਂ ਜਮਾ ਲੱਲੂ ਜੀ ਲੱਗਾ ... ਪਰ ਅੰਦਰ ਸੇ ਗੱਲਾਂ ਬੜੀਆਂ ਕੰਮ ਦੀਆਂ ਦੱਸਾ ਜੀ .... ਜੇ ਆਪ ਜੀ ਪਹਿਲਾਂ ਹੀ ਸਾਡੇ ਸਕੂਲ ਵਿੱਚ ਆ ਗਏ ਹੁੰਦੇ ਤਾਂ ਸਾਨੂੰ ਵੀ ਕੰਡੇ ਚੁਗਣ ਦੀ ਜਾਚ ਆ ਜਾਣੀ ਤੀ' ... ਟੋਲੀ 'ਚ ਖੜ੍ਹੇ ਚੌਥੇ ਮੁੰਡੇ ਨੇ ਆਪਣੀ ਸਮਝ ਮੁਤਾਬਕ 'ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ' ਵਰਗਾ ਨਿਤਾਰਾ ਕਰਦਿਆਂ ਸਾਰੀ ਗੱਲ ਮੁਕਾ ਦਿੱਤੀ । ਸਾਡੀਆਂ ਕਿਤਾਬਾਂ ਪੜ੍ਹਨ ਵਾਲਾ ਸਰਦਾਰਾਂ ਦਾ ਉਹੀਓ ਸ਼ਰਾਰਤੀ ਮੁੰਡਾ ਸੀ ਜਿਹੜਾ ਅੱਧੀ ਛੁੱਟੀ ਹੋਣ ਤੋਂ ਪਹਿਲਾਂ ਪ੍ਰਿੰਸੀਪਲ ਸਾਹਿਬ ਕੋਲ ਸਾਡੀ ਸ਼ਿਕਾਇਤ ਲਾ ਕੇ ਆਇਆ ਸੀ ...

# ਪਤੀਲਾ ਬਨਾਮ ਪੀਲੀ ਪੱਤਰਕਾਰੀ

ਦਮਾ ਲੰਬਾ ਸਮਾਂ ਚੱਲਣ ਵਾਲੀ ਇੱਕ ਕ੍ਰੋਨਿਕ ਬਿਮਾਰੀ ਹੁੰਦੀ ਏ ਜਿਸ ਵਿੱਚ ਆਮ ਤੌਰ ਤੇ ਸਾਹ ਪ੍ਰਣਾਲੀ ਦੀ ਤਕਲੀਫ਼ ਦਾ ਸਾਹਮਣਾ ਕਰਨਾ ਪੈਂਦਾ। ਪਿਛਲੇ ਸਾਲਾਂ ਦੀ ਤੁਲਨਾ ਵਿੱਚ ਦਮੇ ਤੋਂ ਪੀੜਿਤ ਮਰੀਜ਼ਾਂ ਦੀ ਸੰਖਿਆ ਲੱਗਭਗ ਪੰਞੀ ਫੀਸਦੀ ਵਧੀ ਚੁਕੀ। ਵਾਤਾਵਰਨ ਪ੍ਰਦੂਸ਼ਣ, ਤੰਬਾਕੂ ਨੋਸ਼ੀ, ਭੋਜਨ ਦੀਆਂ ਗਲਤ ਆਦਤਾਂ, ਪੋਸ਼ਣ ਸੂਝ ਦੀ ਘਾਟ, ਹੈਰੀਡਿਟੀ ਅਤੇ ਲੋਕਾਂ ਦੀ ਅਣਗਹਿਲੀ ਆਦਿ ਦਮੇ ਦੇ ਮੁੱਖ ਕਾਰਨ ਹੁੰਦੇ ... ਇਹ ਖ਼ਤਮ ਨਾ ਹੋਣ ਵਾਲੀ ਨਾਮੁਰਾਦ ਬਿਮਾਰੀ ਏ ਪਰ ਇਸਦੀ ਰੋਕਥਾਮ ਕੀਤੀ ਜਾ ਸਕਦੀ ... ਇੱਕ ਅਹਿਮ ਸਰਵੇਖਣ ਦੀ ਰੌਸ਼ਨੀ ਵਿੱਚ ਹਰ ਵੱਡੇ ਪਿੰਡ ਅਤੇ ਸ਼ਹਿਰ 'ਚ ਸਥਾਨਕ ਡਾਕਟਰ ਰੋਜ਼ਾਨਾ ਇਸ ਬਿਮਾਰੀ ਤੋਂ ਪੀੜਤ ਅੱਸੀ ਦੇ ਕਰੀਬ ਮਰੀਜਾਂ ਦਾ ਇਲਾਜ ਕਰ ਰਹੇ ਨੇ ...

ਜਰਾ ਰੁਕੋ ...ਪਤੀਲੇ ਦੀ ਗੱਲ ਕਰ ਲਈਏ ... ਸਵੇਰੇ ਚਾਰ ਵਜੇ ਸਾਡੀ ਅੱਖ ਖੁੱਲ ਗਈ। ਚਾਹ ਦੀ ਤਲਬ ਨਾਲ ਭੁੱਖ ਵੀ ਲੱਗ ਗਈ। ਦੱਬੇ ਪੈਰੀਂ ਰਸੋਈ 'ਚ ਚਲੇ ਗਏ। ਗੈਸ ਬਾਲੀ ਤੇ ਦਾਲਚੀਨੀ ਤੇ ਹਰੀ ਇਲਾਇਚੀ ਪਾ ਕੇ ਚਾਹ ਦਾ ਪਾਣੀ ਧਰ ਦਿੱਤਾ। ਦੁੱਧ ਲੈਣ ਲਈ ਫਰਿੱਜ ਖੋਲ੍ਹਿਆ। ਇਹ ਕੀ ?... ਦੁੱਧ ਵਾਲਾ ਵੱਡਾ ਸਾਰਾ ਪਤੀਲਾ ਵਿੱਚਲੇ ਖ਼ਾਨੇ ਵਿੱਚ ਬੁਰੀ ਤਰਾਂ ਫਸਿਆ ਪਿਆ ਸੀ। ਸ੍ਰੀ ਮਤੀ, ਬੇਟੀ ਜਾਂ ਬਹੂ ਸ੍ਰੀ ਨੇ ਬੜੀ ਬਹਾਦਰੀ ਅਤੇ ਪੂਰੇ ਜ਼ੋਰ ਨਾਲ ਪਤੀਲੇ ਨੂੰ ਇਸ ਛੋਟੇ ਖ਼ਾਨੇ ਵਿੱਚ ਧੱਕਿਆ ਹੋਏਗਾ ਜਦਕਿ ਉਸਤੋਂ ਹੇਠਲੇ ਖ਼ਾਨੇ ਵਿੱਚ ਕਾਫੀ ਜਗ੍ਹਾ ਖਾਲੀ ਸੀ ... ਬੜੀ ਆਸਾਨੀ ਨਾਲ ਪਤੀਲੇ ਨੂੰ ਵੀ ਰੱਖਿਆ ਜਾ ਸਕਦਾ ਸੀ ...

ਖੈਰ ! ਖਿੱਚ, ਧੂਹ ਕਰ ਕੇ ਅਣਕੱਜਿਆ ਦੁੱਧ ਵਾਲਾ ਪਤੀਲਾ ਬਾਹਰ ਕੱਢਿਆ। ਚਾਹ ਬਣਾਈ। ਇੱਕ ਆਂਡਾ ਹਾਫ ਫਰਾਈ ਕੀਤਾ। ਪੇਟ ਪੂਜਾ ਕੀਤੀ ਤੇ ਦੁੱਧ ਵਾਲਾ ਪਤੀਲਾ ਢੱਕ ਕੇ ਹੇਠਲੇ ਖਾਲੀ ਖ਼ਾਨੇ ਵਿੱਚ ਰੱਖ ਦਿੱਤਾ। ਹਨੇਰ ਸਾਂਈ ਦਾ ... ਘਰ ਦੀਆਂ ਸੁਆਣੀਆਂ ਨੂੰ ਫਰਿੱਜ ਦੀ ਸਾਂਭ-ਸੰਭਾਲ ਵਾਲੀ ਜਾਚ ਹੋਣੀ ਚਾਹੀਦੀ ... ਸਾਰੀਆਂ ਪੜ੍ਹੀਆਂ, ਲਿਖੀਆਂ ਨੇ ...ਪੋਸਟ ਗਰੈਜੂਏਟ ਨੇ ... ਪਰ ਇਥੇ ਭਲਾ ਕਿਸੇ ਦੀ ਸੁਣਦਾ ਕੌਣ ਏ ?... ਹਰ ਕੋਈ ਆਪਣੇ ਆਪ ਨੂੰ ਵੱਡਾ ਸਿਆਣਾ ਸਮਝਦਾ ...

ਯਾਦ ਆਇਆ, ਦਮੇ ਵਾਲੀ ਗੱਲ ਹੋ ਰਹੀ ਸੀ ... ਇਨਹੇਲਰ ਥੈਰੇਪੀ ਨੂੰ ਫੈਲਾਉਣ, ਮਕਬੂਲ ਬਣਾਉਣ ਅਤੇ ਆਪਣੇ ਇਨਹੇਲਰ ਵੇਚਣ ਲਈ ਵੱਡੀਆਂ, ਵੱਡੀਆਂ ਕੰਪਨੀਆਂ ਪ੍ਰਿੰਟ, ਬਿਜਲੀ ਤੇ

ਸੋਸ਼ਲ ਮੀਡੀਆ ਨੂੰ ਬ੍ਰਾਈਬ ਕਰਕੇ ਲੋਕਾਂ ਵਿੱਚ ਦਹਿਸ਼ਤ ਪੈਦਾ ਕਰਨ ਲਈ ਪਹਿਲਾਂ ਡਰਾਉਣੀਆਂ ਖ਼ਬਰਾਂ ਲਗਵਾਉਂਦੀਆਂ ਨੇ ਤੇ ਫਿਰ ਧੜਾਧੜ ਆਪਣੇ ਇਨਹੇਲਰ ਵੇਚਦੀਆਂ ਨੇ ।

ਗੱਦੇ, ਗਲੀਚੇ ਅਤੇ ਮੈਟਰੈੱਸ ਵੇਚਣ ਵਾਲੀਆਂ ਕੰਪਨੀਆਂ ਰਾਤ ਨੂੰ ਲੇਟ ਸੌਣ, ਬੁਰੇ ਸੁਪਨੇ ਆਉਣ ਅਤੇ ਗੂੜੀ ਨੀਂਦ ਨਾ ਆਉਣ ਨੂੰ ਬੜਾ ਚਿੰਤਾਜਨਕ ਰੁਝਾਨ ਦੱਸਦੀਆਂ ਨੇ ... ਪਹਿਲਾਂ ਵਿਕਾਊ ਖ਼ਬਰਾਂ ਦੇ ਸਹਾਰੇ ਡਰਾਉਂਦੀਆਂ ਤੇ ਫਿਰ ਆਪਣੇ ਗੱਦਿਆਂ ਨੂੰ ਖੰਭਾਂ ਵਰਗੇ ਨਰਮ ਅਤੇ ਬੜੇ ਆਰਾਮਦਾਇਕ ਦੱਸ ਕੇ ਧੜਾ, ਧੜ ਵੇਚਦੀਆਂ ।

ਸੈਨੀਟਰੀ ਅਤੇ ਹਾਰਡ ਵੇਅਰ ਉਤਪਾਦ ਵੇਚਣ ਵਾਲੀਆਂ ਕੰਪਨੀਆਂ ਓਵਰਹੈੱਡ ਟੈਂਕ, ਰਸੋਈ ਜਾਂ ਬਾਥਰੂਮ ਪਾਈਪਾਂ ਦੀ ਮੁਰੰਮਤ ਵਿੱਚ ਹੋਣ ਵਾਲੀ ਦੇਰੀ ਨੂੰ ਪਰਿਵਾਰ ਦੀਆਂ ਵੱਖ, ਵੱਖ ਸਿਹਤ ਸਮੱਸਿਆਵਾਂ ਦਾ ਕਾਰਨ ਦੱਸਦੀਆਂ । ਉਹ ਡਬਲਿਊ.ਐਚ.ਓ. ਦਾ ਨਾਂ ਵਰਤ ਕੇ ਪੀਲੀਆਂ ਖ਼ਬਰਾਂ ਲਗਵਾਉਂਦੀਆਂ ... ਇਨਾਂ ਖ਼ਬਰਾਂ ਰਾਹੀਂ ਨਮੀ ਅਤੇ ਪਾਣੀ ਦੀ ਲੀਕੇਜ ਕਾਰਨ ਪੈਦਾ ਹੋਣ ਵਾਲੀ ਉੱਲੀ, ਗਲੇ ਅਤੇ ਅੱਖਾਂ 'ਚ ਜਲਣ, ਛਿੱਕਾਂ ਮਾਰਨ ਅਤੇ ਨੱਕ ਵਗਣ ਸਮੇਤ ਚਮੜੀ ਉੱਤੇ ਧੱਫੜ ਪੈਦਾ ਕਰਨ ਵਾਲੇ ਵਹਿਮ, ਭਰਮ ਫੈਲਾਏ ਜਾਂਦੇ ...

ਚੇਚਕ, ਖਸਰਾ ਤੇ ਚਿਕਨਪਾਕਸ ਤੋਂ ਬਾਅਦ ਡੇਂਗੂ, ਸਵਾਈਨ ਫਲੂ ਅਤੇ ਬਰਡ ਫਲੂ ਵਰਗੀਆਂ ਬਿਮਾਰੀਆਂ ਹੋਂਦ ਵਿੱਚ ਆ ਗਈਆਂ ਨੇ ... ਹਾਲ ਹੀ ਵਿੱਚ ਫੈਲਾਏ ਗਏ ਕਰੋਨਾ ਵਾਇਰਸ ਦੀ ਸੁਣ ਲਓ ... ਚੀਨ ਅਤੇ ਅਮਰੀਕਾ ਵਰਗੇ ਵੱਡੇ ਦੇਸ਼ ਇਸ ਨਾਮੁਰਾਦ ਬਿਮਾਰੀ ਦੇ ਪਸਾਰੇ ਨਾਲ ਆਪੋ, ਆਪਣੇ ਉਪਚਾਰ ਯੰਤਰ, ਇਲਾਜ ਵਿਧੀਆਂ ਤੇ ਦੁਆਈਆਂ ਬਣਾ ਕੇ ਸੰਸਾਰ ਭਰ ਦੇ ਬੇਕਸੂਰ ਲੋਕਾਂ ਨੂੰ ਲੁੱਟਣ ਦੀ ਤਾਕ ਵਿੱਚ ਬੈਠੇ ਨੇ ... ਇਸ ਅੰਨੀ ਕਮਾਈ ਦੇ ਨਾਲ ਉਨਾਂ ਦੇ ਅਰਥਚਾਰੇ ਨੂੰ ਅਰਬਾਂ, ਖਰਬਾਂ ਡਾਲਰਾਂ ਦੀ ਮਜਬੂਤੀ ਮਿਲਣੀ ਹੈ ਨਾ ...

ਮੂੰਗਫਲੀ ਦੀ ਖਲ ਵਿੱਚ ਚੀਨੀ ਅਤੇ ਕੋਕੋ ਪਾਊਡਰ ਮਿਲਾ ਕੇ ਬੱਚਿਆਂ ਲਈ ਆਕਰਸ਼ਕ ਪੈਕਿੰਗ ਵਾਲੀ ਸਿਹਤ ਵਰਧਕ ਡਰਿੰਕ ਬਣਾਈ ਜਾ ਰਹੀ ... ਦੁੱਧ ਪਾਊਡਰ ਵਿੱਚ ਧੜੱਲੇ ਨਾਲ ਮੈਲਾਮਾਈਨ ਮਿਲਾਇਆ ਜਾ ਰਿਹਾ ਤੇ ਸਹਿਜੇ ਹੀ ਖ਼ੂਬਸੂਰਤ ਇਸ਼ਤਿਹਾਰਬਾਜ਼ੀ ਰਾਹੀਂ ਕਰੋੜਾਂ, ਅਰਬਾਂ ਰੁਪਏ ਦੀ ਕਮਾਈ ਕੀਤੀ ਜਾ ਰਹੀ ।

ਅਣਗਿਣਤ ਕੰਪਨੀਆਂ ਆਪਣੇ ਤਰਾਂ-ਤਰਾਂ ਦੇ ਪ੍ਰੋਡਕਟ ਵੇਚਣ ਲਈ ਕਈ,ਕਈ ਬਿਮਾਰੀਆਂ ਦਾ ਖ਼ਤਰਾ ਦੱਸਦੀਆਂ ... ਪੀਲੀ ਪੱਤਰਕਾਰੀ ਅਤੇ ਇਸ਼ਤਿਹਾਰਬਾਜ਼ੀ ਰਾਹੀਂ ਕਰੋੜਾਂ ਲੋਕਾਂ ਨੂੰ ਪਹਿਲਾਂ ਗੁੰਮਰਾਹ ਕਰਦੀਆਂ ਤੇ ਫਿਰ ਅੰਨੀ ਲੁੱਟ ਮਚਾਉਂਦੀਆਂ । ਇਸ ਵਰਤਾਰੇ ਦੌਰਾਨ ਭੋਲੇ, ਭਾਲੇ ਲੋਕਾਂ ਨੂੰ

ਭਰਮਾਉਣ ਲਈ ਬਾਲੀਵੁੱਡ ਸੁੰਦਰੀਆਂ, ਮਸ਼ਹੂਰ ਅਦਾਕਾਰ, ਮਾਡਲ ਅਤੇ ਨਾਮੀ ਹਸਤੀਆਂ ਦੇ ਚਿਹਰਿਆਂ ਨੂੰ ਵਰਤਣ ਲਈ ਉਨਾਂ ਨੂੰ ਕਰੋੜਾਂ ਰੁਪਏ ਦੇਣ ਤੋਂ ਵੀ ਗੁਰੇਜ ਨਹੀਂ ਕੀਤਾ ਜਾਂਦਾ ।

ਸਾਹਿਤ, ਸਭਿਆਚਾਰ, ਧਰਮ ਤੇ ਰਾਜਨੀਤੀ ਨਾਲ ਜੁੜੇ ਲੋਕ ਵੀ ਹੁਣ ਇਸ ਫਾਰਮੂਲੇ ਨੂੰ ਅਪਨਾਉਣ ਲੱਗ ਪਏ । ਭੋਲੇ, ਭਾਲੇ ਲੋਕਾਂ ਨੂੰ ਭਰਮਾਉਣ ਲਈ ਵਿਦੇਸ਼ੀ ਮੀਡੀਏ ਦਾ ਸਹਾਰਾ ਲਿਆ ਜਾਣ ਲੱਗ ਪਿਆ ... ਐਗਜ਼ਿਟ ਪੋਲ ਵੀ ਹੁਣ ਜਿੱਤ ਲਈ ਬੜਾ ਖ਼ਤਰਨਾਕ ਹਥਿਆਰ ਬਣ ਚੁਕੇ ... ਚੱਲੇ ਹੋਏ ਕਾਰਤੂਸ ਵਰਗੇ ਦੰਭੀ, ਫਰੇਬੀ ਤੇ ਚੋਰ-ਉਚੱਕੇ ਪੀਲੀ ਪੱਤਰਕਾਰੀ ਅਤੇ ਇਸ਼ਤਿਹਾਰਬਾਜ਼ੀ ਰਾਹੀਂ ਭੋਲੀ, ਭਾਲੀ ਜਨਤਾ ਕੋਲੋਂ ਵੋਟਾਂ ਬਟੋਰ ਕੇ ਨੇਤਾ ਬਣ ਜਾਂਦੇ ... ਇਹੋ ਜੇਤੂ ਨੇਤਾ ਤੇ ਮੰਤਰੀ, ਸੰਤਰੀ ਫਿਰ ਖ਼ੂਬ ਚੰਮ ਦੀਆਂ ਚਲਾਉਂਦੇ । ਸਾਹਿਤਕ ਸਥਾਪਤੀ ਅਤੇ ਇਨਾਮ, ਇਕਰਾਮ ਪ੍ਰਾਪਤ ਕਰਨ ਲਈ ਵੀ ਸਾਡੇ ਸਾਹਿਤਕਾਰ ਅਜਿਹੇ ਹੱਥ ਕੰਡੇ ਅਖਤਿਆਰ ਕਰਨ ਲੱਗ ਪਏ ...

ਚਲੋ ਛੱਡੋ ! ਪਤੀਲੇ ਵੱਲ ਮੁੜਦੇ ਹਾਂ... ਫਰਿੱਜ ਵਿੱਚਲਾ ਉਹੀਓ ਪਤੀਲਾ ਹੁਣ ਦਿਮਾਗ ਵਿੱਚ ਫਸਿਆ ਪਿਆ ਖਲਬਲੀ ਮਚਾ ਰਿਹਾ ... ਘਰ ਦੇ ਸਾਰੇ ਜੀਆਂ ਨੂੰ ਵਾਰੀ, ਵਾਰੀ ਪੁੱਛ ਵੇਖਿਆ ਪਰ ਕੋਈ ਮਾਈ ਦਾ ਲਾਲ ਪਤੀਲੇ ਨੂੰ ਗ਼ੈਰਮੁਨਾਸਬ ਥਾਂ 'ਤੇ ਰੱਖਣ ਵਾਲੀ ਗੱਲ ਨਹੀਂ ਸਵੀਕਾਰਦਾ ...

ਸਾਡੀਆਂ ਸੁਆਣੀਆਂ ਨੂੰ ਫਰਿੱਜ ਦੀ ਸਾਂਭ-ਸੰਭਾਲ ਕਰਨੀ ਆਉਣੀ ਚਾਹੀਦੀ ... ਉਨਾਂ ਨੂੰ ਇਹ ਵੀ ਸਮਝਣਾ ਚਾਹੀਦਾ ਕਿ ਫਰਿੱਜ ਕੋਈ ਸਟੋਰ ਰੂਮ ਨਹੀਂ ਹੁੰਦਾ ਜਿਸ ਵਿੱਚ ਜੋ ਮਰਜ਼ੀ ਲਪੇਟ, ਤੁੰਨ ਕੇ ਰੱਖ ਦਿਓ ... ਸਾਡੇ ਵਾਂਗ ਵਿਚਾਰੇ ਨੂੰ ਸਾਹ ਲੈਣ ਲਈ ਸਪੇਸ ਦੀ ਲੋੜ ਹੁੰਦੀ ਏ ...

ਫਰਿੱਜ ਵਿੱਚ ਨੰਗੀਆਂ ਪਈਆਂ ਖਾਣ, ਪੀਣ ਵਾਲੀਆਂ ਚੀਜ਼ਾਂ ਕਾਰਨ ਕੀੜੇ, ਮਕੌੜੇ ਤੇ ਕਾਕਰੋਚ ਦਾਖ਼ਲ ਹੋ ਜਾਂਦੇ ... ਅਣਢੱਕੀ ਤੇ ਚਿਰਾਂ ਪੁਰਾਣੀ ਫਰੋਜਨ ਚੀਜ਼, ਵਸਤ ਮਿੱਥੇ ਅਰਸੇ ਬਾਅਦ ਖਾਣ ਯੋਗ ਨਹੀਂ ਰਹਿੰਦੀ ... ਉਸਦਾ ਰੰਗ, ਸੁਆਦ ਤੇ ਤਾਜ਼ਗੀ ਨਸ਼ਟ ਹੋ ਜਾਂਦੀ ... ਉਸਦੀ ਵਰਤੋਂ ਨਾਲ ਸਾਡੇ ਸਰੀਰ ਨੂੰ ਲਾਭ ਦੀ ਥਾਏਂ ਨੁਕਸਾਨ ਵਧੇਰੇ ਹੁੰਦਾ ...

ਕਾਸ਼ ! ਫਰਿੱਜ ਬਣਾਉਣ ਵਾਲੀ ਕਿਸੇ ਕੰਪਨੀ ਨੇ ਪੀਲੀ ਪੱਤਰਕਾਰੀ, ਡਬਲਿਊ.ਐਚ.ਓ. ਜਾਂ ਕਿਸੇ ਬਾਲੀਵੁੱਡ ਸੁੰਦਰੀ ਦਾ ਸਹਾਰਾ ਲੈ ਕੇ ਸਾਡੀਆਂ ਬੀਬੀਆਂ ਨੂੰ ਆਪਾ ਸੁਆਰਨ ਵਾਲੇ ਸਲੀਕੇ ਵਾਂਗ ਫਰਿੱਜ ਦੇ ਰੱਖ-ਰਖਾਓ ਦੀ ਜਾਚ ਵੀ ਦੱਸੀ ਹੁੰਦੀ ... ਉਮੀਦ ਏ ਕਿ ਸਾਡੀ ਪੀਲੀ ਪੱਤਰਕਾਰੀ ਵੀ ਕਦੀ ਇਸ ਤਕਲੀਫ਼ ਦੇਣ ਵਾਲੇ ਰੁਝਾਨ ਨੂੰ ਰੋਕਣ ਬਾਰੇ ਸੁਚੇਤ ਹੋਏਗੀ ...

# ਚਿੰਤਾ, ਚਿਖਾ ਬਰਾਬਰੀ

ਜਿੰਦਗੀ ਦੇ ਹੋਰ ਦਸੰਬਰਾਂ ਵਾਂਗ ਦਸੰਬਰ 2019 ਵੀ ਗੁਜ਼ਰ ਰਿਹਾ ਸੀ । ਇੱਕ ਦਹਾਕਾ ਪਹਿਲਾਂ ਦੀ ਗੱਲ ਏ । ਡਾਇਰੀ ਦੇ ਪੰਨਿਆਂ ਵਿੱਚ ਅੰਕਿਤ ਮਿਤੀ ਅਨੁਸਾਰ ਉਦੋਂ ਸਾਡੀ ਉਮਰ ਚੁਰੰਜਾ ਕੁ ਸਾਲ ਦੀ ਹੋਏਗੀ । ਪੋਟਿਆਂ 'ਚ, ਗੋਡਿਆਂ 'ਚ, ਚੂਲੇ 'ਚ ... ਗੱਲ ਕੀ, ਅੰਗ, ਅੰਗ 'ਚ ਮਿੱਠੀ, ਮਿੱਠੀ ਪੀੜ ਸ਼ੁਰੂ ਹੋ ਗਈ । ਫੈਮਲੀ ਡਾਕਟਰ ਨੀਨਾ ਨਾਲ ਮਸ਼ਵਰਾ ਕੀਤਾ । ਉਸਨੇ ਦੱਸਿਆ ... ਦੋਹਾਂ ਹੱਥਾਂ ਦੇ ਪੋਟਿਆਂ 'ਚ, ਦੋਹਾਂ ਗੋਡਿਆਂ 'ਚ ਜਾਂ ਦੋਹਾਂ ਮੋਢਿਆਂ 'ਚ ਇਕੱਠਿਆਂ ਪੀੜ ਹੋਏ ਤਾਂ ਖਤਰਾ ਹੁੰਦਾ ਹੈ ਐਪਰ ਸਰੀਰ ਦੇ ਕਿਸੇ ਇੱਕ ਹਿੱਸੇ ਵਿਚਲੀ ਪੀੜ ਦਾ ਬਹੁਤ ਫਿਕਰ ਨਹੀਂ ਕਰਨਾ ਚਾਹੀਦਾ ...

ਫਿਰ ਵੀ ਡਾਕਟਰ ਨੀਨਾ ਦੀ ਸਲਾਹ ਨਾਲ ਚੰਡੀਗੜ੍ਹ ਦੇ ਸਰਕਾਰੀ ਹਸਪਤਾਲੋਂ ਸਰੀਰ ਦੇ ਸਾਰੇ ਟੈਸਟ ਕਰਵਾ ਲਏ । ਹੋਰ ਸਭ, ਕੁਝ ਤਾਂ ਠੀਕ ਸੀ ਪਰ ਟੈਸਟ ਕਰਵਾਉਣ 'ਤੇ ਫਾਸਟਿੰਗ ਸ਼ੂਗਰ ਨੇ ਡੇਢ ਸੌ ਦਾ ਅੰਕੜਾ ਵਿਖਾ ਦਿੱਤਾ । ਲਓ ਜੀ ! ਵਧੀ ਹੋਈ ਸ਼ੂਗਰ, ਚਿੰਤਾ ਦਾ ਗੰਭੀਰ ਵਿਸ਼ਾ ਬਣ ਗਈ । ਆਪਣੇ ਅਧਿਕਾਰੀਆਂ ਨਾਲ ਦਰਦ ਸਾਂਝਾ ਕੀਤਾ । ਉਹ ਆਖਣ ਲੱਗੇ ... ਸਰਕਾਰੀ ਹਸਪਤਾਲ ਦੇ ਟੈਸਟ ਵਿਸ਼ਵਾਸਯੋਗ ਨਹੀਂ ਹੁੰਦੇ ... ਕਿਸੇ ਨਾਮੀ ਪ੍ਰਾਈਵੇਟ ਲੈਬ 'ਚੋਂ ਦੁਬਾਰਾ ਟੈਸਟ ਕਰਵਾਓ ...

ਖੈਰ ! ਟੈਸਟ ਰਿਪੋਰਟ ਹੋਰਨਾਂ ਡਾਕਟਰਾਂ ਤੇ ਦੋਸਤ, ਮਿੱਤਰਾਂ ਨੂੰ ਵਿਖਾਉਂਦੇ ਰਹੇ । ਜਿੰਨੇ ਮੂੰਹ, ਓਨੀਆਂ ਹਦਾਇਤਾਂ ਸੁਣਨ ਨੂੰ ਮਿਲਣ ਲੱਗੀਆਂ । ਸ਼ੂਗਰ ਨੂੰ ਘਟਾਉਣ ਲਈ ਕਿਸੇ ਨੇ ਕਿਹਾ ... ਰਾਤ ਭਰ ਪਾਣੀ 'ਚ ਭਿੱਜੀਆਂ ਚੀਰ ਵਾਲ਼ੀਆਂ ਤਿੰਨ ਭਿੰਡੀਆਂ ਦਾ ਪਾਣੀ ਪੀਓ । ਕਿਸੇ ਨੇ ਕਿਹਾ ... ਦੱਬ ਕੇ ਕਰੇਲੇ ਖਾਓ । ਕਿਸੇ ਨੇ ਜਾਮਣ ਗਿੱਟਕਾਂ ਦਾ ਚੂਰਾ ... ਕਿਸੇ ਨੇ ਅੰਕੁਰਿਤ ਕਣਕ ਖਾਣ ਅਤੇ ਕਿਸੇ ਨੇ ਰਾਤ ਭਰ ਭਿੱਜੇ ਹੋਏ ਮੇਥੇ-ਦਾਣਿਆਂ ਦਾ ਪਾਣੀ ਪੀਣ ਦੀ ਸਲਾਹ ਦਿੱਤੀ । ਘੱਟਦੇ ਹੋਏ ਭਾਰ ਨੇ ਚਿੰਤਾ 'ਚ ਹੋਰ ਵਾਧਾ ਕਰ ਦਿੱਤਾ । ਕਈ ਸੱਜਣ ਇਹ ਵੀ ਆਖਣ ਲੱਗ ਪਏ ਕਿ ਚਿੰਤਾ ਨਹੀਂ ਕਰਨੀ ਚਾਹੀਦੀ ... ਚਿੰਤਾ ਕਰਨ ਨਾਲ ਬਿਮਾਰੀ ਹੋਰ ਵਧਦੀ ਹੈ...

ਦਫ਼ਤਰੋਂ ਘਰ ਨੂੰ ਜਾਂਦਿਆਂ ਰਾਹ ਵਿੱਚ ਲੱਗੀ ਸਬਜ਼ੀ ਮੰਡੀ ਦਿਸ ਪਈ ਸੀ । ਕਰੇਲੇ ਖਰੀਦਣ ਲਈ ਰੇਹੜੀ ਵਾਲੇ ਕੋਲੋਂ ਭਾਅ ਪੁੱਛਿਆ । ਸੱਠ ਰੁਪਏ ਕਿੱਲੋ ਵਾਲੇ ਕਰੇਲੇ ਬੜੇ ਮਹਿੰਗੇ ਲੱਗੇ । ਬੰਦੇ ਨੇ

ਜਿਵੇਂ ਕੌੜੇ ਕਰੇਲਿਆਂ ਦੀ ਥਾਂ ਕੰਧਾਰੀ ਖਜੂਰਾਂ ਦੀ ਕੀਮਤ ਦੇਣੀ ਹੋਵੇ ... ਅਸੀਂ ਸ਼ੂਗਰ ਨੂੰ ਘਟਾਉਣ ਲਈ ਕਰੇਲਿਆਂ ਦੀ ਥਾਂ ਉਨਾਂ ਦੀ ਚਾਹਤ ਲੈ ਖਾਲੀ ਹੱਥੀਂ ਘਰ ਨੂੰ ਆ ਗਏ ।

ਕਿਸਮਤ ਵੇਖੋ ! ਅੱਗੇ ਬੈਠੀ ਜਾਣੀਜਾਣ ਸ਼੍ਰੀ ਮਤੀ ਸਾਡੇ ਲਈ ਕਰੇਲੇ ਰੋਸਟ ਕਰੀ ਬੈਠੀ ਸੀ । ਕੁਰਮਰੇ ਤੇ ਸੁਆਦਲੇ ਕਰੇਲੇ ਖਾਂਦਿਆਂ ਅਸੀਂ ਬੋਲੇ, 'ਮੰਡੀ 'ਚ ਸੱਠ ਰੁਪਏ ਕਿੱਲੋ ਵਿਕ ਰਹੇ ਸੀ ਕਰੇਲੇ...

'ਮੈਂ ਤਾਂ ਵੀਹ ਰੁਪਏ ਦੇ ਪਾਈਆ ਲਏ ਸੀ' ... ਸ਼੍ਰੀਮਤੀ ਬੜੇ ਇਤਮੀਨਾਨ ਨਾਲ ਬੋਲੀ ਸੀ ।

ਕਰੇਲਿਆਂ ਦਾ ਭਾਅ ਸੁਣਦਿਆਂ ਸਾਰ ਕੁਝ ਪਲ ਪਹਿਲਾਂ ਕੁਰਮਰੇ ਲੱਗ ਰਹੇ ਕਰੇਲੇ ਜਿਵੇਂ ਕੁੜੱਤਣ ਨਾਲ ਭਰ ਗਏ । ਪਾਲਤੂ ਕਿਸੇ ਕੁੱਤੇ ਵਾਂਗ ਬੰਦਾ ਕੋਈ ਨਾ ਕੋਈ ਚਿੰਤਾ ਵੀ ਪਾਲੀ ਰੱਖਦਾ ... ਹੁਣ ਮਹਿੰਗੇ ਕਰੇਲੇ ਵੀ ਸਾਡੀ ਚਿੰਤਾ ਦਾ ਵਿਸ਼ਾ ਬਣ ਗਏ । ਚਿੰਤਾ, ਜਿਹੜੀ ਮਿੱਤਰਾਂ ਦੇ ਦੱਸਣ ਅਨੁਸਾਰ ਬਿਮਾਰੀਆਂ 'ਚ ਹੋਰ ਵਾਧਾ ਕਰਦੀ ਤੇ ਇਹੀਓ ਚਿੰਤਾ ਹੀ ਚਿਖਾ ਦੇ ਬਰਾਬਰ ਹੋ ਜਾਂਦੀ।

ਸ਼੍ਰੀ ਮਤੀ ਸਾਡੀ ਨਵੀਂ ਚਿੰਤਾ ਨੂੰ ਭਾਂਪਦੀ ਹੋਈ ਬੋਲੀ, 'ਏ ਜੀ ! ਤੁਹਾਡੀ ਸ਼ੂਗਰ ਘਟਾਉਣ ਲਈ ਸਾਨੂੰ ਕੁਝ ਵੀ ਮਹਿੰਗਾ ਨਹੀਂ'...

ਸਵੇਰੇ ਬੈੱਡ ਟੀ ਲੈਂਦਿਆਂ ਪੁੱਤਰ ਸ਼੍ਰੀ ਆਖਦਾ ਹੈ, 'ਅੰਮੀ ! ਹੁਣ ਜਿਆਦਾ ਫਿਕਰ ਨਾ ਕਰਿਆ ਕਰੋ । ਬੜਾ ਸੁਹਣਾ ਖਾ, ਹੰਢਾ ਲਿਐ ਪਾਪਾ ਨੇ । ਜੇਕਰ ਇਹ ਸ਼ੂਗਰ ਨਾਲ ਮਰ ਵੀ ਗਏ ਤਾਂ ਮੈਂ ਤੁਹਾਨੂੰ ਇਕ ਹਫਤੇ ਤੋਂ ਵੱਧ ਅਫ਼ਸੋਸ ਕਰਨ ਦਾ ਮੌਕਾ ਨਹੀਂ ਦਿਆਂਗਾ । ਮੇਰੇ ਵਿੱਚ ਹੁਣ ਬਹੁਤ ਸ਼ਕਤੀ ਆ ਗਈ ਏ ... ਵੇਖਿਓ ! ਹੁਣ ਮੈਂ ਬੜੀ ਛੇਤੀ ਆਪਣੀ ਦਰਿਆਦਿਲੀ ਨਾਲ ਤੁਹਾਨੂੰ ਪਾਪਾ ਦੇ ਤੁਰ ਜਾਣ ਦਾ ਸਾਰਾ ਗਮ ਭੁਲਾਉਣ ਵਿੱਚ ਸਹਾਈ ਹੋਵਾਂਗਾ'...

ਪੁੱਤਰ ਸ਼੍ਰੀ ਦੀ ਹੈਰਾਨਕੁਨ ਗੱਲ ਸੁਣ ਸ਼੍ਰੀ ਮਤੀ ਤੇ ਮੈਂ ਥਾਏਂ ਠਠੰਬਰ ਗਏ । ਨਾ ਉਹ ਕੁਝ ਬੋਲ ਸਕੀ.. ਨਾ ਹੀ ਅਸੀਂ ... ਪਰ ਅੰਦਰੋਂ, ਅੰਦਰੀ ਆਪਾਂ ਉਸਦੀ ਮਾਯੂਸ ਕਰ ਦੇਣ ਵਾਲੀ ਸਟੇਟਮੈਂਟ ਬਾਰੇ ਦੇਰ ਤੀਕ ਸੋਚਦੇ ਰਹੇ । ਉਸ ਵਿੱਚੋਂ ਸੱਚ, ਝੂਠ, ਕਮੀਨਗੀ, ਦਰਿਆਦਿਲੀ ਤੇ ਉਸਦੀ ਸੁਹਿਰਦਤਾ ਦਾ ਨਿਤਾਰਾ ਕਰਨ ਦੀ ਕੋਸ਼ਿਸ਼ ਕਰਦੇ ਰਹੇ । ਨਿਰਸੰਦੇਹ ਉਸ ਵੇਲੇ ਡੌਰ ਭੌਰੀ ਹੋਈ ਬੈਠੀ ਸ਼੍ਰੀ ਮਤੀ ਵੀ ਸਾਡੇ ਵਾਂਗ ਜਰੂਰ ਇਹੀਓ ਨਿਰਖ, ਪਰਖ ਕਰਨ ਦੀ ਕੋਸ਼ਿਸ਼ ਕਰਦੀ ਹੋਏਗੀ ।

ਸਿਰਫ ਹਫਤੇ ਕੁ ਦੇ ਵਕਫ਼ੇ ਦੌਰਾਨ ਕਿਸੇ ਲਈ ਕੋਹਾਂ ਲੰਮੀ ਅੱਧੀ ਸਦੀ ਦਾ ਸਾਥ ਭੁੱਲ, ਭੁਲਾ ਜਾਣਾ ਏਡਾ ਸੌਖਾ ਵੀ ਨਹੀਂ ਹੁੰਦਾ... ਦੋਹਾਂ ਜੀਆਂ ਵਿੱਚੋਂ ਪਹਿਲਾਂ ਭਾਵੇਂ ਪਤੀ ਮਰ ਜਾਵੇ ਜਾਂ ਪਤਨੀ ... ਪਰ ਹਕੀਕਤ ਤਾਂ ਇਹੋ ਹੋਏਗੀ ਕਿ ਕੋਈ ਵੀ ਧੀ, ਪੁੱਤ ਰਹਿੰਦੀ ਉਮਰ ਤੀਕ ਕਿਸੇ ਵੀ ਹਾਲਤ ਵਿੱਚ

ਆਪਣੇ ਪਿਓ ਨੂੰ ਵਿਛੋੜਾ ਦੇ ਗਈ ਉਸਦੀ ਪਤਨੀ ਦੀ ਅਤੇ ਪਤਨੀ ਲਈ ਪੂਰੇ ਹੋ ਚੁਕੇ ਉਸਦੇ ਪਤੀ ਦੀ ਪ੍ਰਤੀਪੂਰਤੀ ਕਿਸੇ ਵੀ ਕੀਮਤ ਵਿੱਚ ਨਹੀਂ ਕਰ ਸਕਦਾ... ਸ੍ਰੀ ਮਤੀ ਉਸਦੀ ਹੂੜਮੱਤ ਬਾਰੇ ਕਈ ਦਿਨ ਸਾਡੇ ਨਾਲ ਵਿਚਾਰ-ਵਟਾਂਦਰਾ ਕਰਦੀ ਰਹੀ । ਕੌੜਾ ਸੱਚ ਇਹ ਵੀ ਸੀ ਕਿ ਉਸਦੀਆਂ ਅਣਕਿਆਸੀਆਂ ਤੇ ਬੇਹੂਦਾ ਗੱਲਾਂ, ਸਾਡੇ ਦੋਹਾਂ ਦੇ ਮਨ ਵਿੱਚ ਰਾਤ ਦੀ ਰੌਸ਼ਨੀ ਵੇਲੇ ਚਮਕਦੇ ਕਿਸੇ ਮੱਕੜੀ ਦੇ ਜਾਲੇ ਵਾਂਗ ਦੇਰ ਤੀਕ ਖੌਰੂ ਪਾਉਂਦੀਆਂ ਰਹੀਆਂ ... ਅਸਾਂ ਵੀ ਇਨਾਂ ਗੱਲਾਂ ਦਾ ਕੋਈ ਜੁਆਬ ਦੇਣਾ ਮੁਨਾਸਿਬ ਨਹੀਂ ਸੀ ਸਮਝਿਆ ।

ਹੁਣ ਦੀ ਸੁਣੋ ... ਚਾਲ੍ਹੀ ਹਜ਼ਾਰ ਰੁਪਏ ਦੀ ਪੈਨਸ਼ਨ ਮਹੀਨਾਂ ਮੁੱਕਣ ਤੋਂ ਪਹਿਲਾਂ ਹੀ ਬੈਂਕ ਖ਼ਾਤੇ ਵਿੱਚ ਜਮਾਂ ਹੋ ਜਾਂਦੀ । ਹਜਾਰਾਂ ਵਿੱਚ ਤਿੰਨ, ਚਾਰ ਕਿਰਾਏ ਆਉਂਦੇ । ਪੱਲਿਉਂ ਕੋਈ ਪੈਸਾ ਨਹੀਂ ਖਰਚਣਾ ਪੈਂਦਾ । ਹਮਉਮਰ ਯਾਰ, ਮਿੱਤਰ ਲੰਮੀ ਉਮਰ ਜਿਊਣ ਲਈ ਕਈ, ਕਈ ਓਹੜ, ਪੋਹੜ ਕਰਦੇ ਦਿੱਸਦੇ । ਖਾਣ,ਪੀਣ ਦੇ ਸੈਆਂ ਪਰਹੇਜ ਕਰਦੇ । ਆਪਣੀ ਦੇਹੀ ਨੂੰ ਚੁਸਤ, ਦਰੁਸਤ ਰੱਖਣ ਲਈ ਸਵੇਰੇ, ਸ਼ਾਮ ਰਾਮ ਦਾ ਨਾਂ ਜਪਦੇ ਨੇ ਤੇ ਲੰਮੀਆਂ, ਲੰਮੀਆਂ ਸੈਰਾਂ ਕਰਦੇ ਨੇ । ਸਾਦ, ਮੁਰਾਦਾ ਜੀਵਨ ਜਿਊਣ ਲਈ ਸੈਆਂ ਮਸ਼ਵਰੇ ਦਿੰਦੇ ਨੇ । ਆਖਦੇ ਨੇ ਜਿੰਦਗੀ ਬੜੀ ਕੀਮਤੀ ਸ਼ੈਅ ਹੁੰਦੀ ਏ। ਜਿੰਨੀ ਸੰਭਾਲ ਕੇ ਰੱਖੀ ਜਾਵੇ ਓਨੀ ਚੰਗੀ... ਪਰ ਅਸੀਂ ਕਿਸੇ ਗੱਲ ਦੀ ਪ੍ਰਵਾਹ ਨਹੀਂ ਕਰਦੇ ।

ਹੁਣ ਸਾਡੀ ਉਮਰ ਛੇ ਤੋਂ ਅੱਧਾ ਦਹਾਕਾ ਉੱਪਰ ਹੋ ਚੁਕੀ ਏ । ਸੁਹਣਾ ਖਾ, ਹੰਢਾ ਲਿਆ ਏ । ਜੀਵਨ ਦੀ ਕੋਈ ਖਾਹਸ਼ ਵੀ ਬਾਕੀ ਨਹੀਂ ਰਹੀ । ਵਿਆਹ, ਸ਼ਾਦੀ, ਬਾਲ, ਬੱਚੇ ਅਤੇ ਮੋਟੀ ਪੈਨਸ਼ਨ ਦੇ ਮਜ਼ੇ ਲੈ ਲੈਣ ਤੋਂ ਬਾਅਦ ਬੰਦੇ ਨੂੰ ਹੋਰ ਭਲਾ ਕੀ ਚਾਹੀਦਾ ਹੁੰਦਾ ਏ ? ...

ਹਾਂ ਸੱਚ ! ਹਸਦਿਆਂ, ਖੇਡਦਿਆਂ ਇੱਕ ਸ਼ਾਮ ਯਾਰਾਂ ਨਾਲ ਲਾਈ ਸ਼ਰਤ 'ਚ ਪੂਰਾ ਇੱਕ ਹਜ਼ਾਰ ਰੁਪਿਆ ਜਿੱਤ ਲਿਆ । ਉਸ ਰਾਤ ਸਾਨੂੰ ਬੜੀ ਸੁਹਣੀ ਨੀਂਦ ਆਈ । ਸਵੇਰੇ ਉੱਠੇ ਤੇ ਖਾਲੀ ਪੇਟ, ਸਿੱਧੇ ਗੁਰਦਵਾਰੇ ਦੀ ਡਿਸਪੈਂਸਰੀ ਵੱਲ ਤੁਰ ਗਏ । ਜਿੱਤੇ ਹੋਏ ਪੈਸਿਆਂ ਨਾਲ ਐਂਵੇਂ ਹੀ ਮਨ 'ਚ ਫੁਲ ਬਾਡੀ ਚੈੱਕ ਅੱਪ ਕਰਵਾਉਣ ਦਾ ਖਿਆਲ ਆ ਗਿਆ । ਉਂਝ ਚੱਲਦੇ, ਫਿਰਦੇ ਸਰੀਰ ਨੂੰ ਕੋਈ ਦੁੱਖ, ਤਕਲੀਫ ਵੀ ਨਹੀਂ ਸੀ ।

ਅਗਲੇ ਦਿਨ ਰਿਪੋਰਟਾਂ ਮਿਲੀਆਂ । ਰਿਪੋਰਟਾਂ ਦੇ ਅੰਕੜਿਆਂ ਨੇ ਜਿਵੇਂ ਸਾਡਾ ਸਾਹ ਸੂਤ ਲਿਆ। ਫਾਸਟਿੰਗ ਸ਼ੂਗਰ ਦੋ ਸੌ ਤੋਂ ਵਧੀਕ ਨਿਕਲੀ । ਪੇਸ਼ਾਬ ਸੈੱਲਾਂ ਵਿੱਚ ਪੱਸ ਦੇ ਲੱਛਣ ਬੋਲ ਪਏ । 'ਆ ਬੈਲ,ਮੁਝੇ ਮਾਰ' ਵਾਲੀ ਗੱਲ ਹੋ ਗਈ ...

ਮਿੱਤਰ ਡਾਕਟਰਾਂ ਨਾਲ ਮਸ਼ਵਰਾ ਕੀਤਾ। ਸਹੀ ਜਾਣਕਾਰੀ ਪ੍ਰਾਪਤ ਕਰਨ ਲਈ ਉਨਾਂ ਨੇ ਹੇਠਲੇ ਪੇਟ ਦਾ ਅਲਟਰਾ ਸਾਊਂਡ ਕਰਵਾਉਣ ਦੀ ਸਲਾਹ ਦੇ ਦਿੱਤੀ। ਜਿਵੇਂ ਕੋਲਿਆਂ ਦੀ ਦਲਾਲੀ ਵਿੱਚ ਮੂੰਹ ਕਾਲਾ ਹੋ ਜਾਂਦਾ ਹੈ ਨਾ... ਉਵੇਂ ਹੀ ਬੇਗਾਨੇ ਪੈਸਿਆਂ ਦੇ ਟੈਸਟਾਂ ਨਾਲ ਸਾਡਾ ਲਿਵਰ ਫੈਟੀ ਨਿਕਲ ਆਇਆ, ਪਿੱਤੇ ਵਿੱਚ ਪੱਥਰੀ ਤੇ ਗਦੂਦਾਂ ਦੀ ਅਲਾਮਤ ਵੀ ਉਭਰ ਕੇ ਸਾਮ੍ਹਣੇ ਆ ਗਈ। ਰੂਹ ਤੀਕ ਡਰਾ ਦੇਣ ਵਾਲੀ ਸੀ ਅਲਟਰਾ ਸਾਊਂਡ ਦੀ ਰਿਪੋਰਟ।

ਸੱਚ ਜਾਣਿਓ, ਉਸ ਰਾਤ ਸਾਨੂੰ ਨੀਂਦ ਨਹੀਂ ਸੀ ਆਈ। ਉਦੋਂ ਰਹਿ, ਰਹਿ ਕੇ ਜੀਅ 'ਚ ਆਉਂਦਾ ਰਿਹਾ ਕਿ ਏਡੀ ਛੇਤੀ ਮਰਨ ਦੀ ਕਾਹਲੀ ਵੀ ਕੀ ਹੋਈ... ਦੁਨੀਆ ਬੜੀ ਰੰਗੀਨ ਮਿਜ਼ਾਜ ਏ ... ਬੰਦੇ ਨੂੰ ਲੱਗਦੀ ਵਾਹੇ ਕੁਝ ਚਿਰ ਹੋਰ ਜਿਉਂਦੇ ਰਹਿਣਾ ਚਾਹੀਦਾ ... ਮਨੁੱਖਾ ਜੀਵਨ ਵੀ ਕਿਹੜਾ ਬਾਰ, ਬਾਰ ਮਿਲਦਾ ? ...

ਅਜਿਹੀ ਸਥਿਤੀ ਵਿੱਚ ਸਾਡੇ ਵਾਂਗ ਵੱਡੇ ਤੋਂ ਵੱਡੇ ਨਾਸਤਕ ਬੰਦੇ ਨੂੰ ਵੀ ਭੁੱਲਿਆ, ਵਿੱਸਰਿਆ ਰੱਬ ਯਾਦ ਆ ਜਾਂਦਾ ਹੋਏਗਾ। ਅੱਗਾ ਸੁਆਰਨ ਲਈ ਉਹ ਪੂਜਾ, ਪਾਠ ਸ਼ੁਰੂ ਕਰ ਦਿੰਦਾ ਹੋਏਗਾ। ਆਪਣੇ ਚਿੱਤ ਨੂੰ ਧਾਰਮਿਕ ਕਾਰ,ਵਿਹਾਰ ਵਿੱਚ ਲਾਉਣ ਲੱਗ ਪੈਂਦਾ ਹੋਏਗਾ। ਬੈਂਕ ਵਿੱਚ ਲੋੜ ਤੋਂ ਵਧੀਕ ਪਈ ਆਪਣੀ ਅਣਖਰਚੀ ਰਾਸ਼ੀ ਨੂੰ ਪੁੰਨ-ਕਾਰਜਾਂ ਲਈ ਖਰਚ ਕਰਨ ਬਾਰੇ ਵੀ ਸੋਚਦਾ ਹੋਏਗਾ...

ਰਹੀ ਗੱਲ ਸਾਡੇ ਹਿੱਸੇ ਦੇ ਧਰਮ, ਕਰਮ ਦੀ... ਉਹ ਅਸੀਂ ਛੋਟੇ ਹੁੰਦਿਆਂ ਹੀ ਪੂਰਾ ਕਰ ਲਿਆ ਸੀ। ਉਦੋਂ ਅਸੀਂ ਚੌਥੀ, ਪੰਜਵੀਂ 'ਚ ਪੜ੍ਹਦੇ ਹੋਵਾਂਗੇ। ਗੁਰੂ ਕੀ ਨਗਰੀ, ਅੰਮ੍ਰਿਤਸਰ ਰਿਹਾ ਕਰਦੇ ਸਾਂ। ਉਥੇ ਪਿਤਾ ਸ਼੍ਰੀ ਥਾਣੇਦਾਰ ਹੁੰਦੇ ਸੀ। ਬਾਬਾ ਜੀ ਅਕਸਰ ਭਿੱਟੇਵੱਡ ਪਿੰਡੋਂ, ਸ਼ਹਿਰ ਸਾਡੇ ਕੋਲ ਆਇਆ ਕਰਦੇ ਸਨ। ਇਕਹਿਰਾ ਸ਼ਰੀਰ, ਕੱਟੀ ਹੋਈ ਦਾਹੜੀ ਪਰ ਨਿਤਨੇਮ ਦੇ ਬੜੇ ਪੱਕੇ। ਉਠਦੇ, ਬੈਠਦੇ ਹਰ ਵੇਲੇ ਪਾਠ ਕਰਦੇ ਰਹਿੰਦੇ।

ਸ਼ਾਮਾਂ ਵੇਲੇ ਘਰ 'ਚ ਮੁਰਗੇ ਰਿਝਣੇ ਤੇ ਮੱਛੀ ਤਲੀ ਜਾਣੀ ਪਰ ਬਾਬਾ ਜੀ ਲਈ ਬੜੀ ਸੁੱਚ ਨਾਲ ਵੱਖਰੀ ਤੇ ਵੈਸ਼ਨੋ ਰੋਟੀ ਬਣਨੀ। ਇੱਕ ਦਿਨ ਸਾਨੂੰ ਆਪਣੀ ਹਿੱਕ ਨਾਲ ਲਾ ਬੜੇ ਲਾਡ ਨਾਲ ਆਖਣ ਲੱਗੇ, 'ਓਏ ਟੌਣਿਆ ! ਤੂੰ ਮੇਰੇ ਨਾਲ ਦਾ ਵੈਸ਼ਨੋ ਬਣ ਜਾ... ਮੱਛੀ, ਮੁਰਗੇ ਖਾਣ ਨਾਲ ਬੰਦਾ ਬਹੁਤਾ ਵੱਡਾ ਨਹੀਂ ਹੋ ਜਾਂਦਾ... ਜੀਵ-ਹੱਤਿਆ ਕਾਰਨ ਉਲਟਾ ਸਾਨੂੰ ਪਾਪ ਲੱਗਦਾ ਏ'...

ਅਸੀਂ ਜਿਵੇਂ ਥਾਏਂ ਸੰਮੋਹਿਤ ਹੋ ਗਏ... ਪਾਪ ਦੇ ਇਲਜ਼ਾਮ ਤੋਂ ਬਚਣ ਲਈ ਉਸੇ ਵੇਲੇ ਬਾਬਾ ਜੀ ਦੀ ਹਾਂ ਵਿਚ ਹਾਂ ਮਿਲਾ ਦਿਤੀ। ਉਨਾਂ ਦੇ ਲੱਕ ਦੁਆਲੇ ਆਪਣੀਆਂ ਨਿੱਕੀਆਂ, ਨਿੱਕੀਆਂ ਬਾਹਵਾਂ ਨੂੰ ਘੁੱਟ ਕੇ ਵਲਦਿਆਂ ਅਸਾਂ ਭਗਤ ਬਣਨ ਦਾ ਐਲਾਨ ਕਰ ਦਿੱਤਾ। ਹੁਣ ਬਾਬਾ ਜੀ ਦੀ ਗੈਰ ਹਾਜ਼ਰੀ

ਵਿੱਚ ਸਾਡੇ ਲਈ ਵੀ ਚਾਈਂ, ਚਾਈਂ ਵੱਖਰਾ ਤੇ ਵੈਸ਼ਨੋ ਭੋਜਨ ਬਣਨ ਲੱਗ ਪਿਆ। ਅਸੀਂ ਬਿਨਾਂ ਨਾਗਾ ਸਵੇਰੇ ਜਪੁਜੀ ਸਾਹਿਬ ਤੇ ਰਾਤੀ ਰਹਿਰਾਸ ਸਾਹਿਬ ਦਾ ਪਾਠ ਕਰਨ ਲੱਗ ਪਏ।

ਸਿਤਮ ਜ਼ਰੀਫੀ ਵੇਖੋ, ਵੱਡੇ ਤੇ ਛੋਟੇ ਭਰਾ, ਸਾਨੂੰ ਵਿਖਾ, ਵਿਖਾ ਕੇ ਮੁਰਗੇ ਦੀਆਂ ਟੰਗਾਂ ਨੋਚਦੇ। ਅਸੀਂ ਅੱਖੀਂ ਵੇਖ ਕੇ ਸਾਰਾ ਕੁਝ ਅਣਡਿੱਠ ਕਰ ਦਿੰਦੇ। ਬੜੀ ਜਿੰਮੇਵਾਰੀ ਨਾਲ ਧਰਮ, ਕਰਮ ਨਿਭਾਉਂਦਿਆਂ ਪੂਰਾ ਸਾਲ ਬਿਤਾ ਲਿਆ। ਵਿੱਚ, ਵਿਚਾਲੇ ਬਾਬਾ ਜੀ ਪਿੰਡੋਂ ਆਉਂਦੇ, ਜਾਂਦੇ ਰਹਿੰਦੇ। ਸਾਡੇ ਕੋਲੋਂ ਮੂੰਹ ਜ਼ੁਬਾਨੀ ਪਾਠ ਸੁਣਦੇ ... ਖੁਸ਼ੀ 'ਚ ਖੀਵੇ ਹੁੰਦੇ ਤੇ ਖਰਚਣ ਲਈ ਇਨਾਮ ਵਿੱਚ ਦਸੀ, ਪੰਜੀ ਵਾਲੇ ਸਿੱਕੇ ਦੇ ਜਾਂਦੇ।

ਗਰਮੀਆਂ ਦੀ ਰੁੱਤ ਸੀ। ਦਿਨ ਬੜੇ ਸੁਹਣੇ ਬੀਤ ਰਹੇ ਸਨ। ਇੱਕ ਰਾਤ ਦੀ ਗੱਲ ਸੁਣੋ। ਸਾਰੇ ਜਣੇ ਕੋਠੇ 'ਤੇ ਸੌਣ ਦੀ ਤਿਆਰੀ ਕਰ ਰਹੇ ਸਨ। ਅਸੀਂ ਵੀ ਮੰਜੀ 'ਤੇ ਲੇਟੇ, ਨੀਲੇ ਆਸਮਾਨ 'ਚ ਤਾਰੇ ਗਿਣਦੇ ਹੋਏ ਸੌਣ ਦੀ ਕੋਸ਼ਿਸ਼ ਕਰਨ ਲੱਗੇ। ਛੋਟੀ ਉਮਰੇ ਪਤਾ ਨਹੀਂ ਕਿਉਂ ਦਿਮਾਗ ਵਿੱਚ ਪਾਪ, ਪੁੰਨ ਦਾ ਵਿਸ਼ਾ ਖਲਬਲੀ ਮਚਾਉਣ ਲੱਗ ਪਿਆ। ਅੱਖਾਂ ਅੱਗੇ ਦੁੱਧ ਚਿੱਟੇ ਲਿਬਾਸ ਵਾਲੇ ਬਾਬਾ ਜੀ ਪਾਠ, ਪੂਜਾ ਕਰਦੇ ਦਿਸਣ ਲੱਗ ਪਏ। ਦਿਮਾਗ 'ਚ ਅਚਾਨਕ ਇੱਕ ਪ੍ਰਸ਼ਨ ਉੱਠਿਆ, 'ਬਾਬਾ ਜੀ ਹਮੇਸ਼ਾ ਪਾਠ ਕਿਉਂ ਕਰਦੇ ਰਹਿੰਦੇ ਨੇ' ?

ਅਗਲੇ ਹੀ ਪਲ ਚੰਚਲ ਮਨ ਨੇ ਉੱਤਰ ਦਿੱਤਾ, 'ਬਾਬਾ ਜੀ ਨੇ ਹੁਣ ਤੀਕ ਆਪਣੇ ਹਿੱਸੇ ਦਾ ਖਾ, ਹੰਡਾ ਲਿਆ ... ਦੁਨੀਆ ਦੇ ਦਸਤੂਰ ਮੁਤਾਬਕ ਹਰ ਬੰਦਾ ਸੁਰਗਾਂ 'ਚ ਜਾਣ ਦਾ ਚਾਹਵਾਨ ਹੁੰਦਾ ਤੇ ਅਖੀਰਲੀ ਉਮਰੇ ਉਹ ਪੂਜਾ, ਪਾਠ ਅਤੇ ਦਾਨ, ਪੁੰਨ ਕਰਨ ਵਿੱਚ ਲੀਨ ਹੋ ਜਾਂਦਾ'...

ਗੱਲ ਇਥੇ ਹੀ ਮੁੱਕ ਜਾਂਦੀ ਤਾਂ ਠੀਕ ਸੀ ਪਰ ਦਿਮਾਗ ਬੜਾ ਘੁਣਤਰੀ ਹੁੰਦਾ। ਸੋ ਚੁੱਪ ਰਹਿਣ ਦੀ ਥਾਂ ਉਹ ਸਾਨੂੰ ਪੁੱਛਣ ਲੱਗਾ, 'ਤੂੰ ਵੇਖਦਾ ਨਹੀਂ, ਤੇਰੇ ਬਾਬਾ ਜੀ ਤਾਂ ਭਰ ਵਗਦੀ ਨਦੀ ਕਿਨਾਰੇ ਇੱਕ ਰੁੱਖ ਵਾਂਗ ਖੜੇ ਨੇ ... ਅੱਜ ਵੀ ਰੁੜ੍ਹੇ, ਕੱਲ ਵੀ ਰੁੜ੍ਹੇ ... ਅਖੀਰਲੀ ਉਮਰ 'ਚ ਪਾਠ, ਪੂਜਾ ਕਰਕੇ ਆਪਣੇ ਜਨਮ ਸਫਲ ਕਰਦੇ ਪਏ ਨੇ... ਤੇ ਬਾਲ ਵਰੇਸੇ ਤੈਨੂੰ 'ਮਹਾਪੁਰਖ' ਬਣਨ ਦੀ ਕਿਹੜੀ ਲੋੜ ਪੈ ਗਈ' ?...

ਦਿਮਾਗ ਦੀ ਤਰਕ ਭਰਪੂਰ ਗੱਲ ਸੁਣ, ਸਾਡਾ ਮਨ ਹੱਕ-ਬੱਕਾ ਰਹਿ ਗਿਆ। ਜਿਵੇ ਥਾਏਂ ਹੀ ਸੁੰਨ ਹੋ ਗਿਆ ਹੋਏ... ਉਸ ਵੇਲੇ, ਸਾਨੂੰ ਕੋਈ ਜਾਇਜ, ਨਾਜਾਇਜ ਜੁਆਬ ਨਹੀਂ ਸੀ ਅਹੁੜਿਆ।

ਅੱਖ ਲੱਗਣ ਤੋਂ ਪਹਿਲਾਂ, ਪਹਿਲਾਂ ਮਨ ਅਤੇ ਦਿਮਾਗ ਦੀ ਸੁਲ੍ਹਾ-ਸਫਾਈ ਕਰਵਾਉਂਦਿਆਂ ਅਸਾਂ ਧਰਮ, ਕਰਮ ਤਿਆਗ ਦੇਣ ਦਾ ਫ਼ੈਸਲਾ ਕਰ ਲਿਆ ... ਜਾਗੋ, ਮੀਟੀ ਵਿੱਚ ਅਸੀਂ ਇਹ ਵੀ ਪ੍ਰਣ ਕਰ ਲਿਆ ਕਿ ਬਚਪਨ ਦੀ ਥਾਂ, ਬਾਬਾ ਜੀ ਵਾਂਗ ਆਪਣੇ ਬੁਢਾਪੇ ਵਿੱਚ ਹੀ ਨਾਮ ਜਪਾਂਗੇ ... ਸੱਚੀ ! ਬੜੀ

ਲੰਮੀ ਸੀ ਉਹ ਸਦੀਆਂ ਵਾਂਗ ਫੈਲੀ ਹੋਈ ਕਾਲੀ, ਬੋਲੀ ਰਾਤ ... ਜਿਵੇਂ ਮੁੱਕਣ 'ਚ ਹੀ ਨਾ ਆਉਣੀ ਹੋਵੇ ...

ਕਾਇਦੇ ਮੁਤਾਬਕ ਦਿਨ ਨੇ ਵੀ ਚੜ੍ਹਨਾ ਸੀ ... ਮੂੰਹ ਹਨੇਰੇ ਕੁੱਕੜ ਬਾਂਗਾਂ ਦੇਣ ਲੱਗ ਪਏ ... ਸਵੇਰ ਹੋ ਗਈ ... ਉੱਠਦਿਆਂ ਸਾਰ ਹੀ ਅਸਾਂ ਰਾਤ ਦੇ ਹਨੇਰੇ ਵਿੱਚ ਪ੍ਰਾਪਤ ਹੋਏ ਗਿਆਨ ਦਾ ਖੁਲਾਸਾ ਕਰਦਿਆਂ ਆਪਣੇ ਚਾਰੇ ਭਰਾਵਾਂ ਦੀ ਮਾਸਾਹਾਰੀ ਟੋਲੀ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ।

ਅੱਧੀ ਕੁ ਸਦੀ ਪਹਿਲਾਂ ਬਿਨਾ ਨਾਗਾ, ਨਾਮ ਜਪਣ ਵਾਲਾ ਤੇ ਸਵੇਰੇ, ਸ਼ਾਮ ਸ੍ਰੀ ਹਰਿਮੰਦਰ ਸਾਹਿਬ ਦੇ ਜੋੜਾ ਘਰ ਵਿੱਚ ਸੇਵਾ ਕਰਨ ਵਾਲਾ ਪੂਰਾ ਇੱਕ ਸਾਲ ਹੁਣ ਵੀ ਕਿਸੇ ਬਾਲ ਗੀਤ ਵਾਂਗ ਅੱਖਰ, ਅੱਖਰ ਯਾਦ ਏ। ਸਵੇਰ ਤੇ ਸ਼ਾਮ ਵੇਲੇ ਦੇ ਪਾਠ ਅਤੇ ਦੁਪਹਿਰ ਵੇਲੇ ਦੀ ਗੁਰੂ ਘਰ ਦੇ ਜੋੜਿਆਂ ਵਾਲੀ ਸੇਵਾ ਕਾਰਨ ਮਿਲੀਆਂ ਅਪਾਰ ਬਰਕਤਾਂ ਬਰਕਰਾਰ ਨੇ। ਜੇਕਰ ਉਹ ਸਿਲਸਿਲਾ ਅੱਜ ਤੀਕ ਜਾਰੀ ਹੁੰਦਾ ਤਾਂ ਸ਼ਾਇਦ ਬਿਮਾਰੀਆਂ ਅਤੇ ਵਿਸ਼ੇ-ਵਿਕਾਰਾਂ ਭਰੀ ਸਾਡੀ ਇਹ ਦੇਹੀ ਨਿਰਸੰਦੇਹ ਕੰਚਨ ਵਰਗੀ ਨਿਰੋਗ ਹੁੰਦੀ।

ਖੈਰ ! ਦਸ ਸਾਲਾਂ ਦਾ ਸਮਾਂ, ਬੜਾ ਲੰਮਾ ਸਮਾਂ ਹੁੰਦਾ ਏ। ਦਿਨ, ਪਲ ਗਿਣਿਆਂ ਮੁੱਕਣ 'ਚ ਨਹੀਂ ਆਉਂਦਾ। ਬੀਤੇ ਇਨਾਂ ਸਾਲਾਂ 'ਚ ਕੋਈ ਦੁੱਖ-ਤਕਲੀਫ਼, ਵੱਡਾ ਸਰੀਰਕ ਕਸ਼ਟ ਅਤੇ ਕਿਸੇ ਵਿਤੀ ਘਾਟ ਦਾ ਅਹਿਸਾਸ ਨਹੀਂ ਸੀ ਹੋਇਆ। ਜਿਉਂ ਹੀ ਨਵੇਂ ਟੈਸਟ ਕਰਵਾਏ, ਮਲਕੁਲ ਮੌਤ ਦੇ ਪਿਆਦਿਆਂ ਨੇ ਸਾਨੂੰ ਚਾਰੇ ਪਾਸਿਉਂ ਘੇਰ ਲਿਆ।

ਇੱਕ ਰਾਤ, ਉੱਸਲਵੱਟੇ ਲੈਂਦਿਆਂ ਹਾਲੀਆ ਸਰੀਰਕ ਰਿਪੋਰਟਾਂ ਬਾਰੇ ਸੋਚਦਾ ਚੰਚਲ ਮਨ ਗੁਣਗੁਣਾਉਣ ਲੱਗ ਪਿਆ -

'ਯਾਰਾਂ ਦੇ ਪਿੱਤੇ 'ਚ ਪੱਥਰੀ ਹੈ ਆਈ
ਮਲਕੁਲ ਨੇ ਜੀਕੂੰ ਫੜਾਈ ਹੈ ਸਾਈ'...

ਮਰਦਾ ਕੀ ਨਹੀਂ ਕਰਦਾ... ਅਸੀਂ ਵੀ ਸਿਆਣੇ ਡਾਕਟਰਾਂ ਦੀ ਸਲਾਹ ਲੈਣ ਲੱਗ ਪਏ। ਜਿਹੜੀ ਦੁਆਈ ਦੀ ਦੱਸ ਪਈ, ਲਗਾਤਾਰ ਸੇਵਨ ਕਰਨ ਲੱਗ ਪਏ। ਜੀਵਨ ਸ਼ੈਲੀ ਨੂੰ ਕਾਬੂ ਵਿਚ ਰੱਖਣ ਲਈ ਡਾਕਟਰਾਂ ਦੇ ਕਹਿਣ 'ਤੇ ਦੁੱਧ ਵਾਲੇ ਪਦਾਰਥ, ਤਲੀਆਂ ਵਸਤਾਂ ਤੇ ਦਾਰੂ-ਸਿੱਕੇ ਤੋਂ ਮੁੜ ਤੌਬਾ ਕਰ ਲਈ। ਜਾਮਣ ਗਿਟਕਾਂ ਦਾ ਪਾਊਡਰ, ਕੁਲਥ ਦੀ ਦਾਲ, ਹਲਦੀ, ਕੁਆਰ ਗੰਦਲ ਦਾ ਜੂਸ ਤੇ ਕਈ ਕੁਝ ਹੋਰ ਅਣਚਾਹਿਆ ਤੇ ਅਣਕਿਆਸਿਆ ਲਟਰਮ, ਪਟਰਮ ਖਾਣਾ, ਪੀਣਾ ਸ਼ੁਰੂ ਕਰ ਦਿੱਤਾ। ਵਿਹੜੇ ਦੀ ਕਿਆਰੀ ਵਿੱਚ ਤੁਲਸੀ ਅਤੇ ਕੜੀ ਪੱਤੇ ਦੇ ਪੌਦੇ ਲਗਵਾ ਲਏ। ਆਖਦੇ ਨੇ ਕਿ ਇਨਾਂ ਪੌਦਿਆਂ ਦੇ ਪੱਤੇ ਸ਼ੂਗਰ ਨੂੰ ਘਟਾਉਣ ਵਿੱਚ ਬੜੇ ਸਹਾਈ ਹੁੰਦੇ ਨੇ।

ਸਵਾ ਕੁ ਮਹੀਨੇ ਦੇ ਖਾਣ, ਪੀਣ ਵਾਲੇ ਪਰਹੇਜ ਤੇ ਦੁਆਈਆਂ ਦੇ ਨਿਰੰਤਰ ਸੇਵਨ ਨਾਲ ਢਾਈ ਸੌ ਤੋਂ ਪਾਰ ਵਾਲੀ ਸ਼ੂਗਰ ਸਵਾ ਸੌ ਦੇ ਅੰਕੜੇ 'ਤੇ ਆਣ ਪੁੱਜੀ। ਫੈਟੀ ਲਿਵਰ ਤੇ ਪਿੱਤੇ ਦੀ ਪੱਥਰੀ ਵਿੱਚ ਵੀ ਯਕੀਨਨ ਸੁਧਾਰ ਹੋ ਗਿਆ ਹੋਏਗਾ। ਸ਼ੁਕਰ ਅੱਲਾ ਮੀਆਂ ਦਾ... ਚੀਰ, ਫਾੜ ਕਰਨ ਵਾਲੇ ਕਿਸੇ ਜੱਲਾਦ ਕਿਸਮ ਦੇ ਡਾਕਟਰ ਦੇ ਵੱਸ ਨਹੀਂ ਪਏ... ਜੇ ਹਸਪਤਾਲ ਚਲੇ ਜਾਂਦੇ ਤਾਂ ਬੈਂਕ 'ਚ ਪਈ ਲੱਖਾਂ ਦੀ ਜਮਾਂ-ਪੂੰਜੀ ਪਾਣੀ ਵਾਂਗ ਵਹਿ ਜਾਂਦੀ। ਸਿਆਣਿਆਂ ਦੀ ਗੱਲ ਰਹਿ, ਰਹਿ ਕੇ ਯਾਦ ਆਉਂਦੀ ਏ... ਉਹ ਆਖਦੇ ਨੇ ਕਿ ਮਰਨ ਤੋਂ ਬਾਅਦ ਜੇਕਰ ਤੁਸੀਂ ਲੱਖਾਂ, ਕਰੋੜਾਂ ਰੁਪਏ ਬੈਂਕਾਂ ਵਿੱਚ ਲਾਵਾਰਸ ਛੱਡ ਜਾਂਦੇ ਹੋ ਤਾਂ ਇਸ ਤੋਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ ਕਿ ਤੁਸੀਂ ਆਪਣੀ ਜਿੰਦਗੀ ਨੂੰ ਚੱਜ ਨਾਲ ਜੀਵਿਆ ਤੇ ਮਾਣਿਆ ਨਹੀਂ ਹੁੰਦਾ।

ਕੁਦਰਤ ਬੜੀ ਬਲਵਾਨ ਹੁੰਦੀ। ਰੁੱਤਾਂ ਦੇ ਗੇੜ ਨਾਲ ਇਹ ਸਾਰੀ ਕਾਇਨਾਤ ਨੂੰ ਚੁਸਤ, ਦਰੁਸਤ ਰੱਖਦੀ ਆ ਰਹੀ। ਆਪਣੇ ਬੰਦੇ ਨੂੰ ਵੀ ਕਰਮਾਂ, ਕੁਕਰਮਾਂ ਤੋਂ ਲਗਾਤਾਰ ਸੁਚੇਤ ਕਰਦੀ ਰਹਿੰਦੀ। ਬੰਦਾ ਵੇਖੋ ! ਬੜੀ ਲੱਥ ਸ਼ੈਅ ਹੁੰਦਾ ਜੇ ... 'ਦੋ ਪਈਆਂ, ਵਿੱਸਰ ਗਈਆਂ ਦੇ ਅਸੂਲ 'ਤੇ ਚੱਲਣ ਨੂੰ ਤਰਜੀਹ ਦਿੰਦਾ ...

ਕ੍ਰਿਸ਼ਮੇ, ਕਰਾਮਾਤਾਂ ਨੂੰ ਬੜੀ ਛੇਤੀ ਭੁੱਲ ਜਾਂਦਾ। ਸਾਨੂੰ ਹੀ ਵੇਖ ਲਓ ... ਹੁਣ ਫਿਰ ਲੱਗਣ ਲੱਗ ਪਿਆ ਕਿ ਕੁਦਰਤ ਦੀ ਇਸ ਖੌਫ਼ਨਾਕ ਚਿਤਾਵਨੀ ਤੋਂ ਬਾਅਦ ਬਾਕੀ ਰਹਿੰਦੀ ਪੰਜ, ਸੱਤ ਸਾਲਾਂ ਦੀ ਜਿੰਦਗੀ ਪੁਰਸਕੂਨ ਗੁਜ਼ਰ ਜਾਏਗੀ ਤੇ ਸਹਿਜੇ ਹੀ ਰਹਿੰਦੀਆਂ, ਖੂੰਦੀਆਂ ਅਧੂਰੀਆਂ ਖਾਹਸ਼ਾਂ ਦੀ ਪੂਰਤੀ ਵੀ ਹੋ ਜਾਏਗੀ।

# ਕਰਮ, ਕੁਕਰਮ

ਬੰਦਾ ਸਾਰੀ ਦੁਨੀਆ ਨੂੰ ਚੰਗੀ ਤਰਾਂ ਜਾਣ ਲੈਂਦਾ ਪਰ ਵੇਖੋ, ਆਪਣੇ ਆਪ ਨੂੰ ਤੇ ਆਪਣੀ ਹੋਣੀ ਨੂੰ ਅਖੀਰਲੇ ਪਲ ਤੀਕ ਨਹੀਂ ਜਾਣ ਸਕਦਾ ... ਜਵਾਨੀ ਦੇ ਜੋਸ਼ 'ਚ ਹਵਾ ਨੂੰ ਤਲਵਾਰਾਂ ਮਾਰਦਾ ਫਿਰਦਾ। ਮਾਪਿਆਂ ਨੂੰ ਮਾਪੇ ਨਹੀਂ ਸਮਝਦਾ ... ਹਮਸਾਇਆਂ ਨੂੰ ਮਾਂ-ਪਿਓ ਜਾਏ ਨਹੀਂ ਸਮਝਦਾ ... ਜਿਉਣ, ਥੀਣ ਲਈ ਹਰ ਹੀਲੇ ਧਨ, ਦੌਲਤ ਦੀ ਪ੍ਰਾਪਤੀ ਹੀ ਜਿਵੇਂ ਉਸਦਾ ਇੱਕੋ, ਇੱਕ ਮਕਸਦ ਹੁੰਦਾ ਏ ...

ਉਮਰ ਢਲਣਹਾਰ ਹੁੰਦੀ। ਢਲਦੀ ਜਾਂਦੀ। ਇੱਕ ਵੇਲੇ ਤੂਫ਼ਾਨ, ਝੱਖੜਾਂ ਨੂੰ ਵੰਗਾਰਨ ਵਾਲਾ ਸਰੀਰ ਨਿਮਾਣਾ ਤੇ ਨਿਤਾਣਾ ਹੋ ਜਾਂਦਾ ਏ। ਸਾਮ੍ਹਣੇ ਪਈਆਂ ਨੱਕੋ, ਨੱਕ ਭਰੀਆਂ ਤਿਜੌਰੀਆਂ ਤੇ ਦੂਰ, ਦੁਮੇਲ ਤੀਕ ਫੈਲੀਆਂ ਜ਼ਮੀਨ, ਜਾਇਦਾਦਾਂ ਸੁੱਖ, ਦੁੱਖ 'ਚ ਭੋਰਾ ਹੱਥ ਨਹੀਂ ਵਟਾਉਂਦੀਆਂ। ਇਹ ਸੁੱਖ, ਸਹੂਲਤਾਂ ਅਖੀਰ ਅਟਕਦੇ, ਉੱਖੜਦੇ ਸਵਾਸਾਂ 'ਚ ਵੀ ਥੋੜ੍ਹੀ, ਬਹੁਤੀ ਰਵਾਨੀ ਨਹੀਂ ਭਰਦੀਆਂ। ਬੰਦਾ, ਆਖਰੀ ਉਮਰੇ ਡਾਢਾ ਲਾਚਾਰ ਤੇ ਹੈਰਾਨ, ਪ੍ਰੇਸ਼ਾਨ ਹੋ ਜਾਂਦਾ ਏ ...

ਈਸਾ ਮਸੀਹ ਆਖਦੇ ... ਜੇ ਕੁਝ ਮੰਗੋਗੇ ਤਾਂ ਮਿਲ ਹੀ ਜਾਏਗਾ ... ਕੁਝ ਖੋਜਣਾ ਚਾਹੁੰਦੇ ਹੋ ਤਾਂ ਖ਼ੁੱਦ ਹੀ ਖੋਜਣਾ ਪਏਗਾ ... ਦਰਵਾਜ਼ੇ ਖੜਕਾਉਣੇ ਪੈਣਗੇ ... ਖੜਕਾਓਗੇ ਤਾਂ ਦਰਵਾਜ਼ੇ ਵੀ ਮਨਚਾਹੀ ਪ੍ਰਾਪਤੀ ਲਈ ਚੌੜ, ਚਪਾਟ ਖੁੱਲ੍ਹ ਜਾਣਗੇ ... ਅੱਗਾ ਸੁਆਰਨ ਲਈ ਹੱਥ, ਪੈਰ ਮਾਰਨੇ ਹੀ ਪੈਣਗੇ ... ਪਰੋਸਿਆ ਹੋਇਆ ਕੁਝ ਨਹੀਂ ਮਿਲੇਗਾ ... ਪੁੰਨ-ਕਰਮ ਕਰਨੇ ਪੈਣਗੇ ...

ਇੱਕ ਰਾਜੇ ਦੀ ਕਹਾਣੀ ਸੁਣੋ। ਬੜਾ ਮਹਾਬਲੀ ਰਾਜਾ ਸੀ। ਉਸਦਾ ਰਾਜ, ਭਾਗ ਦੂਰ ਦੇਸ਼ਾਂ ਤੀਕ ਫੈਲਿਆ ਹੋਇਆ ਸੀ। ਪੰਛੀ ਵੀ ਉਸਦੀ ਸ਼ਕਤੀ ਤੋਂ ਤ੍ਰਹਿੰਦੇ ਉਸਦੇ ਰਾਜ ਵਿੱਚ ਉਡਾਰੀ ਮਾਰਨ ਤੋਂ ਝਿਜਕਦੇ। ਰਾਜਾ ਆਪਣੇ ਲਾਮ, ਲਸ਼ਕਰ, ਹੀਰੇ, ਜਵਾਹਰਾਤ ਤੇ ਦੂਰ ਤੀਕ ਫੈਲੀ ਸਲਤਨਤ ਨੂੰ ਵੇਖ ਕੇ ਫੁੱਲਿਆ ਨਹੀਂ ਸੀ ਸਮਾਉਂਦਾ।

ਰਾਜਸੀ ਚਕਾਚੌਂਧ 'ਚ ਵਿੱਚਰਦਿਆਂ ਰਾਜੇ ਨੂੰ ਪਤਾ ਹੀ ਨਾ ਲੱਗਿਆ ਕਿ ਉਸਦੀ ਕੰਚਨ ਦੇਹੀ ਵੀ ਬਿਰਧ ਤੇ ਜਰਜਰੀ ਹੋਈ ਜਾ ਰਹੀ ... ਚਿਹਰੇ ਦਾ ਜਾਹੋ, ਜਲਾਲ ਫਿੱਕਾ ਪੈਂਦਾ ਜਾ ਰਿਹਾ ... ਹੱਥ, ਪੈਰ ਵੀ ਆਖੇ ਲੱਗਣੋਂ ਹੱਟਦੇ ਜਾ ਰਹੇ ... ਅਖੀਰ, ਰਾਜੇ ਨੂੰ ਕਿਆਮਤ ਦਾ ਦਿਨ ਯਾਦ ਆਉਣ ਲੱਗਾ ... ਬੜਾ ਚਿੰਤਤ ਹੋ ਗਿਆ... ਹੁਣ ਉਸਨੂੰ ਆਪਣਾ ਅੱਗਾ ਸੁਆਰਨ ਦੀ ਚਿੰਤਾ ਸਤਾਉਣ ਲੱਗ ਪਈ ...

ਸ਼ੁਹਰਤ ਤੇ ਦੌਲਤਾਂ, ਬੰਦੇ ਦੀ ਮੱਤ ਮਾਰ ਦੇਂਦੀਆਂ। ਬੰਦਾ, ਅਯਾਸ਼ੀਆਂ ਦੇ ਮਾਇਆ ਜਾਲ 'ਚ ਉਲਝਿਆ ਰਹਿੰਦਾ । ਇੱਕ, ਦੂਜੇ ਨੂੰ ਲਤਾੜ ਕੇ ਬਹੁਤ ਅੱਗੇ ਲੰਘ ਜਾਣਾ ਲੋਚਦਾ ... ਸਭ ਤੋਂ ਵੱਧ ਅਮੀਰ ਬਣਨਾ ਚਾਹੁੰਦਾ ... ਵੇਖੋ ! ਬੰਦਾ ਫਾਨੀ ਜਹਾਨ ਨੂੰ ਆਪਣਾ ਪਕੇਰਾ ਵਸੇਬਾ ਮੰਨ ਬਹਿੰਦਾ ... ਅਖੀਰ ਨੂੰ, ਜਿੱਥੇ ਜਾਣਾ ਉਸ ਦੁਨੀਆ ਬਾਰੇ ਕੁਝ ਨਹੀਂ ਸੋਚਦਾ ... ਜਦੋਂ ਸੋਝੀ ਆਉਂਦੀ ਤਾਂ ਉਦੋਂ ਬੜੀ ਦੇਰ ਹੋ ਚੁਕੀ ਹੁੰਦੀ ... ਵੇਲਾ ਵੀ ਵਿਹਾ ਚੁਕਾ ਹੁੰਦਾ ...

ਹਾਂ ਸੱਚ ! ਗੱਲ, ਰਾਜੇ ਦੀ ਹੋ ਰਹੀ ਸੀ। ਰਾਜੇ ਨੂੰ ਗਿਆਨ ਹੋਣ ਲੱਗਾ ਕਿ ਇਹ ਦੁਨੀਆ ਪਕੇਰਾ ਵਸੇਬਾ ਨਹੀਂ ਸਿਰਫ਼ ਰੈਣ-ਬਸੇਰਾ ਹੀ ਹੁੰਦੀ। ਰੂਹ ਦਾ ਅਸਲ ਮੁਕਾਮ, ਕੋਈ ਹੋਰ ਦੁਨੀਆ ਹੁੰਦੀ ਜਿਥੋਂ ਦੀ ਟਿਕਟ, ਹਰ ਬਸ਼ਰ ਨੂੰ ਕਟਵਾਉਣੀ ਹੀ ਪੈਂਦੀ।

ਰਾਜਾ ਦਿਨ, ਰਾਤ ਅਜਿਹੇ ਕਰਮਾਂ ਬਾਰੇ ਸੋਚਣ ਵਿੱਚ ਮਸਰੂਫ ਹੋ ਗਿਆ ਕਿ ਕਿਹੜੇ ਕਰਮ ਕੀਤੇ ਜਾਣ ਜਿਹੜੇ ਉਸਨੂੰ ਅਗਲੇ ਜਹਾਨ ਵਿੱਚ ਵੀ ਵੱਡ, ਵਡੇਰਾ ਰਾਜ, ਭਾਗ ਦਿਵਾਉਣ 'ਚ ਸਹਾਈ ਹੋਣ ?...

ਇੱਕ ਦਿਨ ਰਾਜੇ ਨੇ ਭਰੇ ਦਰਬਾਰ ਵਿੱਚ ਆਪਣੇ ਅਮੀਰਾਂ, ਵਜ਼ੀਰਾਂ ਕੋਲੋਂ ਤਿੰਨ ਪ੍ਰਸ਼ਨ ਪੁੱਛੇ। ਪਹਿਲਾ ਪ੍ਰਸ਼ਨ ਸੀ, 'ਕਿਹੜਾ ਕਰਮ ਏ ਜਿਸ ਨਾਲ ਇਸ ਦੁਨੀਆ ਵਿੱਚ ਲਾਭ ਪ੍ਰਾਪਤ ਹੁੰਦਾ' ?

ਦੂਜਾ ਪ੍ਰਸ਼ਨ ਸੀ, 'ਕਿਹੜਾ ਕਰਮ ਏ ਜਿਸ ਨਾਲ ਸਾਨੂੰ ਨਾ ਤਾਂ ਇਸ ਦੁਨੀਆ ਵਿੱਚ ਤੇ ਨਾ ਹੀ ਅਗਲੀ ਦੁਨੀਆ ਵਿੱਚ ਕੋਈ ਲਾਭ ਪ੍ਰਾਪਤ ਹੁੰਦਾ' ?

ਤੀਜਾ ਪ੍ਰਸ਼ਨ ਸੀ, 'ਕਿਹੜਾ ਕਰਮ ਏ ਜਿਸ ਨਾਲ ਸਾਨੂੰ ਇਸ ਦੁਨੀਆ ਵਿੱਚ ਵੀ ਲਾਭ ਪ੍ਰਾਪਤ ਹੁੰਦਾ ਅਤੇ ਅਗਲੀ ਦੁਨੀਆ ਵਿੱਚ ਵੀ ਵੱਡਾ ਫਲ ਪ੍ਰਾਪਤ ਹੁੰਦਾ' ?

ਰਾਜੇ ਦੇ ਅਜੀਬੋ-ਗ਼ਰੀਬ ਪ੍ਰਸ਼ਨ ਸੁਣ ਸਾਰੇ ਅਮੀਰਾਂ, ਵਜ਼ੀਰਾਂ ਨੇ ਨੀਵੀਂ ਪਾ ਲਈ। ਦਰਬਾਰ ਵਿੱਚ ਕਿਸੇ ਵੀ ਵਜ਼ੀਰ ਨੂੰ ਕੋਈ ਉੱਤਰ ਨਹੀਂ ਸੀ ਅਹੁੜ ਰਿਹਾ। ਅਖੀਰ ਇੱਕ ਧਰਮੀ, ਕਰਮੀ ਵਜ਼ੀਰ ਉੱਠਿਆ ਤੇ ਹੱਥ ਬੰਨ ਕੇ ਰਾਜੇ ਦੇ ਸਾਮ੍ਹਣੇ ਜਾ ਖਲੋਤਾ। ਆਖਣ ਲੱਗਾ, 'ਰਾਜਨ ! ਤੁਹਾਡੇ ਪ੍ਰਸ਼ਨਾਂ ਦੇ ਉੱਤਰ ਮੈਂ ਦੇ ਸਕਦਾ ਹਾਂ...

'ਦਿਓ ਉੱਤਰ ... ਜੇ ਠੀਕ ਹੋਏ ਤਾਂ ਮੂੰਹ ਮੰਗਿਆ ਇਨਾਮ ਦਿਆਂਗਾ'... ਆਪਣੇ ਸੋਨ ਸਿੰਘਾਸਣ ਤੋਂ ਖੜਾ ਹੁੰਦਿਆਂ ਰਾਜਾ ਬੋਲਿਆ।

'ਰਾਜਨ ! ਜੇ ਜਿੰਦਗੀ ਬਖਸ਼ੀ ਜਾਏ ਤਾਂ ਮੈਨੂੰ ਇਨਾਮਾਂ, ਇਕਰਾਮਾਂ ਦੀ ਨਹੀਂ, ਥੋੜ੍ਹੇ ਜਿਹੇ ਧਨ ਅਤੇ ਕੁਝ ਸਮੇਂ ਦੀ ਲੋੜ ਪਏਗੀ'... ਮਨ ਹੀ ਮਨ ਆਪਣੀ ਚਾਰਾਜੋਈ ਦੀ ਜਮਾਂ, ਤਕਸੀਮ ਕਰਦਿਆਂ ਬੜੀ ਨਿਮਰਤਾ ਨਾਲ ਵਜ਼ੀਰ ਨੇ ਕਿਹਾ।

ਰਾਜੇ ਨੇ ਤਾੜੀ ਮਾਰੀ। ਅਗਲੇ ਹੀ ਪਲ ਰਾਜ ਖਜ਼ਾਨਚੀ, ਅਸ਼ਰਫ਼ੀਆਂ ਦੀ ਭਰੀ ਥੈਲੀ ਲੈ ਦਰਬਾਰ 'ਚ ਆਣ ਹਾਜਰ ਹੋਇਆ। ਰਾਜੇ ਨੇ ਵਜ਼ੀਰ ਨੂੰ ਥੈਲੀ ਸੌਂਪ ਦਿੱਤੀ ਤੇ ਪ੍ਰਸ਼ਨਾਂ ਦੇ ਉੱਤਰ ਲੱਭਣ ਲਈ ਮੰਗੇ ਹੋਏ ਤਿੰਨ ਹਫਤਿਆਂ ਦੀ ਮੋਹਲਤ ਦੇ ਕੇ ਉਸਨੂੰ ਬੜੇ ਮਾਣ, ਸਤਿਕਾਰ ਨਾਲ ਮਹਿਲਾਂ 'ਚੋਂ ਵਿਦਾ ਕੀਤਾ।

ਵਜ਼ੀਰ ਦੇ ਚਲੇ ਜਾਣ ਤੋਂ ਬਾਅਦ ਰਾਜੇ ਦੀ ਇੱਕ, ਇੱਕ ਘੜੀ ਸਦੀਆਂ ਵਾਂਗ ਬੀਤਣ ਲੱਗੀ। ਸਮਾਂ ਸੀ ਕਿ ਮੁੱਕਣ 'ਚ ਨਹੀਂ ਸੀ ਆ ਰਿਹਾ। ਅਖੀਰ ਬੀਤਦਾ, ਬੀਤਦਾ ਤਿੰਨ ਹਫ਼ਤਿਆਂ ਦਾ ਸਮਾਂ ਵੀ ਬੀਤ ਹੀ ਗਿਆ। ਮਿੱਥੇ ਹੋਏ ਸਮੇਂ ਅਨੁਸਾਰ ਵਜ਼ੀਰ ਵੀ ਖਾਲੀ ਹੱਥੀਂ ਦਰਬਾਰ 'ਚ ਆਣ ਹਾਜਰ ਹੋਇਆ।

ਰਾਜੇ ਨੇ ਬੜੀ ਬੇਸਬਰੀ ਨਾਲ ਪਹਿਲਾ ਪ੍ਰਸ਼ਨ ਪੁੱਛਿਆ, 'ਕਿਹੜਾ ਕਰਮ ਏ ਜਿਸ ਨਾਲ ਇਸ ਦੁਨੀਆ ਵਿੱਚ ਲਾਭ ਪ੍ਰਾਪਤ ਹੁੰਦਾ' ?

'ਰਾਜਨ ! ਆਪ ਜੀ ਦੀ ਥੈਲੀ ਵਿੱਚ ਡੇਢ ਸੌ ਅਸ਼ਰਫ਼ੀਆਂ ਸਨ ਜਿਨਾਂ 'ਚੋਂ ਪੰਜਾਹ ਅਸ਼ਰਫ਼ੀਆਂ ਮੈਂ ਤੁਹਾਡੇ ਨਾਂ 'ਤੇ ਆਪਣੇ ਦੇਸ਼ ਦੇ ਵੱਡੇ ਸ਼ਾਹੂਕਾਰ ਕੋਲ ਜਮਾਂ ਕਰਵਾ ਦਿੱਤੀਆਂ' ...

'ਕੀ ਮਤਲਬ ?... ਮੇਰੇ ਪ੍ਰਸ਼ਨ ਦੇ ਉੱਤਰ ਨਾਲ ਤਾਂ ਇਸਦਾ ਕੋਈ ਸੰਬੰਧ ਨਹੀਂ ਬਣਦਾ'... ਸੁਣਦਿਆਂ ਸਾਰ ਹੀ ਰਾਜਾ ਗੁੱਸੇ 'ਚ ਬੋਲਿਆ।

'ਰਾਜਨ ! ਇਸ ਰਕਮ ਦੇ ਬਦਲੇ ਆਪਜੀ ਨੂੰ ਇਸ ਦੁਨੀਆ ਵਿੱਚ ਮੂਲ ਸਮੇਤ ਵਿਆਜ ਦੀ ਰਕਮ ਮਿਲੇਗੀ' ਵਜ਼ੀਰ ਨੇ ਬੜੀ ਆਜਜ਼ੀ ਨਾਲ ਕਿਹਾ।

'ਕਿਹੜਾ ਕਰਮ ਏ ਜਿਸ ਨਾਲ ਨਾ ਤਾਂ ਸਾਨੂੰ ਇਸ ਦੁਨੀਆ ਵਿੱਚ ਤੇ ਨਾ ਹੀ ਅਗਲੀ ਦੁਨੀਆ ਵਿੱਚ ਕੋਈ ਲਾਭ ਪ੍ਰਾਪਤ ਹੁੰਦਾ' ? ਰਾਜੇ ਨੇ ਦੂਜਾ ਪ੍ਰਸ਼ਨ ਪੁੱਛਿਆ।

'ਰਾਜਨ ! ਬਾਕੀ ਦੀਆਂ ਸੌ ਅਸ਼ਰਫ਼ੀਆਂ 'ਚੋਂ ਇਸ ਨਾਚੀਜ਼ ਨੇ ਪੰਜਾਹ ਅਸ਼ਰਫ਼ੀਆਂ ਨਾਲ ਤੁਹਾਡੇ ਨਾਂ 'ਤੇ ਬੜੀ ਐਸ਼ ਕੀਤੀ। ਮੁਜ਼ਰੇ ਵੇਖੇ ... ਕੰਜਰੀਆਂ ਨਚਾਈਆਂ ... ਰੱਜ ਕੇ ਮਦਿਰਾ ਪੀਤੀ ਤੇ ਤਮਾਮ ਰੰਗ, ਰਲੀਆਂ ਮਾਣੀਆਂ ... ਇਸ ਕਰਮ ਦੇ ਬਦਲੇ ਨਾ ਤਾਂ ਆਪਜੀ ਨੂੰ ਇਸ ਦੁਨੀਆ ਵਿੱਚ ਤੇ ਨਾ ਹੀ ਅਗਲੀ ਦੁਨੀਆ ਵਿੱਚ ਕੋਈ ਲਾਭ ਪ੍ਰਾਪਤ ਹੋਏਗਾ' ... ਸੱਚਾ, ਸੁੱਚਾ ਵਜ਼ੀਰ ਬੋਲਿਆ।

ਮਨ ਹੀ ਮਨ ਜਮਾਂ, ਤਕਸੀਮ ਕਰਦਿਆਂ ਰਾਜਾ ਕੁਝ ਪਲ ਚੁੱਪ ਰਿਹਾ ਤੇ ਮੁੜ ਉਸਨੇ ਬੜੀ ਉਤਸੁਕਤਾ ਨਾਲ ਆਪਣਾ ਤੀਜਾ ਪ੍ਰਸ਼ਨ ਪੁੱਛਿਆ, 'ਕਿਹੜਾ ਕਰਮ ਹੈ ਜਿਸ ਨਾਲ ਸਾਨੂੰ ਇਸ ਦੁਨੀਆ ਵਿੱਚ ਵੀ ਲਾਭ ਪ੍ਰਾਪਤ ਹੁੰਦਾ ਹੈ ਅਤੇ ਅਗਲੀ ਦੁਨੀਆ ਵਿੱਚ ਵੀ ਵੱਡਾ ਫਲ ਪ੍ਰਾਪਤ ਹੁੰਦਾ ਹੈ' ?

'ਜਹਾਂ ਪਨਾਹ ! ਬਾਕੀ ਬਚੀਆਂ ਪੰਜਾਹ ਅਸ਼ਰਫ਼ੀਆਂ ਨਾਲ ਦਾਸ ਨੇ ਕੱਪੜੇ, ਲੀੜੇ ਅਤੇ ਦਾਣਾ, ਫੱਕਾ ਖਰੀਦਿਆ ... ਸਾਰਾ ਕੁਝ ਆਪਜੀ ਦੇ ਨਾਂ 'ਤੇ ਗ਼ਰੀਬ, ਗੁਰਬਿਆਂ ਅਤੇ ਲੋੜਵੰਦਾਂ ਨੂੰ ਦਾਨ-ਪੁੰਨ ਕਰ ਦਿੱਤਾ। ਇਸ ਕਰਮ ਦੇ ਬਦਲੇ ਉਨਾਂ ਲੋਕਾਂ ਦੀਆਂ ਅਸੀਸਾਂ ਆਪਜੀ ਨੂੰ ਮਿਲਣਗੀਆਂ ਜਿਨਾਂ ਨਾਲ ਆਪਜੀ ਦੇ ਇਸ ਜਨਮ ਦੇ ਕਸ਼ਟ ਕੱਟੇ ਜਾਣਗੇ ਤੇ ਤੁਹਾਨੂੰ ਅਗਲੀ ਦੁਨੀਆ ਵਿੱਚ ਵੀ ਇਸ ਕਰਮ ਦਾ ਵੱਡਾ ਫਲ ਪ੍ਰਾਪਤ ਹੋਏਗਾ... ਵਜ਼ੀਰ ਨੇ ਬੜੀ ਨਿਡਰਤਾ ਨਾਲ ਆਪਣੀ ਗੱਲ ਮੁਕਾਉਂਦਿਆਂ ਕਿਹਾ।

ਸ਼ੰਕੇ ਨਵਿਰਤੀ ਵਾਲੇ ਆਪਣੇ ਪ੍ਰਸ਼ਨਾਂ ਦੇ ਉੱਤਰ ਸੁਣ ਕੇ ਰਾਜੇ ਦੀ ਰੂਹ ਤ੍ਰਿਪਤ ਹੋ ਗਈ। ਉਸਨੇ ਕੀ ਕੀਤਾ, ਤੀਜੇ ਕਰਮ ਨੂੰ ਪਹਿਲਾ ਅਤੇ ਆਖਰੀ ਕਰਮ ਮੰਨ ਲਿਆ। ਰਹਿੰਦੇ ਸੁਆਸਾਂ ਤੀਕ ਉਸਨੇ ਆਪਣੇ ਖਜ਼ਾਨੇ ਗਰੀਬ, ਗੁਰਬਿਆਂ ਅਤੇ ਲੋੜਵੰਦਾਂ ਲਈ ਖੋਲ੍ਹ ਦਿੱਤੇ ਤੇ ਤਨੋਂ, ਮਨੋਂ ਆਪਣੀ ਪਰਜਾ ਦੀ ਸੇਵਾ 'ਚ ਰੁੱਝ ਗਿਆ।

# ਮਨ ਦੀ ਮੌਜ

ਠੰਡ ਭਰਿਆ ਜਨਵਰੀ ਦਾ ਆਖਰੀ ਹਫਤਾ ਚੱਲ ਰਿਹਾ ਸੀ। ਰਾਤ ਦੇ ਢਾਈ ਵਜੇ ਅੱਖ ਖੁਲ ਗਈ। ਧੁੰਧ ਤੇ ਕੋਹਰੇ ਕਾਰਨ ਬਾਹਰ ਵਾਲੀ ਖਿੜਕੀ ਵਿੱਚੋਂ ਗਲੀ ਦੀ ਸਲਫਰ ਲਾਈਟ ਵੀ ਅੱਧਮੋਈ ਲੱਗ ਰਹੀ ਸੀ। ਸਿਰਹਾਣੇ ਪਿਆ ਮੋਬਾਈਲ ਫੋਨ ਖੋਲ੍ਹ ਲਿਆ। ਆਪਣੀ ਆਨ ਲਾਈਨ ਅਖ਼ਬਾਰ ਦੇ ਸਿਟੀ ਪੇਜ ਵੇਖਣੇ ਸ਼ੁਰੂ ਕਰ ਦਿੱਤੇ। ਲੇਟ ਭੇਜੀਆਂ ਖਬਰਾਂ ਵੀ ਛੱਪ ਚੁਕੀਆਂ ਸਨ। ਤੜਕੇ ਸਵੇਰੇ ਛੇ, ਸੱਤ ਲੋਕ ਸਾਡੀ ਅਖ਼ਬਾਰ ਵਿੱਚ ਛੱਪੀਆਂ ਆਪਣੀਆਂ
ਖਬਰਾਂ ਵੇਖਣਗੇ ਤਾਂ ਉਹ ਸਾਰੇ ਬੜੇ ਖੁਸ਼ ਹੋਣਗੇ ਤੇ ਸਾਨੂੰ ਢੇਰ ਦੁਆਵਾਂ ਦੇਣਗੇ ... ਅਸੀਂ ਵੀ ਆਪਣੀ ਕਿਰਤ ਸਦਕਾ ਖੁਸ਼ੀ ਦੇ ਸਕੂਨਮਈ ਆਲਮ 'ਚ ਵਿੱਚਰਣ ਲੱਗ ਪਏ। ਬਦਲੇ ਵਿੱਚ ਸੈਲੀਬ੍ਰੇਸ਼ਨ ਲਈ ਉਸੇ ਪਲ, ਮਨ ਹੀ ਮਨ 'ਚ ਡੈਸਕ ਵਾਲੇ ਉਪ ਸੰਪਾਦਕਾਂ ਨੂੰ ਦੁਆਵਾਂ ਦਿੱਤੀਆਂ ਤੇ ਰਸੋਈ ਵਿਚ ਚਾਹ ਬਣਾਉਣ ਚਲੇ ਗਏ।

ਬਿਨਾ ਕੋਈ ਖੜਾਕ ਕੀਤਿਆਂ ਫਰਿੱਜ ਵਿੱਚੋਂ ਦੁੱਧ, ਆਂਡੇ, ਬਰੈੱਡ ਤੇ ਹਰੀ ਮਿਰਚ ਕੱਢੀ ਤੇ ਰਸੋਈ ਵਿੱਚ ਆ ਗਏ। ਟੀ ਪੈਨ ਵਿਚ ਪਾਣੀ ਤੇ ਦੁੱਧ ਦੇ ਦੋ ਕੱਪ ਪਾ ਕੇ ਗੈਸ ਚੁੱਲ੍ਹਾ ਬਾਲ ਲਿਆ। ਦੂਸਰੇ ਬਰਨਰ 'ਤੇ ਨਾਨ ਸਟਿੱਕ ਪੈਨ ਵਿੱਚ ਆਮਲੇਟ 'ਤੇ ਬਰੈੱਡ ਤਿਆਰ ਕਰ ਲਈ। ਦੱਬੇ ਪੈਰੀਂ ਚਾਹ ਦਾ ਮਸਾਲਾ, ਸ਼ੂਗਰ ਫਰੀ ਪਾਊਡਰ ਤੇ ਟਰੇਅ ਵੀ ਲੱਭ ਲਈ। ਟਰੇਅ ਵਿੱਚ ਬੈੱਡ ਟੀ ਪਰੋਸ, ਭੌਂਦੇ ਪੈਰੀਂ ਅਸੀਂ ਬੈੱਡ ਰੂਮ 'ਚ ਮੁੜ ਆਏ। ਮੋਹ ਭਰੀ ਆਵਾਜ਼ ਮਾਰ ਸ੍ਰੀ ਮਤੀ ਨੂੰ ਉਠਾਇਆ ਤੇ ਬੈੱਡ 'ਤੇ ਹੀ ਚਾਹ ਵਾਲੀ ਟਰੇਅ ਰੱਖ ਦਿੱਤੀ।

ਕੰਧ ਘੜੀ ਤੇ ਅਣਕਿਆਸੀ ਚਾਹ ਵੱਲ ਵੇਖ ਮਿੱਠੀ ਜਿਹੀ ਘੂਰੀ ਵੱਟਦੀ ਸ੍ਰੀ ਮਤੀ ਉੱਠ ਕੇ ਬੈਠ ਗਈ। ਉਸ ਵੇਲੇ, ਹੋਰ ਭਲਾ ਕੀਤਾ ਵੀ ਕੀ ਜਾ ਸਕਦਾ ਸੀ ?... ਅਸਾਂ ਰਲ, ਮਿਲ ਕੇ ਚਾਹ ਪੀਣੀ ਸ਼ੁਰੂ ਕਰ ਦਿੱਤੀ। ਸ਼ਾਇਦ ਉਸਨੂੰ ਚਾਹ ਦਾ ਮਿੱਠਾ ਪਸੰਦ ਆ ਗਿਆ ਸੀ।

ਅਸਾਂ ਤਿੰਨ, ਚਾਰ ਘੁੱਟ ਹੀ ਭਰੇ ਹੋਣਗੇ ਕਿ ਆਮਲੇਟ ਦੀ ਬੁਰਕੀ ਤੋੜਨ ਲੱਗਿਆਂ ਸਾਡਾ ਹੱਥ ਸ੍ਰੀ ਮਤੀ ਦੇ ਚਾਹ ਵਾਲੇ ਕੱਪ 'ਚ ਪਏ ਚਿਮਚੇ ਨਾਲ ਟਕਰਾਅ ਗਿਆ। ਇਸ ਉਮਰੇ ਥੋੜ੍ਹੀ,ਬਾਹਲੀ ਸਿੰਕਰੋਨਾਈਜੇਸ਼ਨ ਗੜਬੜਾ ਜਾਂਦੀ ਏ ਨਾ... ਫਿਰ ਕੀ ਹੋਇਆ... ਊਣੇ, ਪੌਣੇ ਚਾਹ ਵਾਲੇ ਦੋਵੇਂ ਕੱਪ ਟਰੇਅ ਵਿੱਚ ਡਿੱਗ ਪਏ। ਕੁਝ ਚਾਹ ਨਵੀਂ ਬੈੱਡ ਸ਼ੀਟ ਅਤੇ ਰਜਾਈ 'ਤੇ ਡੁੱਲ੍ਹ ਗਈ। ਅਸੀਂ ਚੁੱਪ, ਚਾਪ

ਟਰੇਅ ਨੂੰ ਸਮੇਟ ਰਸੋਈ ਵੱਲ ਤੁਰ ਗਏ । ਸ੍ਰੀ ਮਤੀ ਗਿੱਲੇ ਕਪੜੇ ਨਾਲ ਚਾਦਰ 'ਤੇ ਰਜਾਈ ਨੂੰ ਸਾਫ ਕਰਨ ਲੱਗ ਪਈ ।

ਵੀਕ ਐਂਡ 'ਤੇ ਪੁੱਤਰ ਸ੍ਰੀ ਅਕਸਰ ਦਿੱਲੀਓਂ ਘਰ ਆ ਜਾਂਦਾ । ਉਸਦੀ ਨਿੱਕੜੀ ਈਲੀ ਬੜੀ ਸ਼ਰਾਰਤੀ ਏ । ਹੱਥ 'ਚ ਫੜਿਆ ਕੱਪ, ਗਿਲਾਸ, ਖਿਡੌਣਾ ਜਾਂ ਮੋਬਾਈਲ ਫੋਨ ਬੈੱਡ ਦੇ ਪਿੱਛੇ ਫਰਸ਼ 'ਤੇ ਸੁੱਟ ਕੇ ਹੱਸਣ ਲੱਗ ਪੈਂਦੀ ਜਿਵੇਂ ਕੋਈ ਨਵੀਂ ਸਿਰਜਣਾ ਕਰ ਰਹੀ ਹੋਵੇ । ਕਦੀ, ਕਦੀ ਇੰਝ ਵੀ ਲੱਗਦਾ ਕਿ ਮਹਿੰਗੀਆਂ ਤੇ ਟੁੱਟਣ ਵਾਲੀਆਂ ਚੀਜਾਂ ਨੂੰ ਹੇਠਾਂ ਸੁੱਟਣ ਵਾਲੇ ਆਪਣੇ ਅਜਿਹੇ ਕਾਰਨਾਮਿਆਂ ਨੂੰ ਕੋਈ ਖੇਡ ਸਮਝਦੀ ...

ਵੇਲੇ, ਕੁਵੇਲੇ ਕਿਸੇ ਚੀਜ਼ ਦਾ ਖੜਾਕ ਸੁਣ ਗੁੱਸਾ ਚੜ੍ਹ ਜਾਂਦਾ ਤੇ ਆਪ ਮੁਹਾਰੇ ਈਲੀ 'ਤੇ ਝਿੜਕਾਂ ਦੀ ਬੁਛਾੜ ਸ਼ੁਰੂ ਹੋ ਜਾਂਦੀ । ਡਿੱਗਣ ਵਾਲੀ ਕੋਈ ਨਿਗੂਣੀ ਚੀਜ਼ ਹੋਵੇ ਤਾਂ ਉਸਨੂੰ ਪਿਆਰ ਨਾਲ ਸਮਝਾਉਣ ਨੂੰ ਵੀ ਚਿੱਤ ਕਰ ਆਉਂਦਾ ।

ਡੁਲ੍ਹੀ ਚਾਹ ਨੂੰ ਚਿਤਵ ਮਨ ਵਿੱਚ ਖਿਆਲ ਆਇਆ ... ਕਾਸ਼ ! ਈਲੀ ਇਥੇ ਸਾਡੇ ਨਾਲ ਹੁੰਦੀ ਤੇ ਚਾਹ ਵੀ ਉਸਨੇ ਡੋਲ੍ਹੀ ਹੁੰਦੀ । ਅਸੀਂ ਵੀ ਰੱਜ ਕੇ ਉਸਤੇ ਆਪਣਾ ਗੁੱਸਾ ਕੱਢ ਲੈਂਦੇ ਪਰ ਉਹ ਤਾਂ ਦਿੱਲੀ ਬੈਠੀ ਸੀ । ਲਿਹਾਜ਼ਾ ਅਸੀਂ ਚਾਹ ਵਾਲੀ ਘਟਨਾ ਉਪਰੰਤ ਕੁਝ ਦੇਰ ਡੌਰ, ਭੌਰੇ ਇੱਕ, ਦੂਜੇ ਨੂੰ ਵੇਖਦੇ ਰਹੇ ... ਸੋਚਦੇ ਰਹੇ ਕਿ ਸ੍ਰੀ ਮਤੀ ਹੱਥੋਂ ਹੀ ਇਹ ਗ਼ਲਤੀ ਹੋਈ ਹੁੰਦੀ ... ਤੇ ਅਸੀਂ ਚੜ੍ਹੇ ਦਿਨ ਉਸਨੂੰ ਆਸਮਾਨੀ ਤਾਰੇ ਵਿਖਾ ਦਿੰਦੇ ... ਚੁੱਪ, ਚੁਪੀਤਿਆਂ ਅਸੀਂ ਟਰੇਅ ਵਿੱਚਲੇ ਕੱਪ, ਡੁਲ੍ਹੀ ਹੋਈ ਚਾਹ ਅਤੇ ਬਚੀ ਹੋਈ ਆਮਲੇਟ ਸਮੇਟ ਮੁੜ ਰਸੋਈ ਵਿੱਚ ਚਲੇ ਗਏ । ਪਿੱਛੋਂ ਸ੍ਰੀ ਮਤੀ ਨੇ ਚਾਦਰ 'ਤੇ ਡੁਲ੍ਹੀ ਚਾਹ ਸਮੇਟੀ, ਗੱਦਿਆਂ 'ਤੇ ਅਖ਼ਬਾਰਾਂ ਵਿਛਾਈਆਂ ਤੇ ਉੱਪਰ ਦੂਜੀ ਚਾਦਰ ਵਿਛਾ ਦਿੱਤੀ । ਸਵੇਰੇ, ਸਵੇਰੇ ਹੋਈ ਬੇਕਿਰਕੀ ਵਾਲੀ ਇਸ ਘਟਨਾਂ ਨੂੰ ਵਿਸਾਰ ਭਰੇ, ਪੀਤੇ ਅਸੀਂ ਦੋਵੇਂ ਜੀਅ ਪਾਸੇ ਮੋੜ ਮੁੜ ਸੌਂ ਗਏ ।

# ਅਸ਼ਟਾਵਕਰ ਬਨਾਮ ਆਟੇ ਦੀ ਚਿੜੀ

ਅੱਠ ਜਿਸਮਾਨੀ ਵਿਕਾਰਾਂ ਨਾਲ ਪੈਦਾ ਹੋਇਆ ਅਸ਼ਟਾਵਕਰ ਬੜਾ ਮਹਾਨ ਅਤੇ ਦਇਆਵਾਨ ਰਿਸ਼ੀ ਹੋਇਆ ਹੈ। ਵੇਦ,ਪੁਰਾਣਾਂ ਦੇ ਵੇਲਿਆਂ ਦੀ ਗੱਲ ਹੈ। ਉਹ ਪਹੁੰਚੇ ਹੋਏ ਆਚਾਰੀਆ ਕਾਹੋਡ ਦਾ ਪੁੱਤਰ ਸੀ। ਹਾਲੇ ਉਹ ਛੋਟਾ ਹੀ ਸੀ ਕਿ ਉਸਦੇ ਪਿਤਾ ਕਾਹੋਡ ਨੂੰ ਓਨੀਂ ਦਿਨੀ ਕੱਪਟੀ ਆਚਾਰੀਆ ਬੰਦੀ ਨੇ ਇੱਕ ਵਾਦ, ਵਿਵਾਦ ਮੁਕਾਬਲੇ ਦੌਰਾਨ ਹਰਾ ਦਿੱਤਾ ਤੇ ਬਦਲੇ ਵਿੱਚ ਕਾਹੋਡ ਨੂੰ ਜਲ ਸਮਾਧੀ ਲਾ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰਨੀ ਪਈ।

ਅਸ਼ਟਾਵਕਰ ਤੋਂ ਪਹਿਲਾਂ ਸ਼੍ਰੀਮਤੀ ਦੀ ਗੱਲ ਸੁਣ ਲਓ। ਇੱਕ ਦਿਨ ਉਹ ਆਪਣੇ ਕੰਮ, ਕਾਜ ਵਿੱਚ ਬੜੀ ਮਸਰੂਫ ਦਿਸ ਰਹੀ ਸੀ। ਸਾਨੂੰ ਬੇਵਕਤੀ ਭੁੱਖ ਲੱਗ ਗਈ। ਆਦਤ ਮੂਜਬ ਅਸਾਂ ਚਾਹ ਦੇ ਕੱਪ ਤੇ ਲੂਣ, ਅਜਵਾਇਣ ਵਾਲੀ ਪਰੌਂਠੀ ਦਾ ਆਰਡਰ ਛੱਡ ਦਿੱਤਾ। ਆਪਣੇ ਹਥਲੇ ਕੰਮ ਛੱਡ ਉਸ ਸੁਲੱਖਣੀ ਬੀਵੀ ਨੇ ਪਲਾਂ, ਛਿਣਾਂ 'ਚ ਸਾਡੇ ਲਈ ਚਾਹ ਤੇ ਪਰੌਂਠੀ ਪਰੋਸ ਦਿੱਤੀ।

ਵੇਖੋ ! ਪੰਜ, ਛੇ ਨੁਕਰਾਂ ਵਾਲੀ ਬੜੀ ਅਜੀਬੋ, ਗ਼ਰੀਬ ਪਰੌਂਠੀ ਸੀ। ਅਸਾਂ ਪਹਿਲੇ ਕਦੀ ਅਜਿਹੀ ਪਰੌਂਠੀ ਨਾ ਵੇਖੀ ਸੀ ਤੇ ਨਾ ਖਾਧੀ ਸੀ। ਕਿਸਮਤ ਵੱਸ ਅੱਜ ਤੀਕ ਅਸੀਂ ਗੋਲ, ਤਿਕੋਨੀਆਂ ਤੇ ਚੌਰਸ ਪਰੌਂਠੀਆਂ ਖਾਂਦੇ ਆਏ ਪਰ ਹਥਲੀ ਪਰੌਂਠੀ ਕਿਸੇ ਗੁਣੀਏ 'ਚ ਫਿੱਟ ਹੋਣ ਵਾਲੀ ਨਹੀਂ ਸੀ। ਮੱਠੇ ਸੇਕ ਦੀ ਥਾਂ ਤੇਜ਼ ਲਾਟ 'ਤੇ ਲੂਹੀ ਹੋਈ ਪਰੌਂਠੀ ਨਰਮ, ਕੁਰਮੁਰੀ ਤੇ ਲਜ਼ੀਜ਼ ਵੀ ਨਹੀਂ ਸੀ ਲੱਗੀ।

ਪਲੇਟ ਵਿੱਚ ਪਰੌਂਠੀ ਦੀ ਥਾਏਂ ਜਿਵੇਂ ਸੁਹਜ, ਸਲੀਕਾ, ਹੁਨਰ, ਮਮਤਾ ਤੇ ਕਈ ਹੋਰ ਕਲਾਵਾਂ ਆਪਸ ਵਿਚ ਕੁਹਰਾਮ ਮਚਾਉਂਦੀਆਂ ਦਿਸਣ ਲੱਗੀਆਂ। ਆਖਦੇ ਨੇ ਨਾ ... ਜੇ ਅੱਖਾਂ ਨੇ ਨਾ ਖਾਧਾ ਤਾਂ ਮੂੰਹ ਨੇ ਭਲਾ ਕੀ ਖਾਣਾ ਹੋਇਆ ?...

ਛੋਟੇ ਹੁੰਦੇ ਅਸੀਂ ਚੁੱਲ੍ਹੇ, ਅੰਗੀਠੀ ਜਾਂ ਤੰਦੂਰ 'ਤੇ ਰੋਟੀਆਂ ਪਕਾਉਂਦੇ ਮਾਤਾ ਸ਼੍ਰੀ ਦੇ ਇਰਦ, ਗਿਰਦ ਮੰਡਰਾਉਂਦੇ ਤੇ ਆਟੇ ਦੀਆਂ ਚਿੜੀਆਂ ਦੀ ਫਰਮਾਇਸ਼ ਪਾਉਂਦੇ। ਮਾਤਾ ਸ਼੍ਰੀ ਨੇ ਬੜੀ ਖੁਸ਼ੀ ਤੇ ਸਬਰ, ਸੰਤੋਖ ਨਾਲ ਛੋਟੇ ਜਿਹੇ ਪੇੜੇ ਨੂੰ ਸੱਪ ਵਾਂਗ ਵੇਲ ਕੇ ਆਟੇ ਦੀ ਚਿੜੀ ਬਣਾਉਣੀ। ਮੱਠੇ ਸੇਕ 'ਤੇ ਪਕਾ ਤੀਲੇ 'ਚ ਟੰਗਣੀ ਤੇ ਹੱਸਦਿਆਂ, ਹੱਸਦਿਆਂ ਸਾਡੇ ਹੱਥੀਂ ਫੜਾ ਦੇਣੀ ... ਸੱਚੀ ! ਭੁੱਲੀਆਂ, ਵਿੱਸਰੀਆਂ ਆਟੇ ਦੀਆਂ ਉਹ ਚਿੜੀਆਂ ਉਦੋਂ ਰੂਹ ਵੀ ਰਜਾ ਦਿੰਦੀਆਂ ਸਨ ...

ਪਰੌਂਠੀ ਦੀ ਗੱਲ ਤੋਂ ਪਿਤਾ ਸ਼੍ਰੀ ਦੀ ਗੱਲ ਯਾਦ ਆ ਗਈ। ਉਦੋਂ ਉਹ ਪਿੰਡੋਂ ਸਾਡੇ ਕੋਲ ਆਏ ਹੋਏ ਸਨ। ਇੱਕ ਸਵੇਰ ਦੀ ਗੱਲ ਏ। ਨਾਸ਼ਤੇ ਵੇਲੇ ਉਹ ਵੀ ਸ਼੍ਰੀ ਮਤੀ ਦੁਆਰਾ ਦਹੀਂ ਨਾਲ ਦਿੱਤੇ ਆਲੂਆਂ ਵਾਲੇ ਪਰੌਂਠੇ ਨੂੰ ਵੇਖਦੇ ਹੋਏ ਦੋਚਿੱਤੀ 'ਚ ਪੈ ਗਏ। ਸਾਮ੍ਹਣੇ ਪਲੇਟ 'ਚ ਪਿਆ ਪਰੌਂਠਾ ਜਿਵੇਂ ਉਨਾਂ ਨੂੰ ਆਪਣੀ ਪਹੁੰਚ ਤੋਂ ਕੋਹਾਂ ਦੂਰ ਪਿਆ ਦਿਸ ਰਿਹਾ ਹੋਵੇ ... ਉਨਾਂ ਨੇ ਪਰੌਂਠੇ ਵਿੱਚ ਜਰੂਰ ਕੋਈ ਗੜਬੜ ਵੇਖੀ ਹੋਏਗੀ। ਬੜਾ ਹੌਂਸਲਾ ਜਿਹਾ ਇੱਕਠਾ ਕਰਕੇ ਉਨਾਂ ਨੇ ਬੜੇ ਪਿਆਰ ਨਾਲ ਰਸੋਈ 'ਚੋਂ ਸ਼੍ਰੀਮਤੀ ਨੂੰ ਆਪਣੇ ਕੋਲ ਬੁਲਾਇਆ। ਜਿਵੇਂ ਕਹਿੰਦੇ ਹਨ ਕਿ ਕਹਿਣਾ ਧੀ ਨੂੰ ਤੇ ਸੁਣਾਉਣਾ ਨੂੰਹ ਨੂੰ ... ਪਿਤਾ ਸ਼੍ਰੀ ਨੇ ਵੀ ਉਵੇਂ ਹੀ ਕੀਤਾ। ਪਲੇਟ 'ਚ ਪਏ ਪਰੌਂਠੇ 'ਤੇ ਟਿਕਟਿਕੀ ਲਾਈ ਉਹ ਪੁੱਛਣ ਲੱਗੇ, 'ਕੁੜੀਏ ! ਰਾਤੀ ਮੁੰਡੇ ਨਾਲ ਕੋਈ ਝਗੜਾ ਹੋਇਆ ਸੀ' ...

'ਦਾਰਜੀ ! ਨਹੀਂ ਤਾਂ ... ਤੁਸੀਂ ਵੀ ਇਥੇ ਹੀ ਸੀ ... ਅਸੀਂ ਤਾਂ ਸਾਰੇ ਹੱਸਦੇ, ਖੇਡਦੇ ਸੁੱਤੇ ਸੀ' ... ਸ਼੍ਰੀਮਤੀ ਬੋਲੀ ਸੀ।

'ਧੀਏ ! ਜੇ ਕੋਈ ਝਗੜਾ ਨਹੀਂ ਸੀ ਹੋਇਆ ਤਾਂ ਫਿਰ ਗੁੱਸੇ ਵਿੱਚ ਲੂਹੇ, ਬਾਲੇ ਇਸ ਪਰੌਂਠੇ 'ਤੇ ਅੱਗਨੀ ਭੇਟ ਹੋਈਆਂ ਰੂਹਾਂ ਦੀ ਥਾਂ ਮੱਠੇ ਸੇਕ ਵਾਲੇ ਲਾਲ, ਬਿਸਕੁਟੀ ਘੋੜੇ ਨੱਚਦੇ ਹੋਣੇ ਚਾਹੀਦੇ ਸੀ' ... ਸੜਿਆ ਹੋਇਆ ਪਰੌਂਠਾ ਵੇਖ ਪਿਤਾ ਸ਼੍ਰੀ ਨੇ ਮੁਸਕਰਾਉਂਦਿਆਂ ਕਿਹਾ ਸੀ।

ਸ਼੍ਰੀਮਤੀ ਨੇ ਬੜੀ ਸਿਆਣਪ ਨਾਲ ਮਸਲੇ ਨੂੰ ਸਾਂਭਦਿਆਂ ਕਿਹਾ ਸੀ, 'ਦਾਰਜੀ ! ਮੇਰਾ ਧਿਆਨ ਲਾਗੇ ਧਰੇ ਦੁੱਧ ਦੇ ਉਬਾਲੇ 'ਚ ਹੋ ਗਿਆ ਸੀ ਤੇ ਪਰੌਂਠੇ ਨੂੰ ਵਧੇਰੇ ਸੇਕ ਲੱਗ ਗਿਆ ... ਅੱਗੇ ਤੋਂ ਮੈਂ ਇਸ ਗੱਲ ਦਾ ਖਾਸ ਧਿਆਨ ਰੱਖਿਆ ਕਰਾਂਗੀ' ...

ਉਂਝ ਸ਼੍ਰੀ ਮਤੀ ਬੜੀ ਗੁਣਵਾਨ ਤੇ ਬਹਾਦਰ ਏ ... ਕਦੀਂ, ਕਦਾਈਂ ਵਿਆਹ ਤੋਂ ਪਹਿਲਾਂ ਵਾਲੇ ਦਿਨਾਂ ਦੀਆਂ ਯਾਦਾਂ ਸਾਂਝੀਆਂ ਕਰਨ ਬੈਠ ਜਾਂਦੀ ... ਇੱਕ ਵਾਰ ਉਸਨੇ ਆਪਣੀ ਬਹਾਦਰੀ ਵਾਲਾ ਬੜਾ ਮਜ਼ੇਦਾਰ ਕਿੱਸਾ ਸੁਣਾਇਆ ਸੀ ... ਕੇਰਾਂ ਪਿੰਡ ਵਿੱਚ ਹੋਏ ਕਿਸੇ ਜਾਣੂ ਦਾ ਵਿਆਹ ਵੇਖ ਸ਼ਾਮ ਨੂੰ ਉਹ ਘਰ ਮੁੜੇ ਸੀ। ਬੀਜੀ ਨੇ ਸੋਨੇ ਦੇ ਦੋ ਮੋਟੇ ਸਾਰੇ ਗੋਖੜੂ ਪਾਏ ਹੋਏ ਸੀ। ਘਰ ਦੀ ਮੁਰੰਮਤ ਲਈ ਗੁਆਂਢ ਪੱਤੀ 'ਚ ਰਹਿੰਦਾ ਇੱਕ ਮਿਸਤਰੀ ਬੁਲਾਇਆ ਹੋਇਆ ਸੀ। ਅੰਦਰ, ਬਾਹਰ ਕੰਧਾਂ ਨੂੰ ਮਿੱਟੀ, ਗਾਰੇ ਨਾਲ ਲਿੱਪਦਿਆਂ ਉਸ ਨੇ ਬੀਜੀ ਦੀ ਬਾਂਹ ਵਿੱਚ ਪਏ ਗੋਖੜੂ ਵੇਖ ਲਏ ਹੋਣੇ ਤੇ ਉਸਦਾ ਮਨ ਬੇਈਮਾਨ ਹੋ ਗਿਆ ਹੋਣਾ ...

ਗਰਮੀਆਂ ਦੀ ਰੁੱਤ ਸੀ ... ਸਾਰੇ ਜਣੇ ਕੋਠੇ 'ਤੇ ਮੰਜੀਆਂ ਡਾਹ ਕੇ ਸੁੱਤੇ ਹੋਏ ਸੀ ... ਸੌਣ ਤੋਂ ਪਹਿਲਾਂ ਚਾਅ, ਚਾਅ 'ਚ ਬੀਜੀ ਕੋਲੋਂ ਇੱਕ ਗੋਖੜੂ ਲੈ ਸ਼੍ਰੀ ਮਤੀ ਨੇ ਆਪਣੀ ਬਾਂਹ 'ਚ ਪਾ ਲਿਆ ... ਹੋਇਆ ਕੀ ... ਰਾਤ ਅੱਧੀ ਕੁ ਬੀਤੀ ਹੋਏਗੀ ... ਦੋ ਬੰਦੇ ਪਿਛਲੇ ਪਾਸਿਓਂ ਕੱਚੀ ਕੰਧ ਟੱਪ ਕੋਠੇ 'ਤੇ ਆ

ਚੜ੍ਹੇ ... ਪਲਾਂ, ਛਿਣਾਂ ਵਿੱਚ ਉਨ੍ਹਾਂ ਨੇ ਸੁੱਤੀ ਪਈ ਉਸਦੀ ਬੀਜੀ ਹੱਥੋਂ ਗੋਖੜੂ ਲਾਹਿਆ ... ਕੰਧ ਟੱਪੀ ... ਫਿਰ ਇੱਥੇ ਸੀ ਤੇ ਔਹ ਗਏ ...

ਰੌਲੇ-ਰੱਪੇ ਨਾਲ ਸ੍ਰੀ ਮਤੀ ਦੀ ਅੱਖ ਖੁੱਲ੍ਹ ਗਈ ... ਮਾਮਲਾ ਸਮਝਦਿਆਂ ਸਾਰ ਸ੍ਰੀ ਮਤੀ ਉੱਠੀ ਤੇ ਛਾਲ ਮਾਰ ਕੇ ਡਾਕੂਆਂ ਦੇ ਪਿੱਛੇ ਦੌੜ ਪਈ ... ਇਹ ਵੀ ਭੁੱਲ ਗਈ ਕਿ ਦੂਸਰਾ ਗੋਖੜੂ ਉਸਦੀ ਆਪਣੀ ਬਾਂਹ ਵਿੱਚ ਪਿਆ ਹੋਇਆ ਏ ਤੇ ਉਹ ਵੀ ਖੋਹਿਆ ਜਾ ਸਕਦਾ ... ਚੋਰ, ਉਚੱਕੇ ਕਾਬੂ ਨਾ ਆਏ ... ਦੋਵੇਂ ਭੱਜ ਗਏ ... ਪਰ ਸ੍ਰੀ ਮਤੀ ਨੇ ਦੋਹਾਂ ਦੀਆਂ ਗੱਲਾਂ, ਬਾਤਾਂ ਤੇ ਡੀਲ, ਡੌਲ ਤੋਂ ਉਨਾਂ ਨੂੰ ਪਹਿਚਾਣ ਲਿਆ ... ਘਰ 'ਚ ਕੰਮ ਕਰਨ ਵਾਲਾ ਓਹੀਓ ਮਿਸਤਰੀ ਸੀ ਜਿਹੜਾ ਡਾਕਾ ਮਾਰਨ ਲਈ ਪਿੰਡ ਦੇ ਹੀ ਇੱਕ ਟਾਂਗੇ ਵਾਲੇ ਨੂੰ ਨਾਲ ਲੈ ਆਇਆ ਸੀ ...

ਪੁਲੀਸ ਨੂੰ ਸ਼ਿਕਾਇਤ ਕੀਤੀ। ਚੋਰਾਂ ਦੇ ਹੁਲੀਏ ਬਿਆਨ ਕੀਤੇ ... ਦੋਸ਼ੀ ਫੜੇ ਗਏ ਪਰ ਪੁਲੀਸ ਨੇ ਚਾਂਦੀ ਦੀਆਂ ਦੋ, ਚਾਰ ਛਿੱਲੜਾਂ ਵੰਡ ਸਾਰਿਆਂ ਦੇ ਮੂੰਹ ਬੰਦ ਕਰ ਦਿੱਤੇ ... ਗੋਖੜੂ ਆਪ ਰੱਖ ਲਿਆ ਤੇ ਕੇਸ ਰਫ਼ਾ, ਦਫ਼ਾ ਕਰ ਦਿੱਤਾ ... ਦੂਸਰਾ ਗੋਖੜੂ ਬਚ ਗਿਆ ... ਸ੍ਰੀ ਮਤੀ ਦੀ ਕਿਸਮਤ ਕਹੋ ਜਾਂ ਸਿਆਣਪ ...

ਹੋਰ ਸੁਣੋ ... ਸ੍ਰੀ ਮਤੀ ਦੇ ਉਸੇ ਘਰ ਦੀ ਸਬਾਤ ਦੀ ਛੱਤ ਵਾਲਾ ਲੱਕੜੀ ਦਾ ਸ਼ਤੀਰ ਤਿੜਕ ਗਿਆ। ਉਹ ਆਪਣੇ ਭਾਪਾ ਜੀ ਨਾਲ ਦੁਕਾਨ ਤੇ ਗਈ ਤੇ ਲੋਹੇ ਦਾ ਭਾਰੀ ਗਾਡਰ ਸਿਰ ਤੇ ਰੱਖ ਕੱਲੀ ਘਰ ਆ ਗਈ ... ਉਦੋਂ ਭਾਪਾ ਜੀ ਨੇ ਸ਼ਾਬਾਸ਼ੀ ਦਿੰਦਿਆਂ ਉਸਨੂੰ ਕਿਹਾ ਸੀ ... 'ਸਾਡਾ ਬੱਗਾ ਸ਼ੇਰ' ...

ਸ੍ਰੀ ਮਤੀ ਇਹ ਵੀ ਦੱਸਦੀ ਕਿ ਛੋਟੀ ਹੁੰਦੀ ਉਹ ਬੜੇ ਆਰਾਮ ਨਾਲ ਕਣਕ ਦੀ ਭਰੀ, ਪੂਰੀ ਬੋਰੀ ਆਪਣੇ ਸਿਰ 'ਤੇ ਚੁੱਕ ਲੈਂਦੀ ਸੀ ... ਹੁਣ ਵਿਚਾਰੀ ਦੇ ਗੋਡੇ ਦੁਖਣ ਲੱਗ ਪਏ ਨੇ ... ਫਿਰ ਵੀ ਅੰਦਰਲੀਆਂ,ਬਾਹਰਲੀਆਂ ਪੀੜਾਂ ਵਿਸਾਰੀ ਰੱਖਦੀ ... ਸਿਰ ਸੁੱਟੀ ਦਿਨ, ਰਾਤ ਘਰ ਦਾ ਕੰਮ-ਕਾਜ ਕਰਦੀ ਰਹਿੰਦੀ ... ਮਾਂ ਦੀ ਧੀ, ਕਦੀ ਨਹੀਂ ਥੱਕਦੀ ... ਸੇਵਾ ਭਾਵਨਾ ਏਨੀ ਕਿ ਜਿਵੇਂ ਕੁੱਟ ਕੁੱਟ ਕੇ ਉਸ ਦੇ ਤਨ, ਮਨ ਵਿੱਚ ਭਰੀ ਹੋਵੇ ...

ਹਾਂ ਸੱਚ ! ਗੱਲ, ਅਸ਼ਟਾਵਕਰ ਦੀ ਹੋ ਰਹੀ ਸੀ। ਉਸਦਾ ਪਿਤਾ ਆਚਾਰੀਆ ਕਾਹੋਡ, ਵੇਦ ਗਿਆਤਾ ਅਰੁਣੀ ਦਾ ਸ਼ਿਸ਼ ਸੀ। ਆਸ਼ਰਮ ਵਿੱਚ ਸਿੱਖਿਆ ਲੈਂਦਿਆਂ ਹੀ ਉਸਦਾ ਵਿਆਹ, ਅਰੁਣੀ ਦੀ ਧੀ ਸੁਜਾਤਾ ਨਾਲ ਹੋ ਗਿਆ। ਕਹਿੰਦੇ ਨੇ ਕਿ ਆਸ਼ਰਮ ਦੇ ਧਾਰਮਿਕ ਮਾਹੌਲ ਵਿੱਚ ਅਸ਼ਟਾਵਕਰ ਨੇ ਮਾਂ ਦੇ ਗਰਭ ਵਿੱਚ ਪਲਦਿਆਂ ਹੀ ਵੇਦਾਂ, ਕਤੇਬਾਂ ਦਾ ਸ਼ੁੱਧ ਉਚਾਰਨ ਸਿੱਖ ਲਿਆ ਸੀ।

ਇੱਕ ਦਿਨ ਕੀ ਹੋਇਆ, ਉਸਨੇ ਆਪਣੇ ਪਿਤਾ ਆਚਾਰੀਆ ਕਾਹੋਡ ਨੂੰ ਵੇਦ, ਮੰਤਰਾਂ ਦਾ ਅਸ਼ੁੱਧ ਉਚਾਰਨ ਕਰਦਿਆਂ ਸੁਣ ਲਿਆ ਤੇ ਆਪਣੀ ਮਾਂ ਦੇ ਗਰਭ 'ਚੋਂ ਹੀ ਠੀਕ ਉਚਾਰਨ ਕਰਨ ਦੀ

ਨਸੀਹਤ ਦੇ ਦਿੱਤੀ । ਫਿਰ ਕੀ ਹੋਇਆ, ਮਹਾਨ ਗਿਆਨੀ ਆਚਾਰੀਆ ਕਾਹੋਡ ਨੇ ਆਪਣੀ ਹੇਠੀ ਮਹਿਸੂਸਦਿਆਂ ਉਸਨੂੰ ਤਤਕਾਲ ਸਰਾਪ ਦੇ ਦਿੱਤਾ । ਆਪਣੇ ਪਿਤਾ ਸ੍ਰੀ ਵਾਲੇ ਸਰਾਪ ਦੇ ਫਲਸਰੂਪ ਹੀ ਉਹ ਅੱਠ ਜਿਸਮਾਨੀ ਵਿਕਾਰਾਂ ਨਾਲ ਪੈਦਾ ਹੋਇਆ ਸੀ ।

ਅੱਗੇ ਚੱਲਕੇ ਆਚਾਰੀਆ ਬੰਦੀ ਅਤੇ ਅਸ਼ਟਾਵਕਰ ਦਰਮਿਆਨ ਵੀ ਵਾਦ, ਵਿਵਾਦ ਹੁੰਦਾ । ਆਪਣੇ ਆਪ ਨੂੰ ਸਰਬ ਗਿਆਤਾ ਅਖਵਾਉਣ ਵਾਲਾ ਆਚਾਰੀਆ ਬੰਦੀ, ਅਸ਼ਟਾਵਕਰ ਦੇ ਸਾਮ੍ਹਣੇ ਨਿਰੁੱਤਰ ਹੋ ਜਾਂਦਾ । ਹਾਰ ਜਾਣ 'ਤੇ ਉਹ ਖੁਦ ਜਲ ਸਮਾਧੀ ਲਾਉਣੀ ਸਵੀਕਾਰ ਕਰ ਲੈਂਦਾ ।

ਅੱਗੋਂ ਨੇਕ ਦਿਲ ਅਸ਼ਟਾਵਕਰ, ਬੜੀ ਆਜਜ਼ੀ ਨਾਲ ਆਚਾਰੀਆ ਬੰਦੀ ਨੂੰ ਦੱਸਦਾ ਏ ਕਿ ਉਹ ਉਸੇ ਆਚਾਰੀਆ ਕਾਹੋਡ ਦਾ ਸਪੁੱਤਰ ਏ ਜਿਸਨੂੰ ਛੱਲ, ਕੱਪਟ ਨਾਲ ਹਰਾ ਕੇ ਤੁਸੀਂ 'ਜਲ ਸਮਾਧੀ' ਦੀ ਸਜਾ ਦੇ ਕੇ ਮਾਰਿਆ ਸੀ ...

ਹੋਰ ਸੁਣੋ, ਹੰਕਾਰੇ ਹੋਏ ਆਚਾਰੀਆ ਬੰਦੀ ਦਾ ਰਹਿੰਦਾ, ਖੂਹੰਦਾ ਅਭਿਮਾਨ ਤੋੜਦਿਆਂ ਉਸਨੇ ਇਹ ਵੀ ਕਿਹਾ, 'ਸ਼ਸਤਰ ਜੀਵਨ ਦਾ ਵਿਨਾਸ਼ ਕਰਦੇ ਤੇ ਸ਼ਾਸਤਰ ਜੀਵਨ ਦਾ ਵਿਕਾਸ ਕਰਦੇ ... ਇਸ ਲਈ ਸ਼ਾਸਤਰਾਂ ਅਨੁਸਾਰ ਸਜਾ ਦੇ ਰੂਪ ਵਿੱਚ ਤੁਹਾਨੂੰ ਮਾਫ ਕਰਨਾ ਹੀ ਮੇਰੇ ਲਈ ਉਚਿੱਤ ਹੋਏਗਾ' ...

ਸ਼੍ਰੀਮਤੀ ਦੀ ਉੱਗੜ, ਦੁੱਗੜੀ, ਪਰੌਂਠੀ ਨੂੰ ਯਾਦ ਕਰਦਿਆਂ ਹਕੀਕਤ ਵਿੱਚ ਦਇਆ ਦਾ ਮੁਜੱਸਮਾ ਅਤੇ ਸ਼ਾਸਤਰਾਂ ਦਾ ਮਹਾਨ ਗਿਆਤਾ ਰਿਸ਼ੀ ਅਸ਼ਟਾਵਕਰ ਸਾਖਸ਼ਾਤ ਅੱਖਾਂ ਸਾਮ੍ਹਣੇ ਆਣ ਖਲੋਂਦਾ ਏ ... ਮਨ 'ਚ ਵਿਚਾਰ ਆਉਂਦਾ ਏ ਕਿ ਸਾਡੇ ਇਰਦ, ਗਿਰਦ ਖਲਲ ਪਾਉਣ ਵਾਲਾ ਕਈ, ਕੁਝ ਨਿਰੰਤਰ ਵਾਪਰਦਾ ਰਹਿੰਦਾ ਜਿਸ ਨਾਲ ਮਨਚਾਹੇ ਨਤੀਜੇ ਥੋੜੀ ਕੁ ਦੂਰ ਚਲੇ ਜਾਂਦੇ ਹੋਣਗੇ ... ਕੰਮ, ਕਾਜ ਦੇ ਬੋਝ ਜਾਂ ਕਿਸੇ ਘਰੇਲੂ ਚਿੰਤਾ ਕਾਰਨ ਪਰੌਂਠੀ ਬਣਾਉਣ ਵੇਲੇ ਸਾਡੀ ਸ਼੍ਰੀਮਤੀ ਦਾ ਮਨ ਵੀ ਸ਼ਇਦ ਸਹਿਜ ਨਹੀਂ ਰਿਹਾ ਹੋਏਗਾ ... ਸੋ ਹਾਲ ਦੀ ਘੜੀ ਸੁਆਦਾਂ ਪੱਟੇ ਮਨ ਦੀ ਸੁਣੀ, ਅਣਸੁਣੀ ਕਰਕੇ ਬੇਢੱਬੀ ਪਰੌਂਠੀ ਨੂੰ ਵੀ ਮਨੋਂ ਵਿਸਾਰ ਦੇਣ 'ਚ ਹੀ ਭਲਾ ਸਮਝਣਾ ਚਾਹੀਦਾ ... ਤੇ ਬੰਦੇ ਨੂੰ ਆਪਣਾ ਅੱਗਾ ਸੁਆਰਨ ਦੇ ਓਹੜ, ਪੋਹੜ ਕਰਨੇ ਚਾਹੀਦੇ ...

# ਜਲ ਹੈ ਤਾਂ ਕੱਲ੍ਹ ਹੈ

ਸ੍ਰੀ ਮਤੀ ਰਸੋਈ ਵਿੱਚ ਰਾਤ ਦਾ ਖਾਣਾ ਬਣਾ ਰਹੀ ਸੀ। ਪਕਵਾਨਾਂ ਦੀ ਖੁਸ਼ਬੂ ਆਲੇ, ਦੁਆਲੇ ਫੈਲ ਰਹੀ ਸੀ।

ਅਸੀਂ ਵੀ ਹੁਕਮਾਂ ਅਨੁਸਾਰ ਛੇਤੀ ਘਰ ਆ ਗਏ ਤੇ ਆਉਂਦੇ ਹੋਏ ਲਿਸਟ ਮੁਤਾਬਕ ਢੇਰ ਸਾਰੇ ਅੰਬ, ਖ਼ਰਬੂਜੇ ਤੇ ਲੀਚੀਆਂ ਲੈਂ ਆਏ ...

'ਅੱਪੇ ! ਗੱਪੇ !! ਛੇਤੀ, ਛੇਤੀ ਹੋਮ ਵਰਕ ਮੁਕਾ ਲੈ ... ਪਿੰਡੋਂ ਮਾਮਾ ਜੀ ਆ ਰਹੇ ਨੇ'... ਫਰਿੱਜ਼ 'ਤੇ ਗੁਲਦਸਤਾ ਸਜਾਉਂਦੀ ਸ਼ਵੀ ਨੇ ਛੋਟੇ ਅੱਪੂ ਨੂੰ ਕਿਹਾ।

'ਤੈਨੂੰ ਕਿਵੇਂ ਪਤਾ ? ਅੱਪੂ ਨੇ ਆਪਣੀ ਭੈਣ ਨੂੰ ਪੁੱਛਿਆ।

'ਮੈਨੂੰ ਅੰਮੀ ਨੇ ਦੱਸਿਆ ਸੀ' ... ਸ਼ਵੀ ਬੋਲੀ।

'ਅੰਮੀ ਨੂੰ ਕਿਵੇਂ ਪਤਾ ਲੱਗਾ' ? ਅੱਪੂ ਨੇ ਫਿਰ ਪੁੱਛਿਆ।

'ਬੁੱਧੂ ਰਾਮ ਜੀ ! ਕੱਲ ਮਾਮਾ ਜੀ ਦਾ ਫ਼ੋਨ ਆਇਆ ਸੀ' ... ਤਾੜੀ ਮਾਰ ਹੱਸਦੀ ਹੋਈ ਸ਼ਵੀ ਨੇ ਦੱਸਿਆ।

'ਸ਼ਵੀ ! ਤੈਨੂੰ ਮਾਮਾ ਜੀ ਚੰਗੇ ਲੱਗਦੇ ਨੇ' ?

'ਹਾਂ ! ਹਾਂ' ...

'ਕਿਉਂ ਭਲਾ' ?...

'ਉਹ ਮੇਰੇ ਲਈ ਗਿਰੀ, ਸੌਂਫ ਵਾਲਾ ਗੁੜ ਤੇ ਫੁੱਲਿਆਂ ਦੀਆਂ ਗੁੜ ਵਾਲੀਆਂ ਪਿੰਨੀਆਂ ਲਿਆਉਂਦੇ ਨੇ ਨਾ... ਇਸੇ ਲਈ ਮੈਨੂੰ ਮਾਮਾ ਜੀ ਚੰਗੇ ਲੱਗਦੇ ਨੇ ... ਅੱਪੂ ਵੀਰ ! ਤੈਨੂੰ ਵੀ ਤਾਂ ਚੰਗੇ ਲੱਗਦੇ ਹੋਣਗੇ ਮਾਮਾ ਜੀ' ?

'ਬਿਲਕੁਲ ਨਹੀਂ ... ਸਾਡੇ ਨਹਾਉਣ ਵਾਲਾ ਸਾਰਾ ਪਾਣੀ ਖ਼ਤਮ ਕਰ ਦਿੰਦੇ ਨੇ ... ਜਦੋਂ ਵੀ ਮਾਮਾ ਜੀ ਇਥੇ ਆਉਂਦੇ ਨੇ ਤਾਂ ਸਕੂਲ ਦੀ ਤਿਆਰੀ ਲਈ ਸਾਂਨੂੰ ਗੁਆਂਢੀਆਂ ਕੋਲੋਂ ਪਾਣੀ ਮੰਗਣਾ ਪੈਂਦਾ ਏ ...

'ਅੱਪੂ ਵੀਰੇ ! ਵੱਡਿਆਂ ਬਾਰੇ ਇੰਜ ਨਹੀਂ ਸੋਚੀਦਾ ... ਉਨ੍ਹਾਂ ਦਾ ਸਤਿਕਾਰ ਕਰਨਾ ਚਾਹੀਦਾ ਏ ਸਾਨੂੰ ...ਮਾਮਾ ਜੀ ਵੱਡੇ ਵੀ ਨੇ ਨਾ ...

'ਹਾਂ ! ਹਾਂ ... ਜਾਣਦਾ ਹਾਂ ... ਵੱਡੇ ਨੇ ਮਾਮਾ ਜੀ ... ਪਰ ਉਨਾਂ ਨੂੰ ਸਾਡੇ ਵਰਗੇ ਛੋਟਿਆਂ ਬਾਰੇ ਵੀ ਤਾਂ ਸੋਚਣਾ ਚਾਹੀਦਾ ਏ ਨਾ' ...

'ਝੱਲਿਆ ! ਮਾਮਾ ਜੀ ਸਾਡੇ ਬਾਰੇ ਸੋਚਦੇ ਨੇ ਤਾਂ ਹੀ ਖਾਣ ਨੂੰ ਕਈ ਚੀਜਾਂ ਲੈ ਕੇ ਆਉਂਦੇ ਨੇ ਨਾ'...

'ਪਰ ਉਹ ਸਵੇਰੇ, ਸਵੇਰੇ ਪਾਣੀ ਦਾ ਪੁਆੜਾ ਵੀ ਤਾਂ ਪਾ ਦਿੰਦੇ ਨੇ ਨਾ' ...

'ਅੱਪੇ ! ਗੱਪੇ !! ਜਿੰਦਗੀ ਬੜੀ ਵੱਡੀ ਹੁੰਦੀ ਏ ... ਨਿੱਕੀਆਂ ਨਿੱਕੀਆਂ ਗੱਲਾਂ ਬਾਰੇ ਨਹੀਂ ਸੋਚੀਦਾ ... ਛੇਤੀ, ਛੇਤੀ ਹੋਮ ਵਰਕ ਮੁਕਾ ਲੈ ... ਮਾਮਾ ਜੀ ਆਉਣ ਵਾਲੇ ਨੇ' ... ਸ਼ਵੀ ਬੋਲੀ ਤੇ ਰਸੋਈ 'ਚ ਚਲੀ ਗਈ ...

ਮਾਮਾ ਜੀ ਦੇ ਆਉਣ ਵਾਲੀ ਖ਼ਬਰ ਨੇ ਜਿਵੇਂ ਅੱਪੂ ਦੀ ਭੁੱਖ ਮਾਰ ਦਿੱਤੀ ... ਲਿਖਣਾ, ਪੜ੍ਹਨਾ ਛੱਡ ਉਹ ਮਨ ਹੀ ਮਨ ਸੋਚਣ ਲੱਗਾ ... ਦੋ, ਚਾਰ ਦਿਨ ਹੁਣ ਮਜ਼ੇ ਨਾਲ ਨਹਾਉਣ ਤੋਂ ਬਗੈਰ ਹੀ ਸਕੂਲ ਜਾਣਾ ਪਏਗਾ ... ਮਾਮਾ ਸਾਹਿਬ ਸਵੇਰੇ, ਸਵੇਰੇ ਉੱਠਿਆ ਕਰਨਗੇ ... ਗੁਸਲਖਾਨੇ ਵਿੱਚ ਜਾਇਆ ਕਰਨਗੇ ... ਘੰਟੇ, ਘੰਟੇ ਬਾਅਦ ਉਹ ਸਾਰਾ ਪਾਣੀ ਮੁਕਾ ਕੇ ਬਾਹਰ ਨਿਕਲਿਆ ਕਰਨਗੇ ... ਹੁਣ ਸਾਡਾ ਸਾਰਾ ਟਾਈਮ ਟੇਬਲ ਹੀ ਗਲਤ ਹੋਇਆ ਸਮਝੋ ... ਉਹ ਗੁਸਲਖਾਨੇ ਵਿੱਚ ਜ਼ਰੂਰ ਪਾਣੀ ਨਾਲ ਖੇਡਦੇ ਹੋਣਗੇ ...

ਪਹਿਲਾਂ, ਪਹਿਲਾਂ ਅਸੀਂ ਵੀ ਨਹਾਉਣ ਲੱਗੇ ਪਾਣੀ ਨਾਲ ਬੜਾ ਖੇਡਦੇ ਸੀ ... ਅਸਾਂ ਕੀ ਕਰਨਾ ... ਪਾਣੀ ਦੇ ਭਰੇ ਟੱਬ ਵਿੱਚ ਕਾਂ-ਠੂੰਗੇ ਮਾਰਨੇ ... ਪਾਣੀ ਦੀਆਂ ਬੂੰਦਾਂ ਨੰਗੇ ਪਿੰਡੇ 'ਤੇ ਪੈਣੀਆਂ ... ਸਾਰੇ ਬਦਨ ਵਿੱਚ ਝੁਣਝਣੀ ਜਿਹੀ ਛਿੜਨੀ ਤੇ ਸੱਚੀ ! ਬੜਾ ਮਜ਼ਾ ਆਉਣਾ ...

'ਹਾਂ ਸੱਚ ! ਜਿਸ ਦਿਨ ਪਾਪਾ ਦੇ ਪਾਪਾ ਭਾਵ ਸਾਡੇ ਬਾਬਾ ਜੀ ਨੇ ਸਾਨੂੰ ਮੱਝ ਨੂੰ ਨਹਾਉਣ ਵਾਲੀ ਆਪਣੇ ਪਿੰਡ ਦੀ ਕਹਾਣੀ ਸੁਣਾਈ, ਉਸ ਦਿਨ ਤੋਂ ਬਾਅਦ ਆਪਾਂ ਵੀ ਪਾਣੀ ਨਾਲ ਖੇਡਣਾ ਛੱਡ ਦਿੱਤਾ ... ਉਹ ਦਿਨ ਗਏ ਤੇ ਆਹ ਦਿਨ ਆਏ ... ਅਸੀਂ ਪਾਣੀ ਨੂੰ ਬੜੇ ਧਿਆਨ ਨਾਲ ਬਚਾਅ ਕੇ ਵਰਤਣ ਲੱਗ ਪਏ ਹਾਂ ...

ਸਾਡੇ ਮੈਡਮ ਵੀ ਦੱਸਦੇ ਸੀ ਕਿ ਪਾਣੀ ਬੜਾ ਕੀਮਤੀ ਹੁੰਦਾ ਏ ... ਜੇ ਇਸ ਨੂੰ ਸਿਆਣਪ ਨਾਲ ਨਾ ਵਰਤਿਆ ਗਿਆ ਤਾਂ ਅਸੀਂ ਸਾਰੇ ਬੂੰਦ, ਬੂੰਦ ਪਾਣੀ ਨੂੰ ਤਰਸਾਂਗੇ ...

ਮੱਝ ਨੂੰ ਨੁਹਾਉਣ ਵਾਲੀ ਕਹਾਣੀ ਸੀਨ ਦਰ ਸੀਨ ਕਿਸੇ ਫਿਲਮ ਵਾਂਗ ਉਸਦੇ ਦਿਮਾਗ ਪਰਦੇ 'ਤੇ ਚੱਲਣ ਲੱਗ ਪਈ ... ਪਾਪਾ ਨੇ ਜਿਹੜੀ ਗੱਲ ਦੱਸੀ ਸੀ ਉਸ ਅਨੁਸਾਰ ਬਾਬਾ ਜੀ ਮੱਝ ਨੂੰ ਪੰਜ, ਸੱਤ ਬਾਲਟੀਆਂ ਦੇ ਪਾਣੀ ਨਾਲ ਨੁਹਾ ਕੇ ਚਮਕਾ ਦਿੰਦੇ ਸਨ ...

ਆਪਣੇ ਬਾਬਾ ਜੀ ਕੋਲੋਂ ਮੱਝ ਨੂੰ ਨਹਾਉਣ ਦੀ ਜਾਚ ਸਿੱਖਣ ਤੋਂ ਪਹਿਲਾਂ ਪਾਪਾ ਵੀ ਨਲਕਾ ਗੇੜ, ਗੇੜ ਪੰਦਰਾਂ, ਵੀਹ ਬਾਲਟੀਆਂ ਨਾਲ ਮੱਝ ਨੂੰ ਨੁਹਾਇਆ ਕਰਦੇ ਸਨ ... ਇੰਨ, ਬਿੰਨ ਸਾਡੇ ਵਾਂਗ ਜਿਵੇਂ ਅਸੀਂ ਪਹਿਲੋ, ਪਹਿਲ ਨਹਾਉਣ ਲੱਗੇ ਪੰਦਰਾਂ, ਵੀਹ ਮੱਗ ਪਾਣੀ ਦੇ ਰੋੜ੍ਹਦੇ ਹੁੰਦੇ ਸੀ ...

ਬੜੇ ਜੁਗਤੀ ਹੁੰਦੇ ਹੋਣਗੇ ਸਾਡੇ ਪਾਪਾ ਦੇ ਬਾਬਾ ਜੀ ... ਸਾਡੇ ਮੈਡਮ ਜੀ ਵਾਂਗ ਉਨਾਂ ਨੂੰ ਵੀ ਪਾਣੀ ਦੀ ਕੀਮਤ ਦਾ ਪਤਾ ਹੁੰਦਾ ਹੋਏਗਾ ... ਉਨ੍ਹਾਂ ਕੋਲ ਅਸੀਂ ਬਹੁਤ ਨਹੀਂ ਰਹੇ ਪਰ ਉਨ੍ਹਾਂ ਦੀਆਂ ਗੱਲਾਂ, ਬਾਤਾਂ ਸੁਣਨ 'ਤੇ ਸਾਫ ਲੱਗਦਾ ਏ ਕਿ ਉਹ ਬੜੇ ਸਿਆਣੇ ਤੇ ਦੂਰਦਰਸ਼ੀ ਹੁੰਦੇ ਹੋਣਗੇ ...

ਪਾਪਾ ਦੇ ਦੱਸਣ ਅਨੁਸਾਰ ਬਾਬਾ ਜੀ ਪਹਿਲੀ ਬਾਲਟੀ ਵਾਲੇ ਪਾਣੀ ਨਾਲ ਸਿੰਗਾਂ ਤੋਂ ਖ਼ੁਰਾ ਤੱਕ ਮੱਝ ਦਾ ਪਿੰਡਾਂ ਗਿੱਲਾ ਕਰਿਆ ਕਰਦੇ ਸੀ ... ਉਨਾਂ ਦੀ ਦੂਜੀ ਬਾਲਟੀ ਵਾਲਾ ਪਾਣੀ ਉੱਪਰ ਤੋਂ ਮੱਝ ਦੇ ਸਾਰੇ ਅੰਗਾਂ ਨੂੰ ਗਿੱਲੇ ਕਰਦਾ ਹੇਠਾਂ ਵਹਿ ਜਾਂਦਾ ... ਫਿਰ ਉਹ ਖ਼ਰਖਰੇ ਨਾਲ ਮੱਝ ਦੇ ਸਿੰਗਾਂ ਅਤੇ ਖ਼ੁਰਾਂ ਵਿੱਚ ਫਸਿਆ ਹੋਇਆ ਗੋਹਾ, ਮਿੱਟੀ ਝਾੜਦੇ ... ਜਦੋਂ ਉਹ ਉੱਪਰ ਤੋਂ ਤੀਸਰੀ ਬਾਲਟੀ ਵਾਲਾ ਪਾਣੀ ਮੱਝ 'ਤੇ ਪਾਉਂਦੇ ਤਾਂ ਅੱਧੀ ਕੁ ਨਹਾਤੀ ਮੱਝ ਸਾਫ਼, ਸੁਥਰੀ ਲੱਗਣ ਲੱਗ ਪੈਂਦੀ ... ਚੌਥੀ, ਪੰਜਵੀਂ ਬਾਲਟੀ ਦੇ ਪਾਣੀ ਨਾਲ ਨ੍ਹਾਤੀ, ਧੋਤੀ ਪੰਜ ਕਲਿਆਣੀ ਮੱਝ ਚਮਕਣ ਲੱਗ ਪੈਂਦੀ ... ਇੰਜ ਜਿਵੇਂ ਰਾਤ ਵੇਲੇ ਆਸਮਾਨ ਵਿੱਚ ਚੰਦ ਚਮਕ ਰਿਹਾ ਹੋਵੇ ...

ਹੁਣ ਅਸੀਂ ਵੀ ਬਾਬਾ ਜੀ ਦੀ ਮੱਝ ਨੂੰ ਨਹਾਉਣ ਵਾਲੀ ਜੁਗਤ ਨਾਲ ਨਹਾਉਂਦੇ ਹਾਂ ... ਨਹਾਉਣ ਲੱਗੇ ਅਸੀਂ ਪਹਿਲੇ ਮੱਗ ਦਾ ਪਾਣੀ ਹੌਲੀ, ਹੌਲੀ ਸਿਰ 'ਤੇ ਪਾਉਂਦੇ ਹਾਂ ... ਮੱਗ ਵਾਲਾ ਪਾਣੀ ਹੇਠਾਂ ਵਹਿੰਦਾ ਹੋਇਆ ਪੈਰਾਂ ਤੀਕ ਸਾਡੇ ਸਾਰੇ ਪਿੰਡੇ ਨੂੰ ਗਿੱਲਾਂ ਕਰ ਦਿੰਦਾ ਏ ... ਅਸੀਂ ਪਾਣੀ ਨੂੰ ਫਜ਼ੂਲ ਨਹੀਂ ਰੁੜ੍ਹਨ ਦਿੰਦੇ ... ਦੂਜੇ ਮੱਗ ਦਾ ਪਾਣੀ ਵੀ ਸਿਰ 'ਤੇ ਪਾਈਦਾ ਏ ... ਤੇ ਫਿਰ ਗਿੱਲੇ ਪਿੰਡੇ 'ਤੇ ਸਾਬਣ ਮਲੀਦਾ ਏ ... ਤੀਜੇ ਮੱਗ ਦੇ ਪਾਣੀ ਨਾਲ ਸਾਬਣ ਵਾਲੀ ਮੈਲ ਤੇ ਝੱਗ ਲਾਹੀਦੀ ਏ ... ਜਦੋਂ ਪਿੰਡੇ 'ਤੇ ਚੌਥੇ ਮੱਗ ਦਾ ਪਾਣੀ ਪੈਂਦਾ ਏ ਤਾਂ ਸਾਬਣ ਦੀ ਝੱਗ ਬਾਥਰੂਮ ਦੇ ਫਰਸ਼ ਉੱਤੇ ਇੱਲ-ਬਤੌੜੇ ਬਣਾਉਂਦੀ ਹੋਈ ਨਾਲੀ ਰਾਹੀਂ ਬਾਹਰ ਗਟਰ ਵਿੱਚ ਵਹਿ ਜਾਂਦੀ ਏ ... ਪਾਣੀ ਦੇ ਪੰਜਵੇਂ ਤੇ ਛੇਵੇਂ ਮੱਗ ਨਾਲ ਸਾਡਾ ਪਿੰਡਾ ਫੁੱਲਾਂ ਵਾਂਗ ਮਹਿਕਣ ਲੱਗ ਪੈਂਦਾ ਏ ... ਹੁਣ ਅਸੀਂ ਕੁੱਲ ਪੰਜ, ਛੇ ਮੱਗਾਂ ਨਾਲ ਨਹਾ, ਧੋ ਲੈਂਦੇ ਹਾਂ ... ਜੀਅ ਕਰਦਾ ਏ ਕਿ ਮਾਮਾ ਜੀ ਨੂੰ ਆਉਂਦਿਆਂ ਸਾਰ ਬਾਬਾ ਜੀ ਦੀ ਮੱਝ ਨਹਾਉਣ ਵਾਲੀ ਕਹਾਣੀ ਸੁਣਾ ਦਈਏ ... ਹੋ ਸਕਦਾ ਏ ਕਿ ਮਾਮਾ ਜੀ ਨੂੰ ਵੀ ਸਾਡੀ ਕਹਾਣੀ ਸੁਣ ਕੇ ਪਾਣੀ ਨੂੰ ਜੁਗਤ ਨਾਲ ਵਰਤਣ ਦੀ ਜਾਚ ਆ ਜਾਵੇ ...

' ਅੱਪੇ ਰਾਜੇ ! ਸੌਂ ਗਿਆ ਏ' ? ਮੇਜ਼ ਉੱਤੇ ਸਿਰ ਸੁੱਟੀ ਸੋਚਾਂ 'ਚ ਗੁਆਚੇ ਅੱਪੂ ਦਾ ਮੋਢਾ ਝੰਜੋੜਦਿਆਂ ਸ਼ਵੀ ਨੇ ਪੁੱਛਿਆ ।

'ਨਹੀਂ' ...

' ਜਰਦੇ ਦੀ ਮਹਿਕ ਨਾਲ ਢਿੱਡ ਵਿੱਚ ਚੂਹੇ ਭੁੜਕ ਰਹੇ ਹੋਣਗੇ' ?

'ਨਹੀਂ' ...

' ਹੋਰ ਫਿਰ ਕਿਹੜੀਆਂ ਸੋਚਾਂ ਵਿੱਚ ਡੁੱਬਿਆ ਪਿਆ ਏ' ? ... ਸ਼ਵੀ ਨੇ ਪੁੱਛਿਆ ।

'ਮੈਂ ਕੱਲ ਸਵੇਰੇ ਨਹਾਉਣ ਬਾਰੇ ਸੋਚ ਰਿਹਾ ਸੀ' ...

'ਕਿਉਂ ਭਲਾ' ?

'ਸਵੇਰੇ ਸਾਡੇ ਤੋਂ ਪਹਿਲਾਂ ਨਹਾਉਣ ਲੱਗੇ ਮਾਮਾ ਜੀ ਸਾਰਾ ਪਾਣੀ ਮੁਕਾ ਦੇਣਗੇ ਨਾ' ...

'ਤੂੰ ਸਵੇਰੇ ਸਵਖਤੇ ਉੱਠ ਪਈਂ ਤੇ ਮਾਮਾ ਜੀ ਤੋਂ ਪਹਿਲਾਂ ਨਹਾ ਲਈਂ' ...

'ਪਰ ਮੈਨੂੰ ਤਾਂ ਸੁਵਖਤੇ ਜਾਗ ਨਹੀਂ ਨਾ ਆਉਂਦੀ' ...

'ਅੱਪੂ ਵੀਰੇ ! ਤੇਰੇ ਲਈ ਇੱਕ ਸਪੈਸ਼ਲ ਆਈਡੀਆ ਏ ... ਰਾਤੀ ਸੌਣ ਤੋਂ ਪਹਿਲਾਂ ਆਪਣੇ ਸਿਰਹਾਣੇ ਉੱਤੇ ਪੰਜ ਮੁੱਕੇ ਮਾਰ ਲਈ ... ਵੇਖੀਂ ! ਸਵੇਰੇ ਪੰਜ ਵਜੇ ਆਪਣੇ, ਆਪ ਤੇਰੀ ਅੱਖ ਖੁੱਲ੍ਹ ਜਾਏਗੀ' ... ਹੱਸਦੀ ਹੋਈ ਸ਼ਵੀ ਅੱਪੂ ਨੂੰ ਸੁਵਖਤੇ ਜਾਗਣ ਦਾ ਫਾਰਮੂਲਾ ਦੱਸਦੀ ਬੋਲੀ ।

ਸ਼ਵੀ ਦੀ ਸਿਆਣਪ ਨੇ ਜਿਵੇਂ ਅੱਪੂ 'ਤੇ ਜਾਦੂ ਵਰਗਾ ਅਸਰ ਕੀਤਾ ... ਪਲਾਂ ਵਿੱਚ ਉਸਦੇ ਸਾਰੇ ਫ਼ਿਕਰ ਛੂ ਮੰਤਰ ਹੋ ਗਏ ... ਹੱਸਦਾ ਹੋਇਆ ਬੋਲਿਆ, 'ਵੈਰੀ ਗੁੱਡ ! ਹੁਣ ਛੇਤੀ, ਛੇਤੀ ਅਸੀਂ ਆਪਣਾ ਹੋਮ ਵਰਕ ਪੂਰਾ ਕਰਾਂਗੇ ... ਹੋਮ ਵਰਕ ਨਿਬੇੜ ਕੇ ਮਾਮਾ ਜੀ ਦੇ ਨਾਲ ਗੱਲਾਂ, ਬਾਤਾਂ ਕਰਾਂਗੇ ... ਉਨਾਂ ਨਾਲ ਰੱਜ ਕੇ ਰੋਟੀ ਖਾਵਾਂਗੇ ... ਖੀਰ, ਪੂੜੀਆਂ ਤੇ ਗੁੜ ਵਾਲੀਆਂ ਮਿਠੀਆਂ ਪਿੰਨੀਆਂ ਦਾ ਮਜ਼ਾ ਵੀ ਲਵਾਂਗੇ ... ਤੇ ਫਿਰ ਪਤਾ ਜੇ ਕੀ ਕਰਾਂਗੇ, ਸੁਵਖਤੇ ਉੱਠਣ ਲਈ ਆਪਣੀ ਪਿਆਰੀ ਭੈਣ ਦੇ ਫਾਰਮੂਲੇ ਅਨੁਸਾਰ ਮਾਮਾ ਜੀ ਦੇ ਸੌਣ ਤੋਂ ਪਹਿਲਾਂ, ਪਹਿਲਾਂ ਆਪਣੇ ਸਿਰਹਾਣੇ ਤੇ ਪੰਜ ਮੁੱਕੀਆਂ ਮਾਰ ਕੇ ਆਰਾਮ ਨਾਲ ਸੌਂ ਜਾਵਾਂਗੇ ...

# ਮਨ ਕੈਨਵਸ ਤੇ ਖੇੜੇ-ਛੇੜੇ

ਚੜ੍ਹੇ ਦਿਨ ਘੜੀ ਵਾਂਗ ਚੱਲਣ ਲੱਗ ਪੈਂਦਾ ਬੰਦਾ ... ਲੋਏ-ਲੋਏ ਆਪਣੇ ਕਾਰ-ਵਿਹਾਰ ਸਮੇਟਦਾ। ਥੱਕਿਆ-ਟੁੱਟਿਆ, ਸ਼ਾਮਾਂ ਪਈਆਂ ਨੂੰ ਘਰ ਮੁੜਦਾ । ਸਮੁੰਦਰ ਦੀ ਝੱਗ ਵਾਂਗ ਬੈਠਾ ਰਾਤ ਦਾ ਖਾਣਾ ਖਾ, ਬੈੱਡ ਰੂਮ 'ਚ ਜਾ ਵੜਦਾ । ਬੈੱਡ 'ਤੇ ਫੁੱਲ, ਤਿਤਲੀਆਂ ਵਾਲੀ ਨਵੀਂ, ਨਕੋਰ ਚਾਦਰ ਵਿਛੀ ਹੋਵੇ ... ਦਿਨ ਭਰ ਦੀ ਥਕਾਵਟ ਲਾਹੁਣ ਲਈ ਤਿੰਨ ਪਹਿਰ ਵਾਲੀ ਗੂੜ੍ਹੀ ਨੀਂਦ ਆ ਜਾਏ ਤਾਂ ਜੋ ਸਵੇਰੇ, ਸਵੇਰੇ ਬੈੱਡ ਟੀ ਦੇ ਨਾਲ ਨਵੀਆਂ ਚਾਹਤਾਂ ਦੀ ਪੂਰਤੀ ਲਈ ਖੁਸ਼ਗਵਾਰ ਮਾਂਹੌਲ ਸਿਰਜਿਆ ਜਾ ਸਕੇ ... ਹੋਰ ਕੀ ਚਾਹੀਦਾ ਬੰਦੇ ਨੂੰ ? ...

ਕਾਦਰ ਦੀ ਕੁਦਰਤ ਵੇਖੋ ... ਜਲਚਰ, ਥਲਚਰ ਤੇ ਵਾਯੂਚਰ ਵੇਖੋ ... ਅਰਸੇ ਤੋਂ ਧਰਤੀ ਮਾਤਾ ਵਾਂਗ ਆਪਣੀ ਧੁਰੀ ਦੁਆਲੇ ਘੁੰਮੀ ਜਾ ਰਹੇ ... ਘੁੰਮੀ ਜਾ ਰਹੇ ... ਖੜੋਤ-ਖਾਤਮੇ ਦੀ ਸੀਮਾ 'ਤੇ ਪੁੱਜਣ ਲਈ ... ਸੰਪੂਰਣਤਾ ਦੀ ਪ੍ਰਾਪਤੀ ਲਈ ...

ਲੱਪ ਕੁ ਦਾਣਿਆਂ ਨਾਲ ਪੰਛੀ ਦਿਨ-ਕਟੀ ਕਰ ਲੈਂਦੇ । ਪਸ਼ੂ ਰੁੱਖੇ-ਸੁੱਕੇ ਚਾਰੇ ਨਾਲ ਸਬਰ ਕਰ ਲੈਂਦੇ ਐਪਰ ਬੰਦੇ ਨੂੰ ਵੇਖੋ, ਉਸਦਾ ਢਿੱਡ ਨਹੀਂ ਜੇ ਭਰਦਾ । ਰੱਬ ਦੀ ਮਿਹਰ ਨਾਲ ਜੇ ਢਿੱਡ ਭਰ ਜਾਏ ਤਾਂ ਨੀਅਤ ਭੁੱਖੀ ਰਹਿ ਜਾਂਦੀ । ਕਦੀ, ਕਦਾਈਂ ਮਿਹਰਬਾਨ ਹੋ ਜਾਂਦਾ ਕਾਦਰ ... ਨੀਅਤ ਵੀ ਭਰ ਦੇਂਦਾ ਪਰ ਠਹਿਰਦਾ ਨਹੀਂ ਬੰਦਾ ... ਉਲਟਾ ਹਵਾ ਨੂੰ ਤਲਵਾਰਾਂ ਮਾਰਨ ਲੱਗ ਪੈਂਦਾ ... ਹਾਸਲ ਤੋਂ ਪਰੇ ਜਾ, ਜਾ ਖਿਆਲੀ ਮਹਿਲ ਉਸਾਰਦਾ ... ਅਣਚਾਹੇ ਠੁੱਡੇ ਮਾਰ, ਮਾਰ ਸਾਵੇਂ-ਪੱਧਰੇ ਲਾਂਘਿਆਂ ਦੀ ਧੂੜ ਉਡਾਉਂਦਾ ਫਿਰਦਾ ... ਆਦਮ ਬੋਅ ... ਆਦਮ ਬੋਅ ਕਰਦਾ ...

ਖੈਰ ! ਗੱਲ ਬੈੱਡ ਟੀ ਦੀ ਸੀ । ਸ਼੍ਰੀ ਮਤੀ ਨੇਮ ਅਨੁਸਾਰ ਤੜਕੇ ਸਵੇਰੇ ਉੱਠ ਪੈਂਦੀ । ਮੂੰਹ-ਹੱਥ ਧੋ, ਪੂਜਾ-ਪਾਠ ਕਰਦੀ । ਉਸ ਦੀ ਪੈਰ-ਚਾਪ ਸੁਣ ਅੱਖ ਖੁੱਲ ਜਾਂਦੀ । ਤਨ, ਮਨ ਚਾਹ ਦੇ ਬਹਾਨੇ ਦਿਨ ਭਰ ਦੀਆਂ ਚਾਹਤ-ਉਡਾਰੀਆਂ ਲਾਉਣ ਲਈ ਖੰਭ ਸੁਆਰਨ ਲੱਗ ਪੈਂਦਾ ...

ਹਾਂ ਸੱਚ ! ਸਵੇਰ ਦੀ ਸੁਣੋ ... ਚੌਂਕੇ ਚੜ੍ਹਨ ਤੋਂ ਫੌਰਨ ਬਾਅਦ ਬਹੂ ਸ਼੍ਰੀ ਨੇ ਪਹਿਲੀ ਵਾਰ ਚਾਂਈ-ਚਾਂਈ ਬਿਸਤਰ-ਚਾਹ ਪਰੋਸ ਦਿੱਤੀ । ਉਸਦੀਆਂ ਪੰਜੇਬਾਂ ਦੀ ਛਣਕਾਰ ਨੇ ਸੁੱਤੇ ਨੂੰ ਉਠਾ ਦਿੱਤਾ । ਪਤਾ ਹੁੰਦਾ ਤਾਂ ਘੜੀ-ਪਲ ਪਹਿਲਾਂ ਉੱਠ ਬੈਠਦੇ ... ਨਾ ਸੁੱਤ-ਉਨੀਂਦੇ ਜਿਸਮ ਨੂੰ ਵੱਲ ਸਿਰ ਕਰਨ ਦਾ ਮੌਕਾ ਮਿਲਿਆ ... ਨਾ ਰਾਤ ਵਾਲੀ ਸੁਰਮਈ ਧੁੰਦ ਨੂੰ ਸਾਫ ਕਰਨ ਲਈ ਅੱਖਾਂ 'ਤੇ ਪਾਣੀ ਦੇ ਛਿੱਟੇ ਮਾਰਨ ਦੀ ਮੋਹਲਤ ਮਿਲੀ ...

ਵੇਖਿਆ ਕੀ ... ਛੋਟੀ ਜਿਹੀ ਹਰੀ ਪਲੇਟ 'ਚ ਚਾਹ ਵਾਲਾ ਕੱਪ ਪਿਆ ਸੀ। ਤੇਜ਼ ਸੇਕ 'ਤੇ ਰੜ੍ਹੀ ਕਾਲੀ ਮਿਰਚ ਵਾਲੀ ਮੱਠੀ ਸੀ ... ਮੱਠੀ, ਜਿਹੋ ਜਿਹੀ ਸ੍ਰੀ ਮਤੀ ਅਕਸਰ ਚਾਹ ਨਾਲ ਪਰੋਸਦੀ ... ਦਾਲ, ਚੀਨੀ ਵਾਲੀ ਚਾਹ 'ਚ ਮਿੱਠਾ ਵੀ ਵਾਜਬ ਮਿਕਦਾਰ 'ਚ ਪਿਆ ਸੀ ... ਨਾ ਬਹੁਤਾ, ਨਾ ਥੋੜ੍ਹਾ ...

ਹੰਸੂ, ਹੰਸੂ ਕਰਦੀ ਬਹੂ ਸ੍ਰੀ ਦੇ ਹੱਥੋਂ ਬਣੀ ਪਹਿਲੀ ਤੇ ਸੁਆਦੀ ਚਾਹ ਪੀ ਕੇ ਸਾਡਾ ਮਨ ਬਾਗ਼ੋ-ਬਾਗ਼ ਹੋ ਗਿਆ ਹੋਏਗਾ ... ਬਿਨਾ ਸ਼ੱਕ ਤੁਸੀਂ ਇਹੀਓ ਸੋਚਦੇ ਹੋਵੇਗੇ ਪਰ ਹਕੀਕਤ ਕੁਝ ਹੋਰ ਸੀ ... ਇਸੇ ਵੇਲੇ ਖਿੜਨ ਵਾਲੇ ਤਨ-ਮਨ ਤੇ ਗਗਨ ਚੁੰਬੀਆਂ ਲਾਉਣ ਲਈ ਖੁੱਲਣ-ਫੈਲਣ ਵਾਲੇ ਖੰਭ ਆਪਣੇ ਆਪੇ 'ਚ ਸਿਮਟਣ ਲੱਗ ਪਏ ...

ਛੋਟੀ ਹਰੀ ਪਲੇਟ ਨੇ ਬੈੱਡ ਟੀ ਵਾਲੀ ਬਸੰਤੀ ਚਾਹਤ ਨੂੰ ਪੱਤਝੜੀ ਸ਼ਾਮ ਬਣਾ ਧਰਿਆ ... ਚੱਪਾ ਕੁ ਸਦੀ ਪੁਰਾਣੀ ਪਲੇਟ ਹੀ ਲੱਭੀ ਸੀ ਬਹੂ ਰਾਣੀ ਨੂੰ ਚਾਹ ਪਰੋਸਣ ਲਈ ... ਉੱਝ ਘਰ 'ਚ ਚਾਂਦੀ ਦੀ ਤਸ਼ਤਰੀ ਸਮੇਤ ਸਭੇ ਰੰਗਾਂ ਦੀਆਂ ਸੋਹਣੀਆਂ, ਸੋਹਣੀਆਂ ਵੱਡੀਆਂ ਪਲੇਟਾਂ ਵੀ ਮੌਜੂਦ ਨੇ ...

ਦਿਨ ਚੜ੍ਹਦਿਆਂ ਚਾਹਤਾਂ ਨੂੰ ਨਜ਼ਰ ਲੱਗ ਗਈ। ਮਨ ਖਿਛੂੰ-ਖਿੰਛੂ ਕਰਨ ਲੱਗ ਪਿਆ। ਪੁਰਾਣਾਪਨ ਲੈਕੇ ਦਿਨ ਚੜ੍ਹੇ ਤਾਂ ਬਚੇ ਹੋਏ ਦਿਨ 'ਚ ਨਵੇਂਪਨ ਦੀ, ਖੁਸ਼ੀਆਂ-ਖੇੜਿਆਂ ਦੀ ਆਸ ਭਲਾ ਕਿਵੇਂ ਕੀਤੀ ਜਾ ਸਕਦੀ? ... ਬਹੂ ਸ੍ਰੀ ਦੀ ਪਹਿਲੀ ਚਾਹ ਨੇ ਬਣੀ-ਬਣਾਈ ਖੇਡ ਵਿਗਾੜ ਦਿੱਤੀ ...

ਪੁਰਾਣੀ ਪਲੇਟ 'ਚ ਰੱਖੀ ਚਾਹ ਸੁੜਕ ਸੜੇ-ਬਲੇ ਮਨ ਨਾਲ ਰਜਾਈ 'ਚੋ ਬਾਹਰ ਨਿਕਲ ਆਏ। ਠੁਰ-ਠੁਰ ਕਰਦਿਆਂ ਕੋਈ ਵਿਰੋਧੀ ਕਾਰਾ ਕਰਨ ਲਈ ਇੱਧਰ-ਉੱਧਰ ਨਜ਼ਰ ਘੁਮਾਈ ... ਸਿੱਧੇ ਰਸੋਈ 'ਚ ਜਾ ਵੜੇ ... ਜੀਅ ਕੀਤਾ ਕਿ ਰੈਕ ਵਿੱਚ ਚਿਣੀਆਂ ਸਟੀਲ ਦੀਆਂ ਪਲੇਟਾਂ ਜ਼ੋਰ ਨਾਲ ਫਰਸ਼ 'ਤੇ ਸੁੱਟੀਆਂ ਜਾਣ ... ਪਰ ਨਹੀਂ, ਮਨ 'ਚ ਬਹੂ ਸ੍ਰੀ ਦਾ ਖਿਆਲ ਆ ਗਿਆ ... ਪੜ੍ਹੀ ਲਿਖੀ ਏ ... ਸੋਚੇਗੀ ਕਿ ਅਨਪੜ੍ਹਾਂ ਦੇ ਵੱਸ ਪੈ ਗਈ ... ਉਸਦੀ ਹਾਜਰੀ 'ਚ ਕੋਈ ਸਲੀਕੇਹਾਰ ਹੰਗਾਮਾ ਹੋਣਾ ਚਾਹੀਦਾ ... ਸੋ ਕੀ ਕੀਤਾ, ਘਰ ਦੀਆਂ ਤਮਾਮ ਬੱਤੀਆਂ ਬੁਝਾ, ਮੁੜ ਬਿਸਤਰੇ 'ਚ ਆਣ ਵੜੇ। ਮਨ ਦੀ ਖਿੱਝ ਕੁਝ ਘਟੀ, ਘਟੀ ਮਹਿਸੂਸ ਹੋਣ ਲੱਗੀ।

ਮਗਰੇ ਮਗਰ ਬੀਵੀ ਸ੍ਰੀ ਆਪਣੀ ਚਾਹ ਲੈ ਬੈੱਡ ਦੇ ਲਾਗੇ ਪਈ ਸੈਟੀ 'ਤੇ ਆਣ ਬੈਠੀ। ਬੱਤੀਆਂ ਬੁਝਾਉਣ ਵਾਲੇ ਸਾਡੇ ਗੈਰਵਾਜਬੀ ਕਾਰੇ 'ਤੇ ਮੁਸਕਰਾਉਂਦੀ ਪੁੱਛਣ ਲੱਗੀ, 'ਸਵੇਰੇ, ਸਵੇਰੇ ਘਰ 'ਚ ਹਨੇਰੇ ਦਾ ਛੱਟਾ ਦੇ ਆਏ ... ਸੁੱਖ ਤਾਂ ਹੈ'?

'ਜਨਾਬ! ਆਹ ਵੇਖੋ, ਕੱਪ ਹੇਠਾਂ ਰੱਖੀ ਸਦੀਆਂ ਪੁਰਾਣੀ ਪਲੇਟ ... ਤੁਹਾਡੀ ਬਹੂ ਰਾਣੀ ਦੀ ਨਿਵੇਕਲੀ ਪਸੰਦ ... ਕਮਾਲ ਹੋ ਗਈ ... ਕਮਾਲ' ... ਮਨ ਕੈਨਵਸ 'ਤੇ ਸੱਤਵੇਂ ਆਸਮਾਨੀ ਚੜ੍ਹੇ ਗੁੱਸੇ ਵਾਲੇ ਪਾਰੇ ਨੂੰ ਸਾਂਭਦੇ, ਸਮੇਟਦੇ ਉੱਚੀ ਆਵਾਜ਼ 'ਚ ਅਸੀਂ ਬੋਲੇ।

ਲਗੇ, ਸ਼ਾਂਤ ਚਿੱਤ ਬੈਠੀ ਬੀਵੀ ਸ਼੍ਰੀ ਸਭ ਕੁਝ ਬੜੀ ਨਿਮਰਤਾ ਨਾਲ ਵੇਖਦੀ, ਸੁਣਦੀ ਰਹੀ। ਚਾਹ ਦੀ ਚੁਸਕੀ ਭਰ, ਹੱਸਦੀ ਹੋਈ ਬੜੇ ਇਤਮੀਨਾਨ ਨਾਲ ਬੋਲੀ, 'ਦੋਧੀ ਆ ਗਿਆ ਸੀ ... ਬਾਹਰੋਂ ਦੁੱਧ ਪਵਾਉਣ ਚਲੀ ਗਈ ... ਜਾਂਦੀ ਹੋਈ ਤੁਹਾਡੇ ਲਈ ਰਾੜ੍ਹੀ ਮੱਠੀ ਤੇ ਚਾਹ, ਬਹੂ ਰਾਣੀ ਨੂੰ ਗੁਲਾਬੀ ਟਰੇਅ 'ਚ ਪਰੋਸਣ ਲਈ ਕਹਿ ਗਈ ... ਕੋਈ ਨਾ ... ਨਿਆਣੀ ਏ ... ਭੁੱਲ ਗਈ ਹੋਏਗੀ ... ਹੌਲੀ-ਹੌਲੀ ਇੱਥੋਂ ਦਾ ਸੁਹਜ, ਸਲੀਕਾ ਸਭ ਸਮਝ ਜਾਏਗੀ' ...

ਲਾਗੇ ਕੋਈ ਮੁਸਕਰਾਉਂਦਾ ਹੋਏ ਤਾਂ 'ਕਰਟਸੀ ਸੇਕ' ਸਾਨੂੰ ਵੀ ਮੁਸਕਰਾਉਣਾ ਚਾਹੀਦਾ ... ਬੀਵੀ ਸ਼੍ਰੀ ਦੀ ਮੁਸਕਰਾਹਟ ਵੇਖ ਸਾਡੇ ਚਿਹਰੇ 'ਤੇ ਜੁਆਬੀ ਮੁਸਕਰਾਹਟ ਦੇ ਹਾਵ-ਭਾਵ ਨਾ ਬਣੇ ... ਉਲਟਾ ਗੁੱਸੇ 'ਚ ਚੀਕੇ, 'ਜੀਅ ਕਰਦਾ ਕਿ ਘਰ 'ਚ ਮਹਿਮਾਨਾਂ ਲਈ ਸਾਂਭ, ਸਾਂਭ ਰੱਖੀਆਂ ਸੋਨ ਕਿੰਗਰਿਆਂ ਵਾਲੀਆਂ ਤਮਾਮ ਪਲੇਟਾਂ ਤੇ ਪਿਰਚ-ਪਿਆਲੀਆਂ ਚਕਨਾਚੂਰ ਕਰ ਦਿਆਂ' ...

'ਨਿਆਣਿਆਂ ਨਾਲ ਨਿਆਣੇ ਨਹੀਂ ਬਣੀਦਾ ... ਵੇਖੋ ! ਬਹੂ ਰਾਣੀ ਚਾਈਂ, ਚਾਈਂ ਤੁਹਾਡੇ ਲਈ ਪਹਿਲੀ ਬੈੱਡ ਟੀ ਪਰੋਸ ਕੇ ਗਈ ... ਤੁਸੀਂ ਕਿਸਮਤ ਦੇ ਧਨੀ ਓ ... ਸ਼ੁਕਰ ਮਨਾਓ ... ਰੱਬ ਦਾ ਸ਼ੁਕਰ, ਜਿਸਨੇ ਤੁਹਾਡੇ ਨਸੀਬਾਂ 'ਚ ਬੈੱਡ ਟੀ ਲਿਖੀ ... ਰਾਤਾਂ ਬਿਤਾਉਣ ਲਈ ਬਹੁਤੇ ਲੋਕਾਂ ਨੂੰ ਤਾਂ ਇੱਥੇ ਬਿਸਤਰੇ ਵੀ ਨਸੀਬ ਨਹੀਂ ਹੁੰਦੇ'... ਬੀਵੀ ਸ਼੍ਰੀ ਬੋਲੀ।

ਸੱਚੀ ! ਬੜੀ ਪਤੇ ਦੀ ਗੱਲ ਸੀ ... ਗੂੜ੍ਹ ਗਿਆਨ ਵਾਲੀ ਗੱਲ ਜਿਸਨੇ ਕਿਸੇ ਜੰਗਲ ਦੇ ਅੱਗ-ਭਾਂਬੜਾਂ 'ਤੇ ਠੰਡੇ-ਯਖ ਪਾਣੀ ਦਾ ਛਿੜਕਾਓ ਕਰ ਦਿਤਾ ਹੋਵੇ ... ਕੁਝ ਚਿਰ ਪਹਿਲਾਂ ਮਨ ਕੈਨਵਸ 'ਤੇ ਖੌਰੂ ਪਾਉਂਦਾ ਗੁੱਸੇ ਰੰਗਾ ਪਾਰਾ ਠਹਿਰਦਾ, ਠਹਿਰਦਾ ਸ਼ਾਂਤ ਹੋ ਗਿਆ।

ਲੰਮੇ, ਚੌੜੇ ਦਿਨ ਦੀਆਂ ਚਾਹਤਾਂ ਨੂੰ ਬਿਨਾ ਕਿਸੇ ਤਰੱਦਦ ਸਹੇਜਣ, ਸਮੇਟਣ ਲਈ ਬੈੱਡ ਟੀ ਮਿਲਦੀ ਰਹੇ ... ਬੰਦੇ ਲਈ ਇਸਤੋਂ ਵੱਡੀ ਖੁਸ਼ਕਿਸਮਤੀ ਹੋਰ ਕਿਹੜੀ ... ਸੱਚੀ ! ਕੱਪ ਹੇਠਾਂ ਰੱਖੀ ਪਲੇਟ ਨਵੀਂ ਹੋਵੇ ਜਾਂ ਪੁਰਾਣੀ, ਵੱਡੀ ਹੋਵੇ ਜਾਂ ਛੋਟੀ ... ਕੋਈ ਫਰਕ ਨਹੀਂ ਪੈਂਦਾ ...

# ਵਾਤਾਵਰਨ ਦੀ ਸੰਭਾਲ

ਐਤਵਾਰ ਦਾ ਦਿਨ ਸੀ। ਸ੍ਰੀ ਮਤੀ ਸੋਹਾਣੇ ਪਿੰਡ ਵਾਲੇ ਮਾਲਸ਼ੀ ਕੋਲ ਜਾਣ ਲਈ ਤਿਆਰ ਖੜੀ ਸੀ। ਪਿਛਲੇ ਕੁਝ ਦਿਨਾਂ ਤੋਂ ਸੱਜਾ ਗੋਡਾ ਦੁਖ ਰਿਹਾ ਸੀ ... ਇਕ ਦਿਨ ਛੱਡਕੇ ਮਾਲਸ਼ ਕਰਵਾਉਣੀ ਪੈਂਦੀ ਏ। ਸਕੂਟਰ 'ਤੇ ਸੌਖਾ ਜਾਣ,ਆਉਣ ਹੋ ਜਾਂਦਾ। ਪਿੰਡ ਵੀ ਲਾਗੇ ਪੈਂਦਾ ...

ਇੱਧਰ ਛੋਟੀ ਮਾਨੀ ਵੀ ਪਿੰਡ ਜਾਣ ਲਈ ਤਿਆਰ ਹੋਈ ਬੈਠੀ ਸੀ। ਅੰਦਰੋਂ ਉਹ ਵੀ ਹੱਥਲੀ ਪੜ੍ਹਾਈ ਛੱਡ ਨਾਨੀ ਮਾਂ ਦੇ ਪਿੱਛੇ, ਪਿੱਛੇ ਬਾਹਰ ਨਿਕਲ ਆਈ।

ਸਕੂਟਰ ਸਟਾਰਟ ਹੁੰਦਿਆਂ ਉਹ ਵੀ ਪਲਾਕੀ ਮਾਰ ਪਿੱਛੇ ਸੀਟ 'ਤੇ ਜਾ ਬੈਠੀ। ਨਾਨੀ ਮਾਂ ਨੂੰ ਜੱਫੀ ਪਾਉਂਦਿਆਂ ਬੋਲੀ, 'ਛੱਡ ਚੱਲੇ ਸੀ ਨਾ ਮੈਨੂੰ ?... ਰਾਤ ਵਾਲੀ ਗੱਲ ਯਾਦ ਨਹੀਂ ਤੁਹਾਨੂੰ ?... ਆਪਾਂ ਸਕਰੈਪ ਬੁੱਕ ਲਈ ਪਿਪੱਲ, ਨਿੰਮ, ਅੰਬ ਅਤੇ ਜਾਮਣ ਦੇ ਪੱਤੇ ਲਿਆਉਣੇ ਸੀ' ...

ਸੌਰੀ ! ਮਾਨੀ ... ਮੈਂ ਤਾਂ ਰਾਤ ਵਾਲੀ ਗੱਲ ਭੁੱਲ ਹੀ ਗਈ ... ਸਾਡੇ ਵੇਲੇ ਮਾਨੀ, ਪੱਤੇ ਨਹੀਂ ਸੀ ਇੱਕਠੇ ਕਰਨੇ ਪੈਂਦੇ। ਫਾਲਸੇ ਦੀਆਂ ਕਿਆਰੀਆਂ, ਅਮਰੂਦ, ਅੰਬ, ਲੁਕਾਠਾਂ ਅਤੇ ਆੜੂਆਂ ਦੇ ਬਾਗ, ਹਰੇ ਤੇ ਸੂਹੇ ਜਲੇਬਾ ਸ਼ਹਿਤੂਤਾਂ ਦੇ ਰੁੱਖ, ਪੌਦੇ ਸਾਡੇ ਸਕੂਲ ਦੇ ਰਸਤੇ 'ਚ ਹੀ ਪੈਂਦੇ। ਬਾਗਾਂ ਦੇ ਰਾਖ਼ੇ, ਗੋਪੀਏ ਦੇ ਨਾਲ ਮਿੱਟੀ ਦੇ ਗੁਲੇਲੇ ਚਲਾ, ਚਲਾ ਤੋਤਿਆਂ ਨੂੰ ਉਡਾਉਂਦੇ ...

ਹਾਂ ਸੱਚ ! ਸਕੂਲੇ ਜਾਂਦਿਆਂ ਰਸਤੇ ਵਿੱਚ ਸੂਏ ਦੇ ਕੰਡੇ, ਕੰਡੇ ਮੱਕੀ, ਬਾਸਮਤੀ, ਸਰੋਂ, ਬਰਸੀਮ ਤੇ ਕਈ ਹੋਰ ਫਸਲਾਂ ਦੇ ਹਰੇ, ਭਰੇ ਖੇਤ ਵੇਖੀਦੇ ਸਨ ... ਕਿਹੜੇ ਵੇਲੇ, ਕਿਹੜੀ ਫਸਲ ਬੀਜੀਦੀ ... ਕਿਹੜੀ ਰੁੱਤੇ ਕਿਹੜੇ ਫਲ ਹੁੰਦੇ ... ਸਾਨੂੰ ਆਲੇ, ਦੁਆਲਿਉਂ ਸਾਰੀ ਜਾਣਕਾਰੀ ਮਿਲ ਜਾਂਦੀ ... ਉਦੋਂ ਸਾਨੂੰ ਅਜਿਹੇ ਗਿਆਨ ਲਈ ਕਿਤਾਬਾਂ ਨਾਲ ਜਿਆਦਾ ਮੱਥੇ ਨਹੀਂ ਸੀ ਮਾਰਨੇ ਪੈਂਦੇ ... ਹੁਣ ਤਾਂ ਚਾਰੇ ਪਾਸੇ ਦੂਰ ਤੀਕ ਵਾਹੀ, ਖੇਤੀ ਵਾਲੀਆਂ ਉਪਜਾਊ ਜ਼ਮੀਨਾਂ 'ਤੇ ਕੰਕਰੀਟ ਦੀਆਂ ਇਮਾਰਤਾਂ ਉੱਗ ਪਈਆਂ ਨੇ' ... ਮਾਲਸ਼ੀਆਂ ਦੇ ਡੇਰੇ ਵੱਲ ਜਾਂਦਿਆਂ ਨਾਨੀ ਮਾਂ ਮਾਨੀ ਨੂੰ ਦੱਸਦੀ ਗਈ।

'ਨਾਨੀ ਮਾਂ ! ਤੁਸੀਂ ਭਲਾ ਛੋਟੇ ਹੁੰਦੇ ਪੜਾਈ 'ਚ ਹੁਸ਼ਿਆਰ ਹੁੰਦੇ ਸੀ' ? ਮਾਨੀ ਨੇ ਪੁਛਿਆ।

'ਮਾਨੀ ! ਤੇਰੇ ਵਾਂਗ ਸਾਡੇ ਪੂਰੇ, ਪੂਰੇ ਨੰਬਰ ਤਾਂ ਨਹੀਂ ਸੀ ਆਉਂਦੇ ਪਰ ਹਾਂ, ਅਸੀਂ ਜੋ ਪੜ੍ਹਦੇ, ਲਿਖਦੇ ਸਾਨੂੰ ਸਾਰਾ ਕੁਝ ਯਾਦ ਰਹਿੰਦਾ ... ਜਾਣਕਾਰੀ ਤੇ ਗਿਆਨ ਵੀ ਉਹਨੀਂ ਦਿਨੀਂ ਜੀਵਨ ਨਾਲ ਜੁੜਿਆ ਹੁੰਦਾ ਸੀ। ਅੱਜ,ਕੱਲ ਤਾਂ ਕਿਸੇ ਬੱਚੇ ਨੂੰ ਇੱਕ ਮੋਬਾਇਲ ਨੰਬਰ ਵੀ ਯਾਦ ਨਹੀਂ ਰਹਿੰਦਾ। ਸਾਨੂੰ ਤਾਂ ਵੱਡੇ, ਵੱਡੇ ਪਹਾੜੇ ਤੇ ਕਹਾਣੀਆਂ ਜੁਬਾਨੀ ਯਾਦ ਹੁੰਦੀਆਂ ਸਨ' ... ਨਾਨੀ ਮਾਂ ਦੱਸਦੀ।

'ਨਾਨੀਂ ਮਾਂ ! ਜੇ ਮੈਨੂੰ ਵੀ ਤੁਹਾਡੇ ਵਾਂਗ ਕੁਝ ਯਾਦ ਨਹੀਂ ਰਹਿੰਦਾ ਤਾਂ ਮੈਂ ਭਲਾ ਆਪਣੀ ਜਮਾਤ 'ਚੋਂ ਹਮੇਸ਼ਾ ਪਹਿਲੇ ਨੰਬਰ ਤੇ ਕਿਵੇਂ ਆ ਜਾਂਦੀ ਹਾਂ'? ਹੱਸਦੀ ਹੋਈ ਮਾਨੀ ਬੋਲੀ ।

'ਬੇਟੇ ! ਤੁਹਾਡੀ ਗੱਲ ਹੋਰ ਏ । ਤੁਸੀਂ ਅੰਗਰੇਜੀ ਮੀਡੀਅਮ ਵਾਲੇ ਸਕੂਲ 'ਚ ਪੜ੍ਹਦੇ ਹੋ । ਤੁਹਾਡੀ ਪੜ੍ਹਾਈ, ਲਿਖਾਈ ਤਾਂ ਬਹੁਤ ਸੋਹਣੀ ਚੱਲ ਰਹੀ ... ਵੇਖ ! ਆਹ ਸਾਹਮਣੇ ਵਾਲੇ ਸਕੂਲ ਦੀ ਸੁਣ ... ਇੱਥੇ ਬਹੁਗਿਣਤੀ ਨਕਲ ਚੋਚੋ ਹੀ ਪ੍ਰੀਖਿਆਰਥੀ ਦੇਣ ਆਉਂਦੇ' ...

'ਨਕਲ ਚੋਚੋ !... ਨਾਨੀਂ ਮਾਂ, ਇਹ ਕੀ ਬਲਾ ਹੁੰਦੀ ਏ' ? ਓਪਰਾ ਜਿਹਾ ਸ਼ਬਦ ਸੁਣ ਹੈਰਾਨ ਹੋਈ ਮਾਨੀ ਨੇ ਪੁੱਛਿਆ ।

'ਬੇਟੇ ! ਪੇਪਰਾਂ 'ਚ ਇਕ, ਦੂਜੇ ਦੀਆਂ ਨਕਲਾਂ ਮਾਰਨ ਵਾਲੇ ਬੱਚਿਆਂ ਨੂੰ ਨਕਲ ਚੋਚੋ ਕਿਹਾ ਜਾਂਦਾ । ਸਾਰਾ ਸਾਲ, ਉਹ ਇੱਕ ਅੱਖਰ ਵੀ ਨਹੀਂ ਪੜ੍ਹਦੇ, ਲਿਖਦੇ ... ਮੋਬਾਇਲ ਫੋਨ ਅਤੇ ਕੰਪਿਊਟਰਾਂ ਨਾਲ ਫੇਸਬੁੱਕ ਅਤੇ ਵਟਸਐਪ ਰਾਹੀਂ ਖੇਡਾਂ ਖੇਡਦੇ ਰਹਿੰਦੇ ... ਤੇ ਜਦੋਂ ਪੇਪਰ ਸਿਰ 'ਤੇ ਆਉਂਦੇ ਨੇ ਤਾਂ ਇਕ, ਦੂਸਰੇ ਦੇ ਪੇਪਰਾਂ ਦੀ ਨਕਲ ਮਾਰ ਕੇ ਪਾਸ ਹੋਣ ਦੀ ਕੋਸ਼ਿਸ਼ ਕਰਦੇ' ... ਪਿੰਡ ਵਾਲੇ ਨਿੱਜੀ ਸਕੂਲ ਦੇ ਅੱਗੋਂ ਹੌਲੀ, ਹੌਲੀ ਸਕੂਟਰ ਚਲਾਉਂਦੀ ਨਾਨੀ ਮਾਂ ਦੱਸਦੀ ।

'ਨਾਨੀ ਮਾਂ ! ਮੇਰੇ ਕੋਲ ਵੀ ਤਾਂ ਸਮਾਰਟ ਫੋਨ,ਵਾਇਰਲੈੱਸ ਸਪੀਕਰ ਅਤੇ ਕੰਪਿਊਟਰ ਏ ... ਦਾਦੀ ਮਾਂ ਨਾਲ ਮੈਂ ਸਕਾਈਪ 'ਤੇ ਚੈਟਿੰਗ ਕਰਦੀ । ਗੂਗਲ ਬਾਬੇ ਕੋਲੋਂ ਔਖੇ, ਔਖੇ ਸੁਆਲ ਸਮਝਦੀ । ਸਾਡੀ ਜਮਾਤ ਦੇ ਹੋਰ ਬੱਚੇ ਵੀ ਇਹਨਾਂ ਚੀਜਾਂ ਦੀ ਵਰਤੋਂ ਕਰਦੇ ਰਹਿੰਦੇ' ...

'ਬੇਟੇ ! ਤੁਸੀਂ ਸਿਆਣੇ ਹੋ ... ਆਪਣੇ ਹੋਮ ਵਰਕ ਅਤੇ ਵਿੱਦਿਅਕ ਜਾਣਕਾਰੀ ਲਈ ਤੁਸੀਂ ਕੰਪਿਊਟਰ ਅਤੇ ਮੋਬਾਇਲ ਵਰਤਦੇ ਹੋ ਪਰ ਬਹੁਤੇ ਵਿਦਿਆਰਥੀ ਇਹਨਾਂ ਚੀਜਾਂ ਦੀ ਗ਼ਲਤ ਵਰਤੋਂ ਕਰਦੇ । ਆਪਣੇ ਮਿੱਤਰਾਂ ਨਾਲ ਊਲ, ਜਲੂਲ ਚੈਟਿੰਗ ਕਰਦੇ ... ਫਿਲਮਾਂ ਵਗੈਰਾ ਵੇਖਕੇ ਆਪਣਾਂ ਕੀਮਤੀ ਸਮਾਂ ਬਰਬਾਦ ਕਰਦੇ । ਜਦੋਂ ਸਲਾਨਾ ਪੇਪਰਾਂ ਦੀ ਵਾਰੀ ਆਉਂਦੀ ਤਾਂ ਪਰਚੀਆਂ ਦੇ ਆਸਰੇ ਪੇਪਰਾਂ 'ਚੋਂ ਪਾਸ ਹੋਣ ਦੀਆਂ ਕੋਸ਼ਿਸ਼ਾਂ ਕਰਦੇ । ਪੇਪਰ ਹਾਲ 'ਚ ਉਹ ਇੱਕ, ਦੂਸਰੇ ਦੀ ਨਕਲ ਮਾਰਦੇ । ਇਸ ਆੜ੍ਹੇ, ਬਾੜ੍ਹੇ 'ਚ ਕਈ ਪ੍ਰੀਖਿਆਰਥੀ ਨਿਗਰਾਨ ਅਮਲੇ ਹੱਥੋਂ ਰੰਗੇ ਹੱਥੀਂ ਫੜ੍ਹੇ ਜਾਂਦੇ ਤੇ ਯੂਐਮਸੀ ਲੱਗਵਾ ਦੋ, ਤਿੰਨ ਸਾਲ ਲਈ ਘਰ ਬੈਠ ਜਾਂਦੇ' ...

'ਨਾਨੀ ਮਾਂ ! ਬੜੀ ਵੱਡੀ ਡਿਗਰੀ ਹੁੰਦੀ ਹੋਊ ਯੂਐਮਸੀ'? ... ਵੱਡੀ ਹੋ ਕੇ ਮੈਂ ਵੀ ਇਹੋ ਡਿਗਰੀ ਲਵਾਂਗੀ'...

'ਮਾਨੀ ! ਦਾਨੀ !! ਡਿਗਰੀ ਨਹੀਂ, ਕਲੰਕ ਹੁੰਦੀ ਏ ਯੂਐਮਸੀ' ...

ਸੌਰੀ ! ਨਾਨੀ ਮਾਂ, ਮੈਂ ਸਮਝਿਆ ਕਿ ਯੂਐਮਸੀ ਵੀ ਆਈ.ਐਫ.ਐਸ. ਜਾਂ ਪੀ.ਸੀ.ਐਸ. ਵਰਗੀ ਕੋਈ ਵੱਡੀ ਡਿਗਰੀ ਹੁੰਦੀ ਹੋਏਗੀ ... ਤੇ ਮੈਂ ਵੀ ਅਗਿਆਨਤਾ ਵਿੱਚ ਇਸਨੂੰ ਲੈਣ ਦਾ ਇਰਾਦਾ ਕਰ ਬੈਠੀ ... ਸੱਚੀ ਨਾਨੀ ! ਅੱਜ ਤਾਂ ਤੁਸੀਂ ਬੜੀਆਂ ਅਜੀਬੋ, ਗਰੀਬ ਗੱਲਾਂ ਦੱਸ ਰਹੇ ਹੋ' ... ਨਾਨੀ ਮਾਂ ਦੀ ਗੱਲ ਟੋਕ ਹੈਰਾਨ ਹੋਈ ਮਾਨੀ ਬੋਲੀ ।

'ਮਾਨੀ ! ਮੈਂ ਕਈ ਵਾਰੀ ਇਸ ਸਕੂਲ ਵਿੱਚ ਪੇਪਰ ਨਿਗਰਾਨ ਦੀ ਡਿਊਟੀ ਦੇ ਚੁਕੀ ਹਾਂ । ਸਿਰਫ ਤੇ ਸਿਰਫ ਸਰਟੀਫਿਕੇਟ ਅਤੇ ਡਿਗਰੀਆਂ ਲੈਣ ਵਾਲੇ ਅਮੀਰ ਵਿਦਿਆਰਥੀ ਹੀ ਇਸ ਪ੍ਰਾਈਵੇਟ ਸਕੂਲ ਵਿੱਚ ਪਰੀਖਿਆ ਦੇਣ ਆਉਂਦੇ । ਇੱਥੇ ਉਨਾਂ ਨੂੰ ਮਨ ਮਰਜੀ ਨਾਲ ਨਕਲ ਮਾਰਨ ਦੀ ਆਜ਼ਾਦੀ ਮਿਲ ਜਾਂਦੀ । ਘਰੋਂ ਥੱਬਾ, ਥੱਬਾ ਪਰਚੀਆਂ ਬਣਾ ਕੇ ਲਿਆਉਂਦੇ । ਉੱਡਣ ਦਸਤੇ ਨੇ ਆਉਣਾ ਤੇ ਸਾਰੇ ਨਕਲ ਚੋਚੋ ਫੜੇ ਜਾਣੇ । ਇੱਥੇ ਕਈ ਕਿੱਸਮਤ ਮਾਰਿਆਂ 'ਤੇ ਯੂਐਮਸੀ ਦੇ ਕੇਸ ਬਣਦੇ ਵੇਖੇ । ਫਿਰ ਉਹ ਸਾਲ, ਦੋ ਸਾਲ ਸਲਾਨਾ ਪੇਪਰ ਦੇਣ ਦੇ ਯੋਗ ਨਹੀਂ ਸੀ ਰਹਿੰਦੇ । ਸੱਚੀ ! ਸੁੱਖ ਦੀ ਥਾਂ ਦੁੱਖ ਦੇਣ ਵਾਲੇ ਅਜਿਹੇ ਪਰੀਖਿਆਰਥੀ, ਮਾਪਿਆਂ ਲਈ ਵੀ ਕਈ ਮੁਸ਼ਕਲਾਂ ਤੇ ਮੁਸੀਬਤਾਂ ਪੈਦਾ ਕਰਦੇ ਨੇ' ... ਨਾਨੀ ਮਾਂ ਨੇ ਮਾਨੀ ਨੂੰ ਦੱਸਿਆ ।

ਗੱਲਾਂ, ਗੱਲਾਂ 'ਚ ਸਕੂਲ ਪਾਰ ਕਰਦਿਆਂ ਰੁੱਖ, ਪੌਦਿਆਂ 'ਚ ਘਿਰਿਆ ਮਾਲਸ਼ੀਆਂ ਦਾ ਡੇਰਾ ਆ ਗਿਆ । ਮਾਨੀ ਦੀ ਸਕਰੈਪ ਬੁੱਕ ਲਈ ਲੋੜੀਂਦੇ ਪੱਤਿਆਂ ਵਾਲੇ ਸਾਰੇ ਰੁੱਖ ਉੱਥੇ ਮੌਜੂਦ ਸਨ । ਮਾਨੀ ਨੂੰ ਰੁੱਖਾਂ ਬਾਰੇ ਸਮਝਾ ਸ੍ਰੀ ਮਤੀ ਆਪਣੇ ਦੁਖਦੇ ਗੋਡੇ ਦੀ ਮਾਲਸ਼ ਕਰਵਾਉਣ ਬੈਠ ਗਈ । ਮਾਨੀ ਵੀ ਲੋੜੀਂਦੇ ਪੱਤੇ ਇੱਕਠੇ ਕਰਨ ਲੱਗ ਪਈ । ਆਪੋ, ਆਪਣੇ ਕਾਰ, ਵਿਹਾਰ ਤੋਂ ਵਿਹਲੀਆਂ ਹੋ ਦੋਵੇਂ ਜਣੀਆਂ ਵਾਪਸ ਆਪਣੇ ਘਰ ਵੱਲ ਮੁੜ ਪਈਆਂ ।

ਸਕੂਟਰ ਪਿੱਛੇ ਬੈਠੀ ਮਾਨੀ ਦੇ ਹੱਥਾਂ 'ਚ ਤਾਂ ਕੁਝ ਪੱਤੇ ਸਨ ਪਰ ਉਸਦੇ ਦਿਮਾਗ ਪਰਦੇ 'ਤੇ ਨਾਨੀ ਮਾਂ ਦੇ ਬਚਪਨ ਵਾਲੇ ਹਰੇ, ਭਰੇ ਖੇਤ ਅਤੇ ਵੰਨ-ਸੁਵੰਨੇ ਫਲ, ਫਰੂਟਾਂ ਵਾਲੇ ਰੁੱਖ, ਪੌਦਿਆਂ ਦੇ ਬਾਗ਼ ਕਿਸੇ ਫਿਲਮ ਵਾਂਗ ਬੜੀ ਤੇਜੀ ਨਾਲ ਘੁੰਮ ਰਹੇ ਸਨ । ਬਾਗ, ਬਗੀਚੇ ਜਿਨਾਂ ਦੀ ਥਾਂ ਹੁਣ ਸੱਜੇ, ਖੱਬੇ ਉੱਸਰਦੀਆਂ ਉੱਚੀਆਂ, ਉੱਚੀਆਂ ਗਗਨ ਚੁੰਬੀ ਇਮਾਰਤਾਂ ਸਾਫ਼ ਦਿਸ ਰਹੀਆਂ ਸਨ ।

ਹਰਿਆਵਲ ਵਿਹੂਣੀ ਉਸ ਫਿਲਮ ਵਿੱਚ ਵਿੱਚ ਪੈਂ... ਪੌਂ... ਕਰਦੀਆਂ ਮੋਟਰਾਂ, ਕਾਰਾਂ ਦਾ ਸ਼ੋਰ ਤੇ ਧੂੰਆਂ ਫੈਲਿਆ ਹੋਇਆ ਸੀ ਪਰ ਸਾਹ ਲੈਣ ਵਾਲੀ ਸ਼ੁੱਧ ਹਵਾ ਅਤੇ ਕੰਨਾਂ ਨੂੰ ਸਕੂਨ ਦੇਣ ਵਾਲੀ ਪੰਛੀਆਂ ਦੀ ਚਹਿਚਹਾਟ ਗਾਇਬ ਸੀ । ਉੱਪਰੋਂ, ਅਮੀਰ ਲੋਕਾਂ ਦੇ ਨਕਲ ਚੋਚੋ ਪਰੀਖਿਆਰਥੀਆਂ

ਉੱਤੇ ਲੱਗਣ ਵਾਲੀ ਯੂਐਮਸੀ ਦੇ ਕਲੰਕ ਵਰਗੀ ਨਵੀਂ ਗੱਲ ਵੀ ਮਾਨੀ ਦੇ ਦਿਮਾਗ 'ਚ ਬੜਾ ਖਲਲ ਪਾ ਰਹੀ ਸੀ ।

ਹੋ ਸਕਦਾ ਕਿ ਅਕਲ ਵਿਹੂਣੇ ਨਕਲ ਚੋਚੋ ਹੀ ਹਰੇ, ਭਰੇ ਤੇ ਸਾਫ ਸੁਥਰੇ ਆਲੇ ਦੁਆਲੇ ਨੂੰ ਵਿਗਾੜਨ ਵਾਲੀ ਖੇਡ ਖੇਡਦੇ ਹੋਣ ... ਸੋਚਾਂ ਸੋਚਦਿਆਂ ਜਿਉਂ ਹੀ ਸਕੂਟਰ ਘਰ ਦੇ ਅੱਗੇ ਰੁਕਿਆ, ਮਾਨੀ ਬੜੀ ਕਾਹਲੀ ਨਾਲ ਛੜੱਪਾ ਮਾਰ ਹੇਠਾਂ ਉੱਤਰੀ ਤੇ ਆਪਣੇ ਪੜ੍ਹਨ ਵਾਲੇ ਕਮਰੇ 'ਚ ਜਾ ਬੈਠੀ ।

ਇਸਤੋਂ ਪਹਿਲਾਂ ਕਿ ਹੋਮ ਵਰਕ ਵਿੱਚ ਮਿਲੇ 'ਵਾਤਾਵਰਨ ਦੀ ਸੰਭਾਲ' ਵਾਲੇ ਪਾਠ ਨੂੰ ਪੂਰਾ ਕਰਨ ਵਿਚ ਹੋਰ ਦੇਰੀ ਹੋਏ, ਉਸਨੇ ਛੇਤੀ, ਛੇਤੀ ਆਪਣੀ ਸਕਰੈਪ ਬੁੱਕ ਫੜੀ ਤੇ ਬੜੇ ਧਿਆਨ ਨਾਲ ਡੇਰੇ 'ਚੋਂ ਲਿਆਂਦੇ ਹਰੇ-ਭਰੇ ਪੱਤੇ ਚਿਪਕਾਉਣ ਬੈਠ ਗਈ ।

# ਹਲਫੀਆ ਬਿਆਨ

ਸ਼ਾਮ ਦਾ ਵੇਲਾ ਸੀ। ਮਾਨੀ, ਸਾਡੀ ਧੀ ਦੀ ਧੀ ਪਾਰਕ 'ਚ ਖੇਡਦੀ ਭੌਂਦੇ ਪੈਰੀ ਮੂੰਹ ਲਟਕਾਈ ਵਾਪਸ ਆ ਗਈ ... ਡੁਸਕਦੀ ਹੋਈ ਦਿੱਲੀਉਂ ਆਏ ਮਾਮੂ ਅੱਪੀ ਨੂੰ ਕਹਿਣ ਲੱਗੀ, 'ਮਾਮੂ ! ਗੁਣਜੀ ਕਹਿੰਦੀ ਸੀ ਕਿ ਮੇਰਾ ਦਿਮਾਗ ਖਾਲੀ ਏ' ...

ਅੱਪੀ ਮਾਮੂ ਮਾਨੀ ਦੀ ਸੁਣ ਪਹਿਲਾਂ ਤਾਂ ਉੱਚੀ ਸਾਰੀ ਹੱਸਿਆ ਤੇ ਫਿਰ ਤਾੜੀ ਮਾਰ ਕੇ ਬੋਲਿਆ, 'ਦਿਮਾਗ ਕਿਸੇ ਦਾ ਵੀ ਖਾਲੀ ਨਹੀਂ ਹੁੰਦਾ' ...

'ਕੀ ਹੁੰਦਾ ਏ ਦਿਮਾਗ ਵਿੱਚ' ?

'ਦਿਮਾਗ ਵਿੱਚ ਫੁੱਲ ਹੋ ਸਕਦੇ ... ਖ਼ੁਸ਼ਬੂ ਹੋ ਸਕਦੀ ... ਪਰੀਆਂ ਤੇ ਉੱਡਦੇ ਪੰਛੀ ... ਹਵਾ, ਪਾਣੀ ਦਾ ਸ਼ੋਰ ਤੇ ਸੰਗੀਤਮਈ ਬੜਾ ਕੁਝ ਹੋਰ ਹੋ ਸਕਦਾ' ...

'ਭਰੇ ਦਿਮਾਗ ਵਿੱਚ ਭਲਾ ਕੀ ਹੁੰਦਾ ?

'ਵਹਿਮ-ਭਰਮ, ਉਦਾਸੀ, ਕੂੜਾ-ਕਰਕਟ ਤੇ ਊਟ ਪਟਾਂਗ' ...

'ਮੈਨੂੰ ਲੱਗਦਾ ਕਿ ਨਾਨੀ ਦਾ ਦਿਮਾਗ ਵੀ ਖਾਲੀ ਹੋਵੇਗਾ ... ਦਿਮਾਗ, ਜਿਸ ਵਿੱਚ ਸਵੇਰੇ, ਸਵੇਰੇ ਉਹ ਕਹਾਣੀਆਂ ਬੀਜਦੇ ਹੋਣਗੇ ... ਹਰੀਆਂ, ਭਰੀਆਂ ਕਹਾਣੀਆਂ ਜਿਹੜੀਆਂ ਸਾਨੂੰ ਰੋਜ਼ ਰਾਤ ਨੂੰ ਸੁਣਾਉਂਦੇ ... ਸੱਚੀ ! ਮੈਂ ਵੀ ਆਪਣੇ ਦਿਮਾਗ਼ ਵਿੱਚ ਪੌਦੇ ਤੇ ਸੁਫ਼ਨੇ ਬੀਜ ਸਕਦੀ ਹਾਂ ... ਇੱਕ ਆਈਡੀਆ ਆਇਆ ... ਮੈਂ ਆਪਣੇ ਖਾਲੀ ਦਿਮਾਗ ਵਾਲੇ ਗਮਲੇ ਵਿੱਚ ਟੇਬਲ, ਪਲੱਸ, ਮਾਈਨਸ ਦੇ ਸੁਆਲ ਤੇ ਹੋਰ ਵਿਸ਼ਿਆਂ ਦੇ ਪ੍ਰਸ਼ਨ ਵੀ ਬੀਜਿਆ ਕਰਾਂਗੀ ... ਜਦੋਂ ਸਾਡੇ ਪੇਪਰ ਆਇਆ ਕਰਨਗੇ, ਉੱਗੇ ਹੋਏ ਰੰਗ ਬਰੰਗੇ ਉੱਤਰ ਲੱਭ, ਲੱਭ ਫਸਟ ਆਉਣ ਲਈ ਆਪਣੇ ਸਲਾਨਾ ਪੇਪਰ ਦਿਆ ਕਰਾਂਗੀ'... ਮਾਨੀ ਬੋਲੀ ਤੇ ਹੱਸਦੀ, ਹੱਸਦੀ ਮੁੜ ਪਾਰਕ ਵਿੱਚ ਚਲੀ ਗਈ।

ਰਾਤ ਪੈ ਗਈ। ਖਾਣਾ ਖਾ ਸਾਰੇ ਜਣੇ ਵਿਹਲੇ ਹੋ ਗਏ। ਮਾਨੀ ਵੀ ਉੱਠ ਪਈ ਤੇ ਆਪਣੀ ਅੰਮੀ ਨਾਲ ਦੂਸਰੇ ਕਮਰੇ 'ਚ ਤੁਰ ਪਈ। ਆਪਣੇ ਬੈੱਡ ਰੂਮ 'ਚ ਆ ਫੇਸ ਬੁੱਕ ਵੇਖਣ ਲਈ ਅਸਾਂ ਆਪਣਾ ਮੋਬਾਈਲ ਚਲਾ ਲਿਆ। ਮੋਬਾਈਲ 'ਤੇ ਨੈੱਟ ਨਹੀਂ ਸੀ ਆ ਰਿਹਾ।

ਮਾਨੀ ਆਪਣੇ ਕਮਰੇ ਵੱਲ ਜਾ ਰਹੀ ਸੀ। ਉਸਨੂੰ ਹਾਲ ਕਮਰੇ 'ਚੋਂ ਨੈੱਟ ਵਾਲਾ ਬਟਣ ਦਬਾਉਣ ਲਈ ਕਹਿ ਅਸੀਂ ਆਏ, ਗਏ ਸੁਨੇਹੇ ਵੇਖਣ ਲੱਗ ਪਏ। ਦੱਸ ਮਿੰਟ ਬੀਤੇ, ਵੀਹ ਮਿੰਟ ਬੀਤੇ... ਪਰ ਨੈੱਟ ਨਾ ਚੱਲਿਆ। ਸੁਣੀ, ਅਣਸੁਣੀ ਕਰ ਸ਼ਾਇਦ ਉਹ ਨੈੱਟ ਚਲਾਉਣ ਦੀ ਥਾਂ ਸਿੱਧੀ ਆਪਣੇ ਕਮਰੇ 'ਚ

ਚਲੀ ਗਈ ... ਛੁਟਕੀ ਜਿਹੀ ਮਾਨੀ ਦੀ ਇਹ ਮਜਾਲ ... ਵੱਡੀ ਹੋ ਕੇ ਤਾਂ ਬਿਲਕੁਲ ਹੀ ਆਖੇ ਨਹੀਂ ਲੱਗੇਗੀ ... ਤਨ, ਮਨ ਗੁੱਸੇ ਦੀ ਅੱਗ ਨਾਲ ਮੱਚਣ ਲੱਗ ਪਿਆ। ਚੰਗਾ ਹੁੰਦਾ ਹਾਲ ਕਮਰੇ 'ਚੋਂ ਆਉਂਦੇ ਹੋਏ ਆਪ ਹੀ ਨੈੱਟ ਚਲਾ ਆਉਂਦੇ ... ਸੌਣ ਵੇਲੇ ਮੂਡ ਵੀ ਵਿਗੜਨ ਤੋਂ ਬਚ ਜਾਂਦਾ ... ਆਖਦੇ ਨੇ ਸੌਣ ਤੋਂ ਪਹਿਲਾਂ ਬੰਦਾ ਖੁਸ਼ ਮੂਡ ਵਿੱਚ ਸੌਂਵੇ ਤਾਂ ਸੁਪਨੇ ਵੀ ਬੜੇ ਹੁਸੀਨ ਤੇ ਸਕੂਨਮਈ ਆਉਂਦੇ ਨੇ ...

ਹਨੇਰ ਸਾਈਂ ਦਾ ... ਵੇਖੋ ! ਪੈਂਹਠ ਸਾਲਾਂ ਦੇ ਅਸੀਂ ਤੇ ਗਿਆਰਾਂ ਸਾਲਾਂ ਦੀ ਛੁਟਕੀ ਜਿਹੀ ਮਾਨੀ ... ਹਾਲੇ ਛੇਵੀਂ ਜਮਾਤ 'ਚ ਪੜ੍ਹਦੀ ਤੇ ਡਬਲ ਐੱਮ.ਏ. ਪਾਸ ਆਪਣੇ ਨਾਨੂੰ ਦੀ ਪ੍ਰਵਾਹ ਨਹੀਂ ਕਰਦੀ...

ਵੇਲਾ ਤਾਂ ਸੌਣ ਦਾ ਸੀ ਪਰ ਸੋਚਾਂ ਸੋਚਦਿਆਂ ਸਾਡੇ ਅਚੇਤ ਮਨ 'ਚ ਭੁੱਲੇ, ਵਿਸਰੇ ਪਿਤਾ ਸ੍ਰੀ ਮੁੜ ਜਾਗ ਪਏ। ਡੀਐਸਪੀ ਪਿਤਾ ਸ੍ਰੀ ਜਿਹੜੇ ਕਿਸੇ ਐਰੇ, ਗੈਰੇ ਦੀ ਪ੍ਰਵਾਹ ਨਹੀਂ ਸੀ ਕਰਦੇ। ਬਾਹਰ ਕੀ, ਘਰ ਵਿੱਚ ਵੀ ਉਨਾਂ ਦੀ ਠਾਣੇਦਾਰੀ ਪੂਰੀ ਚੱਲਦੀ। ਕੀ ਮਜਾਲ ਕਿ ਉਨਾਂ ਸਾਹਮਣੇ ਕੋਈ ਉੱਚੀ ਬੋਲ ਜਾਏ ... ਉਨਾਂ ਦੇ ਕਹੇ 'ਤੇ ਸਾਨੂੰ ਦਿਨ ਨੂੰ ਰਾਤ ਅਤੇ ਰਾਤ ਨੂੰ ਦਿਨ ਵੀ ਮੰਨਣਾ ਪੈਂਦਾ।

ਹਾਂ ਸੱਚ ! ਉਨਾਂ ਦੀ ਇੱਕ ਗੱਲ ਯਾਦ ਆ ਗਈ। ਉਦੋਂ ਉਹ ਅੰਮ੍ਰਿਤਸਰੋਂ ਸਾਡੇ ਕੋਲ ਚੰਡੀਗੜ੍ਹ ਆਏ ਹੋਏ ਸਨ। ਸਵੇਰੇ, ਸਵੇਰੇ ਬੀਵੀ ਸ੍ਰੀ ਰਸੋਈ 'ਚ ਨਾਸ਼ਤਾ ਬਣਾ ਰਹੀ ਸੀ। ਪਿਤਾ ਸ੍ਰੀ ਵੀ ਹੱਥ ਵਟਾਉਣ ਲਈ ਰਸੋਈ 'ਚ ਚਲੇ ਗਏ। ਵੇਸਣ ਦੇ ਪੂੜੇ ਬਣਾਉਣ ਲਈ ਲੱਪ ਕੁ ਕਾਲੀਆਂ ਮਿਰਚਾਂ, ਜੀਰਾ, ਸੁੱਕਾ ਧਨੀਆ ਤੇ ਖਸਖਸ ਲੈ ਹਮਾਮਦਸਤਾ ਮੰਗਣ ਲੱਗ ਪਏ। ਨਾਲ, ਨਾਲ ਆਪਣੀਆਂ ਭੁੱਲੀਆਂ, ਵਿੱਸਰੀਆਂ ਯਾਦਾਂ ਸਾਂਝੀਆਂ ਕਰਦੇ ਰਹੇ।

ਗੱਲਾਂ ਕਰਦਿਆਂ ਪਿਤਾ ਸ੍ਰੀ ਅਚਾਨਕ ਬੇਹੱਦ ਜੋਸ਼ 'ਚ ਆ ਗਏ ... ਦਰੜ, ਫਰੜ ਕਰਨ ਵਾਲੇ ਮਸਾਲਿਆਂ ਵਾਲੀ ਮੁੱਠ ਹਵਾ 'ਚ ਲਹਿਰਾਉਂਦੇ ਬੋਲੇ, 'ਆਪਾਂ ਕਿਸੇ ਦੀ ਪ੍ਰਵਾਹ ਨਹੀਂ ਕਰਦੇ ... ਵੇਖ ਕੁੜੀਏ ! ਜਿੰਨੀ ਜੀਵੀ ਏ, ਸ਼ਾਨ ਨਾਲ ਜੀਵੀ ਏ ... ਹਮੇਸ਼ਾ ਆਪਣੀ ਮਰਜੀ ਦੇ ਮਾਲਕ ਰਹੇ ਤੇ ਰਹਾਂਗੇ'...

ਬੀਵੀ ਸ੍ਰੀ ਨੇ ਪਿਤਾ ਸ੍ਰੀ ਵਾਲੇ ਮਸਾਲੇ ਕੁੱਟਣ ਲਈ ਦਰਾਜ਼ 'ਚੋਂ ਛੋਟਾ ਹਮਾਮਦਸਤਾ ਕੱਢ ਸ਼ੈਲਫ 'ਤੇ ਰੱਖ ਦਿੱਤਾ। ਦੂਜੇ ਬੰਨੇ ਵੇਖੋ, ਪਿਤਾ ਸ੍ਰੀ ਦੇ ਹੱਥ ਵਿੱਚਲੇ ਸਾਬਤ ਮਸਾਲੇ ਕੁੱਟੇ ਜਾਣ ਤੋਂ ਪਹਿਲਾਂ ਉਨਾਂ ਦੇ ਜੋਸ਼ ਅਤੇ ਬੇਧਿਆਨੀ ਕਾਰਨ ਰਸੋਈ ਦੇ ਫਰਸ਼ 'ਤੇ ਖਿੰਡਰ ਚੁਕੇ ਸੀ। ਹੈਰਾਨ ਹੋਏ ਆਪਣੇ ਖਾਲੀ ਹੱਥ ਨੂੰ ਵੇਖਦੇ ਪਿਤਾ ਸ੍ਰੀ ਲਾਗੇ ਖੜੀ ਸਾਡੀ ਬੀਵੀ ਸ੍ਰੀ ਨੂੰ ਪੁੱਛਣ ਲੱਗੇ, 'ਕੁੜੀਏ ! ਮਸਾਲੇ ਕਿੱਧਰ ਗਏ' ? ...

ਗੱਲ ਮਾਨੀ ਦੀ ਹੋ ਰਹੀ ਸੀ। ਅੰਗਰੇਜ਼ੀ ਸਕੂਲ 'ਚ ਪੜ੍ਹਨ ਵਾਲੀ ਮਾਨੀ ਜਿਹੜੀ ਹੁਣ ਜਿੱਦਲ, ਅੜੀਅਲ ਤੇ ਮਨ, ਮਰਜੀ ਕਰਨ ਵਾਲੀ ਲੱਗ ਰਹੀ ਸੀ ... ਉਸਦੀ ਕੰਨਾਂ ਘੇਸਲ ਵੇਖ ਸਾਡਾ

ਖ਼ੂਨ ਖੌਲਣ ਲੱਗ ਪਿਆ । ਗੁੱਸੇ 'ਚ ਕੰਬਦਿਆਂ ਪਹਿਲਾਂ ਅਸਾਂ ਹਾਲ ਕਮਰੇ 'ਚ ਜਾ ਨੈੱਟ ਚਲਾਇਆ ਤੇ ਫਿਰ ਆਪਣੇ ਬੈੱਡ ਰੂਮ 'ਚ ਲੇਟੀ ਮਾਨੀ ਨੂੰ ਸਬਕ ਸਿੱਖਾਉਣ ਦੇ ਇਰਾਦੇ ਨਾਲ ਉਸਦੇ ਸਿਰਹਾਣੇ ਜਾ ਖਲੋਤੇ । ਸਾਰਾ ਮਾਣ, ਤਾਣ ਸਹੇਜਦਿਆਂ ਅਸੀਂ ਉੱਚੀ ਤੇ ਕੁਰਖ਼ਤ ਆਵਾਜ਼ 'ਚ ਬੋਲੇ, 'ਸੁਣ ਮਾਨੀ ! ਸਾਡੇ ਆਖੇ ਜੇ ਤੂੰ ਕੋਈ ਕੰਮ ਨਹੀਂ ਕਰਨਾ ਚਾਹੁੰਦੀ ਤਾਂ ਸਾਨੂੰ ਹੁਣੇ ਹੀ ਲਿਖ ਕੇ ਦੇ ... ਅਸੀਂ ਵੀ ਅੱਜ ਤੋਂ ਬਾਅਦ ਤੇਰਾ ਕੋਈ ਕੰਮ ਨਹੀਂ ਕਰਾਂਗੇ' ...

ਸਾਡੇ ਵਿੱਚ ਪਿਤਾ ਸ਼੍ਰੀ ਦੀ ਰੂਹ ਦਾਖਲ ਹੋ ਚੁਕੀ ਸੀ । ਉਨਾਂ ਵਾਂਗ ਠਾਣੇਦਾਰੀ ਝਾੜ ਅਸਾਂ ਵੀ ਆਪਣੇ ਸਿਰੋਂ ਮਣਾਂ ਮੂੰਹੀਂ ਬੋਝ ਲਾਹ ਲਿਆ ... ਛੁਟਕੀ ਜਿਹੀ ਮਾਨੀ ਨੂੰ ਵੱਡਾ ਤੇ ਭਾਰਾ ਜਿਹਾ ਦਬਕਾ ਮਾਰ ਸੁੱਖ ਦਾ ਸਾਹ ਲਿਆ ਤੇ ਆਪਣੇ ਕਮਰੇ 'ਚ ਆ ਲੇਟੇ ।

ਕੁਝ ਚਿਰ ਬਾਅਦ ਸਹਿਜ ਜਿਹੇ ਅੰਦਾਜ 'ਚ ਆਈ ਮਾਨੀ ਇੱਕ ਕਾਗ਼ਜ਼ ਦਾ ਟੁਕੜਾ ਸਾਡੇ ਸਿਰਹਾਣੇ ਪਏ ਮੇਜ਼ 'ਤੇ ਰੱਖ ਭੌਂਦੇ ਪੈਰੀਂ ਵਾਪਸ ਚਲੀ ਗਈ । ਸੁਤ, ਉਨੀਂਦਰੇ 'ਚ ਕਾਗ਼ਜ਼ ਨੂੰ ਸਰਸਰੀ ਨਜ਼ਰੇ ਵੇਖਦਿਆਂ ਸਾਡੀ ਅੱਖ ਲੱਗ ਗਈ ।

ਸਵੇਰੇ ਬੀਵੀ ਸ਼੍ਰੀ ਦੁਆਰਾ ਲਿਆਂਦੀ ਬੈੱਡ ਟੀ ਨਾਲ ਸਾਡੀ ਜਾਗ ਖੁੱਲ੍ਹ ਗਈ । ਚਾਹ ਦੀਆਂ ਚੁਸਕੀਆਂ ਭਰਦਿਆਂ, ਧਿਆਨ ਮੇਜ਼ 'ਤੇ ਤਹਿ ਕੀਤੇ ਪਏ ਕਾਗ਼ਜ਼ 'ਤੇ ਜਾ ਪਿਆ । ਕਾਗ਼ਜ਼, ਜਿਸ 'ਤੇ ਮਾਨੀ ਨੇ ਝਿੜਕਾਂ ਖਾਣ ਤੋਂ ਬਾਅਦ ਰਾਤੀ ਆਪਣਾ ਹਲਫੀਆ ਬਿਆਨ ਲਿਖ ਰੱਖਿਆ ਸੀ ।

ਵੇਖੋ ! ਲਕੀਰਦਾਰ ਕਾਗ਼ਜ਼ ਦੇ ਸ਼ੁਰੂ 'ਚ ਮਿਤੀ ਲਿਖੀ ਹੋਈ ਸੀ ਤੇ ਹੇਠਾਂ ਬੜੇ ਖ਼ੂਬਸੂਰਤ ਅੱਖ਼ਰਾਂ 'ਚ 'ਮਾਨੀ' ਲਿਖਿਆ ਹੋਇਆ ਸੀ । ਕਾਗ਼ਜ਼ ਦੇ ਵਿਚਕਾਰ ਇੱਕ ਆਕ੍ਰਿਤੀ ਬਣੀ ਹੋਈ ਸੀ । ਬੜੇ ਧਿਆਨ ਨਾਲ ਵੇਖਣ ਤੋਂ ਬਾਅਦ ਸਮਝ ਆਈ ਕਿ ਉਹ ਦਿਲ ਦੀ ਤਸਵੀਰ ਸੀ ।

ਮਾਨੀ ਦੇ ਸੱਚੇ, ਸੁੱਚੇ ਦਿਲ ਵਾਲੀ ਤਸਵੀਰ ਨੂੰ ਵੇਖਦਿਆਂ ਸਾਰ ਮਨ ਬਾਗੋ,ਬਾਗ ਹੋ ਗਿਆ । ਉਸਦੀ ਦਿਲ ਦੇਣ ਵਾਲੀ ਖੁਸ਼ੀ ਸਾਂਝੀ ਕਰਨ ਲਈ ਚਾਈਂ, ਚਾਈਂ ਅਸੀਂ ਲਾਗੇ ਬੈਠੀ ਚਾਹ ਪੀਂਦੀ ਬੀਵੀ ਸ਼੍ਰੀ ਨੂੰ ਮਾਨੀ ਦਾ ਹਲਫੀਆ ਬਿਆਨ ਵਿਖਾਉਂਦਿਆਂ ਕਿਹਾ, 'ਛੋਟੀ ਉਮਰੇ ਕਿੰਨੀ ਸਿਆਣੀ ਤੇ ਧੀਰੀ ਹੈ ਸਾਡੀ ਮਾਨੀ , ਨਾਨੀ ... ਦੱਬਕੇ, ਝਿੜਕਾਂ ਖਾਣ ਤੋਂ ਬਾਅਦ ਵੀ ਸਾਨੂੰ ਆਪਣਾ ਦਿਲ ਦੇਣ ਤੋਂ ਸੰਕੋਚ ਨਹੀਂ ਕਰਦੀ' ...

ਕਾਗ਼ਜ਼ ਨੂੰ ਆਪਣੇ ਹੱਥਾਂ 'ਚ ਲੈ ਬੀਵੀ ਸ਼੍ਰੀ ਦਿਲ ਵਾਲੇ ਖ਼ਾਕੇ ਦੀ ਨਿਰਖ, ਪਰਖ ਕਰਨ ਲੱਗ ਪਈ । ਉੱਪਰ, ਹੇਠਾਂ ਅਤੇ ਸੱਜੇ, ਖੱਬੇ ਤੋਂ ਦਿਲ ਵਾਲੀ ਤਸਵੀਰ ਨੂੰ ਨਿਹਾਰਦੀ ਹੋਈ ਆਖਣ ਲੱਗੀ, 'ਤੁਸੀਂ ਜੋ ਸਮਝ ਕੇ ਖੁਸ਼ ਹੋ ਰਹੇ ਹੋ, ਹਕੀਕਤ ਵਿੱਚ ਇਥੇ ਉਹ ਗੱਲ ਹੈ ਨਹੀਂ ... ਇਹ ਦਿਲ

ਸਹਿਜ ਭਾਅ ਤੇ ਖੁਸ਼ ਮੂਡ 'ਚ ਨਹੀਂ ਬਣਿਆ ਲੱਗਦਾ ... ਦਿਲ ਨੂੰ ਵਿੱਚਕਾਰੋਂ ਕੱਟਦੀ ਹੋਈ ਰੇਖਾ ਨੂੰ ਵੀ ਧਿਆਨ ਨਾਲ ਵੇਖੋ ... ਪੂਰਾ ਨਹੀਂ, ਤੁਹਾਡੇ ਲਈ ਉਸਨੇ ਟੁੱਟਿਆ ਹੋਇਆ ਦਿਲ ਬਣਾਇਆ ਏ'...

ਝੱਪਟਾ ਮਾਰ ਬੀਵੀ ਕੋਲੋਂ ਕਾਗ਼ਜ਼ ਵਾਪਸ ਲੈ ਅਸੀਂ ਮੁੜ ਮਾਨੀ ਦੇ ਦਿਲ ਦਾ ਲੇਖਾ,ਜੋਖਾ ਕਰਨ ਲੱਗ ਪਏ। ਸੱਚੀ ! ਉਸਦਾ ਦਿਲ ਪੂਰਾ, ਸੂਰਾ ਨਹੀਂ ਸੀ। ਦਿਲ ਦੇ ਖ਼ਾਕੇ ਵਿੱਚ ਆਸਮਾਨੀ ਬਿਜਲੀ ਦੀ ਚਮਕ ਵਰਗੀ ਵਿੰਗ, ਤੜਿੰਗੀ ਰੇਖਾ ਵੀ ਸੀ ਜਿਹੜੀ ਸਾਬਤ ਦਿਲ ਨੂੰ ਦੋ ਟੁਕੜਿਆਂ 'ਚ ਵੰਡ ਰਹੀ ਸੀ।

ਰਵਾਂ, ਰਵੀਂ ਚੱਲਦੀ ਕਹਾਣੀ ਕਿਸੇ ਉੱਬੜ, ਖ਼ਾਬੜ ਰਸਤੇ ਤੁਰ ਪਈ। ਜਿਵੇਂ ਆਪਣੇ ਅੰਦਰੂਨੀ ਗੁੱਸੇ, ਬੇਧਿਆਨੀ ਤੇ ਗ਼ਲਤੀ ਕਾਰਨ ਪਿਤਾ ਸ਼੍ਰੀ ਵਾਂਗ ਪੂੜੇ ਬਣਾਉਣ ਵਾਲਾ ਮਸਾਲਾ ਮੁੜ ਹੱਥੋਂ ਖਿੰਡਰ, ਪੁੰਡਰ ਗਿਆ ਹੋਵੇ ... ਕੁਝ ਪਲ ਪਹਿਲਾਂ ਮਨ 'ਚ ਉੱਕਰਿਆ ਮਾਨੀ ਦਾ ਸਿਆਣਾ, ਬਿਆਣਾ ਅਤੇ ਦਿਆਲੂ ਅਕਸ ਅੱਖ ਝੱਪਕਦਿਆਂ ਖੇਰੂੰ, ਖੇਰੂੰ ਹੋ ਗਿਆ।

ਸੱਚ, ਮੁੱਚ ਉਸਨੇ ਸਾਨੂੰ ਦੇਣ ਵਾਲਾ ਦਿਲ ਖੁਸ਼ੀ ਨਾਲ ਨਹੀਂ ਸੀ ਉਲੀਕਿਆ ... ਦਿਲ, ਜਿਸਨੂੰ ਬਣਾਉਣ ਵੇਲੇ ਮਾਨੀ ਨੂੰ ਵੀ ਬੜੇ ਵੱਡੇ ਮਾਨਸਿਕ ਸੰਘਰਸ਼ 'ਚੋਂ ਗੁਜਰਨਾ ਪਿਆ ਹੋਏਗਾ ... ਸਾਡੇ ਵਾਂਗ ਉਸਨੇ ਵੀ ਗੁੱਸੇ ਨਾਲ ਦੰਦੀਆਂ ਕਰੀਚੀਆਂ ਹੋਣਗੀਆਂ ... ਪਰ ਹਾਂ, ਉਸਦੇ ਫੈਸਲੇ ਨੂੰ ਵੀ ਦਾਦ ਦੇਣੀ ਬਣਦੀ ... ਪਲਾਂ, ਛਿਣਾਂ 'ਚ ਜੁਆਬੀ ਗੁੱਸਾ ਪ੍ਰਗਟਾਉਣ ਲਈ ਇਸਤੋਂ ਵੱਡਾ ਕੋਈ ਹੋਰ ਕੰਮ ਵੀ ਨਹੀਂ ਸੀ ਹੋ ਸਕਦਾ ...

ਤੌਬਾ ! ਤੌਬਾ !! ਸਾਡੀ ਰਾਤ ਵਾਲੀ ਕੁਰਖ਼ਤ ਤੇ ਬੇਹੂਦਾ ਹਰਕਤ ਨੇ ਨੰਨ੍ਹੀ, ਮੁੰਨੀ ਮਾਨੀ ਦਾ ਦਿਲ ਤੋੜ ਦਿੱਤਾ। ਜੇ ਕਰ ਸਾਰੇ ਦਿਨ ਦੀ ਥੱਕੀ, ਹਾਰੀ ਮਾਨੀ ਨੈੱਟ ਚਲਾਉਣਾ ਭੁੱਲ ਗਈ ਤਾਂ ਕਿਹੜਾ ਪਹਾੜ ਟੁੱਟ ਪਿਆ ਸੀ ... ਸਾਨੂੰ ਵੀ ਬੇਚਾਰੀ ਮਾਨੀ ਨੂੰ ਗੁੱਸੇ ਨਾਲ ਝਿੜਕਣਾ ਨਹੀਂ ਸੀ ਚਾਹੀਦਾ ... ਬੱਚੇ ਤਾਂ ਬੱਚੇ ਹੁੰਦੇ ਨੇ ... ਸਾਡੇ ਵਰਗੇ ਵੱਡ, ਵਡੇਰਿਆਂ ਨੂੰ ਆਪਿਉਂ ਬਾਹਰ ਹੋ ਬਚਕਾਨਾ ਹਰਕਤਾਂ ਨਹੀਂ ਕਰਨੀਆਂ ਚਾਹੀਦੀਆਂ ... ਚੜ੍ਹੇ ਦਿਨ ਆਪਣੀ ਸਾਰੀ ਸੂਝ, ਸਿਆਣਪ ਛੁਟਕੀ ਮਾਨੀ ਦੇ ਮੁਕਾਬਲੇ ਬੜੀ ਤੁੱਛ ਲੱਗਣ ਲੱਗੀ ...

ਖੈਰ ! ਹੁਣ ਤਾਂ ਮਾਨੀ ਸਕੂਲ ਗਈ ਹੋਈ ਏ। ਰੱਬ ਕਰੇ, ਉਹ ਹੱਸਦੀ, ਖੇਡਦੀ ਛੇਤੀ, ਛੇਤੀ ਸਕੂਲੋਂ ਵਾਪਸ ਆ ਜਾਏ ... ਜਦੋਂ ਹੀ ਉਹ ਸਕੂਲੋਂ ਵਾਪਸ ਆਏਗੀ ਤਾਂ ਸਭ ਤੋਂ ਪਹਿਲਾਂ ਉਸ ਕੋਲੋਂ ਰਾਤ ਵਾਲੀ ਆਪਣੀ ਗ਼ਲਤੀ ਦੀ ਮਾਫ਼ੀ ਮੰਗਾਂਗੇ ਤੇ ਫਿਰ ਉਸ ਕੋਲੋਂ ਟੁੱਟੇ ਹੋਏ ਦਿਲ ਦੀ ਥਾਂ ਸਾਬਤ ਦਿਲ ਵਾਲਾ ਹਲਫ਼ੀਆ ਬਿਆਨ ਲੈਣ ਲਈ ਅਰਜੋਈ ਕਰਾਂਗੇ ... ਪੂਰੀ ਉਮੀਦ ਏ ਕਿ ਸਾਡੀ ਸਿਆਣੀ ਮਾਨੀ ਆਪਣੇ ਦਿਮਾਗ ਦੇ ਗਮਲੇ ਵਿੱਚ ਬੀਜਿਆ ਕੋਈ ਸਾਬਤ ਦਿਲ ਸਾਨੂੰ ਜਰੂਰ ਦੇ ਦਏਗੀ ...

# ਚਾਂਦੀ ਵੰਨੀ ਲਿਟ

ਕਿਸੇ ਕੋਲ ਦੋ ਘੜੀਆਂ ਸਮਾਂ ਕੱਟਣ ਲਈ ਬੈਠ ਜਾਓ ... ਗੱਲਾਂ, ਗੱਲਾਂ 'ਚ ਖੰਭਾਂ ਦੀ ਡਾਰ ਬਣ ਜਾਂਦੀ ... ਡਾਰਾਂ ਦੇ ਨਾਲ ਉੱਡ ਤੁਰਦੀਆਂ ਕਥਾ, ਕਹਾਣੀਆਂ ... ਲੰਮ, ਸੁਲੰਮੀਆਂ ... ਕਾਲੀਆਂ, ਪੀਲੀਆਂ ... ਬੌਣੀਆਂ, ਸਿਰ-ਪੈਰ ਵਿਹੂਣੀਆਂ ... ਅਜੀਬੋ ਗ਼ਰੀਬ ਟਾਂਕੇ, ਤ੍ਰੋਪਿਆਂ ਵਾਲੀਆਂ ਕਹਾਣੀਆਂ ਜੋ ਬੰਦੇ ਦੇ ਆਪਣੇ ਹਿੱਸੇ, ਮੇਚੇ ਵਾਲੀਆਂ ਹਲਕੀਆਂ, ਫੁਲਕੀਆਂ ਮੁਹੱਬਤਾਂ, ਨਫਰਤਾਂ ਤੇ ਹੈਰਾਨੀਆਂ, ਪ੍ਰੇਸ਼ਾਨੀਆਂ 'ਚ ਮਣਾਂ ਮੂੰਹੀਂ ਖਲਲ ਪਾਉਂਦੀਆਂ ...

ਖੈਰ ! ਸਾਰੀ ਗੱਲ ਸ੍ਰੀ ਮਤੀ ਤੋਂ ਸ਼ੁਰੂ ਹੋਈ ... ਨਾ ਆਪਣੀ ਸਹੇਲੀ ਪ੍ਰੀਤ ਕੋਲ ਜਾਂਦੀ ... ਨਾ ਘੜੀ, ਪਲ ਉੱਥੇ ਬਹਿ ਗਿੱਟ-ਮਿੱਟ ਕਰਦੀ ... ਨਾ ਖੰਭਾਂ ਦੀ ਡਾਰ ਬਣਦੀ ...

ਸ੍ਰੀ ਮਤੀ ਦੱਸਦੀ ਸੀ ... ਪ੍ਰੀਤ ਮੈਡਮ ਦੇ ਘਰਾਂ 'ਚ 'ਰੂਬੀ ਐਨੀਵਰਸਰੀ' ਕਹਾਉਂਦੀ ਵਿਆਹ ਦੀ ਚਾਲੀਵੀਂ ਵਰ੍ਹੇਗੰਢ ਮੁੱਢੋਂ, ਸੁੱਢੋਂ ਮਨਾਉਂਦੇ ... ਕਾਰਡ ਛੱਪਦੇ ... ਵਿਆਹ ਵਾਲੇ ਨਵੇਂ ਲੀੜੇ ਬਣਦੇ ... ਨਾਨਕੇ, ਦਾਦਕੇ ਆਉਂਦੇ ... ਤੇ ਫਿਰ ਕਿਸੇ ਵੱਡੇ ਹੋਟਲ ਵਿੱਚ ਮੁੜ ਲਾਵਾਂ, ਫੇਰੇ ਕੀਤੇ ਜਾਂਦੇ ...

ਆਪਸ ਵਿੱਚ ਮੋਹ, ਮੁਹੱਬਤਾਂ ਹੋਣ ... ਤੁਹਾਡੀ ਗ੍ਰਿਹਸਥ ਗੱਡੀ ਸਾਵੀਂ-ਪੱਧਰੀ ਚੱਲਦੀ ਹੋਏ ... ਤੁਸੀਂ ਅਜਿਹੀਆਂ ਬੱਦਬਲਾਵਾਂ ਨੂੰ ਆਪਣੇ ਘਰਾਂ 'ਚ ਘੁਸਰ ਜਾਣ ਦੀ ਆਗਿਆ ਦੇ ਦਿਓਗੇ ?... ਸ਼ਾਇਦ ਕਦੀ ਵੀ ਨਹੀਂ ...

ਭਾਈ ! ਇਹ ਵੀ ਹੋ ਸਕਦੈ ਕਿ ਸ੍ਰੀ ਮਤੀ ਨੇ ਸਾਡੀ ਈਗੋ ਨੂੰ ਹਰਟ ਕਰਨ ਲਈ ਪ੍ਰੀਤ ਮੈਡਮ ਵਾਲੀ ਕਹਾਣੀ ਦਾ ਆਸਰਾ ਭਾਲਿਆ ਹੋਏ ...

ਖ਼ੈਰ ! ਮਰਦਾ, ਕੀ ਨਹੀਂ ਕਰਦਾ ... ਸੁਣ ਸੁਣਾ ਕੇ ਅਸੀਂ ਵੀ ਆਪਣੀ 'ਰੂਬੀ ਐਨੀਵਰਸਰੀ' ਵਾਲੇ ਜੰਜਾਲ ਨੂੰ ਸਮਰਪਿਤ ਐੱਲਜੀ ਦਾ ਫੈਮਿਲੀ ਸਾਈਜ਼ ਫਰਿੱਜ ਖ਼ਰੀਦ ਲਿਆਏ ... ਸੁੱਖ, ਜੋ ਉਸ ਨੇ ਦੇਣਾ ਸੀ ਦੇ ਰਿਹਾ ... ਥੋੜ੍ਹਾ ਕੁ ਪ੍ਰਸ਼ਾਦ ਚਿੰਤਾ ਦਾ ਵੀ ਨਾਲ ਹੀ ਮਿਲ ਗਿਆ ... ਚਿੰਤਾ, ਜਿਹੜੀ ਕਿਸੇ ਲਈ ਖੁਸ਼ੀ ਵੀ ਹੋ ਸਕਦੀ ... ਸਾਡੇ ਲਈ ਤਾਂ ਬਿਲਕੁਲ ਵੀ ਨਹੀਂ ... ਗਿਫ਼ਟ ਵਿੱਚ ਮਿਲਿਆ ਗਿਫ਼ਟ ਵਾਊਚਰ ਤੇ ਟੂਰ ਪੈਕੇਜ ਹੀ ਚਿੰਤਾ ਦਾ ਵਿਸ਼ਾ ਬਣ ਗਏ ...

ਫਰਿੱਜ ਨਾਲ ਇੱਕ ਸਕ੍ਰੈਚ ਕਾਰਡ ਵੀ ਮਿਲਿਆ ਸੀ ਜਿਸਨੂੰ ਮੌਕੇ 'ਤੇ ਸਕ੍ਰੈਚ ਕਰਕੇ ਭੋਗ ਪਾ ਦਿੱਤਾ ... ਵਿੱਚੋਂ ਪ੍ਰੋਵੋਗ ਦੀ ਟੀਸ਼ਰਟ ਨਿਕਲੀ ਸੀ ... ਨਿਕਲਣ ਨੂੰ ਕਾਰਡ ਵਿੱਚੋਂ ਫਰਿੱਜ ਦੇ ਨਾਲ ਜੁੜਵਾਂ ਫਰਿੱਜ, ਏਅਰ ਕੰਡੀਸ਼ਨਰ ਜਾਂ ਹੋਮ ਥੀਏਟਰ ਵੀ ਨਿਕਲ ਸਕਦਾ ਸੀ ਪਰ ਜੋ ਕੁਝ ਨਿਕਲਣਾ

ਹੁੰਦਾ ਏ, ਕਹਿੰਦੇ ਨੇ ਨਾ, ਉਹ ਸਾਡੇ ਮਨ-ਮੱਥਿਆਂ ਉੱਤੇ ਨਿਰਭਰ ਕਰਦਾ ਏ ... ਦੇਣ ਵਾਲੇ ਨੇ ਦੇਣਾ ਹੋਏ ਤਾਂ ਝੋਲੀਉਂ ਵੱਡੀਆਂ ਦਾਤਾਂ ਬਖਸ਼ ਦਿੰਦਾ ...

ਹਾਂ ਸੱਚ ! ਦੱਸਿਆ ਸੀ ਨਾ ਗਿਫ਼ਟ ਵਾਊਚਰ ਤੇ ਟੂਰ ਪੈਕੇਜ ਸਾਡੇ ਕੋਲ ਨੇ ਜਿਨਾਂ ਨੂੰ ਤਰੀਕੇ ਤੇ ਸਲੀਕੇ ਨਾਲ ਵਰਤਣਾ ਬਾਕੀ ਏ ... ਵਾਊਚਰ ਦਾ ਨਿਬੇੜਾ ਹੋਏ ਤਾਂ ਟੂਰ ਪੈਕੇਜ ਦੀ ਗੱਲ ਤੁਰੇ ... ਵਾਊਚਰ ਉੱਤੇ ਮਾਊਂਟ ਵਿਊ ਹੋਟਲ ਵਾਲੀ ਮਾਰਕੀਟ ਵਿੱਚ ਕਿਸੇ ਜਿਊਲਰ ਦਾ ਪਤਾ ਲਿਖਿਆ ਹੋਇਆ ਏ ... ਸ਼ਰਤ ਵੀ ਨਾਲ ਲਿਖੀ ਹੋਈ ਕਿ ਇੱਕੀ ਹਜ਼ਾਰ ਰੁਪਏ ਦੀ ਡਾਇਮੰਡ ਜਿਊਲਰੀ ਖਰੀਦੋਗੇ ਤਾਂ ਇੱਕੀ ਸੌ ਰੁਪਏ ਦੀ ਛੋਟ ਮਿਲੇਗੀ ...

ਫਰਿੱਜ ਨਾਲ ਜੁੜੀਆਂ ਹੋਰ ਗਿਫਟਾਂ ਬਾਰੇ ਤਾਂ ਪਤਾ ਨਹੀਂ ਪਰ ਸ੍ਰੀ ਮਤੀ ਨੂੰ ਗਿਫ਼ਟ ਵਾਊਚਰ ਬਹੁਤ ਪਸੰਦ ਆਇਆ ... ਆਖਦੀ ਸੀ, 'ਵੇਖੋ ! ਕਿੰਨੀ ਚੰਗੀ ਸਾਡੀ ਕਿਸਮਤ ... ਵਿਆਹ ਦੀ ਚਾਲੀਵੀਂ ਵਰ੍ਹੇਗੰਢ ਮਨਾਉਣ ਤੋਂ ਪਹਿਲਾਂ, ਪਹਿਲਾਂ ਗੁਰੂ ਮਹਾਰਾਜ ਨੇ ਡਾਇਮੰਡ ਦੀ ਰਿੰਗ ਖ਼ਰੀਦਣ ਲਈ ਸਾਨੂੰ ਗਿਫ਼ਟ ਵਾਊਚਰ ਭਿਜਵਾ ਦਿੱਤੈ ...

ਸੱਚੀ ! 'ਆਇਓ ਕਦੀ ਵੇਲੇ ਸਿਰ ਘਰ ... 'ਰੂਬੀ ਐਨੀਵਰਸਰੀ' ਮਨਾਉਣ ਲਈ ਇੱਕਠੇ ਡਾਇਮੰਡ ਜਾਂ ਰੂਬੀ ਦਾ ਕੋਈ ਨਿੱਕਾ, ਮੋਟਾ ਗਹਿਣਾ ਖ਼ਰੀਦ ਲਿਆਵਾਂਗੇ' ...

ਸ੍ਰੀ ਮਤੀ ਜੋ ਵੀ ਆਖਦੀ, ਆਪਣੀ ਥਾਏਂ ਨਾਪ, ਤੋਲ ਕੇ ਠੀਕ ਆਖਦੀ ... ਘਰ ਨੂੰ ਵੀ ਸਿਆਣੀ ... ਪੈਂਤੀ, ਚਾਲੀ ਸਾਲਾਂ ਬਾਅਦ ਉਸ ਲਈ ਡਾਇਮੰਡ ਜੜਿਆ ਇੱਕ, ਅੱਧ ਗਹਿਣਾ ਖ਼ਰੀਦ ਲੈਣ 'ਚ ਸਾਨੂੰ ਕੋਈ ਹਰਜ਼ ਨਹੀਂ ... ਪਰ ਮਹਾਰਾਜ ਦਾ ਵੀ ਫ਼ਰਜ਼ ਬਣਦਾ ਸੀ ਕਿ ਗਿਫ਼ਟ ਵਾਊਚਰ ਦੇ ਨਾਲ, ਨਾਲ ਕਿੱਧਰੋਂ ਮਾਇਆ ਦਾ ਮੋਟਾ ਗੱਫਾ ਵੀ ਭੇਜ ਦਿੰਦੇ ...

ਸਾਡੀ ਸ੍ਰੀ ਮਤੀ ਭੋਲੀ ਵੀ ਬੜੀ ... ਲੱਗਦੀ ਵਾਹੇ ਉਸਨੂੰ ਤੱਤੀਆਂ ਹਵਾਵਾਂ ਤੋਂ ਬਚਾ, ਬਚਾ ਰੱਖੀਦਾ ... ਪਰ ਘਰਾਂ 'ਚ ਘਰ ਬਣਾ ਚੁਕੇ ਤੇ ਠੰਡੇ, ਮਿੱਠੇ ਸੁਪਨੇ ਵਿਖਾ ਕੇ ਲੱਕ ਤੋੜ ਦੇਣ ਵਾਲੇ ਕਾਰਪੋਰੇਟ ਯੁੱਗ ਦਾ ਕੋਈ ਕੀ ਕਰੇ ?... ਬੰਦਾ ਇਨਾਂ ਦੇ ਲੁਭਾਉਣੇ ਭਰਮ ਜਾਲਾਂ 'ਚ ਫੱਸਣ ਲਈ ਭੋਰਾ ਦੇਰ ਨਹੀਂ ਲਾਉਂਦਾ ...

ਦੱਸੋ, ਭਲਾ ਵਾਊਚਰ ਵਰਤਣ ਲਈ ਵੀਹ, ਤੀਹ ਹਜ਼ਾਰ ਰੁਪਏ ਪੱਲਿਉਂ ਪਾ ਕੇ ਤਮਾਸ਼ਾ ਵੇਖਣ ਲਈ ਕੋਈ ਆਪਣਾ ਘਰ ਕਿਉਂ ਫੂਕੇ ? ... ਜਾਂ ਫਿਰ ਫੁਕਦੇ ਹੋਏ ਘਰ ਨੂੰ ਆਪਣੀਆਂ ਅੱਖਾਂ ਨਾਲ ਵੇਖਣ ਲਈ ਬੰਦਾ ਲੋਏ, ਲੋਏ ਘਰ ਨੂੰ ਕਿਉਂ ਜਾਏ ? ...

ਚਾਲੀ ਕੁ ਵਰ੍ਹੇ ਪਹਿਲਾਂ ਦੀ ਸੁਣੋ ... ਉਦੋਂ ਅਸੀਂ ਸਰਕਾਰੀ ਅਧਿਆਪਕ ਬਣ ਚੁਕੇ ਸੀ ਤੇ ਆਪਣੀ ਯੋਗਤਾ ਵਧਾਉਣ ਲਈ ਮਾਮਾ ਗੁਰਮੁਖ ਸਿੰਘ ਜੀ ਦੇ ਘਰੋਂ ... ਨਾਂ ਯਾਦ ਨਹੀਂ ਆ ਰਿਹਾ ...

ਮਾਮੀ ਗੁਰਮੁਖੀ ਕਹੀਦਾ ਸੀ ਉਨਾਂ ਨੂੰ ... ਨੌਕਰੀਉਂ ਬਾਅਦ ਸ਼ਾਮ ਵੇਲੇ ਉਨਾਂ ਨਾਲ ਇੱਕਠੇ ਪੱਤਰ ਵਿਹਾਰ ਰਾਹੀਂ ਪੰਜਾਬੀ ਯੂਨੀਵਰਸਿਟੀ ਤੋਂ ਪੰਜਾਬੀ ਦੀ ਐੱਮ.ਏ. ਲਈ ਤਿਆਰੀ ਕਰਦੇ ... ਨਾਂ ਨੂੰ ਛੱਡੋ ... ਨਾਵਾਂ 'ਚ ਕੀ ਪਿਆ ਹੁੰਦਾ ... ਨਿੱਘ, ਮੋਹ ਤਾਂ ਪੁਰ-ਖ਼ਲੂਸ ਰਿਸ਼ਤਿਆਂ ਦਾ ਹੁੰਦਾ ... ਰਿਸ਼ਤੇ, ਜਿਹੜੇ ਬਿਨ ਸ਼ਰਤੋਂ ਨਿਭੇ, ਨਿਭਾਏ ਹੁੰਦੇ ...

ਮਾਮਾ ਜੀ ਸਿੱਖਿਆ ਅਧਿਕਾਰੀ ਤੇ ਮਾਮੀ ਗੁਰਮੁਖੀ ਸਰਕਾਰੀ ਸਕੂਲ ਵਿੱਚ ਅਧਿਆਪਕਾ ਹੁੰਦੀ ਸੀ ... ਸ਼ਾਇਦ, ਉਹ ਸਾਡੇ ਬਾਰੇ ਭਲਾ ਹੀ ਸੋਚਦੇ ਹੋਣਗੇ ... ਉਨਾਂ ਕੀ ਕੀਤਾ, ਚੁੱਪ, ਚੁਪੀਤੇ ਆਪਣੀ ਸਹੇਲੀ ਨਾਲ ਸਾਡੇ ਵਿਆਹ ਲਈ ਵਿਚੋਲਗੀ ਦੀ ਸ਼ੁਰੂਆਤ ਕਰ ਦਿੱਤੀ ... ਆਪਣੇ ਬਲ, ਬੂਤੇ ਗੰਢ, ਤੁੱਪ ਕਰ ਲਈ ... ਅਜੀਤ ਵਿਦਿਆਲੇ ਪੜ੍ਹਾਉਂਦੀ ਆਪਣੀ ਸਹੇਲੀ ਦੀ ਛੋਟੀ ਭੈਣ ਦੁਸ਼ਲਾ ਅਤੇ ਉਸਦੀ ਸਹੇਲੀ ਭਾਵ ਸਾਡੀ ਹੋਣ ਵਾਲੀ ਸ੍ਰੀ ਮਤੀ ਨੂੰ ਆਪਣੀ ਕੋਠੀ ਬੁਲਾ ਲਿਆ ... ਪਤਿਆ ਕੇ ਉਨਾਂ ਸਾਨੂੰ ਵੀ ਆਪਣੇ ਘਰ ਸੱਦ ਲਿਆ।

ਉਦੋਂ ਵੀਹ, ਬਾਈ ਸਾਲਾਂ ਦੇ ਹੁੰਦੇ ਹੋਵਾਂਗੇ ... ਦੀਨ, ਦੁਨੀਆਂ ਦੀ ਬਾਹਲੀ ਸੋਝੀ ਨਹੀਂ ਸੀ ਹੁੰਦੀ ... ਕਿਸੇ ਦੇ ਛੂਹ ਲੈਣ 'ਤੇ ਸ਼ਰਮ ਨਾਲ ਕੁਮਲਾ ਜਾਣ ਵਾਲੀ ਲਾਜਵੰਤੀ ਦੇ ਪੌਦੇ ਵਰਗੇ ਹੁੰਦੇ ... ਜਦੋਂ ਕਦੀ ਵਿਆਹ ਦੀ ਗੱਲ ਤੁਰਨੀ, ਸੁਣਦਿਆਂ ਸਾਰ ਅਸੀਂ ਪੱਤੀ, ਪੱਤੀ ਕੁਮਲਾ ਜਾਂਦੇ ... ਛਾਈਂ, ਮਾਈਂ ਹੋ ਜਾਂਦੇ ... ਸਾਰੇ ਦੇ ਸਾਰੇ ਆਪਣੇ ਆਪ ਵਿੱਚ ਸਿਮਟ ਜਾਂਦੇ ...

ਖੈਰ ! ਮਾਮੀ ਘਰ ਸਾਡੀ ਹੋਣ ਵਾਲੀ ਸ੍ਰੀ ਮਤੀ ਆਪਣੀਆਂ ਤਿੰਨ, ਚਾਰ ਸਹੇਲੀਆਂ ਵਿੱਚ ਘਿਰੀ ਬੈਠੀ ਸੀ। ਗਲ ਵਿੱਚ ਖੱਟੀ, ਪੀਲੀ ਚੁੰਨੀ ... ਵੱਡੇ, ਵੱਡੇ ਬਸੰਤੀ ਫੁੱਲਾਂ ਵਾਲਾ ਸਲੇਟੀ ਰੰਗ ਦਾ ਕਮੀਜ਼ ... ਚਿਹਰਾ ਤਾਂ ਉਸ ਵੇਲੇ ਦਾ ਯਾਦ ਨਹੀਂ ਪਰ ਪਿੱਠ ਪਿੱਛੇ ਝੂਲਦੀ ਲੰਮੀ, ਕਾਲੀ ਗੁੱਤ ਅੱਜ ਤੀਕ ਯਾਦ ਏ ... ਉਦੋਂ ਅਸੀਂ ਉਸਦਾ ਮੁੱਖੜਾ ਨਹੀਂ, ਰੇਸ਼ਮੀ ਵਾਲਾਂ ਦੀ ਗੁੱਤ ਵੇਖ ਕੇ ਮਰ ਮੋਏ ਸੀ ...

ਅੱਖ ਝਪਕਦਿਆਂ ਵਿਆਹ ਵਾਲੇ ਚਾਲੀ ਸਾਲ ਬੀਤ ਗਏ ... ਸੁੱਖ, ਸਕੂਨ ਭਰਿਆ ਵੇਲਾ ਕਿ ਗੁਜ਼ਰੇ ਦਾ ਪਤਾ ਨਹੀਂ ਲੱਗਾ ... ਚੋਰਾਂ ਵਾਂਗ ਦੱਬੇ ਪੈਰੀਂ ਲਾਗਿਉਂ ਦੀ ਖਿਸਕਦਾ ਜਾਂਦਾ ... ਅਸੀਂ ਪਰਵਾਸੀ ਪਰਿੰਦੇ ਹੁਣ ਜੀਵਨ ਦੀ ਪੈਂਹਠਵੀਂ ਜਲਧਾਰਾ ਵਿੱਚ ਵਹਿੰਦੇ ... ਕਿਸੇ ਨੂੰ ਕੀ ਪਤਾ ਕਿ ਸ਼ਾਂਤ ਵਹਿੰਦੇ ਪਾਣੀ ਕਦੋਂ ਅਸ਼ਾਂਤ ਹੋ ਜਾਣ ? ... ਆਈ, ਚਲਾਈ ਦਾ ਪੰਧ ਮੁਕਾ ਚੁਕੇ ਵੱਡ, ਵਡੇਰਿਆਂ ਦਾ ਲੇਖਾ-ਜੋਖਾ ਕਰਦਿਆਂ ਔਸਤ ਉਮਰ ਪੰਧ ਦੇ ਹੋਰ ਦਸ ਕੁ ਸਾਲ ਹੀ ਹਿੱਸੇ ਵਿੱਚ ਬਾਕੀ ਬਚੇ ਹੋਣਗੇ ...

ਸ੍ਰੀ ਮਤੀ ਦੀ ਠੋਡੀ ਹੇਠਲਾ ਮਾਸ ਥੋੜ੍ਹਾ ਢਿਲਕ ਗਿਆ ... ਇਹ ਵੀ ਦਿਸਦਾ ਕਿ ਉਸਦੀ ਗੁੱਤ ਵੀ ਹੁਣ ਪਹਿਲਾਂ ਵਾਲੇ ਸਲੀਕੇ ਨਾਲ ਨਹੀਂ ਕੀਤੀ ਹੁੰਦੀ ... ਵੇਖ ਕੇ ਪਹਿਲਾਂ ਵਰਗਾ ਸਕੂਨ ਨਹੀਂ ਮਿਲਦਾ ...ਖਿੱਝ ਮੱਚਦੀ ... ਨਾ ਚਾਹੁੰਦਿਆਂ ਵੀ ਲੋੜ ਨਾਲੋਂ ਵੱਧ ਉੱਚੀ ਤੇ ਖਰਵਾ ਬੋਲ ਜਾਈਦਾ ...

ਉਸਦਾ ਵੀ ਫਰਜ਼ ਬਣਦਾ ਕਿ ਉਹ ਅੱਗੋਂ ਹੋਰ ਉੱਚੀ ਬੋਲੇ ... ਬਦਲੇ ਵਿੱਚ ਸਾਨੂੰ ਘੂਰੇ ... ਘਰ ਵਿੱਚ ਦੂਣਾ, ਚੌਣਾ ਖਲਲ ਪਾਏ ... ਪਰ ਨਹੀਂ, ਉਹ ਸੁਲੱਖਣੀ ਬੋਲਣ ਦੀ ਥਾਂ ਨਿੰਮਾਂ, ਨਿੰਮਾਂ ਹੱਸ ਛੱਡਦੀ ... ਪਿਉ ਦੀ ਧੀ, ਕਦੀ ਜੁਆਬੀ ਹਮਲਾ ਨਹੀਂ ਕਰਦੀ ... ਹਮੇਸ਼ਾ ਸਾਡੀ ਮੈਂ ਨੂੰ ਛੁਟਿਆਉਂਦੀ ... ਮਸਤ, ਅਲਮਸਤ ਕਿਸੇ ਅਦਿੱਖ ਪੈਂਡੇ ਪਈ ਲੰਮੀ ਸਾਰੀ ਸਮਝੌਤਾ ਐਕਸਪ੍ਰੈੱਸ ...

ਜਦੋਂ ਕਦੀ ਨਜ਼ਰੋਂ ਓਹਲੇ ਹੁੰਦੀ, ਆਪਣੇ ਉੱਚੀ ਬੋਲਣ ਦੇ ਕਾਰਨ ਟੋਲਦੇ ... ਦਿਨ ਭਰ ਦੇ ਨਫ਼ੇ-ਨੁਕਸਾਨ ਦਾ ਹਿਸਾਬ-ਕਿਤਾਬ ਕਰਦੇ ... ਤਨ, ਮਨ ਦੀ ਬੜੀ ਉਥੱਲ-ਪੁਥੱਲ ਕਰਦੇ ... ਪਸੀਨੋਂ, ਪਸੀਨੀਂ ਹੁੰਦੇ ... ਬੜੀ ਦੂਰ ਜਾ ਕੇ ਯਾਦ ਆਉਂਦਾ ਕਿ ਜਦੋਂ ਵੀ ਕਦੀ ਸਾਡੀ ਨਜ਼ਰ ਉਸ ਦੇ ਉੱਲਝੇ ਤੇ ਖਿੱਲਰੇ ਵਾਲਾਂ 'ਤੇ ਪੈਂਦੀ ਏ ... ਉਦੋਂ ਆਪਿਉਂ ਬਾਹਰ ਹੋਣ ਤੋਂ ਸਿਵਾਏ ਸਾਡੇ ਕੋਲ ਮਨਪ੍ਰਚਾਵੇ ਲਈ ਹੋਰ ਕੋਈ ਹੀਲਾ, ਵਸੀਲਾ ਨਹੀਂ ਬਚਿਆ ਹੁੰਦਾ ... ਇਸੇ ਕਾਰਨ ਕਦੀ, ਕਦਾਈਂ ਲੋੜ ਤੋਂ ਵੱਧ ਉੱਚੀ ਬੋਲਦੇ ਹੋਵਾਂਗੇ ...

ਬੀਤੀ ਰਾਤ ਕੀ ਹੋਇਆ, ਪੀਤੇ, ਖਾਧੇ 'ਚ ਬਹੁਤਾ ਯਾਦ ਨਹੀਂ ... ਸਵੇਰੇ, ਸਵੇਰੇ ਸ੍ਰੀ ਮਤੀ ਆਖ ਰਹੀ ਸੀ ... 'ਤੁਸੀਂ ਦਿਨੋਂ, ਦਿਨ ਬੁੱਧੂ ਬਣਦੇ ਜਾ ਰਹੇ ਹੋ ... ਮੁੱਦਤਾਂ ਬਾਅਦ ਆਪਣੀ ਭੈਣ ਦੇ ਘਰ ਗਈ ਸੀ ... ਵਾਰ, ਵਾਰ ਗੇਟ ਖੋਲ੍ਹਣ ਲਈ ਡੋਰ ਬੈੱਲ ਵਜਾਉਂਦੀ ਰਹੀ ... ਪਰ ਤੁਸੀਂ ਸੀ ਕਿ ਮੇਰੀ ਵਾਪਸੀ 'ਤੇ ਟੱਸ ਤੋਂ ਮੱਸ ਨਹੀਂ ਸੀ ਹੋਏ ... ਦੂਰ ਸਬਜ਼ੀ ਮੰਡੀਉਂ ਤੁਰ ਕੇ ਆਈ ਸੀ ... ਮੋਢੇ ਉੱਤੇ ਸਬਜ਼ੀਆਂ ਵਾਲੇ ਭਰੇ ਥੈਲੇ ਦਾ ਭਾਰ ਵੱਖਰਾ ਸੀ ... ਤੁਸੀਂ ਬਾਰਾਂ, ਬਾਰਾਂ ਵਜਾ ਕੇ ਘਰ ਆਉਂਦੇ ਹੋ ... ਪਿਛਲੇ ਮੋੜ ਤੋਂ ਹੀ ਤੁਹਾਡੇ ਸਕੂਟਰ ਦੀ ਆਵਾਜ਼ ਸੁਣ ਦਰਵਾਜ਼ਾ ਖੋਲ੍ਹ ਦਈਦਾ ... ਬੜੇ ਆਦਰ ਮਾਣ ਨਾਲ ਡਿੱਗਦੇ, ਢਹਿੰਦਿਆਂ ਨੂੰ ਪਹਿਲਾਂ ਤੁਹਾਨੂੰ ਤੇ ਫਿਰ ਤੁਹਾਡੇ ਸਕੂਟਰ ਨੂੰ ਅੰਦਰ ਲਿਆਈਦਾ ... ਜੇ ਭਲਾ ਅਸੀਂ ਗੇਟ ਖੋਲ੍ਹਣ 'ਚ ਦੇਰੀ ਕਰੀਏ ਤਾਂ ਤੁਹਾਨੂੰ ਕਿਵੇਂ ਮਹਿਸੂਸ ਹੋਵੇਗਾ' ? ...

'ਇੱਟ ਮਾਰ ਕੇ ਗੇਟ ਦਾ ਹੋੜਾ ਭੰਨ ਦਿਆਂਗਾ ... ਇਸ ਵਿੱਚ ਮਹਿਸੂਸ ਕਰਨ ਵਾਲੀ ਭਲਾ ਕਿਹੜੀ ਵੱਡੀ ਗੱਲ ਹੋਈ' ? ... ਕਹਿਣੀ ਸੀ ਸੋ ਮਨ ਆਈ ਗੱਲ ਕਹਿ ਦਿੱਤੀ ...

ਇੱਕ ਰਾਤ ਦੀ ਸੁਣੋ ... ਲੋਰ, ਲੋਰ 'ਚ ਬਾਗ਼ੀ ਹੋ ਗਏ ... ਜਿੰਦਰਾ ਬੰਦ ਗੇਟ ਨੂੰ ਖੜਕਾਏ ਬਿਨਾਂ ਵਾਪਸ ਮੁੜ ਗਏ ... ਰਾਤ ਮਿੱਤਰ ਸੋਢੀ ਦੇ ਘਰ ਕੱਟ ਲਈ ... ਉਵੇਂ ਜਿਵੇਂ ਉਹ ਵੀ ਕਦੀ, ਕਦਾਈਂ ਬਾਗ਼ੀ ਹੋ ਜਾਂਦਾ ... ਬਿਨਾ ਦੱਸੇ ਪੁੱਛੇ ਸਾਡੇ ਘਰ ਸੌਣ ਆ ਜਾਂਦਾ ...

ਹੋਇਆ ਕੀ, ਰਾਤ ਦੇ ਬਾਰਾਂ, ਇੱਕ ਵਜੇ ਹੋਣਗੇ ... ਸੋਢੀ ਬਾਦਸ਼ਾਹ ਨੇ ਸਾਨੂੰ ਆਪਣੇ ਘਰੇ ਇਤਲਾਹ ਦੇਣ ਲਈ ਬੜਾ ਜ਼ੋਰ ਪਾਇਆ ... ਨਾ ਆਪਾਂ ਫੋਨ ਕੀਤਾ ... ਨਾ ਉਸ ਨੂੰ ਕਰਨ ਦਿੱਤਾ ... ਉਸ ਵੇਲੇ ਬਹਾਨਾ ਘੜ ਲਿਆ ਕਿ ਬੀਵੀ ਤੇ ਬੱਚੇ ਵਾਂਢੇ ਗਏ ਹੋਏ ਨੇ ...

ਸਵੇਰ ਹੋਈ। ਸੂਰਜ ਚੜ੍ਹਨ ਤੋਂ ਪਹਿਲਾਂ, ਪਹਿਲਾਂ ਸ਼ਹਿਰ ਦੇ ਸਾਰੇ ਥਾਣਿਆਂ 'ਚ ਸਾਡੀ ਗੁੰਮਸ਼ੁਦਗੀ ਦੀ ਰਿਪੋਰਟ ਲਿਖਵਾਈ ਜਾ ਚੁੱਕੀ ਸੀ। ਦੂਸਰੇ ਦੋਸਤਾਂ ਦੇ ਘਰੀਂ ਵੱਖਰੇ ਭੜਥੂ ਪੈ ਗਏ ... ਰਾਤ ਸਾਰੀ, ਕੋਈ ਸ਼ਹਿਰ ਦੇ ਹਸਪਤਾਲ ਫਰੋਲਦਾ ਰਿਹਾ ... ਕਿਸੇ ਨੇ ਲਾਗਲੀ ਨਹਿਰ ਦਾ ਪਾਣੀ ਹੰਗਾਲਿਆ ... ਕੋਈ ਪੀਰਾਂ, ਫਕੀਰਾਂ ਦੀਆਂ ਦਰਗਾਹਾਂ 'ਤੇ

ਮੱਥੇ ਮਾਰਦਾ ਰਿਹਾ ... ਚੜ੍ਹੇ ਦਿਨ, ਉਥੋਂ ਅਸੀਂ ਨੇਮ ਮੂਜਬ ਆਪਣੇ ਦਫ਼ਤਰ ਚਲੇ ਗਏ ... ਸਾਨੂੰ ਹਕੀਕਤ ਵਿੱਚ ਜਿਉਂਦਿਆਂ, ਜਾਗਦਿਆਂ ਆਪਣੀ ਸੀਟ 'ਤੇ ਬੈਠਿਆਂ ਵੇਖ ਸਾਰੇ ਜਣਿਆਂ ਨੇ ਰੱਬ ਦਾ ਲੱਖ, ਲੱਖ ਸ਼ੁਕਰ ਮਨਾਇਆ ...

ਹੋਰ ਸੁਣੋ, ਟਿਕੀ ਰਾਤ ਵੇਲੇ ਬੰਦ ਗੇਟ ਦੇ ਹੋੜੇ 'ਤੇ ਇੱਟ ਵੀ ਮਾਰ ਵਿਖਾਈ ਸੀ ... ਇੱਕ ਵਾਰ, ਦੋ ਵਾਰ, ਤਿੰਨ ਵਾਰ ਬੈੱਲ ਵਜਾਉਣ 'ਤੇ ਵੀ ਸ੍ਰੀ ਮਤੀ ਨੇ ਗੇਟ ਨਹੀਂ ਸੀ ਖੋਲ੍ਹਿਆ ... ਫੋਨ ਵੀ ਪਹਿਲਾਂ ਕਰ ਛੱਡਿਆ ਸੀ ਕਿ ਭਾਈ ! ਜਹਾਂ ਪਨਾਹ ਘਰ ਨੂੰ ਆ ਰਹੇ ਨੇ ... ਪੰਦਰਾਂ, ਵੀਹ ਮਿੰਟ ਮਹਿਫਿਲ ਸਮੇਟਦਿਆਂ ਲੱਗ ਗਏ ... ਹਨੇਰ ਸਾਈਂ ਦਾ ... ਘਰ ਪੁੱਜੇ ਤਾਂ ਸ੍ਰੀ ਮਤੀ ਦੀ ਥਾਂ ਗੇਟ ਨੂੰ ਮਾਰਿਆ ਵੱਡਾ ਸਾਰਾ ਜਿੰਦਰਾ ਸਾਡਾ ਸਵਾਗਤ ਕਰ ਰਿਹਾ ਸੀ ...

ਰਾਤ, ਪਹਿਲਾਂ ਹੀ ਘਰੋਂ ਬਾਹਰ ਬਿਤਾ ਕੇ ਵੇਖ ਲਈ ਸੀ ... ਘਰ ਆਪਣਾ ਹੋਏ ਤੇ ਬੰਦਾ ਘਰੋਂ ਬੇਘਰ ਹੋ ਜਾਏ ... ਇਹ ਭਲਾ ਕਿਵੇਂ ਹੋ ਸਕਦਾ ਏ ? ... ਬਹਾਦਰ ਪਿੱਛੋਂ ਹੀ ਬਣ ਕੇ ਆਏ ਸੀ ... ਗੁਆਂਢੀਆਂ ਦੀ ਕਿਆਰੀ 'ਚੋਂ ਸਾਬਤ ਇੱਟ ਪੁੱਟੀ ਤੇ ਠਾਹ ਦੇਣੀ ਗੇਟ ਦੇ ਹੋੜੇ ਵਾਲੇ ਜਿੰਦਰੇ ਉੱਤੇ ਦੇ ਮਾਰੀ ... ਹੋੜਾ, ਜਿਸ ਉੱਤੇ ਲਮਕਦਾ ਹੋਇਆ ਜੰਦਰਾ ਸਾਨੂੰ ਦੰਦੀਆਂ ਝਕਾ ਰਿਹਾ ਸੀ ...

ਦੂਸਰੀ ਇੱਟ ਵੱਜਣ ਤੋਂ ਪਹਿਲਾਂ ਸ੍ਰੀ ਮਤੀ ਭੱਜੀ, ਭੱਜੀ ਝੱਟ ਬਾਹਰ ਆ ਗਈ ... ਖੜਾਕ ਸੁਣ ਪਿੰਡੋਂ ਆਏ ਬਜ਼ੁਰਗ ਪਿਤਾ ਸ੍ਰੀ ਵੀ ਆਪਣੇ ਕਮਰਿਉਂ ਬਾਹਰ ਨਿਕਲ ਆਏ ... ਰੋਂਦੀ, ਰੋਂਦੀ ਪਿਤਾ ਸ੍ਰੀ ਨੂੰ ਕਹਿਣ ਲੱਗੀ, 'ਦਾਰ ਜੀ ! ਦਿਨੋਂ, ਦਿਨ ਵਿਗੜਦੇ ਜਾ ਰਹੇ ... ਭਲਾ ਦੱਸੋ, ਤੁਹਾਡੇ ਹੁੰਦਿਆਂ ਇਨਾਂ ਨੂੰ ਸ਼ੋਭਦੀਆਂ ਨੇ ਇਹ ਹੋਸ਼ੀਆਂ ਹਰਕਤਾਂ ? ... ਨਿੱਤ ਦਿਨ, ਇਵੇਂ ਹੀ ਡਿੱਗਦੇ, ਢਹਿੰਦੇ ਆਉਂਦੇ ...

'ਕੁੜੀਏ ! ਕਿਸੇ ਅੰਨ੍ਹੇ, ਬੋਲੇ ਨਾਲ ਮੱਥਾ ਲਾਉਣ ਦਾ ਕੋਈ ਫਾਇਦਾ ਨਹੀਂ ਹੁੰਦਾ ... ਹੁਣ ਤੂੰ ਜਿੰਦਰਾ ਖੋਲ੍ਹ ਕੇ ਅੰਦਰ ਜਾ ... ਸਵੇਰੇ ਮੈਂ ਇਸ ਦੀ ਮਾਂ ਦੀ' ...

ਛੋਟੇ ਹੁੰਦਿਆਂ ਕੋਈ ਸ਼ਰਾਰਤ ਕਰਨ 'ਤੇ ਸਾਡੇ ਵਾਲ ਖੋਹ-ਖੋਹ ਕੁੱਟਣ ਵਾਲੇ ਪਿਤਾ ਸ੍ਰੀ ਨੇ ਕੰਬਦੀ ਜਿਹੀ ਆਵਾਜ਼ ਵਿੱਚ ਕਿਹਾ ਤੇ ਆਪ ਕੰਧ ਦੇ ਆਸਰੇ ਤੁਰਦੇ ਹੋਏ ਮੁੜ ਆਪਣੇ ਕਮਰੇ ਵਿੱਚ ਜਾ ਲੇਟੇ ...

ਵੇਲਾ ਸਾਂਭ, ਅਸੀਂ ਵੀ ਬੈੱਡ ਰੂਮ 'ਚ ਜਾ ਪਏ ... ਲੇਟਿਆਂ, ਲੇਟਿਆਂ ਨਾਲ ਵਾਲੇ ਕਮਰੇ 'ਚੋਂ ਪਿਤਾ ਸ੍ਰੀ ਦੇ ਬੁੜਬੜਾਉਂਣ ਦੀ ਆਵਾਜ਼ ਕੰਨੀਂ ਪੈਂਦੀ ਰਹੀ ... ਉਹ ਦੇਰ ਤੀਕ ਸੁੱਤੇ ਨਹੀਂ ਸੀ ... ਕੰਬਦੀ, ਡੋਲਦੀ ਆਵਾਜ਼ 'ਚ ਅਰਥ ਭਰੀਆਂ ਨਸੀਹਤਾਂ ਦਿੰਦੇ ਰਹੇ ... ਦਿਮਾਗ ਪਰਦੇ 'ਤੇ ਇੱਕ, ਇੱਕ ਹਰਫ਼ ਇੱਟ ਵਾਂਗ ਨਹੀਂ ਵਦਾਣ ਵਾਂਗ ਵੱਜਦਾ ਰਿਹਾ ... ਲੇਟੇ, ਲੇਟੇ ਆਖ ਰਹੇ ਸੀ ... 'ਕੁੱਤੇ-ਖੱਸੀ ਕਰਦਿਆਂ ਉਮਰ ਬਿਤਾ ਲੈਂਦਾ ਬੰਦਾ ... ਬਜਾਏ ਇਸਦੇ ਬੰਦੇ ਨੂੰ ਬੰਦੇ ਦਾ ਪੁੱਤ ਬਣ ਕੇ ਆਪਣਾ ਘਰ ਸਾਂਭਣਾ ਚਾਹੀਦੈ' ...

ਇੱਕ, ਦੋ ਵਾਰ ਸ੍ਰੀ ਮਤੀ ਵੀ ਕਮਰੇ 'ਚ ਆਈ, ਗਈ ... ਆਉਂਦੀ, ਜਾਂਦੀ ਕੀ ਸੀ ... ਉੱਡਦੀ, ਉੱਡਦੀ ਲੱਗਦੀ ਸੀ ... ਪਿਤਾ ਸ੍ਰੀ ਨੂੰ ਆਪਣੀ ਧਿਰ ਬਣਾ ਕੇ ਬੜੀ ਹਲਕੀ, ਫੁਲਕੀ ... ਚਲੋ ਛੱਡੋ, ਸ੍ਰੀ ਮਤੀ ਦਾ ਬੋਝ ਤਾਂ ਹਲਕਾ ਹੋਇਆ ... ਬੈੱਡ 'ਤੇ ਪਾਸੇ ਵੱਟਦੇ ਅਸੀਂ ਮਨ ਹੀ ਮਨ ਬੁਦਬੁਦਾਏ ...

ਆਪਣੇ ਕੰਮ, ਕਾਜ ਨਬੇੜ ਸਹਿਜੇ ਹੀ ਸ੍ਰੀ ਮਤੀ ਸਾਡੇ ਨਾਲ ਆ ਪਈ ... ਜਿਵੇਂ ਇਸ ਤੋਂ ਪਹਿਲਾਂ ਕੁਝ ਹੋਇਆ, ਵਾਪਰਿਆ ਹੀ ਨਾ ਹੋਵੇ ... ਜਾਂ ਫਿਰ ਵਾਪਰ ਚੁਕੇ ਭਾਣੇ ਵਿੱਚ ਉਸਦਾ ਕੋਈ ਹੱਥ ਹੀ ਨਾ ਹੋਵੇ ... ਇਹੀਓ ਉਸ ਦੀ ਖ਼ੂਬਸੂਰਤੀ ਏ ... ਵੇਖਾ, ਵੇਖੀ ਅਸੀਂ ਵੀ ਅਕਸਰ ਅਜਿਹੇ ਪੀੜਾਦਾਇਕ ਲਮਹਿਆਂ ਨੂੰ ਵਿਸਾਰ ਦਿੰਦੇ ... ਅਣਚਾਹੇ ਤੇ ਬੇਲੋੜੇ ਭਾਰ ਨੂੰ ਬਹੁਤੀ ਦੇਰ ਆਪਣੇ ਮੋਢਿਆਂ 'ਤੇ ਨਹੀਂ ਢੋਂਹਦੇ ...

ਰਾਤ ਗਈ, ਬਾਤ ਗਈ ... ਕਾਇਦੇ ਅਨੁਸਾਰ ਸਵੇਰ ਹੋ ਗਈ ... ਅਸੀਂ ਵਾਸ਼ਰੂਮ 'ਚ ਬੁਰਸ਼ ਕਰ ਰਹੇ ਸੀ ... ਇੱਕ ਹੱਥ ਗੁੱਤ ਤੇ ਦੂਜੇ ਹੱਥ ਕੈਂਚੀ ਫੜੀ ਆ ਗਈ ਸ੍ਰੀ ਮਤੀ ... ਬੜੀ ਹਲੀਮੀ ਨਾਲ ਉਸ ਆਖਿਆ, 'ਆਹ ਵੇਖਿਓ ! ਸਾਡੇ ਉੱਘੜ, ਦੁਗੜੇ ਵਾਲ ... ਜ਼ਰਾ ਕੁ ਬਰਾਬਰ ਕਰ ਦਿਓ' ...

ਅੰਨਾ ਕੀ ਭਾਲੇ ਦੋ ਅੱਖੀਆਂ ... ਬੁਰਸ਼ ਇੱਕ ਪਾਸੇ ਰੱਖ ਉਸ ਦੇ ਹੱਥੋਂ ਕੈਂਚੀ ਫੜ ਲਈ ... ਸਿਆਣੇ ਨਾਈ ਵਾਂਗ ਕੈਂਚੀ ਖੜਕਾਉਂਣ ਲੱਗੇ ਤੇ ਰਾਤ ਵਾਲਾ ਬਦਲਾ ਲੈਣ ਲਈ ਨਿਰਮੋਹੇ ਝਟਕਈ ਵਾਂਗ ਮੋਢੇ ਤੋਂ ਮੋਢੇ ਤੀਕ ਉਸ ਦੇ ਵਾਲ ਕੱਟ ਦਿੱਤੇ .... ਪਲਾਂ 'ਚ ਪਿੱਠ ਨੂੰ ਲੱਗਦੀ ਗੁੱਤ 'ਸ਼ੋਲਡਰ ਕੱਟ' ਬਣਾ ਦਿੱਤੀ ...

'ਹਾਏ ! ਏਡੇ ਲੰਮੇ ਕੱਟਣ ਨੂੰ ਕਿਹਾ ਸੀ' ? ... ਨਮ ਅੱਖਾਂ ਨਾਲ ਕਦੀ ਹੇਠਾਂ ਫਰਸ਼ 'ਤੇ ਪਏ ਵਾਲਾਂ ਦੇ ਵੱਡੇ ਸਾਰੇ ਗੁੱਛੇ ਨੂੰ ਤੇ ਕਦੀ ਸਾਨੂੰ ਵੇਖਦੀ ਸ੍ਰੀ ਮਤੀ ਬੋਲੀ ।

ਕਾਲਜ ਜਾਣ ਵੇਲੇ ਧੀ ਰਾਣੀ ਨੇ ਵੀ ਉਦੋਂ ਆਪਣੀ ਮਾਂ ਦੀ ਲੰਮੀ ਗੁੱਤ ਦੀ ਥਾਂ ਵਾਲਾਂ ਦੀ ਛੋਟੀ ਜਿਹੀ ਪੂੰਛੀ ਵੇਖ ਬੜੀ ਲੰਮੀ ਡਾਡ ਮਾਰੀ ਸੀ ।

ਸ਼੍ਰੀ ਮਤੀ ਦੇ ਵਾਲ ਸਵਾਰ ਸਾਡਾ ਧਿਆਨ ਆਪਣੇ ਸਿਰ ਵਾਲੇ ਬੋਝ 'ਤੇ ਚਲਾ ਗਿਆ। ਆਪਣੇ ਵਾਲ ਕਟਵਾਉਣ ਅਸੀਂ ਵੀ ਨਾਈ ਦੀ ਦੁਕਾਨ 'ਤੇ ਜਾ ਪੁੱਜੇ। ਦੁਕਾਨ ਵਿੱਚ ਵਿਹਲ ਸੀ। ਜਾਂਦਿਆਂ ਹੀ ਖਾਲੀ ਕੁਰਸੀ ਮਿਲ ਗਈ। ਆਰਾਮ ਨਾਲ ਅਸੀਂ ਕੁਰਸੀ ਉੱਤੇ ਬੈਠ ਗਏ। ਉੱਪਰ ਨਾਈ ਨੇ ਚਾਦਰ ਪਾ ਦਿੱਤੀ। ਹੇਠਾਂ ਬੁੱਕਲ ਵਿੱਚ ਅਸੀਂ ਆਪਣੇ ਹੱਥਾਂ ਦੇ ਨਹੁੰ ਆਪਸ ਵਿੱਚ ਘਸਾਉਣ ਲੱਗ ਪਏ।

ਜਿਉਂ ਹੀ ਨਾਈ ਨੇ ਪਿਚਕਾਰੀ ਨਾਲ ਸਿਰ 'ਤੇ ਪਾਣੀ ਦਾ ਤਰੌਂਕਾ ਦਿੱਤਾ, ਸਾਡੀ ਰੂਹ ਤੀਕ ਝੁਣਝੁਣਾ ਗਈ। ਕੈਂਚੀ ਦੀ ਲੈਅਮਈ ਕਤਰਨ ਨਾਲ ਖ਼ੁਮਾਰੀ ਚੜ੍ਹਨ ਲੱਗੀ। ਨਹੁੰਆਂ ਨਾਲ ਨਹੁੰ ਘਸਾਉਂਦਿਆਂ ਓ ... ਅ ... ਮ ... ਜਾਪ ਸ਼ੁਰੂ ਕਰ ਦਿੱਤਾ। ਆਖਦੇ ਨੇ ਕਿ ਲੰਮੀ ਹੇਕ ਵਿੱਚ ਜਾਪ ਕਰੀਏ ਤਾਂ ਲਿਵ ਸਿੱਧੀ ਰੱਬ ਨਾਲ ਜਾ ਜੁੜਦੀ ਏ ...

ਹਜਾਮਤ ਕਰ ਨਾਈ ਨੇ ਸਪੰਜ ਪੈਡ ਨਾਲ ਸਾਡੀ ਧੌਣ ਉੱਤੇ ਪਾਊਡਰ ਲਾਇਆ। ਬੁਰਸ਼ ਨਾਲ ਵਾਲ ਸਾਫ ਕੀਤੇ। ਅਖੀਰ, ਉਸ ਨੇ ਸਾਡੇ ਕੱਟੇ ਹੋਏ ਵਾਲਾਂ ਸਮੇਤ ਆਪਣੀ ਚਾਦਰ ਸਮੇਟ ਲਈ। ਚਾਦਰ ਹੇਠਲੇ ਸੱਚ ਨੂੰ ਉਜਾਗਰ ਕਰਨ ਦੀ ਮਨਸ਼ਾ ਨਾਲ ਨਹੁੰਆਂ ਨੂੰ ਪਹਿਲਾਂ ਨਾਲੋਂ ਤੇਜ਼ੀ ਨਾਲ ਰਗੜਦਿਆਂ ਅਸੀਂ ਬੋਲੇ, 'ਬਾਈ ਜੀ ! ਵਾਲ ਕਾਲੇ ਕਰਵਾਉਣ ਆਉਂਦੇ ਆਪਣੇ ਗਾਹਕਾਂ ਨੂੰ ਹੇਅਰ ਡਾਈ ਲਾਉਣ ਦੀ ਥਾਂ ਸਾਡੇ ਵਾਂਗ ਨਹੁੰਆਂ ਵਾਲੀ ਪ੍ਰੈਕਟਿਸ ਕਰਨ ਲਈ ਕਿਹਾ ਕਰੋ ... ਰਿਸ਼ੀ, ਮੁਨੀ ਤੇ ਵੇਦ, ਕਤੇਬ ਦੱਸਦੇ ਕਿ ਇੰਜ ਕਰਨ ਨਾਲ ਸਾਡੇ ਵਾਲ ਆਪਣੇ ਆਪ ਕਾਲੇ ਹੋ ਜਾਂਦੇ' ...

ਹਾਂ ਸੱਚ ! ਯਾਦ ਆਇਆ ... ਗੱਲ ਫਰਿੱਜ ਦੀ ਹੋ ਰਹੀ ਸੀ। ਫੈਮਿਲੀ ਸਾਈਜ਼ ਫਰਿੱਜ ਜ਼ਿੰਦਗੀ ਦੇ ਅੱਧ ਸੈਂਕੜਾ ਵਰ੍ਹੇ ਬੀਤ ਜਾਣ ਤੋਂ ਬਾਅਦ ਆਇਆ ... ਘਰ ਵਿੱਚ ਸ਼੍ਰੀ ਮਤੀ ਨੂੰ ਐਕੁਆਗਾਰਡ ਵੈਕਿਊਮ ਕਲੀਨਰ ਤੇ ਪੌੜੀ ਨੁਮਾ ਫੋਲਡਿੰਗ ਸਟੂਲ ਦੀ ਵੀ ਬੜੀ ਲੋੜੇ ਏ ... ਹੋਰ ਤੇ ਹੋਰ, ਉਹ ਆਪਣੀ ਇੱਕ ਸਹੇਲੀ ਕੋਲੋਂ ਕਾਰ ਚਲਾਉਣ ਦਾ ਸਬਕ ਵੀ ਲੈ ਆਈ ... ਬੈਠਦੀ, ਲੇਟਦੀ ਪੈਰਾਂ ਨੂੰ ਘੁਮਾਉਂਦੀ ਮੁਹਾਰਨੀ ਪੜ੍ਹਦੀ ਰਹਿੰਦੀ ... 'ਏ ਫਾਰ ਐਕਸੀਲੇਟਰ ... ਬੀ ਫਾਰ ਬ੍ਰੇਕ ... ਸੀ ਫਾਰ ਕਲੱਚ' ...

ਸਿਆਣੀ ਏਡੀ, ਬਾਜ਼ਾਰੋਂ ਲੂਣ, ਤੇਲ ਲਿਆਉਣ ਵਾਲੀ ਪਰਚੀ ਵਿੱਚ ਅਕਸਰ ਕਾਰ ਵੀ ਲਿਖ ਦਿੰਦੀ ... ਕਦੀ, ਕਦਾਈਂ ਚੰਗਾ ਮੌਕਾ ਵੇਖ ਹੌਲੀ ਜਿਹੀ ਆਖਦੀ, 'ਏ ਜੀ ! ਆਪਾਂ ਹੁਣ ਕਾਰ ਵੀ ਲੈ ਲਈਏ ... ਸੁੱਖ ਨਾਲ ਬੱਚੇ ਵੱਡੇ ਹੋ ਗਏ ਨੇ ... ਸਾਰੀਆਂ ਸਹੇਲੀਆਂ ਕਾਰਾਂ ਉੱਤੇ ਆਉਂਦੀਆਂ, ਜਾਂਦੀਆਂ ...ਵੇਖਿਓ, ਕਿੱਧਰੋਂ ਸਸਤੇ ਭਾਅ ਚੰਗੀ ਕਾਰ ਮਿਲੇ ਤਾਂ ਅੱਧਾ ਪੌਣਾ ਲੋਨ ਮੈਂ ਖੁਦ ਵੀ ਲੈ ਦਿਆਂਗੀ' ...

ਦਫ਼ਤਰ ਵਿੱਚ ਤਨਖਾਹ ਮਿਲਣ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਅਸਾਂ ਚਾਲੀ ਦੇ ਚਾਲੀ ਹਜ਼ਾਰ ਰੁਪਏ ਬੈਂਕ ਵਿੱਚੋਂ ਕਢਵਾ ਲਏ ... ਅਫ਼ਸਰ ਛੁੱਟੀ 'ਤੇ ਸੀ ... ਦਿਨ ਪੌਣਾ ਵੀ ਨਹੀਂ ਸੀ

ਡੁੱਬਾ ਕਿ ਮਾਇਆ ਸਮੇਤ ਘਰ ਪੁੱਜ ਗਏ ... ਸ਼੍ਰੀ ਮਤੀ ਤੇ ਆਂਢਣਾਂ, ਗੁਆਂਢਣਾਂ ਆਪਣੇ ਜੁਆਕ ਲਈ ਬਾਹਰ ਰੈਂਪ ਤੇ ਬੈਠੀਆਂ ਧੁੱਪ ਸੇਕ ਰਹੀਆਂ ਸਨ ... ਰਮਲੀ, ਸਾਡੀ ਕੁੱਤੀ ਵੀ ਲਾਗੇ ਲੇਟੀ ਆਪਣੇ ਕਤੂਰਿਆਂ ਨੂੰ ਦੁੱਧ ਚੁੰਘਾ ਰਹੀ ਸੀ ।

'ਲਿਆ ਨੀ ਕੁੜੀਏ ਤੇਲ ਚੋਅ ... ਅੱਜ ਤੇ ਮੇਰਾ ਪੁੱਤ ਸਵੱਖਤੇ ਹੀ ਘਰ ਆ ਗਿਆ ... ਨਾਲਦਿਆਂ ਦੀ ਝਾਈ ਨੇ ਸ਼੍ਰੀ ਮਤੀ ਦਾ ਮੋਢਾ ਹਲੂਣਦਿਆਂ ਆਖਿਆ ।

'ਭੈਣ ਜੀ ! ਸੁੱਖ ਨਾਲ ਨਵੇਂ ਕਿਰਾਏਦਾਰ ਰੱਖ ਲਏ' ? ... ਸਾਮ੍ਹਣਿਆਂ ਦੀ ਨੂੰਹ ਸ਼੍ਰੀ ਮਤੀ ਨੂੰ ਪੁੱਛਦੀ ਏ ...

ਝਾਈ ਸੁਣ ਖਿੜ, ਖਿੜਾ ਕੇ ਹੱਸ ਪਈ ... ਉਸ ਦਾ ਲੰਮਾ, ਉੱਚਾ ਹਾਸਾ ਸਾਡੀ ਰਮਲੀ ਦੇ ਕੰਨੀਂ ਵੀ ਜਾ ਪਿਆ ... ਕੁਰਖ਼ਤ ਜਿਹਾ ਹਾਸਾ ਸੁਣ, ਆਪਣੀ ਮੌਜੇ ਕਤੂਰਿਆਂ ਨੂੰ ਦੁੱਧ ਚੁੰਘਾ ਰਹੀ ਉੱਭੜਵਾਹੇ ਉੱਠ ਖਲੋਤੀ ... ਡਰਦੀ, ਮਰਦੀ  ਨਾਲ ਵਾਲੇ ਖਾਲੀ ਪਲਾਟ ਵਿੱਚ ਭੱਜ ਗਈ ...

ਹੱਥ ਉੱਤੇ ਹੱਥ ਮਾਰ ਝਾਈ ਬੋਲੀ, 'ਅੜੀਏ ! ਕਿਰਾਏਦਾਰ ਕਾਸ ਨੂੰ, ਸੁਖੀਂ-ਸਾਂਦੀ ਸਿਰ ਦਾ ਸਾਈਂ ਏ ਸਾਡੀ ਸੁਆਣੀ ਦਾ ...

ਆਂਢਣਾਂ, ਗੁਆਂਢਣਾਂ ਵਾਲੀ ਰੈਂਪ ਦੀ ਰੌਣਕ ਵਿਸਾਰ ਸ਼੍ਰੀ ਮਤੀ ਅੰਦਰ ਆ ਗਈ ।

ਉਫ਼ ! ਘੀਏ ਰੰਗਾ ਸੂਟ ... ਯੂਡੀ ਕਲੋਨ ਦੀਆਂ ਲਪਟਾਂ ... ਉੱਤੋਂ ਕੁੱਕੜ ਪੂੰਝੀ ਜੂੜਾ ... ਸਵੇਰੇ, ਸਾਜਰੇ ਬੁਰੇ ਦਾ ਬੁਰਾ ਕਰਨ ਲਈ ਵਾਲ ਕੱਟਣ ਵੇਲੇ ਖ਼ਾਬ, ਖਿਆਲਾਂ ਵਿੱਚ ਵੀ ਨਹੀਂ ਸੀ ਕਿਆਸਿਆ ਕਿ ਅਜਿਹਾ ਗਜ਼ਬ ਦਾ ਹੇਅਰ ਸਟਾਈਲ ਬਣ ਜਾਏਗਾ ...

'ਡਾਰਲਿੰਗ ! ਆਹ ਫੜੋ ਮਾਇਆ ... ਖ਼ਰੀਦ ਲਓ ਆਪਣੀ ਪਸੰਦ ਵਾਲੀ ਡਾਇਮੰਡ ਜਿਊਲਰੀ ... ਚਾਹੇ ਖ਼ਰੀਦੋ ਕਾਰ ਤੇ ਚਾਹੇ ਲਾਓ ਦੇਸ਼, ਵਿਦੇਸ਼ ਦੇ ਟੂਰ ... ਅਟੈਚੀ ਚੁੱਕੋ ... ਰਾਤ ਦੀ ਗੱਡੀ ਨਿਕਲ ਚੱਲੀਏ ਰੂਬੀ ਐਨੀਵਰਸਰੀ ਮਨਾਉਣ' ... ਬੈਂਕ ਚੋਂ ਕਢਵਾਈ ਨੋਟਾਂ ਦੀ ਥੱਬੀ ਸ਼੍ਰੀ ਮਤੀ ਨੂੰ ਦਿੰਦਿਆਂ ਅਸਾਂ ਕਿਹਾ ।

'ਹੌ ਹਾਏ ! ਸਾਹ ਲਓ ... ਮੂੰਹ, ਹੱਥ ਧੋਵੋ ... ਕੁਝ ਸੋਚਣ ਦਾ ਮੌਕਾ ਦਿਓ' ... ਡੌਰ, ਭੌਰੀ ਕਦੀ ਨੋਟਾਂ ਨੂੰ ਤੇ ਕਦੀ ਸਾਨੂੰ ਵੇਖਦੀ ਸ਼੍ਰੀ ਮਤੀ ਬੋਲੀ ।

ਬੱਸ ! ਬੱਸ !! ਘਰੋਂ ਨਿਕਲਣ ਦੀ ਤਿਆਰੀ ਕਰੋ' ... ਅਸੀਂ ਹੁਕਮਰਾਨਾਂ ਅੰਦਾਜ ਵਿੱਚ ਬੋਲੇ ।

ਸ਼੍ਰੀ ਮਤੀ ਮੁਸਕਰਾਉਣ ਲੱਗ ਪਈ ... ਤੌਬਾ ! ਤੌਬਾ !! ਚਾਲੀ ਸਾਲ ਪਹਿਲਾਂ ਵਾਲੀ ਟੂਣੇਹਾਰੀ ਮੁਸਕਰਾਹਟ ਉਸਦੇ ਬੁੱਲਾਂ ਉੱਤੇ ਖੇਡਣ ਲੱਗ ਪਈ ... ਆਖਣ ਲੱਗੀ, 'ਟੂਰ ਹੁੰਦੇ ਰਹਿਣਗੇ ... ਉਂਜ ਵੀ ਦਾਰ ਜੀ ਆਏ ਹੋਏ ਨੇ ... ਅਸੀਂ ਚਲੇ ਗਏ ਤਾਂ ਪਿੱਛੋਂ ਉਹ ਬੁਰਾ ਮਨਾਉਣਗੇ ... ਇੰਝ ਕਰੀਏ, ਅੱਜ

ਬਾਬੇ ਘਰ ਮੱਥਾ ਟੇਕਦੇ ਹਾਂ ... ਮੁੱਦਤਾਂ ਬਾਅਦ ਈਦ ਵਾਲੇ ਚੰਦ ਦੇ ਦਰਸ਼ਨ ਹੋਏ ਨੇ ... ਇਕੱਠਿਆਂ ਸੁੱਖ, ਸੁੱਖਾਂ ਨਾਲ ਬਿਤਾਏ ਚਾਲੀ ਵਰ੍ਹਿਆਂ ਦਾ ਸ਼ੁਕਰਾਨਾ ਕਰ ਆਵਾਂਗੇ ...

ਪੂਰੀ ਦੀ ਪੂਰੀ ਲਿਫ਼ ਗਈ ਸ੍ਰੀ ਮਤੀ ... ਲੱਗਿਆ, ਉਹ ਪਹਿਲਾਂ ਕਦੀ ਨਹੀਂ ਸੀ ਏਨੀ ਲਿਫ਼ੀ ... ਮਨ ਵਿੱਚਲੇ ਹਨੇਰੇ ਜਾਂ ਚਾਨਣ ਵੇਲੇ ਘਰ ਪਰਤਣ ਵਾਲੇ ਅਰਥ ਵੀ ਸਾਫ਼ ਹੋ ਗਏ ... ਫਿਟਕਾਰਾਂ ਪਾਉਂਦੇ ਮਨ ਨੇ ਪੁੱਛਿਆ, 'ਬੰਦਿਆ ! ਘਰੋਂ ਬਾਹਰ ਝੱਖ ਮਾਰ, ਮਾਰ ਕੀ ਖੱਟਿਆ' ? ...

ਮੂੰਹ, ਹੱਥ ਧੋ ਇੱਧਰ ਅਸਾਂ ਸਕੂਟਰ ਸਟਾਰਟ ਕੀਤਾ ... ਉਧਰੋਂ ਉਹ ਪਲਾਕੀ ਮਾਰ ਸਾਡੇ ਲੱਕ ਦੁਆਲੇ ਬਾਹਾਂ ਵਲ ਪਿਛਾੜੀ ਬੈਠ ਗਈ ... ਆਂਢੀ, ਗੁਆਂਢੀ ਸਾਨੂੰ ਜਾਂਦਿਆਂ ਨੂੰ ਬਿਟਰ, ਬਿਟਰ ਇੰਝ ਵੇਖਣ ਲੱਗੇ ਜਿਵੇਂ ਅਸੀਂ ਪਤੀ, ਪਤਨੀ ਨਹੀਂ ... ਆਸ਼ਿਕ ਤੇ ਮਾਸ਼ੂਕ ਹੋਈਏ ...

ਹੱਸਦੇ, ਖੇਡਦੇ ਅਸੀਂ ਗੁਰੂ ਘਰ ਪਹੁੰਚ ਗਏ। ਰਸਭਿੰਨਾ ਕੀਰਤਨ ਹੋ ਰਿਹਾ ਸੀ। ਪ੍ਰਸ਼ਾਦ ਦਾ ਗੱਫਾ ਲੈ ਸ੍ਰੀਮਤੀ ਨੇ ਸਲਾਹ ਦਿੱਤੀ, 'ਸਬੱਬ ਨਾਲ ਇੱਕਠੇ ਆਏ ਹਾਂ ... ਚੱਲੋ ! ਜਾਂਦੇ, ਜਾਂਦੇ ਲੰਗਰ ਵੀ ਛਕ ਚੱਲੀਏ ...

'ਖਰੀ ਗੱਲ ਏ ... ਕਿਸੇ ਬੀਬੇ ਬੱਚੇ ਵਾਂਗ ਸ੍ਰੀ ਮਤੀ ਦੀ ਹਾਂ ਵਿੱਚ ਹਾਂ ਮਿਲਾਉਂਦਿਆਂ ਅਸੀਂ ਲੰਗਰ ਹਾਲ ਵੱਲ ਤੁਰ ਪਏ।

ਲੰਗਰ ਛਕ ਵਾਪਸ ਜੋੜਾ ਘਰ ਆ ਗਏ। ਖਲੋਤੇ, ਖਲੋਤੇ ਸੈਂਡਲ ਪਾਉਂਦਿਆਂ ਨੂੰ ਵੇਖ ਸ੍ਰੀ ਮਤੀ ਬੋਲੀ, 'ਏ ਜੀ ! ਬੈਂਚ ਉੱਤੇ ਬੈਠੋ ਤੇ ਆਰਾਮ ਨਾਲ ਸੈਂਡਲ ਪਾ ਲਓ' ...

'ਭਾਈ ! ਬਾਡੀ ਕਾਂਸ਼ੀਅਸ ਲੋਕ ਬੈਠ ਕੇ ਬੂਟ, ਜੁਰਾਬਾਂ ਨਹੀਂ ਪਾਉਂਦੇ ... ਇੱਕ ਲੱਤ ਦੇ ਭਾਰ ਬੂਟ ਪਾਉਣ ਨਾਲ ਸਰੀਰ ਨੂੰ ਸੰਤੁਲਨ 'ਚ ਰੱਖਣ ਦੀ ਜਾਚ ਆਉਂਦੀ ਏ ... ਬੈਠਾ, ਬੈਠਾ ਬੰਦਾ ਬਿੱਜੂ ਬਣ ਜਾਂਦੈ' ... ਸੈਂਡਲ ਪਾ, ਅਸਾਂ ਸਕੂਟਰ ਵੱਲ ਜਾਂਦਿਆਂ ਕਿਹਾ।

'ਵੇਖੀਆਂ ਜੇ ਨਾ ਰੱਬ ਜੀ ਦੀਆਂ ਮਿਹਰਬਾਨੀਆ ...

'ਮੈਂ ਸਮਝਿਆ ਨਹੀਂ' ...

'ਭਰੇ ਦਰਬਾਰ ਹਾਲ ਵਿੱਚ ਪ੍ਰਸ਼ਾਦ, ਸਭ ਤੋਂ ਪਹਿਲਾਂ ਤੁਹਾਨੂੰ ਮਿਲਿਆ ... ਲੰਗਰ ਹਾਲ ਵਿੱਚ ਭੋਜਨ, ਸਾਰਿਆਂ ਤੋਂ ਪਹਿਲਾਂ ਤੁਹਾਨੂੰ ਛਕਾਇਆ ਗਿਆ ... ਹੋਰ ਤੇ ਹੋਰ, ਵੇਖੋ ! ਤੁਹਾਡੇ ਸੈਂਡਲ ਵੀ ਪਾਲਿਸ਼ ਹੋ ਗਏ ... ਸੱਚੀ ! ਤੁਸੀਂ ਬੜੇ ਕਿਸਮਤ ਵਾਲੇ ਹੋ ... ਰੱਬ ਜੀ ਵੀ ਬੜੇ ਮਿਹਰਬਾਨ ਨੇ ਤੁਹਾਡੇ 'ਤੇ ... ਆਪਾਂ ਰੋਜ਼ ਆਇਆ ਕਰੀਏ ਬਾਬਾ ਜੀ ਦੇ ਘਰ' ... ਸ੍ਰੀ ਮਤੀ ਕਹਿ ਰਹੀ ਸੀ।

'ਮਾਲਕੋ ! ਮਿਹਰਬਾਨੀਆਂ ਤੁਹਾਡੀਆਂ ਵੀ ਘੱਟ ਨਹੀਂ ਸਾਡੇ 'ਤੇ' ... ਸਕੂਟਰ ਨੂੰ ਚਾਬੀ ਲਾਉਂਦਿਆਂ ਜੁਆਬ 'ਚ ਅਸੀਂ ਬੋਲੇ।

ਲਾਗੇ ਖੜ੍ਹੀ ਜੁਆਨ, ਜਹਾਨ ਇੱਕ ਕੁੜੀ ਵੀ ਆਪਣੀ ਸਕੂਟਰੀ ਸਟਾਰਟ ਕਰ ਰਹੀ ਸੀ। ਸ਼੍ਰੀ ਮਤੀ ਦੀ ਹਾਜ਼ਰੀ ਵਿੱਚ ਨਾ ਚਾਹੁੰਦਿਆਂ ਵੀ ਅਸੀਂ ਉਸਦੇ ਮਿਕਨਾਤੀਸੀ ਚੌਖਟੇ ਵਿੱਚ ਗੁੰਮ, ਗੁਆਚ ਗਏ ... ਵੇਖਦਿਆਂ, ਵੇਖਦਿਆਂ ਉਹ ਸਕੂਟਰੀ 'ਤੇ ਬੈਠ ਆਪਣੇ ਰਾਹੇ ਪੈ ਗਈ ...

ਕਮਲੀਆਂ ਸਨ ਨਜ਼ਰਾਂ ... ਉਸ ਦੇ ਗੋਰੇ, ਨਿਛੋਹ ਡੌਲਿਆਂ ਸਮੇਤ ਹਵਾ 'ਚ ਲਹਿਰਾਉਂਦੀ ਮੋਟੀ, ਕਾਲੀ ਗੁੱਤ ਦੇ ਪਿੱਛੇ ਹੋ ਤੁਰੀਆਂ ... ਮੁਟਿਆਰ ਨਹੀਂ, ਜਿਵੇਂ ਕੋਈ ਮਿਥਿਹਾਸਕ ਗਊ ਮਾਤਾ ਹੋਏ ... ਆਪਣੀ ਪੂਛ ਨਾਲ ਭਵ ਸਾਗਰ ਪਾਰ ਕਰਵਾਉਣ ਵਾਲੀ ਗਊ ਮਾਤਾ...

'ਏ ਜੀ ! ਕਿਹੜੀ ਦੁਨੀਆ 'ਚ ਗੁੰਮ, ਗੁਆਚ ਗਏ' ?.... ਸ਼੍ਰੀ ਮਤੀ ਨੇ ਸਾਡਾ ਮੋਢਾ ਝੰਜੋੜਦਿਆਂ ਪੁੱਛਿਆ।

ਜਿਵੇਂ ਕੋਈ ਬਾਲ, ਨਿਆਣਾ ਆਪਣੀ ਮਾਂ ਕੋਲੋਂ ਮਿੱਟੀ ਖਾਂਦਾ ਫੜਿਆ ਜਾਏ ... ਹਾਲਤ ਉਸੇ ਤਰ੍ਹਾਂ ਦੀ ਹੋ ਗਈ ... ਝੱਟ ਸਕੂਟਰ ਸਟਾਰਟ ਕਰ ਲਿਆ ਤੇ ਵਾਪਸ ਮੁੜ ਪਏ ...

ਘਰ ਨੂੰ ਜਾਂਦੇ ਹੌਲੀ, ਹੌਲੀ ਆਪਣੇ ਆਪੇ ਵਿੱਚ ਪਰਤੇ ਤੇ ਬੋਲੇ, 'ਮਾਲਕੋ ! ਵੇਖੋ, ਚਾਲੀ ਸਾਲ ਪਹਿਲਾਂ ਤੁਹਾਡੀ ਗੁੱਤ ਵੀ ਇੰਨ, ਬਿਨ ਉਸ ਕੁੜੀ ਦੀ ਗੁੱਤ ਵਰਗੀ ਹੁੰਦੀ ਸੀ' ...

ਨਾ ਮੁੱਕਣ ਵਾਲੀ ਸੜਕ 'ਤੇ ਅੱਗੇ, ਅੱਗੇ ਮੋਟੀ, ਉੱਚੀ ਗੁੱਤ ਵਾਲੀ ਕੁੜੀ ਬੜੀ ਤੇਜ਼ੀ ਨਾਲ ਜਾ ਰਹੀ ਸੀ। ਪਿੱਛੇ ਇਤਮੀਨਾਨ ਨਾਲ ਬੈਠੀ ਸ਼੍ਰੀ ਮਤੀ ਕੁਝ ਕਹਿਣ ਦੀ ਥਾਂ ਮੰਦ, ਮੰਦ ਮੁਸਕਰਾਉਂਦੀ ਤੇ ਆਪਣੇ ਮੱਥੇ ਤੋਂ ਚਾਂਦੀ ਵੰਨੀ ਲਿਟ ਸੁਆਰਦੀ ਸਕੂਟਰ ਦੇ ਮਿਰਰ ਚੋਂ ਸਾਫ਼ ਦਿਸ ਰਹੀ ਸੀ ...

# ਜਵਾਰਭਾਟਾ

ਰੱਬ ਜੀ ਆਪਣੀ ਖ਼ਲਕਤ ਨੂੰ ਕੱਠ-ਪੁਤਲੀਆਂ ਸਮਝਦੇ ... ਹੱਥਾਂ 'ਚ ਫੜੇ ਅਦਿੱਖ ਧਾਗਿਆਂ ਨਾਲ ਸੱਭ ਨੂੰ ਨਚਾਈ ਫਿਰਦੇ ... ਨਿਮਾਣੀਆਂ ਪੁਤਲੀਆਂ ਨੂੰ ਮਨ ਦੀ ਮੌਜੇ ਉੱਚਾ, ਨੀਵਾਂ ਸਾਹ ਨਹੀਂ ਲੈਣ ਦਿੰਦੇ ... ਗਿਣੇ, ਮਿਣੇ ਚੌਗਿਰਦੇ ਵਾਲੀ ਆਪਣੀ ਲਛਮਣ ਰੇਖਾ 'ਚੋਂ ਬਾਹਰ ਪੈਰ ਨਹੀਂ ਰੱਖਣ ਦਿੰਦੇ ... ਜੇ ਕਦੀ ਰੱਬ ਜੀ ਦੀ
ਅੱਖ ਲੱਗ ਜਾਏ ਤੇ ਕੋਈ ਪੁਤਲੀ ਚੁੱਪ,ਚੁਪੀਤੀ ਇਸ ਵਰਜਿਤ ਰੇਖਾ ਨੂੰ ਪਾਰ ਕਰ ਜਾਏ ਤਾਂ ਅੱਗੇ ਭੇਸ ਵਟਾਈ ਖੜ੍ਹੇ ਵੱਡੇ, ਛੋਟੇ ਰਾਵਣ ਉਸਨੂੰ ਦਬੋਚ ਕੇ ਫੀਤੀ, ਫੀਤੀ ਕਰ ਦਿੰਦੇ ...

ਫੁੱਲਾਂ ਦੀ ਸੁਣੋ ... ਹਰੇ ਕਚੂਰ ਪੌਦੇ ਨੂੰ ਡੋਡੀਆਂ ਪੈਂਦੀਆਂ ... ਡੋਡੀਆਂ 'ਚੋਂ ਫੁੱਲ ਖਿੜਦੇ ਤੇ ਉੱਪਰ ਰੱਬ ਵੱਲ ਵਧਣ ਲੱਗਦੇ ... ਰੱਬ ਜੀ ਵੀ ਹਰ ਬੰਦੇ ਨੂੰ ਉੱਪਰ ਆਪਣੇ ਵੱਲ ਖਿੱਚਣਾ ਲੋਚਦੇ ...

ਘਰ ਵਿੱਚ ਅਸੀਂ ਅਕਸਰ ਚਾਹ ਦਾ ਮਸਾਲਾ ਬਣਾ ਲੈਂਦੇ ... ਲੌਂਗ, ਇਲਾਇਚੀ, ਕਾਲੀ ਮਿਰਚ, ਸੌਂਫ, ਦਾਲਚੀਨੀ, ਥੋੜ੍ਹਾ ਕੁ ਲੂਣ ਤੇ ਚੀਨੀ ਮਿਲਾ ਕੇ ਸਾਰਾ ਕੁਝ ਗਰਾਈਂਡਰ ਵਿੱਚ ਪੀਸ ਲਈਦਾ ... ਜ਼ਾਇਕੇਦਾਰ ਚਾਹ ਬਣਦੀ ਕਿ ਬੈੱਡ ਟੀ ਵਾਲਾ ਚਾਹ ਦਾ ਕੱਪ ਸਾਰੇ ਦਿਨ ਲਈ ਅੱਖਾਂ ਖੋਲ੍ਹ ਦਿੰਦਾ ... ਪਰ ਉਸ ਦਿਨ ਲੌਢੇ ਵੇਲੇ ਦੀ ਚਾਹ ਨਾਲ ਅੱਖਾਂ ਰਾਹੀਂ ਪਰਤ ਦਰ ਪਰਤ ਹਨੇਰੇ ਘਰ ਦੇ ਜਿਹੜੇ ਖਿੜਕੀਆਂ ਤੇ ਕਿਵਾੜ ਖੁਲ੍ਹੇ ... ਉਫ਼! ਤੌਬਾ ...ਅਸੀਂ ਜਾਣਦੇ ਹਾਂ ਜਾਂ ਸਾਡਾ ਰੱਬ...

ਮਹੀਨੇ ਬਾਅਦ ਘਰ ਆਇਆ ਪੁੱਤਰ ਸ੍ਰੀ ਸ਼ਾਮ ਵੇਲੇ ਸਾਡੇ ਬੈੱਡ ਰੂਮ 'ਚ ਬੈਠਾ ਚਾਹ ਦੀ ਇੰਤਜਾਰ ਕਰ ਰਿਹਾ ਸੀ। ਸ੍ਰੀ ਮਤੀ ਨੇ ਬੜੇ ਚਾਅ ਨਾਲ ਚਾਹ ਬਣਾਈ ... ਮੱਠੀ ਅੱਗ 'ਤੇ ਸੇਕੀਆਂ ਮੱਠੀਆਂ ਤੇ ਬਿਸਕੁਟਾਂ ਨਾਲ ਪੁੱਤਰ ਸ੍ਰੀ ਨੂੰ ਚਾਹ ਪਰੋਸ ਦਿੱਤੀ।

ਮਹੀਨਾ ਪਹਿਲਾਂ ਮੀਆਂ, ਬੀਵੀ ਦਿੱਲੀਓਂ ਸਿੱਧੇ ਬਟਾਲੇ ਚਲੇ ਗਏ ਸਨ। ਹਫਤਾ ਕੁ ਪਹਿਲਾਂ ਬੀਵੀ ਨੂੰ ਉੱਥੇ ਪੇਕੇ ਘਰੀਂ ਛੱਡ, ਸਿੱਧਾ ਨੌਕਰੀ 'ਤੇ ਦਿੱਲੀ ਚਲਾ ਗਿਆ ਸੀ। ਸਿਰ ਨੂੰ ਵੀ ਚੜ੍ਹਿਆ ਹੋਊ ਕੁਝ ... ਜਾਂ ਫਿਰ ਸੱਸ ਮਾਂ ਨੇ ਸਿਖਾਇਆ ਹੋਊ ਕਿ ਹੁਣ ਵੇਲਾ ਈ ... ਹੱਕ ਜਿਤਾ ਲੈ ਆਪਣਾ ... ਸਾਂਭ ਲੈ ਜਿੰਨਾ ਕੁਝ ਸਾਂਭਿਆ ਜਾਂਦਾ ਈ ... ਮਾਪੇ ਅੱਖਾਂ ਮੀਟ ਜਾਣ ਤਾਂ ਘਰ ਬੈਠੀਆਂ ਧੀਆਂ ਪਿੱਛੋਂ ਸਾਂਭ ਲੈਂਦੀਆਂ ਨੇ ਸਭ ਕੁਝ...

ਇਸ ਵਾਰੀ ਆਇਆ ਚਾਹ ਪੀਂਦਾ, ਪੀਂਦਾ ਆਪਣੀ ਮਾਤਾ ਸ੍ਰੀ ਨੂੰ ਆਖਣ ਲੱਗਾ, 'ਮੈਂ ਜਦੋਂ ਵੀ ਵੇਖਦਾ ਹਾਂ ਸਵੇਰੇ,ਸ਼ਾਮ ਰਸੋਈ ਵਿਚ ਨੀਤੀ ਜਾਂ ਤੁਸੀਂ ਹੀ ਕੰਮੇ ਲੱਗੇ ਰਹਿੰਦੇ ਹੋ ... ਕੀ ਤੁਹਾਡੀ ਲਾਡਲੀ ਧੀ ਸ਼ਵੀ ਦਾ ਕੋਈ ਫਰਜ਼ ਨਹੀਂ ਬਣਦਾ ਕਿ ਉਹ ਵੀ ਤੁਹਾਡੇ ਨਾਲ ਕੰਮ ਵਿੱਚ ਹੱਥ ਵਟਾਏ' ?...

ਅੱਜ ਤੀਕ ਅਸੀਂ ਭੈਣ-ਭਰਾਵਾਂ ਨੂੰ ਮਾਂ-ਪਿਓ ਜਾਏ ਆਪਣੇ ਅਨਿੱਖੜਵੇਂ ਅੰਗ ਮੰਨਦੇ ਆ ਰਹੇ ਹਾਂ । ਉਹ ਵੀ ਤਾਂ ਰੱਬ ਦੀ ਦਿੱਤੀ ਦਾਤ ਹੁੰਦੇ ਨੇ ... ਛੋਟੀ, ਮੋਟੀ ਕਿਸੇ ਊਚ,ਨੀਚ ਨੂੰ ਛੱਡ ਕੇ ਉਨਾਂ ਦੇ ਖਿਲਾਫ ਜ਼ਹਿਰ ਉਗਲਣਾ ਅਸੀਂ ਹਰਗਿਜ ਜਾਇਜ਼ ਨਹੀਂ ਸਮਝਦੇ... ਇਸਨੂੰ ਵੇਖੋ, ਇੱਕੋ, ਇੱਕ ਵੱਡੀ ਭੈਣ ਨੂੰ ਵੇਖ ਨਹੀਂ ਜੇ ਸਖਾਉਂਦਾ ... ਉਧਰ, ਸਹੁਰੇ ਘਰ ਪੈਰ ਪਾ ਕੇ ਆਉਂਦਾ ਹੈ ਤੇ ਇਧਰ ਉਸਦੇ ਖਿਲਾਫ਼ ਕੋਈ ਨਾ ਕੋਈ ਚਿੜਚਿੜੀ ਛੇੜ ਬਹਿੰਦਾ ਏ ... ਹੁਣ ਤਾਂ ਜਿਵੇਂ ਜੀਅ ਦਾ ਜੰਜਾਲ ਹੀ ਬਣਦਾ ਜਾ ਰਿਹਾ ਏ ਇਹ ਸੁੱਚਾ ਮੋਤੀ ..

ਜਦੋਂ ਵੀ ਸ਼ਵੀ ਦੇ ਖਿਲਾਫ਼ ਗੱਲ ਕਰਦਾ ਤਾਂ ਸੱਚੀ ! ਕਲੇਜੇ ਦਾ ਰੁੱਗ ਭਰਿਆ ਜਾਂਦਾ ... ਸੁਣ ਕੇ ਜਿਵੇਂ ਡੋਬੂ ਪੈਣ ਲੱਗਦੇ ... ਬੀਵੀ ਦੇ ਚਾਚੇ ਦਾ ਵੱਡਾ ਮੁੰਡਾ ਲੋਕਾ ਰਹਿ, ਰਹਿ ਕੇ ਯਾਦ ਆਉਂਦਾ ... ਰੱਬ ਉਸਨੂੰ ਸੁਰਗੀਂ ਵਾਸਾ ਦੇਵੇ ... ਵਿਆਹ ਤੋਂ ਚਾਰ ਕੁ ਸਾਲਾਂ ਬਾਅਦ ਉਸਦੀ ਵੱਡੀ ਭੈਣ ਗੁਰੀ ਦਾ ਪਤੀ ਵੀ ਸਾਡੀ ਸ਼ਵੀ ਦੇ ਪਤੀ ਵਾਂਗ ਰੱਬ ਨੂੰ ਪਿਆਰਾ ਹੋ ਗਿਆ ... ਸਾਡੇ ਨਾਲ ਬੜਾ ਘੁਲਿਆ, ਮਿਲਿਆ ਹੁੰਦਾ ਸੀ ਪਰ ਸੱਚ ਜਾਣਿਓ, ਸਾਡੇ ਇਸ ਅੱਥਰੇ ਮੁੰਡੇ ਵਾਂਗ ਲੋਕਾ ਵੀ ਘਰ 'ਚ ਰਹਿੰਦੀ ਆਪਣੀ ਵੱਡੀ ਭੈਣ ਨੂੰ ਹਮੇਸ਼ਾ ਘੂਰਦਾ, ਟੋਕਦਾ ਰਹਿੰਦਾ ... ਜਿਵੇਂ ਹਰ ਵੱਡੇ, ਛੋਟੇ ਨੂੰ ਭੁੱਲ, ਭੁਲਾ ਚੁੱਕਿਆ ਹੋਵੇ ... ਧੀ ਨਾਲ ਅਨਿਆਂ ਹੁੰਦਾ ਵੇਖ ਬੀਵੀ ਦੇ ਚਾਚਾ, ਚਾਚੀ ਲੁਕ, ਲੁਕ ਭੁਬੀਂ ਰੋਂਦੇ ... ਰੱਬ ਦਾ ਨਿਆਂ ਵੇਖੋ ... ਹਾਅ ਲੱਗੀ ਹੋਊ ਕੋਈ ... ਉਨਾਂ ਦਾ ਬੇਸਬਰਾ ਲੋਕਾ ਸੜਕ ਹਾਦਸੇ ਵਿੱਚ ਅਣਚਾਹੀ ਮੌਤੇ ਮਰ ਗਿਆ ... ਕਿਸੇ ਨੂੰ ਚਿੱਤ, ਚੇਤੇ ਵੀ ਨਹੀਂ ਸੀ ਉਹ ਹਾਦਸਾ ...

ਸਾਡੀ ਮਾਸੀ ਦੀ ਨਿੱਕੀ ਵਾਲਾ ਕਿੱਸਾ ਵੀ ਭੁੱਲਣ ਵਾਲਾ ਨਹੀਂ ... ਮਾੜੀ ਕਿਸਮਤ ! ਪਹਿਲੇ ਦਿਨ ਤੋਂ ਹੀ ਉਸਦੀ ਆਪਣੇ ਸਹੁਰੇ ਘਰ 'ਚ ਨਹੀਂ ਸੀ ਬਣੀ ... ਉਸਦਾ ਪਤੀ ਹਮੇਸ਼ਾ ਉਸਨੂੰ ਕੁੱਟਦਾ,ਮਾਰਦਾ ਰਹਿੰਦਾ ... ਸੱਸ, ਸਹੁਰਾ ਵੀ ਉਸ ਨਾਲ ਘੱਟ ਨਹੀਂ ਸੀ ਗੁਜਾਰਦੇ... ਡਰਦੀ ਮਾਰੀ ਨਿੱਕੀ ਪੇਕੇ ਘਰ ਤੁਰੀ ਰਹਿੰਦੀ ...ਮਾਪਿਆਂ ਲਈ ਢਿੱਡੋਂ ਜਾਈ ਧੀ ਭਲਾ ਕਦੋਂ ਪਰਾਈ ਹੁੰਦੀ ?... ਭਰਾਂ ਹੀ ਭੈਣਾਂ ਨੂੰ ਪਲਾਂ-ਛਿਣਾਂ 'ਚ ਵਿਸਾਰ ਦਿੰਦੇ ... ਵਿਚਾਰੀ ਗਰੀਬਣੀ ਨਾਲ ਉਸਦਾ ਵੱਡਾ ਵੀਰ ਗੋਲੂ ਵੀ ਦੁਰਵਿਹਾਰ ਕਰਨ ਲੱਗ ਪਿਆ ...

ਮਾਸੀ ਤੇ ਮਾਸੜ ਨੇ ਸਿਆਣਪ ਕੀਤੀ । ਉਨਾਂ ਨੇ ਦਿੱਲਾਂ 'ਤੇ ਪੱਥਰ ਰੱਖ ਲਏ । ਘਰ ਵਿਚ ਛੋਟੀ ਭੈਣ ਪ੍ਰਤੀ ਆਪਣੇ ਹੋਸ਼ੇ ਮੁੰਡੇ ਗੋਲੂ ਦੀਆਂ ਜਿਆਦਤੀਆਂ ਨੂੰ ਵਿੱਚੇ, ਵਿੱਚ ਪੀ ਗਏ । ਹੱਥ ਜੋੜ

ਦਿੱਤੇ ਤੇ ਢਿੱਡੋਂ ਜਾਈ ਧੀ ਨੂੰ ਤਾ-ਉਮਰ ਆਪਣੇ ਮੌਤ ਦੇ ਖੂਹ ਵਰਗੇ ਸਹੁਰੇ ਘਰ ਹੀ ਜਿਊਣ, ਮਰਨ ਦਾ ਹੁਕਮ ਸੁਣਾ, ਮੁੜ ਆਪਣੇ ਘਰੋਂ ਸਦਾ ਲਈ ਤੋਰ ਦਿੱਤਾ ...

ਲੋਕੀ ਐਵੇਂ ਹੀ ਆਖਦੇ ਕਿ ਨਰਕ, ਸੁਰਗ ਅੱਗਲੇ ਜਨਮਾਂ ਵਿੱਚ ਮਿਲਣ ਵਾਲੇ ਫਲ ਹੁੰਦੇ ...ਪਰ ਇਹ ਤਾਂ ਸਾਡੇ ਇਰਦ-ਗਿਰਦ ਹੀ ਕਿਲ੍ਹਿਆਂ ਵਾਂਗ ਉੱਸਰਦੇ, ਢਹਿੰਦੇ ਰਹਿੰਦੇ ਨੇ ... ਹਕੀਕਤ ਵਿੱਚ ਕਰਨੀਆਂ, ਭਰਨੀਆਂ ਤਾਂ ਇੱਥੇ ਹੀ ਭੁਗਤਣੀਆਂ, ਭੁਗਤਾਉਣੀਆਂ ਪੈਂਦੀਆਂ ... ਕਰਮਾਂ ਦੇ ਫਲ ਹੁੰਦੇ ਕਿ ਬੰਦਾ ਘੜੀ 'ਚ ਤੋਲਾ ਤੇ ਘੜੀ 'ਚ ਮਾਸਾ ਹੋ ਜਾਂਦਾ ... ਨਹੀਂ ਰਿਹਾ ਗੋਲੂ ਵੀ ... ਗਲੀ, ਗੁਆਂਢ ਵਿੱਚ ਸਾਰੇ ਉਸਨੂੰ ਰੱਬ ਮੰਨਦੇ ... ਕਿਸੇ ਨੇ ਕਦੀ ਉੱਚੀ ਕੂੰਦਾ ਨਹੀਂ ਸੀ ਸੁਣਿਆ... ਕੋਈ ਐਬ, ਨਸ਼ਾ ਵੀ ਨਹੀਂ ਸੀ ਉਸਨੂੰ ... ਉਸਦੀਆਂ ਆਖਰੀ ਰਸਮਾਂ 'ਤੇ ਕੁੱਲ ਲੋਕਾਈ ਢੁੱਕੀ ... ਪਰ ਕੋਈ ਉਸਦੀ ਭੈਣ ਨਿੱਕੀ ਨੂੰ ਪੁੱਛ ਕੇ ਵੇਖੇ ... ਇੱਕ ਵਾਰੀ ਮਰ, ਮੁੱਕ ਜਾਣ ਦੀ ਥਾਂ ਪਲ, ਪਲ ਮਰਨਾ ਡਾਢਾ ਔਖਾ ਹੁੰਦਾ ... ਜਿਸ ਤਨ ਲੱਗੇ ਸੋ ਤਨ ਜਾਣੇ ...

ਸੋਚ-ਪੁਆੜੇ ਦੇ ਗ੍ਰਾਫ ਵਿੱਚ ਵਿੱਚਰਦਿਆਂ ਸਮਾਂ ਪੈਂਤੀ ਸਾਲ ਪਿੱਛੇ ਖਿਸਕ ਜਾਂਦਾ । ਦੱਸਿਆ ਸੀ ਨਾ, ਅੰਮ੍ਰਿਤਸਰ, ਸਾਡੇ ਪਿਤਾ ਸ੍ਰੀ ਡੀਐਸਪੀ ਹੁੰਦੇ ਸੀ । ਪਹਿਲੋਂ, ਪਹਿਲ ਪੰਜਾਂ ਭਰਾਵਾਂ 'ਚੋਂ ਕੋਈ ਨਾ ਕੋਈ ਸਾਹ ਘੁੱਟ ਦੇਣ ਵਾਲੀ ਪੁਲਸੀਆ ਆਬੋ ਹਵਾ ਵਾਲੀ ਕੋਠੀ ਨੂੰ ਤਿਆਗ, ਕਿਰਾਏ ਦੇ ਮਕਾਨ 'ਚ ਤੁਰਿਆ ਰਹਿੰਦਾ ਸੀ । ਅਸੀਂ ਵੀ ਉਦੋਂ ਆਪਣੇ ਚਾਰੇ ਭਰਾਵਾਂ ਵਾਂਗ ਬੜੇ ਖੁੱਦਦਾਰ ਕਿਸਮ ਦੇ ਇਨਸਾਨ ਹੁੰਦੇ ।

ਉਂਞ ਸਾਡੀ ਸ੍ਰੀ ਮਤੀ ਨੂੰ ਘਰ ਵਿੱਚਲੇ ਸਾਰੇ ਭਰਾਵਾਂ ਤੇ ਦਰਾਣੀਆਂ, ਜਠਾਣੀਆਂ ਨਾਲੋਂ ਸਭ ਤੋਂ ਵੱਧ ਸੂਝ ਸਿਆਣਪ ਵਾਲਾ ਜੀਅ ਸਮਝਿਆ ਜਾਂਦਾ । ਉਨੀਂ ਦਿਨੀਂ, ਸਾਂਝੇ ਘਰ ਵਿੱਚ ਸਾਡੀ ਮਾਤਾ ਸ੍ਰੀ ਤਾਂ ਪੰਜ ਗ੍ਰੰਥੀ ਹੀ ਪੜ੍ਹੀ ਹੋਈ ਸੀ ਤੇ ਸ੍ਰੀ ਮਤੀ ਨੂੰ ਮਾਸਟਰ ਦੀ ਡਿਗਰੀ ਵਾਲੀ ਸਭ ਤੋਂ ਵੱਧ ਪੜ੍ਹੀ, ਲਿਖੀ ਬਹੂ ਮੰਨਿਆ ਜਾਂਦਾ ਸੀ ...

ਉੱਥੇ ਬਾਕੀ ਸਾਰਾ ਕੁਝ ਤਾਂ ਠੀਕ-ਠਾਕ ਸੀ ਪਰ ਸ੍ਰੀ ਮਤੀ ਲਈ ਸੱਸ ਮਾਂ ਦੀ ਟੋਕਾ-ਟਾਕੀ ਬੜੀ ਅਜੀਬੋ ਗਰੀਬ ਵਰਤਾਰਾ ਲੱਗਣੀ । ਨਵੀਂ ਵਿਆਹੀ ਸਾਡੀ ਸ੍ਰੀ ਮਤੀ ਨੂੰ ਸੱਸ ਮਾਂ ਦੀ ਕਹੀ ਕੋਈ ਨਜਾਇਜ ਗੱਲ ਸਹਿਜੇ ਕੀਤਿਆਂ ਬਰਦਾਸ਼ਤ ਨਹੀਂ ਸੀ ਹੁੰਦੀ ... ਮਾਤਾ ਸ੍ਰੀ ਰੋਟੀਆਂ ਵੇਲਦੀ ਦੇ ਸਿਰਹਾਣੇ ਆ ਖਲੋਂਦੀ ਤੇ ਆਖਦੀ, 'ਵੇਖਾਂ ! ਧੇਲੇ ਦੀ ਅਕਲ ਨਹੀਂ ਸਾਸੂ ... ਰੋਟੀਆਂ ਵੇਲਦੀ ਚਕਲੇ ਤੋਂ ਬੁੱਕਾਂ ਮੂੰਹੀਂ ਧੂੜਾ ਹੇਠਾਂ ਖਿਲਾਰਦੀ'...

ਉਦੋਂ ਵੱਡਿਆਂ ਦਾ ਬੜਾ ਡਰ ਹੁੰਦਾ ਸੀ ਤੇ ਅੱਖਾਂ ਦੀ ਸ਼ਰਮ ਵੀ ਮਾਰਦੀ ... ਇੱਕ ਸੀਮਾਂ ਤੀਕ ਚੁੱਪ ਰਹਿਣਾ ਹੀ ਬਿਹਤਰ ਸਮਝਿਆ ਜਾਂਦਾ ...

ਅੱਗੋਂ ਆਪਾਂ ਸੁਣਨਾ ਤੇ ਆਪਿਓਂ ਬਾਹਰ ਹੋ, ਹੋ ਜਾਣਾ ... ਅਸੀਂ ਪਿਤਾ ਸ਼੍ਰੀ ਦੀ ਗੈਰਹਾਜ਼ਰੀ ਵਿੱਚ ਕਮੀਜ਼ ਦੀਆਂ ਬਾਹਵਾਂ ਟੁੰਗਣੀਆਂ ਅਤੇ ਝਈਆਂ ਲੈ, ਲੈ ਮਾਤਾ ਸ਼੍ਰੀ ਨੂੰ ਸਬਕ ਸਿਖਾਉਣ ਲਈ ਆਪਿਉਂ ਬਾਹਰ ਹੋ, ਹੋ ਜਾਣਾ ... ਬੜੇ ਯੁਧਾਂ ਨਾਲ ਸ਼੍ਰੀ ਮਤੀ ਨੇ ਸਾਨੂੰ ਰੋਕ, ਰੋਕ ਆਪਣੇ ਕਮਰੇ 'ਚ ਬਿਠਾਉਣਾ। ਰੋਜ਼ ਦੀ ਕਿਚਕਿਚ ਤੋਂ ਬਚਣ ਲਈ ਅਸੀਂ ਵੀ ਕਈ ਵਾਰ ਆਪਣੇ ਭਰਾਵਾਂ ਵਾਂਗ ਮਾਪਿਆਂ ਦੀ ਕੋਠੀ ਨੂੰ ਅਲਵਿਦਾ ਕਹਿ ਕਿਰਾਏ ਦੇ ਮਕਾਨਾਂ 'ਚ ਰਹਿੰਦੇ ਰਹੇ ...

ਸ਼ਵੀ, ਸਾਡੀ ਧੀ ਉਦੋਂ ਚਾਰ ਕੁ ਸਾਲਾਂ ਦੀ ਹੁੰਦੀ ਸੀ। ਵੱਡੀ ਭਾਬੀ ਸ਼੍ਰੀ ਦੇ ਘਰ ਉਦੋਂ ਸੁੱਖ ਨਾਲ ਗੋਲੂ, ਭੋਲੂ ਜਿਹਾ ਬੜਾ ਪਿਆਰਾ ਮੁੰਡਾ ਹੋ ਚੁਕਾ ਸੀ। ਪਜਿਲੀ ਵਾਰ ਆਪਣੇ ਅਭੂ ਨੂੰ ਜੰਮਣ ਤੋਂ ਬਾਅਦ ਮਾਣ-ਮੱਤੀ ਸਾਡੇ ਘਰਾਂ ਵਿੱਚ ਮੁੰਡਿਆਂ ਦੀ ਸ਼ਰਤੀਆ ਦਾਤ ਬਖਸ਼ਣ ਵਾਲੀ ਸਾਧਣੀ ਵੀ ਬਣ ਚੁਕੀ ਸੀ...

ਕਿਸੇ ਚੀਨੀ ਗ੍ਰੰਥ ਦੇ ਹਵਾਲੇ ਨਾਲ ਉਸਨੇ ਸ਼੍ਰੀ ਮਤੀ ਨੂੰ ਦੱਸਿਆ ਸੀ, 'ਪੂਰਨਮਾਸ਼ੀ ਦੀ ਰਾਤ ਰਿਤੂ ਚੱਕਰ ਖਤਮ ਹੋ ਚੁਕਾ ਹੋਏ ਤਾਂ ਉਸ ਵੇਲੇ ਨਰ-ਨਾਰੀ ਦੇ ਮਿਲਾਪ ਨਾਲ ਸਮੁੰਦਰਾਂ ਵਾਂਗ ਜਿਸਮਾਂ ਵਿੱਚ ਵੀ ਬੜਾ ਪ੍ਰਬਲ ਜਵਾਰਭਾਟਾ ਪੈਦਾ ਹੁੰਦਾ ... ਇਸ ਵਰਤਾਰੇ ਨਾਲ ਜਿਵੇਂ ਸਮੁੰਦਰ ਦੇ ਭੂ ਗਰਭ 'ਚੋਂ ਸੁੱਚੇ ਮੋਤੀ ਬਾਹਰ ਨੂੰ ਉੱਛਲਦੇ ਉਵੇਂ ਹੀ ਨਾਰੀ ਕੁੱਖ ਵੀ ਮੋਤੀ ਉਛਾਲਦੀ' ...

ਵੇਖੋ ! ਇਧਰ ਜਵਾਰਭਾਟਾ ਦਸਤਕ ਦੇ ਕਿ ਮੁੜਿਆ ਤੇ ਉੱਧਰ ਨਾਲਦਿਆਂ ਦੇ ਘਰ ਖੇਡਦੀ ਹੋਈ ਸਾਡੀ ਸ਼ਵੀ ਖੁੱਲੇ ਹੋਏ ਛੱਤ ਦੇ ਜੰਗਲੇ 'ਚੋਂ ਹੇਠਾਂ ਪੱਕੇ ਫਰਸ਼ 'ਤੇ ਜਾ ਡਿੱਗੀ ... ਬਚ ਨਹੀਂ ਸਕਦਾ ਅਜਿਹੀ ਸਥਿਤੀ ਵਿੱਚ ਉੱਪਰਲੀ ਮੰਜਿਲ ਤੋਂ ਡਿੱਗਾ ਕੋਈ ਬੱਚਾ ... ਮੰਨ ਲਉ, ਜੇ ਕੋਈ ਕਿਸਮਤ ਵਾਲਾ ਬੱਚਾ ਬਚ ਵੀ ਜਾਏ ਤਾਂ ਲੱਤ, ਬਾਂਹ ਜਾਂ ਰੀੜ ਦੀ ਹੱਡੀ ਜਰੂਰ ਟੁੱਟ ਜਾਏ ... ਕਰਨੀ ਰੱਬ ਦੀ, ਉਸਦੇ ਹੱਸ ਨੂੰ ਹੀ ਥੋੜ੍ਹੀ ਕੁ ਜਰਬ ਆਈ ... ਬਾਕੀ ਸਾਰਾ ਕੁਝ ਠੀਕ, ਠਾਕ ਰਿਹਾ ...

ਹਾਂ ਸੱਚ ! ਗੱਲ ਸਾਡੇ ਸੁੱਚੇ ਮੋਤੀ ਦੀ ਹੋ ਰਹੀ ਸੀ ... ਘਰ ਨੂੰ ਏਡਾ ਸਿਆਣਾ ਕਿ ਆਪਣੀ ਲੋੜ, ਥੋੜ੍ਹ ਲਈ ਰੱਬ ਨੂੰ ਮੰਨਣ ਲੱਗ ਪੈਂਦਾ। ਆਖਦਾ ਕਿ ਵੇਦਾਂ, ਗ੍ਰੰਥਾਂ ਅਨੁਸਾਰ ਮੋਏ ਬੰਦੇ ਦੀ ਦੇਹੀ ਨੂੰ ਸਾੜਿਆ ਨਾ ਜਾਏ ਤਾਂ ਉਸਦੀ ਗਤੀ ਨਹੀਂ ਹੁੰਦੀ ... ਬ੍ਰਹਿਮੰਡ 'ਚ ਉਸਦੀ ਰੂਹ ਭਟਕਦੀ ਰਹਿੰਦੀ ... ਭਟਕਦੀ ਰੂਹ ਨੂੰ ਕੋਈ ਕੁੱਖ ਵੀ ਨਸੀਬ ਨਹੀਂ ਹੁੰਦੀ ... ਹੋਰ ਤੇ ਹੋਰ ਖੁਦ, ਮਰਨੇ ਪਏ ਬੰਦੇ ਦੇ ਅੰਗ ਦਾਨ ਕਰਨ ਵਾਲੇ ਪੁੰਨ-ਕਾਰਜ ਨੂੰ ਵੀ ਬੜਾ ਬੁਰਾ ਤੇ ਅਧਾਰਮਿਕ ਮੰਨਦਾ ...

ਹੁਣੇ, ਹੁਣੇ ਇਸਦੇ ਅਲਟਰਾ ਸਾਊਂਡ ਵਾਲੇ ਟੈਸਟਾਂ 'ਚੋਂ ਪਿੱਤੇ ਦੀ ਪੱਥਰੀ ਵਾਲੀ ਜਾਣਕਾਰੀ ਮਿਲੀ। ਡਾਕਟਰਾਂ ਦਾ ਕਹਿਣਾ ਕਿ ਵੱਡੀ ਉਮਰੇ ਇਲਾਜ ਕਰਨਾ ਔਖਾ ... ਉਨਾਂ ਵੇਲੇ ਸਿਰ ਓਪਰੇਸ਼ਨ ਨਾਲ ਪਿੱਤਾ ਕਢਵਾਉਣ ਦੀ ਸਲਾਹ ਦਿੱਤੀ ਪਰ ਆਪਹੁਦਰਾ ਏ ਨਾ ... ਛੇਤੀ ਕੀਤੀਆਂ ਕਿਸੇ ਦੀ ਦਿੱਤੀ

ਨੇਕ ਸਲਾਹ ਵੀ ਨਹੀਂ ਮੰਨਦਾ ... ਮਨ 'ਚ ਵਸਾ ਬੈਠਾ ਕਿ ਬੰਦੇ ਦਾ ਕੋਈ ਅੰਗ ਕੱਢ ਲਿਆ ਜਾਏ ਤਾਂ ਉਸਦਾ ਅੰਗ-ਹਰਣ ਹੋ ਜਾਂਦਾ ... ਅਜਿਹੀ ਸਥਿੱਤੀ ਵਿੱਚ ਵੀ ਉਸਦੀ ਗਤੀ ਨਹੀਂ ਹੁੰਦੀ ... ਉੱਪਰ ਸੁਰਗਾਂ ਨੂੰ ਜਾਣ ਦੀ ਥਾਂ ਗਤੀਹੀਣ ਉਸਦੀ ਆਤਮਾ ਇਸੇ ਭੂ-ਖੰਡ ਵਿੱਚ ਭਟਕਦੀ, ਵਿਲਕਦੀ ਰਹਿੰਦੀ...

ਆਪਣੀ ਮਰਜ਼ੀ ਨਾਲ ਬਿਨਾਂ ਦੱਸਿਆਂ, ਪੁੱਛਿਆਂ ਨਿਆਸਰੇ ਗਰੀਬਾਂ ਦੀ ਇਮਦਾਦ ਲਈ ਤੁਰਿਆ ਰਹਿੰਦਾ ... ਬਿਰਧ ਘਰ ਤੇ ਅਨਾਥ ਆਸ਼ਰਮਾਂ ਦੇ ਪਤੇ ਗੂਗਲ 'ਚੋਂ ਟੋਲਦਾ ... ਉੱਥੇ ਆਨਲਾਈਨ ਪੇਮੈਂਟ ਕਰਨ ਤੋਂ ਰੱਤੀ ਭਰ ਵੀ ਗੁਰੇਜ ਨਹੀਂ ਕਰਦਾ ... ਆਪਣੇ ਘਰ 'ਚ ਪਾਠ ਕਰਵਾਉਣਾ ਹੋਵੇ ਤਾਂ ਸਾਰੇ ਸਹੁਰੇ ਘਰ ਨੂੰ ਦਿੱਲੀ ਬੁਲਾ ਲੈਂਦਾ ... ਮੁਹੱਲੇ ਦੀ ਸੇਵਾ ਸੋਸਾਈਟੀ ਵੱਲੋਂ ਇਥੇ ਘਰ 'ਪਾਠ ਕਰਵਾਉਣ ਦੀ ਵਾਰੀ ਆਏ ਤਾਂ ਆਪਣੀ ਮਾਤਾ ਸ਼੍ਰੀ ਨੂੰ ਘੂਰ ਕੇ ਮਨ੍ਹਾਂ ਕਰ ਦਿੰਦਾ ...

ਵਿਆਹ ਵੇਲੇ ਸਾਰਿਆਂ ਨੇ ਇਸ ਲੱਥ ਦੀ ਪਸੰਦ ਨੂੰ ਧਿਆਨ 'ਚ ਰਖਿਆ ... ਸ਼੍ਰੀ ਮਤੀ ਨੇ ਹੀ ਪਹਿਲੀ ਤੱਕਣੀ 'ਤੇ ਇੰਦੀ ਨੂੰ ਆਪਣੀ ਬਹੂ ਨਾਲੋਂ ਵੱਧ ਧੀ ਮੰਨਣ ਦਾ ਐਲਾਨ ਕੀਤਾ। ਇੰਦੀ ਸਾਡੀ ਆਪਣੀ ਧੀ ਵਰਗੀ ਲੰਮੀ,ਲੰਝੀ ਤੇ ਗੋਰੀ ਚਿੱਟੀ ਕੁੜੀ ਏ ... ਆਪਣੀ ਸੱਸ ਮਾਂ ਨਾਲੋਂ ਦੂਣਾ ਪੜ੍ਹੀ, ਲਿਖੀ ਹਮੇਸ਼ਾ ਆਖੇ 'ਚ ਰਹਿੰਦੀ ... ਪਰ ਘਰੋਂ ਬਾਹਰ ਨੌਕਰੀ 'ਤੇ ਚਲੇ ਜਾਣ ਤੋਂ ਬਾਅਦ ਇਨਾਂ ਦੇ ਖੰਭ ਨਿਕਲ ਆਏ ... ਹੁਣ ਦੋਵੇਂ ਜੀਅ ਪਹਿਲਾਂ ਵਰਗੇ ਤੇਹ, ਮੋਹ ਵਾਲੇ ਤੇ ਸੱਚੇ-ਸੁੱਚੇ ਨਹੀਂ ਰਹੇ ... ਵਹਿਮਾਂ, ਭਰਮਾਂ ਤੇ ਕਰਮ-ਕਾਂਡਾਂ ਨੂੰ ਮੰਨਣ ਲੱਗ ਪਏ ਨੇ ...

ਕੇਰਾਂ ਗਰਮ, ਸਰਦ ਪੁੱਤਰ ਸ਼੍ਰੀ ਢਿੱਲਾ-ਮੱਠਾ ਮਹਿਸੂਸ ਕਰ ਰਿਹਾ ਸੀ। ਬਹੁ ਸ਼੍ਰੀ ਝੱਟ ਦੇਣੀ ਰਸੋਈ 'ਚੋਂ ਸੱਤ ਸੁੱਕੀਆਂ ਲਾਲ ਮਿਰਚਾਂ ਚੁੱਕ ਲਿਆਈ। ਸਾਡੇ ਸਾਮ੍ਹਣੇ ਹੀ ਮੰਤਰ ਉਚਾਰਦੀ ਤੇ ਪਤੀ ਸ਼੍ਰੀ ਦੇ ਸਿਰ ਤੋਂ ਮਿਰਚਾਂ ਵਾਰਦੀ ਨਜ਼ਰ ਉਤਾਰਨ ਲੱਗ ਪਈ।

ਸਾਡੇ ਘਰ ਅੱਜ ਤੀਕ ਅਜਿਹਾ ਵਰਤਾਰਾ ਨਹੀਂ ਹੋਇਆ। ਬਹੂ ਸ਼੍ਰੀ ਨੂੰ ਅਸਾਂ ਬੜੇ ਪਿਆਰ ਭਰੇ ਲਹਿਜੇ 'ਚ ਅਜਿਹਾ ਕਰਨੋਂ ਰੋਕਿਆ ਪਰ ਪਿਓ ਦੀ ਧੀ ਟੂਣਾ ਪੂਰਾ ਕਰਨ ਲਈ ਮਿਰਚਾਂ ਨੂੰ ਸੱਤ ਗੇੜੇ ਲਗਵਾ ਕੇ ਹੀ ਰੁਕੀ ... ਜਿਵੇਂ ਕੋਈ ਦੂਰ-ਮਾਰ ਕਰਨ ਵਾਲੀ ਮਿਜ਼ਾਈਲ ਹੋਵੇ ਤੇ ਉਸਨੇ ਆਪਣੇ ਨਿਸ਼ਾਨੇ 'ਤੇ ਪਹੁੰਚ ਕੇ ਹੀ ਸਾਹ ਲੈਣਾ ਹੋਵੇ ...

ਬਿਨਾਂ ਦੱਸੇ, ਪੁੱਛੇ ਸ਼ਨੀਦੇਵ ਦੀ ਪੂਜਾ ਕਰਨ ਲਈ ਹੁਣ ਦੋਵੇਂ ਜੀਅ ਮੰਦਰ ਵੀ ਜਾਣ ਲੱਗ ਪਏ ਨੇ। ਇੱਕ ਦਿਨ ਪਹਿਲਾਂ ਬਹੂ ਸ਼੍ਰੀ ਰਿਲਾਇੰਸ ਤੋਂ ਉਚੇਚਾ ਨਾਰੀਅਲ ਖਰੀਦ ਲਿਆਈ। ਡਾਈਨਿੰਗ ਟੇਬਲ ਤੋਂ ਨਾਰੀਅਲ ਫੜਦਿਆਂ ਮਾਤਾ ਸ਼੍ਰੀ ਨੇ ਕਿਹਾ ਸੀ, 'ਨਾਰੀਅਲ ਦੀ ਚਟਨੀ ਬਣਾ ਲੈਂਦੇ ਹਾਂ ...

ਸੁਣਦਿਆਂ ਸਾਰ ਦੂਰੋਂ ਭੱਜੀ ਆਈ ਨੇ ਆਪਣੀ ਸੱਸ ਮਾਤਾ ਹੱਥੋਂ ਨਾਰੀਅਲ ਲੈਂਦਿਆਂ ਕਿਹਾ, 'ਅੰਮੀ ! ਇਹ ਨਾਰੀਅਲ ਮੈਂ ਕਿਸੇ ਹੋਰ ਕੰਮ ਲਈ ਲਿਆਂਦਾ ਏ' ...

ਉਸ ਸ਼ਾਮ ਉਹੀਓ ਨਾਰੀਅਲ ਲੈ ਦੋਵੇਂ ਜਣੇ ਬਿਨਾਂ ਦੱਸਿਆਂ, ਪੁੱਛਿਆਂ ਘਰੋਂ ਚਲੇ ਗਏ। ਵਾਪਸ ਆਇਆਂ ਕੋਲ ਇੱਕ ਲਿਫ਼ਾਫ਼ਾ ਸੀ ਜਿਸ ਵਿੱਚ ਪਏ ਫੁਲ, ਪਤਾਸੇ ਤੇ ਰੰਗ ਬਰੰਗੇ ਬਦਾਨੇ ਤੋਂ ਸਾਫ ਪਤਾ ਲੱਗਦਾ ਸੀ ਕੇ ਮਨ ਦੀ ਕੋਈ ਮੁਰਾਦ ਪੁਗਾਉਣ ਲਈ ਗੁਰੂਦੁਆਰਿਉਂ ਨਹੀਂ, ਕਿਸੇ ਮੰਦਰੋਂ ਹੋ ਕੇ ਆਏ ਨੇ...

ਹੋਰ ਸੁਣੋ ! ਹੁਣੇ ਜਿਹੇ ਪੇਕਿਓਂ ਆਈ ਨੇ ਆਪਣੀ ਵਿਆਹ ਵਾਲੀ ਚਾਂਦੀ ਦੀ ਇੱਟ ਮੰਗਣੀ ਸ਼ੁਰੂ ਕਰ ਦਿੱਤੀ। ਸੌ ਕੁ ਗ੍ਰਾਮ ਦੀ ਚਾਂਦੀ ਦੀ ਡਲੀ ਸੀ ਨਿੱਕੀ ਜਿਹੀ ... ਉਸਨੇ ਗਹਿਣੇ ਤਾਂ ਆਪਣੇ ਹੋਰ ਵੀ ਸੰਭਾਲਣੇ ਦਿੱਤੇ ਹੋਏ ਨੇ ... ਉਨਾਂ ਵਿੱਚ ਇੱਟ ਹੁੰਦੀ ਤਾਂ ਇੱਧਰ, ਉੱਧਰ ਰੱਖੀ ਲੱਭ ਪੈਂਦੀ ...

ਲਓ ਜੀ ! ਰਾਈ ਦਾ ਪਹਾੜ ਬਣਾ ਬੈਠੀ ... ਆਖੇ, ਕਰਮਾਂ ਵਾਲੀ ਇੱਟ ਸੀ... ਅੰਮੀਂ ਨੇ ਸਾਡੇ ਵਿਆਹ ਵੇਲੇ ਬੜੇ ਪੂਜਾ, ਪਾਠ ਕਰਵਾ ਕੇ ਬਣਵਾਈ ਸੀ ... ਉਸੇ ਨਾਲ ਸਾਡੇ ਘਰ ਵਿੱਚ ਸੁੱਖ, ਸ਼ਾਂਤੀ ਬਰਕਰਾਰ ਰਹਿਣੀ ਸੀ ਤੇ ਦੌਲਤਾਂ ਦੇ ਅੰਬਾਰ ਲੱਗਣੇ ਸਨ ...

ਅਸੀਂ ਦੋਵਾਂ ਜੀਆਂ ਨੇ ਸਾਰਾ ਘਰ ਉੱਪਰ, ਹੇਠਾਂ ਕਰ ਛੱਡਿਆ ... ਹੁੰਮਸ ਭਰੇ ਦਿਨ ਸਨ ... ਲੰਗੜੇ ਵਾਹ ਇੱਟ ਨੂੰ ਲੱਭਦੇ ਪਸੀਨੋਂ, ਪਸੀਨੀ ਹੁੰਦੇ ਰਹੇ ... ਇੱਟ ਸਾਡੇ ਕੋਲ ਹੁੰਦੀ ਤਾਂ ਸਾਨੂੰ ਮਿਲ ਜਾਂਦੀ ... ਪਹਿਲੇ ਹੀ ਦਿਨ ਤੋਂ ਮਾਪਿਆਂ ਦੀ ਸਿੱਖਿਆ ਮੰਨਦੀ ਇੱਟ ਨੂੰ ਆਪਣੇ ਕਮਰੇ ਵਿੱਚ ਸਾਂਭ ਕੇ ਭੁੱਲ, ਭੁਲਾ ਗਈ। ਉਲਟਾ ਤਿੰਨ ਦਿਨ ਲਗਾਤਾਰ ਸਾਨੂੰ ਕਲਪਾਉਂਦੀ, ਖਿਝਾਉਂਦੀ ਰਹੀ ...ਵੇਖੋ ! ਘਰ ਨੂੰ ਸਿਆਣੀ ਏਡੀ ਕਿ ਚੌਥੇ ਦਿਨ ਖੁਦ ਉੱਪਰੋਂ ਆਪਣੇ ਕਮਰੇ 'ਚੋਂ ਇੱਟ ਨੂੰ ਲੱਭ ਲਿਆਈ। ਹਨੇਰ ਸਾਈਂ ਦਾ ... ਸਿਆਣਾ ਬੰਦਾ ਆਪਣੀ ਗ਼ਲਤੀ ਦਾ ਅਹਿਸਾਸ ਕਰਦਾ ਪਰ ਉਹ 'ਸੌਰੀ' ਕਹਿਣ ਦੀ ਥਾਂ ਖੀਂ ... ਖੀਂ ... ਹੱਸਦੀ ਹੋਈ ਇੱਥੇ ਸੀ ਤੇ ਓਹ ਗਈ ...

ਹੋਰ ਸੁਣੋ ... ਬਹੂ ਸ਼੍ਰੀ ਮੱਕੀ ਦੀ ਰੋਟੀ ਬਣਾਉਣ ਦੀ ਤਿਆਰੀ ਕਰ ਰਹੀ ਸੀ ... ਰਸੋਈ 'ਚ ਹੱਥ ਵਟਾ ਰਹੀ ਸ਼੍ਰੀ ਮਤੀ ਨੇ ਕਿਹਾ, 'ਧੀਏ ! ਮੱਕੀ ਦੇ ਆਟੇ 'ਚ ਥੋੜ੍ਹਾ ਕਣਕ ਦਾ ਆਟਾ ਮਿਲਾ ਲਈਂ ... ਰੋਟੀ ਸੋਹਣੀ ਵੇਲੀ ਜਾਉਗੀ' ...

'ਅੰਮੀ ! ਮੈਨੂੰ ਜਾਚ ਏ ਰੋਟੀ ਬਣਾਉਣ ਦੀ ... ਤੁਸੀਂ ਵੇਖਦੇ ਰਹਿਓ ... ਤੁਹਾਨੂੰ ਕਣਕ ਦੇ ਆਟੇ ਤੋਂ ਬਗੈਰ ਹੀ ਮੱਕੀ ਦੀ ਰੋਟੀ ਬਣਾ ਕੇ ਖਵਾਉਂਗੀ' ...

ਹਰ ਧੀ-ਪੁੱਤ ਮਾਪਿਆਂ ਨਾਲੋਂ ਆਪਣੇ ਆਪ ਨੂੰ ਵੱਧ ਸਿਆਣਾ ਸਮਝਦਾ ... ਕੋਈ ਉਨਾਂ ਨੂੰ ਸਲਾਹ ਦੇ ਕੇ ਭਲਾ ਜਾਊ ਕਿੱਥੇ ?... ਹੋਇਆ ਕੀ ... ਬਹੂ ਸ਼੍ਰੀ ਮੱਕੀ ਦੇ ਗੁੰਨੇ ਆਟੇ ਨਾਲ ਮੱਥਾ ਮਾਰਦੀ

ਰਹੀ ... ਪੇੜਾ ਸੀ ਕਿ ਵੇਲੀ ਹੋਈ ਰੋਟੀ ਭੁਰ, ਭੁਰ ਜਾਏ ... ਪੜ੍ਹੀ, ਲਿਖੀ ਬਹੂ ਸ੍ਰੀ ਬਾਰ ਬਾਰ ਰੋਟੀ ਥੱਪਦੀ ਪ੍ਰੇਸ਼ਾਨ ਹੋ ਗਈ ... ਥੱਕ, ਹਾਰ ਕੇ ਅਖੀਰ ਉਸਨੂੰ ਸ੍ਰੀ ਮਤੀ ਦਾ ਕਿਹਾ ਮੰਨਣਾ ਪਿਆ ...

ਇੱਕ ਵਾਰੀ ਨਹੀਂ, ਕਈ ਵਾਰੀ ਅਜਿਹੇ ਭਾਣੇ ਵਾਪਰਦੇ ... ਖੈਰ ! ਰੋਟੀ ਉਸ ਸਿਆਣੀ ਤੋਂ ਮੱਕੀ ਦੇ ਆਟੇ ਵਿੱਚ ਕਣਕ ਦਾ ਆਟਾ ਮਿਲਾਉਣ 'ਤੇ ਹੀ ਬਣੀ ... ਉਸ ਦਿਨ ਕਿਸੇ ਦੀ ਨਹੀਂ, ਆਪਣੀ ਗ਼ਲਤੀ ਕਾਰਨ ਹੀ ਉਸਦੇ ਚਿਹਰੇ ਵਾਲੀ ਮੁਸਕਰਾਹਟ ਸਾਰਾ ਦਿਨ ਗਾਇਬ ਰਹੀ ... ਪੈਂਦੇ ਹੱਥੀਂ ਜੇ ਬੰਦਾ ਕਿਸੇ ਸਿਆਣੇ ਦਾ ਕਿਹਾ ਮੰਨ ਲਏ ਤਾਂ ਉਹ ਸਹਿਜੇ ਹੀ ਸ਼ਰਮਿੰਦਗੀ ਤੇ ਕਿਰਕਿਰੀ ਭਰੇ ਆਲਮ ਤੋਂ ਛੁਟਕਾਰਾ ਪਾ ਸਕਦਾ ...

ਅਸੀਂ ਇੰਦੀ ਨਾਲ ਸਹੁਰੇ ਤੇ ਸੱਸ ਵਰਗਾ ਵਤੀਰਾ ਨਹੀਂ ਕਰਦੇ ਸਗੋਂ ਉਸਨੂੰ ਆਪਣੀ ਸ਼ਵੀ ਤੋਂ ਵੱਧ ਹਮੇਸ਼ਾ ਧੀ ਵਾਂਗ ਜਾਣਦੇ ਹਾਂ ...ਹਾਂ ਸੱਚ ! ਗੱਲ ਚਾਂਦੀ ਵਾਲੀ ਇੱਟ ਦੀ ਹੋ ਰਹੀ ਸੀ ... ਆਪਣੀ ਇੱਟ ਨੂੰ ਬੇਕਿੰਗ ਪਾਊਡਰ ਵਾਲੇ ਗਰਮ ਪਾਣੀ ਨਾਲ ਚਮਕਾਉਂਦੀ ਹੋਈ ਬੋਲੀ, 'ਇਸ ਵਾਰੀ ਅੰਮੀ ਨੇ ਤਾਕੀਦ ਕੀਤੀ ਸੀ ਕਿ ਘਰ ਵਿੱਚ ਸੁੱਖ-ਸ਼ਾਂਤੀ ਤੇ ਖੁਸ਼ਹਾਲੀ ਚਾਹੁੰਦੇ ਹੋ ਤਾਂ ਵਿਆਹ ਵਾਲੀ ਇੱਟ ਨੂੰ ਹਮੇਸ਼ਾ ਚਮਕਾ ਕੇ ਰਖਿਆ ਕਰੋ ... ਜੇ ਪਈ, ਪਈ ਇੱਟ ਕਾਲੀ ਹੋ ਜਾਏ ਤਾਂ ਕਿਸਮਤ ਵੀ ਚਮਕਣ ਤੋਂ ਜੁਆਬ ਦੇ ਜਾਂਦੀ ... ਘਰੋਂ ਰਿਜਕ ਵੀ ਵਿੱਟਰ ਜਾਂਦਾ'...

ਇੱਕ ਦਿਨ ਦੀ ਸੁਣੋ ... ਪੁੱਤਰ ਸ੍ਰੀ ਆਪਣੀ ਮਾਤਾ ਸ੍ਰੀ ਨੂੰ ਆਖਦਾ ਸੀ, 'ਅੰਮੀ ! ਤੁਸੀਂ ਸ਼ਵੀ ਨੂੰ ਸਿਰੇ ਚੜ੍ਹਾਇਆ ਹੋਇਆ ... ਹਮੇਸ਼ਾ ਉਸਨੂੰ ਮਹਾਰਾਣੀ ਬਣਾ ਕੇ ਰੱਖਦੇ ਹੋ ... ਉਸਦਾ ਪੱਖ ਪੂਰਨ ਲਈ ਆਪਣੀ ਜਾਨ ਨੂੰ ਵੀ ਜੋਖ਼ਮ 'ਚ ਪਾਈ ਰੱਖਦੇ ਹੋ'...

ਅਸੀਂ ਕਿਸੇ ਨੂੰ ਕੀ ਕਹੀਏ ? ਸਾਡੇ ਲਈ ਤਾਂ ਘਰ ਦੇ ਸਾਰੇ ਜੀਅ ਇੱਕੋ ਜਿਹੇ ਨੇ ... ਜਿਹੀ ਸਾਡੇ ਲਈ ਸ਼ਵੀ, ਤਿਹੀ ਇੰਦੀ ... ਸਾਨੂੰ ਉਸਦੀ ਇੰਦੀ ਵਾਂਗ ਲੋਲੋ-ਪੋਚੋ ਵੀ ਨਹੀਂ ਕਰਨੀ ਆਉਂਦੀ ... ਸ਼ਵੀ ਆਪਣੇ ਪੈਰਾਂ 'ਤੇ ਖੜੀ ਖੁਦ ਕਮਾਉਂਦੀ ਤੇ ਖਾਂਦੀ ... ਅਸੀਂ ਦੋਵੇਂ ਮੀਆਂ, ਬੀਵੀ ਹਾਲੇ ਚੱਲਣ, ਫਿਰਨ ਜੋਗੇ ਹਾਂ ... ਫੁੱਟੀ ਕੌਡੀ ਲਈ ਵੀ ਇਨਾਂ ਦੇ ਮੁਥਾਜ ਨਹੀਂ ... ਦੇਣ ਲਈ ਲੱਖਾਂ, ਕਰੋੜਾ ਦਾ ਬੈਂਕ ਬੈਲੈਂਸ ਪਿਆ ... ਇਨਾਂ ਨੂੰ ਵੰਡਣ ਲਈ ਘਰ,ਕੋਠੀਆਂ ਵੱਖਰੀਆਂ ... ਬੰਦਾ ਪੁੱਛੇ, ਕੁਝ ਨਾਲ ਲੈ ਕੇ ਗਿਆ ਕੋਈ ? ... ਅਸੀਂ ਵੀ ਸਾਰਾ ਕੁਝ ਨਾਲ ਨਹੀਂ ਲੈ ਜਾਣਾ ... ਸਾਰਾ ਕੁਝ ਇਨਾਂ ਲਈ ਤਾਂ ਏ ...

ਹੁਣ ਪਿੱਛਲ-ਝਾਤ ਮਾਰਦੇ ਹਾਂ ... ਛੋਟੀ ਹੁੰਦੀ ਸ਼ਵੀ ਨੂੰ ਦੂਰ ਦਾ ਕੁਝ ਦਿਸਦਾ ਹੋਏਗਾ ... ਅੱਜ ਉਸ ਹਾਦਸੇ ਬਾਰੇ ਸੋਚਦੇ ਹਾਂ ... ਉਸਦਾ ਕੋਠੇ ਤੋਂ ਡਿੱਗਣਾ ਬੜਾ ਜਾਇਜ ਲੱਗਦਾ ... ਉਦੋਂ ਜਰੂਰ ਉਸਨੂੰ ਆਪਣੀ ਹੋਣੀ ਦਾ ਇਲਮ
ਹੋਏਗਾ ...

ਕਾਸ਼ ! ਪੂਰਨਮਾਸ਼ੀ ਦੀ ਰਾਤ ਵਾਲੇ ਉਸ ਜਵਾਰਭਾਟੇ ਦੀ ਅਗਾਊ ਦੱਸ ਨਾ ਪਈ ਹੁੰਦੀ ... ਨਾ ਅਸੀਂ ਉਸਨੂੰ ਖੁਸ਼ ਆਮਦੀਦ ਕਿਹਾ ਹੁੰਦਾ... ਕਰਮ ਵਿਹੂਣਾ ਉਹ ਜਵਾਰਭਾਟਾ ਸਾਡੇ ਵੱਲ ਰੁੱਖ ਕਰਨ ਦੀ ਥਾਂ ਦੂਰ, ਦੁਰੇਡੇ ਕਾਲੇ ਸਮੁੰਦਰਾਂ ਵਿੱਚ ਹੀ ਗੁੰਮ, ਗੁਆਚ ਗਿਆ ਹੁੰਦਾ ...

ਗੱਲ ਫੁੱਲਾਂ ਦੀ ਸੀ ... ਫੁੱਲ, ਬੇਧਿਆਨੀ 'ਚ ਮਹਿਕਾਂ ਵੰਡਦੇ ...ਵੇਖੋ ! ਹੌਲੇ ਫੁੱਲ ਆਪਣੀ ਮਹਿਕ ਦਾ ਲੇਖਾ-ਜੋਖ਼ਾ ਸ਼ੁਰੂ ਕਰ ਬਹਿੰਦੇ ... ਆਪਣੇ ਆਪ ਨੂੰ ਮਾਣਮੱਤਾ ਮਹਿਸੂਸ ਕਰਨ ਲੱਗ ਪੈਂਦੇ ... ਆਪੇ 'ਚ ਮਸਤ ਹੋ ਰੱਬ ਜੀ ਨੂੰ ਭੁੱਲ ਭੁਲਾ ਜਾਂਦੇ ... ਅੰਤ ਨੂੰ ਭਾਰਾ ਹੋ ਜਾਂਦੇ ... ਪੱਤੀ, ਪੱਤੀ ਸੁਕਦੇ, ਸੜਦੇ ਨਿਊਟਨ ਦਾ ਸੇਬ ਵਾਂਗ ਹੇਠਾਂ ਧਰਤੀ 'ਚ ਸਮਾ ਜਾਂਦੇ ...

ਛੋਟਾ, ਫੁੱਲ-ਡੋਡੀਆਂ ਵਰਗਾ ਹੁੰਦਾ ਪੁੱਤਰ ਸ਼੍ਰੀ ਪਹਿਲਾਂ, ਪਹਿਲਾਂ ਬੜਾ ਸਮੂਥ ਚੱਲਦਾ ਸੀ ... ਕਦੀ ਮਾਨਸਕ ਤਵਾਜਨ ਨਹੀਂ ਸੀ ਵਿਗੜਿਆ ਇਸਦਾ ... ਖਿੜ ਕੇ ਇਸਨੂੰ ਵੀ ਮਹਿਕਾਂ ਵੰਡਣ ਦਾ ਗਰੂਰ ਹੋਣ ਲੱਗ ਪਿਆ ... ਵੱਡੀ ਛੇੜਖਾਨੀ ਹੋਈ ਲੱਗਦੀ ਇਸਦੇ ਕਲਪੁਰਜ਼ਿਆਂ ਨਾਲ ... ਪਤਾ ਨਹੀਂ ਕਿਹੜਾ ਚੰਦਰਾ ਇਸਦੇ ਸਟੇਅਰਿੰਗ ਨੂੰ ਗ਼ਲਤ ਦਿਸ਼ਾ ਵੱਲ ਮੋੜਨ ਲੱਗ ਪਿਆ

# ਸੀ ਬਲਾਕ

ਦਸੰਬਰ 2013 ਦੇ ਆਖਰੀ ਦਿਨ ਬੀਤ ਰਹੇ ਸਨ। ਠੰਡ ਗੂੜ੍ਹੇ ਨੀਲੇ ਆਸਮਾਨ 'ਚੋਂ ਹੌਲੀ ਹੌਲੀ ਹੇਠਾਂ ਨੂੰ ਉੱਤਰ ਰਹੀ ਸੀ। ਤੀਹ ਸੈਕਟਰ ਵਾਲੀ ਕੁਟੀਆ 'ਚੋਂ ਸਿਰਫ ਤੇ ਸਿਰਫ ਇੱਕ ਪੈੱਗ ਹੀ ਲਾਇਆ। ਸਾਡੇ ਅਫਸਰ ਆਪਣੀ ਬਚੀ ਹੋਈ ਬੋਤਲ ਨਾਲ ਲੈ ਸਾਨੂੰ ਕਾਰ 'ਚ ਬਿਠਾ ਆਪਣੇ ਘਰ ਵੱਲ ਤੁਰ ਪਏ। ਰਸਤੇ 'ਚ ਸੈਕਟਰ ਛਿਆਲੀ ਵਾਲੇ ਅਵਤਾਰ ਭਾਜੀ ਦੇ ਘਰੋਂ ਅਸੀਂ ਆਪਣਾ ਸਕੂਟਰ ਲੈਣਾ ਸੀ ਤੇ ਸਾਰਿਆਂ ਨੇ ਆਪੋ ਆਪਣੇ ਘਰੀਂ ਅੱਪੜ ਜਾਣਾ ਸੀ। ਕਾਰ 'ਚੋਂ ਉੱਤਰਨ ਵੇਲੇ ਅਫਸਰਾਂ ਨੇ ਇੱਕ ਪੈੱਗ ਹੋਰ ਲੁਆ ਦਿੱਤਾ ... ਨਾਂ ਕੀ ਲਾਈਦਾ ... ਯਾਤਰਾ ਪੈੱਗ ...

ਚੌਂਕ ਦੇ ਨਾਲ ਵਾਲੀ ਗਲੀ 'ਚ ਅਵਤਾਰ ਭਾਜੀ ਦਾ ਘਰ ਸੀ। ਇੱਕ ਦਿਨ ਪਹਿਲਾਂ ਘਰਦਿਆਂ ਨੇ ਚਾਰ, ਪੰਜ ਪੈੱਗ ਪੀ ਲੈਣ ਕਾਰਨ ਸਕੂਟਰ ਉੱਥੇ ਰਖਵਾ ਦਿੱਤਾ ਤੇ ਕਾਰ 'ਚ ਬੈਠਾ ਸਾਨੂੰ ਘਰ ਲੈ ਆਏ। ਮਤੇ ਪੀਤੀ ਖਾਧੀ 'ਚ ਸਕੂਟਰ 'ਤੇ ਇੱਕਲੇ ਘਰ ਜਾਂਦਿਆਂ ਕੋਈ ਅਭੀ, ਨਭੀ ਨਾ ਹੋ ਜਾਏ। ਅਸੀਂ ਨਹੀਂ, ਸਾਡਾ ਸਕੂਟਰ ਅਕਸਰ ਹੀ ਸ਼ਰਾਬੀ ਹੋ ਜਾਂਦਾ। ਅਜਿਹੀ ਹਾਲਤ ਵਿੱਚ ਅਸੀਂ ਬੜੇ ਸੁਚੇਤ ਹੋ ਜਾਂਦੇ। ਕਿਸੇ ਭਾਵੀ ਬਿਪਤਾ ਤੋਂ ਬਚਣ ਲਈ ਅਸੀਂ ਆਪਦੇ ਸ਼ਰਾਬੀ ਸਕੂਟਰ ਨੂੰ ਬਹੁਤਾ ਮੂੰਹ ਨਹੀਂ ਲਾਉਂਦੇ। ਉਸਨੂੰ ਸਬਕ ਸਿਖਾਉਣ ਲਈ ਕਦੀ ਠੇਕੇ, ਕਦੀ ਠਾਣੇ ਤੇ ਕਦੀ ਮੰਦਰ, ਮਸੀਤੇ ਛੱਡ ਆਉਂਦੇ। ਹੈਗਾ ਉਹ ਵੀ ਬੜਾ ਸਿਆਣਾ ... ਬੇਗਾਨੀ ਥਾਂ 'ਤੇ ਇੱਕਲਾ ਰਾਤ ਕੱਟ ਕੇ ਦੋ, ਚਾਰ ਦਿਨ ਸੁਧਰਿਆ ਰਹਿੰਦਾ ਤੇ ਦਾਰੂ, ਸਿੱਕੇ ਵੱਲ ਬਹੁਤ ਮੂੰਹ ਨਹੀਂ ਕਰਦਾ...

ਅਵਤਾਰ ਭਾਜੀ ਕੋਲੋਂ ਚਾਬੀ ਲਈ ਤੇ ਸਕੂਟਰ ਸਟਾਰਟ ਕਰ ਲਿਆ। ਰਸੋਈ 'ਚ ਪਈ ਆਪਣੇ ਹਿੱਸੇ ਦੀ ਦਾਰੂ ਪੀਣ ਲਈ ਉਨਾਂ ਬੜਾ ਜ਼ੋਰ ਪਾਇਆ ਪਰ ਅਸੀਂ ਇੱਕੋ ਨੱਨਾ ਧਰ ਇਥੇ ਸੀ ਤੇ ਔਹ ਗਏ। ਜਿਵੇਂ ਸਮਾਂ ਬੜਾ ਕੀਮਤੀ ਸ਼ੈਅ ਹੁੰਦਾ ... ਇੱਕ ਪੱਲ ਵੀ ਗੁੰਮ ਗੁਆਚ ਜਾਏ ਤਾਂ ਰਹਿੰਦੀ ਜਿੰਦਗੀ ਪੱਛੜ ਜਾਂਦੀ ...

ਜਦੋਂ ਕਦੀ ਉੱਧਰੋਂ ਲੰਘੇ, ਸ੍ਰੀ ਮਤੀ ਦੀ ਨਿੱਘੀ ਵੱਡੀ ਭੈਣ ਕੋਲੋਂ ਢੇਰ ਸਾਰੀ ਪ੍ਰਾਹੁਣਾਚਾਰੀ ਕਰਵਾ ਕੇ ਘਰ ਪੁੱਜੇ ... ਦਾਰੂ, ਸਿੱਕਾ ਵੀ ਸਾਡੇ ਲਈ ਹਮੇਸ਼ਾ ਤਿਆਰ ਹੁੰਦਾ ... ਉੱਥੋਂ ਛੇਤੀ ਛੇਤੀ ਘਰ ਜਾਣ ਦਾ ਫਿਕਰ ਫਾਕਾ ਵੀ ਨਹੀਂ ਹੁੰਦਾ ... ਹੋਰ ਤੇ ਹੋਰ ਸ੍ਰੀ ਮਤੀ ਵੀ ਬੜੀ ਨਿਸ਼ਚਿੰਤ ਹੋ ਜਾਂਦੀ ... ਕਿਧਰੇ ਹੋਰ ਬੈਠੇ ਹੋਈਏ ਤਾਂ ਫੋਨ 'ਤੇ ਫੋਨ ਕਰੀ ਜਾਂਦੀ ... ਨੱਕ 'ਚ ਦਮ ਕਰੀ ਰੱਖਦੀ ... ਅਕਸਰ

ਸਾਡੀ ਬੈਠਕ ਦਾ ਮਜ਼ਾ ਕਿਰਕਰਾ ਕਰ ਦੇਂਦੀ ...ਪਤਾ ਨਹੀਂ, ਉਸ ਵੇਲੇ ਅਵਤਾਰ ਭਾਜੀ ਦਾ ਮੋਹ ਭਰਿਆ ਸੱਦਾ ਕਿਵੇਂ ਠੁਕਰਾਇਆ ਗਿਆ ?...

ਬੜੀ ਸੁਚੇਤ ਅਵਸਥਾ 'ਚ ਹੌਲੀ ਹੌਲੀ ਚੱਲਦਿਆਂ ਦੋ ਤਿੰਨ ਚੌਂਕ ਪਾਰ ਕਰ ਲਏ। ਸੈਕਟਰ ਉਨਿੰਜਾ, ਪੰਜਾਹ ਵਾਲੇ ਛੋਟਾ ਚੌਂਕ ਪਾਰ ਕਰਦਿਆਂ ਇੱਕ ਮੋਟੀ ਠੁੱਲੀ ਤੇ ਕਾਲੇ ਪਰਛਾਵੇਂ ਜਿਹੀ ਆਕ੍ਰਿਤੀ ਬੜੀ ਤੇਜ਼ੀ ਨਾਲ ਸੜਕ ਪਾਰ ਕਰਦੀ ਦਿਸੀ। ਚੰਗੀ ਤਰਾਂ ਯਾਦ ਏ ਕਿ ਉਹ ਕੋਈ ਭੂਤ ਪ੍ਰੇਤ ਜਾਂ ਜਨੌਰ ਨਹੀਂ ਸੀ ... ਸਾਡੇ ਵਰਗਾ ਹੱਡ ਮਾਸ ਦਾ ਕੋਈ ਬੰਦਾ ਸੀ। ਅਗਲੇ ਪਲ 'ਠਾਹ' ਦੀ ਆਵਾਜ਼ ਕੰਨੀਂ ਪਈ ਤੇ ਆਲੇ ਦੁਆਲੇ ਕਦੀ ਨਾ ਖਤਮ ਹੋਣ ਵਾਲੀ ਖਾਮੋਸ਼ੀ ਪੱਸਰ ਗਈ।

ਪਤਾ ਨਹੀਂ, ਕਿੰਨੀ ਕੁ ਦੇਰ ਬਾਅਦ ਸੁੱਧ ਬੁੱਧ ਵਾਪਸ ਪਰਤੀ। ਹੌਲੀ, ਹੌਲੀ ਅੱਖਾਂ ਖੁੱਲੀਆਂ। ਕਾਲੇ ਤੇ ਵੱਡੇ ਵੱਡੇ ਇੱਕ ਨਹੀਂ, ਕਈ ਭੂਤ ਆਲੇ ਦੁਆਲੇ ਖੜ੍ਹੇ ਦਿਸੇ। ਧਿਆਨ ਨਾਲ ਭੂਤਾਂ ਦੇ ਨਕਸ਼ ਪਛਾਨਣ ਦੀ ਕੋਸ਼ਿਸ਼ ਕੀਤੀ। ਭੂਤ ਨਹੀਂ, ਰੁੱਖ ਸਨ। ਅਸੀਂ ਸੜਕ ਦੇ ਕਿਨਾਰੇ ਚੌਫਾਲ ਲੇਟੇ ਪਏ ਸੀ। ਸ਼ੀਸ਼ੇ ਰਹਿਤ ਸੁਨਹਿਰੀ ਐਨਕ ਦਾ ਫਰੇਮ ਲਾਗੇ ਡਿੱਗਾ ਪਿਆ ਸੀ। ਚਿਹਰੇ ਤੋਂ ਹੇਠਾਂ ਜਿਸਮ 'ਤੇ ਰੀਂਘਦੀ ਹੋਈ ਨਜ਼ਰ ਪੈਰਾਂ 'ਤੇ ਜਾ ਟਿਕੀ। ਊਠ ਦੇ ਚਮੜੇ ਵਾਲੀ ਨਵੀਂ ਗੁਰਗਾਬੀ ਦਾ ਸੱਜਾ ਪੈਰ ਆਪਣੀ ਅਸਲ ਥਾਂ ਤੋਂ ਹੇਠਾਂ ਨੂੰ ਲੁੜਕਿਆ ਪਿਆ ਸੀ।

ਹਾਏ ਓਏ ਰੱਬਾ ! ਸਮਝਦਿਆਂ ਦੇਰ ਨਾ ਲੱਗੀ। ਗੋਡਿਉਂ ਹੇਠਾਂ ਸੱਜੀ ਲੱਤ ਟੁੱਟ ਚੁਕੀ ਸੀ। ਵੇਖ ਕੇ ਤਨ, ਮਨ ਡੋਲ ਗਿਆ। ਬੜੀ ਘਬਰਾਹਟ ਮਹਿਸੂਸ ਹੋਈ। ਮੱਥਾ ਤਰੇਲੀਆਂ ਨਾਲ ਭਿੱਜ ਗਿਆ। ਅਪਾਹਜਪੁਣੇ ਤੋਂ ਹਮੇਸ਼ਾ ਲਈ ਮੁਕਤੀ ਪਾਉਣੀ ਚਾਹੀ ... ਮੁੜ ਅੱਖਾਂ ਮੀਟ ਲਾਈਆਂ ਤੇ ਰੱਬ ਨੂੰ ਬਚੇ ਹੋਏ ਸੁਆਸ ਵਾਪਸ ਲੈ ਜਾਣ ਦੀ ਬੇਨਤੀ ਕਰਨ ਲੱਗ ਪਏ। ਕੁਝ ਚਿਰ ਪਹਿਲਾਂ ਵਾਲੀ ਬੇਸੁਰਤੀ 'ਚ ਸਦੀਵੀ ਪਰਤ ਜਾਣ ਦੀ ਆਸ, ਅਰਜੋਈ ਕੀਤੀ ਪਰ ਅਸਫਲ ਰਹੇ। ਸਾਡੇ ਰੱਬ ਦੇ ਕੰਨਾਂ 'ਤੇ ਜੂੰ ਨਾ ਸਰਕੀ। ਸ਼ਾਇਦ ਉਸਨੂੰ ਕੁਝ ਹੋਰ ਮਨਜ਼ੂਰ ਹੋਏ ... ਸੱਚ ਹੈ ਕਿ ਜਾਂਦਾ ਕਿ ਬੰਦਾ ਜੋ ਚਾਹੁੰਦਾ ਉਸਨੂੰ ਕਦੀ ਨਹੀਂ ਮਿਲਦਾ ...

ਮਰ ਮਿਟ ਜਾਣ ਦੀ ਅਸਫ਼ਲ ਚਾਰਾਜੋਈ ਤੋਂ ਬਾਅਦ ਲੇਖਾਂ 'ਚ ਜਿਵੇਂ ਜਿਉਣਾ ਤੇ ਸਿਰਫ ਜਿਉਣਾ ਹੀ ਬਾਕੀ ਲਿਖਿਆ ਸੀ। ਜ਼ੋਰ ਅਜਮਾਇਸ਼ ਕਰਕੇ ਹੈਲਮਟਧਾਰੀ ਸਿਰ ਨੂੰ ਸੜਕ ਤੋਂ ਉੱਪਰ ਚੁੱਕਿਆ ਤੇ ਇੱਧਰ ਉੱਧਰ ਨਜਰਾਂ ਘੁਮਾਈਆਂ। ਇੱਕ ਪਾਸੇ ਲੋਕਾਂ ਦਾ ਹਜੂਮ ਸਾਡੇ ਇਰਦ ਗਿਰਦ ਝੁਰਮਟ ਪਾਈ ਖੜ੍ਹਾ ਸੀ। ਸੜਕ ਦੇ ਦੂਜੇ ਕਿਨਾਰੇ  ਗਜ਼ ਕੁ ਦੂਰੀ 'ਤੇ ਬੈਗ ਸਮੇਤ ਸਾਡਾ ਸ਼ਰਾਬੀ ਕਬਾਬੀ ਸਕੂਟਰ ਲੇਟਿਆ ਪਿਆ ਸੀ। ਵੇਖਦਿਆਂ ਵਾਚਦਿਆਂ ਸਮਝ 'ਚ ਆਇਆ ਕਿ ਟੱਕਰ ਬੜੇ

ਜ਼ੋਰ ਨਾਲ ਹੋਈ ਹੋਵੇਗੀ। ਜੇਕਰ ਸਾਡੀ ਰਫ਼ਤਾਰ ਹੌਲੀ ਹੁੰਦੀ ਤਾਂ ਸਕੂਟਰ ਸਾਡੇ ਨਾਲ ਹੀ ਸੱਜੇ ਜਾਂ ਖੱਬੇ ਡਿੱਗਣਾ ਚਾਹੀਦਾ ਸੀ। ਹੈਰਾਨੀ ਤੇ ਦੁੱਖ ਵਾਲੀ ਗੱਲ ਤਾਂ ਇਹ ਸੀ ਕਿ ਛੋਟੇ ਛੋਟੇ ਦੋ ਪੈੱਗ ਲਾਏ ਤੇ ਦੁਰਘਟਨਾ ਬਹੁਤ ਵੱਡੀ ਹੋ ਗਈ।

ਹੁਣ ਬਹੁਤੀ ਸੋਚ ਵਿਚਾਰ ਦਾ ਵੇਲਾ ਨਹੀਂ ਸੀ ਰਿਹਾ। ਪੜ੍ਹਿਆ ਸੁਣਿਆ ਸੀ ਕਿ ਜਖ਼ਮੀ ਬੰਦੇ ਨੂੰ ਤੁਰੰਤ ਹਸਪਤਾਲ ਪਹੁੰਚਾਉਣਾ ਚਾਹੀਦਾ। ਕੂਹਣੀ ਤੇ ਪਿੱਠ ਦੇ ਆਸਰੇ ਥੋੜ੍ਹਾ ਕੁ ਉਤਾਂਹ ਉੱਠਦਿਆਂ ਲਾਗੇ ਖੜ੍ਹੇ ਇੱਕ ਅਜਨਬੀ ਨੂੰ ਸਕੂਟਰ ਦੇ ਨਾਲ ਸੜਕ 'ਤੇ ਪਿਆ ਬੈਗ ਫੜਾਉਣ ਲਈ ਬੇਨਤੀ ਕੀਤੀ। ਉਸ ਭਲੇ ਮਾਨਸ ਨੇ ਝੱਟ ਬੈਗ ਫੜਾ ਦਿੱਤਾ। ਬੈਗ 'ਚੋਂ ਅਸਾਂ ਆਪਣਾ ਫੋਨ ਵਾਲਾ ਟੈਬ ਕੱਢਿਆ ਤੇ ਨੰਬਰ ਮਿਲਾ ਕੇ ਸਾਰੀ ਹੋਈ ਬੀਤੀ ਸ੍ਰੀ ਮਤੀ ਨੂੰ ਬਿਆਨ ਕਰ ਦਿੱਤੀ।

ਦੂਸਰਾ ਫੋਨ, ਭਰਾਵਾਂ ਵਰਗੇ ਮਿੱਤਰ ਡੀਐਸਪੀ ਸੋਹਲ ਸਾਹਿਬ ਨੂੰ ਕਰ ਦਿੱਤਾ। ਫਿਰ ਆਪਣਾ ਬੈਗ ਸਮੇਟ ਅਸੀਂ ਮੁੜ ਪਹਿਲੀ ਮੁਦਰਾ ਵਿੱਚ ਸੜਕ 'ਤੇ ਨਿਸ਼ਚਿੰਤ ਲੇਟ ਗਏ। ਕਿਸੇ ਵੀ ਹਾਲ 'ਚ ਹੋਵੇ ਜਿੰਦਗੀ ਸਮਝੌਤਿਆਂ ਦੇ ਵੱਸ ਰਿੜ੍ਹੀ ਫਿਰਦੀ ਹੈ ਨਾ ... ਉਸੇ ਵੇਲੇ ਭੀੜ 'ਚੋਂ ਕਿਸੇ ਮਿਹਰਬਾਨ ਨੇ ਪੁਲਿਸ ਨੂੰ ਵੀ ਇਤਲਾਹ ਦੇ ਦਿੱਤੀ।

ਕੁਝ ਚਿਰ ਵਿੱਚ ਪੁਲਿਸ ਆ ਗਈ। ਉਨਾਂ ਸਾਨੂੰ ਸਟਰੇਚਰ 'ਤੇ ਪਾ ਲਿਆ। ਘਰ ਵੀ ਬਹੁਤੀ ਦੂਰ ਨਹੀਂ ਸੀ। ਸ੍ਰੀ ਮਤੀ ਅਤੇ ਪੁੱਤਰ ਸ੍ਰੀ ਰਜਾਈ, ਕੰਬਲ ਤੇ ਥਾਲੀ, ਗਲਾਸ ਵਰਗਾ ਲੋੜੀਂਦਾ ਨਿੱਕ ਸੁੱਕ ਕਾਰ 'ਚ ਰੱਖ ਸਾਡੇ ਕੋਲ ਆ ਪੁੱਜੇ। ਟੁੱਟੀ ਭੱਜੀ ਤੇ ਖਿੰਡਰੀ ਪੁੰਡਰੀ ਸਾਡੀ ਹਾਲਤ ਵੇਖ ਸ੍ਰੀ ਮਤੀ ਬੋਲੀ, 'ਸ਼ੁਕਰ ਰੱਬ ਦਾ... ਜਾਨ ਬਚ ਗਈ ... ਦੋ ਤਿੰਨ ਮਹੀਨਿਆਂ 'ਚ ਟੁੱਟੀ ਹੋਈ ਲੱਤ ਮਹਾਰਾਜ ਦੀ ਕਿਰਪਾ ਨਾਲ ਆਪੇ ਜੁੜ ਜਾਏਗੀ' ...

ਨਾ ਕੋਈ ਲੈਣਾ, ਨਾ ਕੋਈ ਦੇਣਾ ... ਬੰਦਾ ਆਪਣੀ ਮੌਜ 'ਚ ਜਿਉਣਾ ਚਾਹੁੰਦਾ ... ਸਾਡੇ ਰੱਬ ਜੀ ਵੀ ਬੜੀ ਅਜੀਬ ਕਿਸਮ ਦੀ ਸ਼ੈਅ ਹੁੰਦੇ ...ਚੱਲਦੇ ਫਿਰਦੇ ਬੰਦੇ ਦੇ ਰਾਹ 'ਚ ਰੋੜੇ ਅਟਕਾਉਂਦੇ ... ਆਪਣੇ ਆਪ ਘੜੱਮ ਚੌਧਰੀ ਬਣ ਕਿਸੇ ਦੀ ਲੱਤ ਬਾਂਹ ਤੋੜ ਦਿੰਦੇ ... ਕਿਸੇ ਦੇ ਰਾਹ ਜਾਂਦੇ ਜੁਆਨ-ਜਹਾਨ ਪੁੱਤਰ ਨੂੰ ਖੱਖੜੀ ਖੱਖੜੀ ਕਰ ਦਿੰਦੇ ... ਆਪਣੇ ਭਗਤਾਂ ਤੇ ਸੇਵਕਾਂ ਦੇ ਘਰੀਂ ਸੱਥਰਾਂ ਦੇ ਸੱਥਰ ਵਿਛਾਉਣ ਤੋਂ ਵੀ ਗੁਰੇਜ ਨਹੀਂ ਕਰਦੇ ... ਵੱਡੇ ਮਹਾਰਾਜ ! ਪਤਾ ਨਹੀਂ ਬੰਦੇ ਕੋਲੋਂ ਕੀ ਭਾਲਦੇ ?

ਬਿਨਾ ਦੇਰੀ ਪੁਲਿਸ ਦੀ ਗੱਡੀ ਖ਼ਤਰੇ ਵਾਲਾ ਹਾਰਨ ਵਜਾਉਂਦੀ ਸਾਨੂੰ ਸੈਕਟਰ ਬੱਤੀ ਵਾਲੇ ਸਰਕਾਰੀ ਹਸਪਤਾਲ ਲੈ ਗਈ। ਸੁੱਖ ਸੁਵਿਧਾਵਾਂ ਵਾਲੇ ਫੋਰਟੀਜ, ਮੈਕਸ ਅਤੇ ਗਰੇਸ਼ੀਅਨ

ਹਸਪਤਾਲ ਵੀ ਲਾਗੇ ਸਨ ... ਮੌਕੇ 'ਤੇ ਉਨਾਂ ਮਹਿੰਗੇ ਹਸਪਤਾਲਾਂ ਦੀ ਥਾਂ ਕਫਾਇਤੀ ਇਲਾਜ ਵਾਲੇ ਸਰਕਾਰੀ ਹਸਪਤਾਲ ਦੀ ਚੋਣ ਕੀਤੀ ... ਇਸ ਫੈਸਲੇ ਨਾਲ ਮਨ ਨੂੰ ਬੜਾ ਸਕੂਨ ਮਿਲਿਆ।

ਇੱਕ ਸਾਡੀ ਲੱਤ ਟੁੱਟ ਗਈ ... ਉੱਤੋਂ ਮਹਿੰਗੇ ਹਸਪਤਾਲਾਂ ਦੇ ਮਣਾਂ ਮੂੰਹੀਂ ਬਿੱਲਾਂ ਨੇ ਰੀੜ੍ਹ ਦੀ ਹੱਡੀ ਸਮੇਤ ਲੱਕ ਤੋੜ ਦੇਣਾ ਸੀ ... ਬੰਦੇ ਨੇ ਜਿਵੇਂ ਮਰਨ ਤੋਂ ਬਾਅਦ ਆਪਣੀ ਜਮਾਂ ਪੂੰਜੀ ਨਾਲ ਲੈ ਜਾਣੀ ਹੋਵੇ ... ਖੈਰ ! ਜੋ ਹੋਇਆ ਸੋ ਚੰਗਾ ਹੋਇਆ ... ਅਜਿਹੇ ਸੰਕਟ ਵੇਲੇ ਹਸਪਤਾਲ ਦੀ ਚੋਣ ਵੀ ਅੱਧੋਰਾਣੇ ਕਿਸੇ ਜ਼ਖਮੀ ਦੇ ਹੱਥ 'ਚ ਨਹੀਂ ਹੁੰਦੀ ...

ਦੁਰਘਟਨਾ ਵਾਲੀ ਥਾਂ ਪਿੱਛੇ ਰਹਿ ਗਈ। ਪੁਲਿਸ ਗੱਡੀ ਦੇ ਨਾਲ, ਨਾਲ ਪੁੱਤਰ ਸ਼੍ਰੀ ਵੀ ਆਪਣੀ ਕਾਰ ਹਸਪਤਾਲ ਲੈ ਆਇਆ। ਪੁਲਿਸ ਕਰਮੀ ਬੜੀ ਫੁਰਤੀ ਤੇ ਇਹਤਿਆਤ ਨਾਲ ਸਾਨੂੰ ਸਟਰੇਚਰ 'ਤੇ ਪਾ ਐਮਰਜੈਂਸੀ ਵਾਰਡ 'ਚ ਲੈ ਆਏ। ਐਮਰਜੈਂਸੀ ਵਾਰਡ ਵਿੱਚ ਆਪਣੇ ਵਰਗੇ ਟੁੱਟ, ਭੱਜ ਵਾਲੇ ਹੋਰ ਜ਼ਖਮੀਆਂ ਦੇ ਹਜ਼ੂਮ ਨੂੰ ਵੇਖ ਸਾਨੂੰ ਬੜੀ ਰਾਹਤ ਮਹਿਸੂਸ ਹੋਈ। ਹੁਣ ਨਹੀਂ ਤਾਂ ਕੁਝ ਚਿਰ ਰੁਕ ਕੇ ਹੀ ਸਹੀ ਸਾਡੀ ਟੁੱਟ, ਭੱਜ ਦਾ ਇਲਾਜ ਸ਼ੁਰੂ ਹੋ ਜਾਏਗਾ ਤੇ ਅਸੀਂ ਫਿਰ ਘੋੜੇ ਵਾਂਗ ਦੁੜੰਗੇ ਮਾਰਨ ਲੱਗ ਪਵਾਂਗੇ।

ਡੀਐਸਪੀ ਸੋਹਲ ਵੀ ਆਪਣੇ ਮਿੱਤਰ ਡਾਕਟਰ ਨੂੰ ਨਾਲ ਲੈ ਕੇ ਵਾਰਡ ਵਿੱਚ ਪੁੱਜ ਗਏ। ਉਨਾਂ ਡਿਊਟੀ 'ਤੇ ਤਾਇਨਾਤ ਡਾਕਟਰਾਂ ਕੋਲ ਪਤਾ ਨਹੀਂ ਸਾਡੀ ਕੀ ਸਿਫਤ ਸਲਾਹੁਤ ਕੀਤੀ ਉਹ ਤੁਰੰਤ ਸਾਨੂੰ ਓਪਰੇਸ਼ਨ ਥੇਟਰ 'ਚ ਲੈ ਗਏ। ਦਿਮਾਗ ਅਤੇ ਹੱਡੀਆਂ ਦੀ ਸੱਟ ਫ਼ੇਟ ਨੂੰ ਬਾਰੀਕੀ ਨਾਲ ਵਾਚਣ ਲਈ ਸਾਨੂੰ ਫੌਰਨ ਐਕਸਰੇ ਰੂਮ 'ਚ ਲੈ ਗਏ।

ਸ਼ੁਕਰ ਰੱਬ ਦਾ, ਦਿਮਾਗ ਵਾਲੇ ਐਕਸਰੇ ਵਿੱਚ ਕੋਈ ਨੁਕਸ ਨਹੀਂ ਸੀ ਨਿਕਲਿਆ। ਸ਼ਾਇਦ ਹੈਲਮਟ ਮਹਾਰਾਜ ਦੇ ਓਟ ਆਸਰੇ ਕਾਰਨ ਕੋਈ ਜ਼ਰਬ ਆਉਣ ਤੋਂ ਬਚਾਅ ਹੋ ਗਿਆ। ਸਾਰਿਆਂ ਨੇ ਡਾਕਟਰਾਂ ਮੂੰਹੋਂ ਇਹ ਗੱਲ ਸੁਣ ਬੜਾ ਸ਼ੁਕਰ ਮਨਾਇਆ ... ਸ਼੍ਰੀ ਮਤੀ ਨੇ ਉਸੇ ਵੇਲੇ ਸੱਚੇ ਪਾਤਸ਼ਾਹ ਦੇ ਸ਼ੁਕਰਾਨੇ ਵਜੋਂ ਅੱਖਾਂ ਮੀਟ ਪਾਠ ਕੀਤਾ ... ਮਨ ਹੀ ਮਨ ਸਾਡੀ ਵਡੇਰੀ ਉਮਰ ਲਈ ਕੋਈ ਸੁੱਖਣਾ ਵੀ ਸੁੱਖੀ ਹੋਏਗੀ ... ਸੁੱਖਣਾ, ਜਿਸ ਸਦਕਾ ਅਸੀਂ ਅੱਜ ਵੀ ਜਿਉਂਦੇ ਹਾਂ ...

ਮੋਢੇ, ਰੀੜ-ਹੱਡੀ, ਪਸਲੀਆਂ ਤੇ ਚੂਲੇ ਵਾਲੇ ਐਕਸਰੇ ਵੀ ਠੀਕ ਠਾਕ ਨਿਕਲੇ। ਸੱਜੀ ਬਾਂਹ ਦੇ ਐਕਸਰੇ 'ਚ ਡਾਕਟਰਾਂ ਨੂੰ ਗੁੱਟ ਵਿੱਚ ਹੇਅਰ ਲਾਈਨ ਫਰੈਕਚਰ ਦਿਸ ਗਿਆ ਜਿਸਨੂੰ ਪਹਿਲਾਂ ਕਿਸੇ ਜਿਆਦਾ ਨਹੀਂ ਸੀ ਗੌਲਿਆ।

ਕਲੋਰੋਫਾਰਮ ਦੀ ਤੇਜ਼ ਗੰਧ ਭਰੇ ਮਾਹੌਲ 'ਚ ਮੌਜੂਦ ਸਾਰੇ ਡਾਕਟਰ ਸਾਡੇ ਮੂੰਹ ਮੱਥੇ ਦੀਆਂ ਰਗੜਾਂ ਤੇ ਗੋਡਿਉਂ ਹੇਠਾਂ ਟੁੱਟੀ ਹੋਈ ਹੱਡੀ ਨਾਲ ਪਾਟੇ ਹੋਏ ਮਾਸ ਦੀ ਸਾਫ ਸਫਾਈ ਕਰਨ ਲੱਗ ਪਏ

। ਪੂਰੀ ਜੱਦੋ ਜਹਿਦ ਨਾਲ ਉਨਾਂ ਲੱਤ ਅਤੇ ਗੁੱਟ ਦੀ ਟੁੱਟੀ ਹੋਈ ਹੱਡੀ ਥਾਂ ਸਿਰ ਬਿਠਾ ਆਰਜ਼ੀ ਪੱਟੀਆਂ ਬੰਨ੍ਹ ਦਿੱਤੀਆਂ। ਪੀੜ ਘਟਾਉਣ ਲਈ ਟੀਕੇ ਲਾ ਦਿੱਤੇ ਤੇ ਆਰਾਮ ਦਿਵਾਉਣ ਲਈ ਦੁਆਈਆਂ ਲਿਖ ਦਿੱਤੀਆਂ।

ਜਾਨਲੇਵਾ ਹਾਦਸੇ ਤੋਂ ਬਾਅਦ ਸਾਡਾ ਫਿਰ ਤੋਂ ਜਿਊਣ ਦਾ ਮੁੱਢਲਾ ਬੰਦੋਬਸਤ ਤਾਂ ਹੋ ਗਿਆ ਪਰ ਉਸ ਰਾਤ ਘਰ ਵਾਲਿਆਂ ਨੂੰ ਨੀਂਦ ਨਾ ਨਸੀਬ ਹੋਈ। ਧਰਮ ਕਰਮ ਲਈ ਜਗਰਾਤਾ ਕੱਟਦੇ ਤਾਂ ਉਨਾਂ ਦਾ ਜੀਵਨ ਸਫ਼ਲ ਹੋ ਜਾਂਦਾ ... ਪਰ ਵੇਖੋ ! ਸਾਰੀ ਉਮਰ ਲਈ ਅਸੀਂ ਉਨਾਂ ਦੀਆਂ ਸੁੱਖਮਈ ਰਾਤਾਂ ਨੂੰ ਕਸ਼ਟਦਾਇਕ ਬਣਾਉਣ ਵਾਲੇ ਦੋਸ਼ੀ ਬਣ ਗਏ ...

ਆਰਜ਼ੀ ਡਰੈਸਿੰਗ ਤੇ ਹੰਗਾਮੀ ਇਲਾਜ ਤੋਂ ਬਾਅਦ ਸ਼੍ਰੀ ਮਤੀ ਅਤੇ ਪੁੱਤਰ ਸ਼੍ਰੀ ਸਾਡੀ ਸਟਰੇਚਰ ਨੂੰ ਐਮਰਜੈਂਸੀ ਓਪੀਡੀ 'ਚੋਂ ਰੇੜ੍ਹਦੇ ਐਮਰਜੈਂਸੀ ਵਾਰਡ 'ਚ ਲੈ ਆਏ। ਦਮ ਰੋਕ ਦੇਣ ਵਾਲੀ ਕਲੋਰੋਫਾਰਮ ਤੋਂ ਰਾਹਤ ਮਿਲ ਗਈ ... ਪਰ ਵੇਖੋ, ਇਥੇ ਅਸੀਂ ਨਵੀਂ ਮੁਸੀਬਤ ਵਿੱਚ ਘਿਰ ਗਏ ਜਿਸਨੂੰ ਵੇਖਣਾ ਤੇ ਸੁਣਨਾ ਬੜਾ ਕਸ਼ਟਦਾਇਕ ਸੀ।

ਓਪਰੇਸ਼ਨ ਤੋਂ ਪਹਿਲਾਂ ਟੁੱਟ ਭੱਜ ਵਾਲੇ ਮਰੀਜ਼ਾਂ ਨੂੰ ਵਾਰੀ ਸਿਰ ਟੀਕੇ ਲਾਏ ਜਾਂਦੇ ... ਦਿਲ ਦਹਿਲ ਦਹਿਲ ਜਾਂਦਾ ... ਬੜਾ ਦਰਦਨਾਕ ਚੀਕਚਿਹਾੜਾ ਪਾਉਂਦੇ ... ਘੜੀਮੁੜੀ ਰੂਹ ਨੂੰ ਚੀਰਦਾ ਸ਼ੋਰ-ਸ਼ਰਾਬਾ ਵਾਰਡ ਦੀਆਂ ਕੰਧਾਂ ਨਾਲ ਜਾ ਟਕਰਾਉਂਦਾ ... ਮਾਨਵੀ ਸ਼ੋਰ ਇਸ ਤਰਾਂ ਲੱਗਦਾ ਜਿਵੇਂ ਕੋਈ ਹਵਾਈ ਜਹਾਜ਼ ਟੇਕ ਆਫ ਜਾਂ ਲੈਂਡਿੰਗ ਕਰ ਰਿਹਾ ਹੋਵੇ ... ਅਚਾਨਕ ਆਉਂਦੇ ਜਾਂਦੇ ਹਵਾਈ ਜਹਾਜ਼ ਹੇਠਾਂ ਆਪਣੀ ਮਸਤੀ 'ਚ ਖੇਡਦੇ ਬੱਚਿਆਂ ਦਾ ਤ੍ਰਾਹ ਕੱਢ
ਦਿੰਦੇ ... ਯਮਦੂਤ ਜਿਵੇਂ ਦੱਬੇ ਪੈਰੀਂ ਆਉਂਦੇ ਤੇ ਬੇਖ਼ਬਰ ਕਿਸੇ ਹਮਸਾਏ ਦੇ ਸੀਰਮੇ ਪੀ ਲੈਂਦੇ ... ਲੱਤ ਬਾਂਹ ਤੋੜ ਚੁੱਪ ਚੁਪੀਤੇ ਖਿਸਕ ਜਾਂਦੇ ... ਖੁਸ਼ੀਆਂ ਖੇੜੇ ਮਾਤਮ 'ਚ ਬਦਲ ਜਾਂਦੇ ...

ਟੀਕੇ ਦੀ ਪੀੜ ਨੂੰ ਜਜਬ ਕਰ ਜ਼ਖਮੀ ਮਰੀਜ਼ ਜਿਉਂ ਹੀ ਸ਼ਾਂਤ ਹੁੰਦਾ, ਹੋਣੀ ਦੇ ਅਦਿੱਖ ਦੂਤਾਂ ਵਰਗੇ ਨਹੀਂ, ਜਿਉਂਦੇ ਜਾਗਦੇ ਨਕਾਬਪੋਸ਼ ਸਹਾਇਕ ਆਉਂਦੇ ... ਟੁੱਟੇ ਭੱਜੇ ਮਰੀਜ਼ ਨੂੰ ਹਰਾ ਗਾਊਨ ਪਾਉਂਦੇ ਤੇ ਸਟਰੇਚਰ 'ਤੇ ਪਾ ਬਾਹਰ ਓਪਰੇਸ਼ਨ ਥੀਏਟਰ ਵੱਲ ਲੈ ਤੁਰਦੇ। ਨਕਾਬਾਂ ਵਾਲੇ ਉਹ ਬੰਦੇ, ਬੰਦੇ ਨਹੀਂ ਯਮ ਦੇ ਦੂਤ ਲੱਗਦੇ ... ਲੇਟਿਆਂ ਲੇਟਿਆਂ ਇੰਝ ਪ੍ਰਤੀਤ ਹੁੰਦਾ ਜਿਵੇਂ ਅਸੀਂ ਹਸਪਤਾਲ 'ਚ ਨਹੀਂ, ਕਿਸੇ ਮ੍ਰਿਤੂ ਲੋਕ 'ਚ ਪਾਏ ਹੋਈਏ ... ਦੂਤ ਆਉਂਦੇ ਤੇ ਵਾਰੀ ਸਿਰ ਕਿਸੇ ਨਾ ਕਿਸੇ ਨੂੰ ਆਪਣੇ ਨਾਲ ਲੈ ਜਾਂਦੇ। ਮਨ 'ਚ ਰਹਿ ਰਹਿ ਕੇ ਖਿਆਲ ਆਉਂਦੇ ਕਿ ਅੱਜ ਭਲਕ ਉਨਾਂ ਨਾਲ ਉੱਪਰ ਜਾਣ ਦੀ ਸਾਡੀ ਵਾਰੀ ਵੀ ਯਕੀਨਨ ਤਹਿ ਹੋਏਗੀ ...

ਮਰੀਜ਼ਾਂ ਦਾ ਚੀਕ ਚਿਹਾੜਾ ਸੁਣ ਸਾਨੂੰ ਆਪਣੇ ਅਪੈਂਡਿਕਸ ਵਾਲਾ ਦਰਦ ਤੇ ਉਸਤੋਂ ਨਿਜਾਤ ਪਾਉਣ ਵਾਲਾ ਓਪਰੇਸ਼ਨ ਯਾਦ ਆ ਗਿਆ। ਤੀਹ ਕੁ ਸਾਲ ਪਹਿਲਾਂ ਦੀ ਗੱਲ ਹੋਏਗੀ। ਉਦੋਂ ਅਸੀਂ ਅੰਮ੍ਰਿਤਸਰ ਰਹਿੰਦੇ ਸੀ। ਡਿਊਟੀ ਨਿਭਾ ਸਕੂਲੋਂ, ਘਰ ਆਏ ਸੀ ਕਿ ਢਿੱਡ ਦੇ ਹੇਠਾਂ ਸੱਜੇ ਪਾਸੇ ਅਸਹਿ ਪੀੜ ਹੋਣ ਲੱਗ ਪਈ। ਚੀਸਾਂ ਤੇ ਟੀਸਾਂ ਨਾਲ ਬੁਰਾ ਹਾਲ ਹੋ ਗਿਆ। ਜਾਨ, ਜਿਵੇਂ ਨਿਕਲਣ ਨਿਕਲਣ ਕਰਨ ਲੱਗ ਪਈ। ਅਚਾਨਕ ਛੋਟਾ ਪੱਪੂ ਘਰ ਆ ਗਿਆ। ਸਾਨੂੰ ਪੀੜ ਨਾਲ ਕੁਰਲਾਉਂਦਿਆਂ ਨੂੰ ਤੁਰੰਤ ਰਿਕਸ਼ੇ 'ਚ ਬੈਠਾ ਸ੍ਰੀ ਗੁਰੂ ਨਾਨਕ ਹਸਪਤਾਲ ਲੈ ਗਿਆ।

ਡਾਕਟਰ ਵੀ ਸਿਆਣੇ ਨਿਕਲੇ ... ਉਨਾਂ ਸਾਡੇ ਐਕਸਰੇ ਕਰਵਾਏ ਤੇ ਫਟਾਫਟ ਓਪਰੇਸ਼ਨ ਥੀਏਟਰ ਲੈ ਗਏ। ਆਖਦੇ ਸੀ, 'ਆਉਣ 'ਚ ਥੋੜੀ ਦੇਰ ਹੋ ਜਾਂਦੀ ਤਾਂ ਅਪੈਂਡਿਕਸ ਨੇ ਅੰਦਰ ਹੀ ਫੱਟ ਜਾਣਾ ਸੀ' ...

ਉਦੋਂ ਵੀ ਡਾਕਟਰਾਂ ਨੇ ਸਾਨੂੰ ਬੇਹੋਸ਼ ਕਰਨ ਲਈ ਰੀੜ ਦੀ ਹੱਡੀ 'ਚ ਟੀਕੇ ਵਰਗਾ ਕੁਝ ਲਾਇਆ ਸੀ। ਅੱਖਾਂ ਸਾਹਮਣੇ ਭੱਬੂਤਾਰੇ ਦਿਸਣ ਲੱਗ ਪਏ। ਤੌਬਾ ! ਤੌਬਾ !! ਟੀਕੇ ਦੀ ਕੋਈ ਪੀੜ ਸੀ ... ਜਿਵੇਂ ਬੰਦੇ ਨੂੰ ਹਾਈ ਵੋਲਟੇਜ ਵਾਲੀ ਨੰਗੀ ਤਾਰ ਛੂਹ ਗਈ ਹੋਵੇ ... ਲੋਕ ਤੋਂ ਬਾਅਦ ਪਰਲੋਕ ਵੀ ਸਾਫ ਦਿਸਿਆ ਸੀ ਉਸ ਵੇਲੇ ... ਅੱਜ ਵੀ ਕਦੀ ਉਸ ਟੀਕੇ ਦੀ ਕਰੰਟ ਵਰਗੀ ਜਾਨਲੇਵਾ ਪੀੜ ਦੀ ਯਾਦ ਆਉਂਦੀ ਜਾਂ ਢਿੱਡ ਦੇ ਹੇਠਾਂ ਕੋਹੜ ਕਿਰਲੀ ਵਰਗੇ ਕੱਟ ਵਾਲੇ ਨਿਸ਼ਾਨ 'ਤੇ ਧਿਆਨ ਜਾਂਦਾ ਤਾਂ ਤਨ ਮਨ ਰੂਹ ਤੀਕ ਕੰਬ ਜਾਂਦਾ ...

ਖੈਰ ! ਓਪਰੇਸ਼ਨ ਠੀਕ ਹੋ ਗਿਆ। ਹੌਲੀ ਹੌਲੀ ਚੀਰ-ਫਾੜ ਵਾਲਾ ਜਖ਼ਮ ਰਾਜ਼ੀ ਹੋ ਗਿਆ ਤੇ ਅਸੀਂ ਤੰਦਰੁਸਤ ਹੋ ਗਏ ... ਰੱਬ ਦੇ ਰੰਗ ਵੇਖੋ, ਕੁਝ ਚਿਰ ਬਾਅਦ ਸਾਡੇ ਪੱਪੂ ਨੂੰ ਵੀ ਢਿੱਡ ਪੀੜ ਹੋਣ ਲੱਗ ਪਈ। ਰੋਂਦੇ ਕੁਰਲਾਉਂਦੇ ਨੂੰ ਚੁੱਕ ਹਸਪਤਾਲ ਲੈ ਗਏ। ਸਾਡੇ ਵਾਂਗ ਉਸਨੂੰ ਵੀ ਅਪੈਂਡਿਕਸ ਵਾਲਾ ਦਰਦ ਨਿਕਲਿਆ ਤੇ ਵੇਲੇ ਸਿਰ ਇਲਾਜ ਹੋ
ਗਿਆ ...

ਸਾਨੂੰ 'ਇੱਕ ਹੱਥ ਦਿਉ ਤੇ ਇੱਕ ਹੱਥ ਲਉ' ਸਮੇਤ 'ਕਰ ਭਲਾ, ਹੋ ਭਲਾ' ਵਰਗੇ ਮੁਹਾਵਰਿਆਂ ਦੀ ਸਮਝ ਵੀ ਉਦੋਂ ਆਈ। ਅੱਜ ਅਸੀਂ ਛੋਟੇ ਭਰਾ ਦੇ ਰਿਣੀ ਹਾਂ ... ਸ਼ਾਇਦ ਉਹ ਵੀ ਹੋਵੇ ...

ਓਪਰੇਸ਼ਨ ਥੀਏਟਰ ਦੇ ਬਾਹਰ ਅਸੀਂ ਪਹੀਆਂ ਵਾਲੀ ਸਟਰੇਚਰ 'ਤੇ ਲੇਟੇ ਪਏ ਸੀ। ਟੀਕਿਆਂ ਵਾਲੀ ਨੀਮ ਬੇਹੋਸ਼ੀ 'ਚ ਅੱਖਾਂ ਮੁੰਦੀਆਂ ਹੋਈਆਂ ਸਨ। ਓਪਰੇ ਹੱਥਾਂ ਦੀ ਅਪਣੱਤ ਭਰੀ ਛੂਹ ਮਹਿਸੂਸ ਬੜੇ ਜ਼ੋਰ ਨਾਲ ਦੁੱਖਦੀਆਂ ਅੱਖਾਂ ਖੋਲ੍ਹੀਆਂ ...

ਕੀ ਵੇਖਿਆ, ਹਾਲ ਚਾਲ ਪੁੱਛਣ ਆਏ ਸਾਥੀ ਬਲਵਿੰਦਰ ਉੱਤਮ, ਸ਼ਾਮ ਸਿੰਘ, ਅੰਗ ਸੰਗ ਅਤੇ ਦੇਵ ਸਾਡੇ ਸਿਰਹਾਣੇ ਖੜ੍ਹੇ ਸਨ। ਉੱਤਮ ਭਾਜੀ ਪੋਲੇ ਹੱਥੀਂ ਬੜੇ ਧਿਆਨ ਨਾਲ ਡਰਦੇ, ਡਰਦੇ ਸਾਡਾ ਮੱਥਾ ਪਲੋਸ ਰਹੇ ਸਨ। ਬੜੇ ਨੇਕ ਬਖ਼ਤ ... ਰੱਜੇ ਪੁੱਜੇ ਇਨਸਾਨ ... ਤਨ ਮਨ ਦੇ ਅਮੀਰ ਲੋਕ ... ਅਸੀਂ ਤਿੰਨਾਂ ਜਣਿਆਂ ਨੂੰ ਵੇਖਦੇ ਰਹੇ ... ਉਨਾਂ ਦੇ ਚਿਹਰਿਆਂ ਨੂੰ ਨਿਹਾਰਦੇ ਰਹੇ ... ਤਾਂ ਜੋ ਸਦਾ ਲਈ ਉਨਾਂ ਦੇ ਨੈਣ ਨਕਸ਼ ਸਾਡੇ ਦਿਮਾਗ ਪਰਦੇ 'ਤੇ ਉੱਕਰ ਜਾਣ ...

ਅੰਦਰ ਓਪਰੇਸ਼ਨ ਥੀਏਟਰ 'ਚ ਇਲਾਜ਼ ਦੌਰਾਨ ਕੋਈ ਵੀ ਅਭੀ ਨਭੀ ਹੋ ਸਕਦੀ। ਜੇ ਕੋਈ ਮੰਦਾ ਭਾਣਾ ਵਾਪਰ ਗਿਆ ਤਾਂ ਇਨਾਂ ਰੱਬ ਵਰਗੇ ਬੰਦਿਆਂ ਦੀਆਂ ਸਿਮਰਤੀਆਂ ਨਾਲ ਹੋਣਗੀਆਂ ... ਓਪਰੇ ਕਿਸੇ ਦੇਸ਼ ਭੁੱਲੇ ਭਟਕੇ ਦਿਲ ਨੂੰ ਬਹਿਲਾਉਣ ਲਈ ਅਜਿਹੇ ਜਾਣੂੰ ਸੌਖਿਆਂ ਨਹੀਂ ਮਿਲਦੇ ...

ਸ਼ਕਲ ਸੂਰਤ ਸਾਡੀ ਵਿਗੜੀ ... ਅਪਾਹਜ ਹੋਏ ਅਸੀਂ... ਪਰ ਭੱਜ ਟੁੱਟ ਤੇ ਦੁੱਖ ਦਰਦ ਦੇ ਭਾਵ ਉਨਾਂ ਸਾਰਿਆਂ ਦੇ ਚਿਹਰਿਆਂ 'ਤੇ ਸਾਫ ਦਿਸਦੇ ਰਹੇ ... ਮਾਂ ਜਾਇਆਂ ਵਾਂਗ ਉਨਾਂ ਨੂੰ ਸਾਡੇ ਨਾਲ ਵਾਪਰੇ ਇਸ ਹਾਦਸੇ ਦਾ ਬੇਹੱਦ ਅਫਸੋਸ ਹੋ ਰਿਹਾ ਸੀ। ਸੱਚੀ ! ਉਹ ਕਿਸੇ ਮੋਏ ਦੀ ਮਕਾਣੇ ਆਏ ਉਨਾਂ ਚਾਪਲੂਸ ਲੋਕਾਂ ਵਰਗੇ ਨਹੀਂ ਸੀ ਜਿਹੜੇ ਭੀੜ ਵਧਾਉਣ, ਰੋਣ ਪਿੱਟਣ ਅਤੇ ਮਗਰਮੱਛ ਦੇ ਅੱਥਰੂ ਵਹਾਉਣ 'ਚ ਬੜੇ ਮਾਹਰ ਹੁੰਦੇ ...

ਓਪਰੇਸ਼ਨ ਥੀਏਟਰ 'ਚੋਂ ਨਕਾਬਪੋਸ਼ ਇੱਕ ਮਰੀਅਲ ਜਿਹਾ ਬੰਦਾ ਸਾਡੀ ਸਟਰੇਚਰ ਕੋਲ ਆ ਰੁਕਿਆ ਤੇ ਠਾਣੇਦਾਰੀ ਰੋਅਬ ਝਾੜਦਾ ਬੋਲਿਆ, 'ਚੱਲੋ, ਸਾਰੇ ਜਣੇ ਬਾਹਰ ਚੱਲੋ ਤੇ ਜਾ ਕੇ ਆਪਣੇ ਮਰੀਜ਼ ਦੀ ਸਲਾਮਤੀ ਲਈ ਅਰਦਾਸ ਕਰੋ ... ਸ਼ਾਇਦ ਅੱਲਾ ਮੀਆਂ ਤੁਹਾਡੇ 'ਚੋਂ ਹੀ ਕਿਸੇ ਇੱਕ ਦੀ ਅਰਦਾਸ ਅਰਜੋਈ ਸੁਣ ਲਏ'...

ਸਾਥੀ ਉੱਤਮ, ਅੰਗ ਸੰਗ ਅਤੇ ਦੇਵ ਨੇ ਉਸ ਖਰ੍ਹਵੇ ਜਿਹੇ ਸਹਾਇਕ ਦਾ ਹੁਕਮ ਸਿਰ ਮੱਥੇ ਮੰਨਦਿਆਂ ਵਾਰੀ ਵਾਰੀ ਬੜੇ ਮੋਹ ਅਤੇ ਪਿਆਰ ਨਾਲ ਜ਼ਖਮ ਰਹਿਤ ਪਾਸੇ ਵਾਲਾ ਸਾਡਾ ਚਿਹਰਾ ਪਲੋਸਿਆ ਤੇ ਅਗਾੜੀ ਪਿਛਾੜੀ ਬਾਹਰ ਤੁਰ ਗਏ। ਉਸ ਘੜੀ ਪਿਆਰੇ ਮਿੱਤਰਾਂ ਨੂੰ ਆਪਣੇ ਤੋਂ ਦੂਰ ਜਾਂਦਿਆਂ ਵੇਖ ਦੁਖਦਾ ਤਨ ਮਨ ਵਧੇਰੇ ਦੁਖੀ ਹੋ ਗਿਆ ... ਡੋਲ ਗਿਆ ... ਹਕੀਕਤ ਇਹ ਵੀ ਕਿ ਦੁਖਦ ਘੜੀ 'ਚ ਉਹ ਵੀ ਛੇਤੀ ਛੇਤੀ ਸਾਡੇ ਕੋਲੋਂ ਦੂਰ ਨਹੀਂ ਸੀ ਜਾਣਾ ਚਾਹੁੰਦੇ ...

ਹਾਦਸੇ ਦੀ ਸੁਣ ਅੰਮ੍ਰਿਤਸਰੋਂ ਵੱਡਾ ਵੀਰ ਗੁਰਦੇਵ ਵੀ ਪਰਿਵਾਰ ਸਮੇਤ ਭੱਜਾ ਭੱਜਾ ਸਾਡਾ ਪਤਾ ਲੈਣ ਆ ਗਿਆ ... ਉਸਨੂੰ ਦੁਨੀਆਦਾਰੀ ਨਿਭਾਉਣੀ ਆਉਂਦੀ ... ਵੱਡੇ ਆਰ ਪਰਿਵਾਰ ਵਾਲਾ ਏ ਨਾ ... ਸੋਚਦਾ ਹੋਏਗਾ ਕਿ ਮੌਤ ਦੇ ਮੂੰਹ 'ਚ ਪਏ ਛੋਟੇ ਵੀਰ ਦਾ ਪਤਾ ਲੈਣਾ ਵੀ ਬੜਾ ਜਰੂਰੀ ਹੁੰਦਾ ... ਦੋ ਤਿੰਨ ਦਿਨ ਉਸ ਮਾਂ ਜਾਏ ਨੇ ਆਪਣੀ ਖੁਦ ਵਾਲੀ ਸ਼ੂਗਰ ਦੀ ਤਕਲੀਫ਼ ਭੁੱਲ ਸਾਡੇ ਨਾਲ ਦੁੱਖ ਵੰਡਾਇਆ ...

ਅੰਦਰ ਓਪਰੇਸ਼ਨ ਦੀ ਤਿਆਰੀ ਹੋ ਚੁਕੀ ਸੀ। ਨਕਾਬਪੋਸ਼ ਸਾਡੀ ਸਟਰੇਚਰ ਨੂੰ ਰੇੜ੍ਹਦਾ ਓਪਰੇਸ਼ਨ ਥੀਏਟਰ 'ਚ ਲੈ ਗਿਆ। ਅੰਦਰ ਛੱਤ 'ਤੇ ਲੱਟ ਲੱਟ ਬੱਤੀਆਂ ਬਲ ਰਹੀਆਂ ਸਨ। ਹੇਠਾਂ ਮਾਸਕਾਂ ਤੇ ਹਰੀਆਂ ਚਿੱਟੀਆਂ ਵਰਦੀਆਂ ਵਾਲੇ ਜਮਦੂਤਾਂ ਵਰਗੇ ਡਾਕਟਰ ਅਤੇ ਨਰਸਾਂ ਸਾਨੂੰ ਘੇਰਾ ਪਾ ਖਲੋਤੇ। ਸਟਰੇਚਰ 'ਤੇ ਸ਼ਾਂਤ ਪਏ ਅਸੀਂ ਓਪਰੇਸ਼ਨ ਤੋਂ ਪਹਿਲਾਂ ਬੇਹੋਸ਼ੀ ਵਾਲੇ ਆਲਮ ਦੀ ਉਡੀਕ ਕਰਨ ਲੱਗੇ। ਇੱਕ ਡਾਕਟਰ ਫਾਈਲ ਫੜਾਉਂਦਾ ਸਾਨੂੰ ਆਖਣ ਲੱਗਾ, 'ਪੇਪਰ 'ਤੇ ਸਾਈਨ ਕਰ ਦਿਓ ਕਿ ਕਿਸੇ ਵੀ ਅਭੀ ਨਭੀ ਲਈ ਤੁਸੀਂ ਆਪ ਜਿੰਮੇਵਾਰ ਹੋਵੋਗੇ'...

ਸਾਨੂੰ ਪਹਿਲਾਂ ਤੋਂ ਹੀ ਇਸ ਵਰਤਾਰੇ ਦਾ ਪਤਾ ਸੀ। ਛੇਤੀ ਛੇਤੀ ਡਾਕਟਰ ਹੱਥੋਂ ਫਾਈਲ ਫੜੀ ਤੇ ਆਪਣਾ ਨਾਂ ਝਰੀਟ ਦਿੱਤਾ। ਫਿਰ ਕੀ ਹੋਇਆ, ਡਾਕਟਰਾਂ ਨੇ ਪਿੱਠ ਨੂੰ ਸੁੰਨ ਕਰਨ ਲਈ ਸਪਰੇਅ ਮਾਰਨੇ ਸ਼ੁਰੂ ਕਰ ਦਿੱਤੇ। ਰੀੜ ਦੀ ਹੱਡੀ 'ਚੋਂ ਸੁਖਮਣਾ ਨਾੜੀ ਲੱਭੀ ਤੇ ਬੇਹੋਸ਼ੀ ਦਾ ਟੀਕਾ ਲਾ ਸਾਡੀ ਟੁੱਟ ਭੱਜ ਦੀ ਮੁਰੰਮਤ ਲਈ ਤਿਆਰੀ ਕਰਨ ਲੱਗ ਪਏ।

'ਤੁਸੀਂ ਕੀ ਕਰਦੇ ਹੋ' ? ਇੱਕ ਡਾਕਟਰ ਪੁੱਛਦਾ ਏ ...

'ਜੀ ! ਸਕੂਲ ਵਿੱਚ ਲੈਕਚਰਾਰ ਹਾਂ ... ਪੰਜਾਬੀ 'ਚ ਬਾਲਾਂ ਲਈ ਪੈਂਤੀ ਪੁਸਤਕਾਂ ਲਿਖੀਆਂ ਨੇ ... ਪੰਜ ਕਿਤਾਬਾਂ ਪਾਕਿਸਤਾਨ ਵਿੱਚ ਛਪੀਆਂ ... ਚਾਰ ਗੁਜਰਾਤੀ 'ਚ ... ਪੰਜਾਬ ਦੇ ਮੁੱਖ ਮੰਤਰੀ ਸਾਨੂੰ ਲੱਖ ਰੁਪਏ ਸਮੇਤ ਸ਼੍ਰੋਮਣੀ ਬਾਲ ਸਾਹਿਤਕਾਰ ਵਾਲਾ ਪੁਰਸਕਾਰ ਦੇ ਚੁਕੇ ... ਭਾਰਤ ਸਰਕਾਰ ਦੇ ਅਦਾਰੇ ਵੀ ਸਾਨੂੰ ਕੌਮੀਂ ਅਧਿਆਪਕ ਤੇ ਬਾਲ ਸਾਹਿਤਕਾਰ ਵਾਲੇ ਸਨਮਾਨ ਦੇ ਚੁਕੇ ... ਜਿਉਂਦੇ ਰਹਿ ਗਏ ਤਾਂ ਸਿਰਫ ਸਾਹਿਤ ਅਕਾਦਮੀ ਦਿਲੀ ਵਾਲਾ ਬਾਲ ਸਾਹਿਤ ਪੁਰਸਕਾਰ ਹੀ ਬਾਕੀ ਰਹੇਗਾ ... ਆਪਣੇ ਰੁਤਬੇ ਤੇ ਪ੍ਰਾਪਤੀਆਂ ਗਿਣਾਉਂਦਿਆਂ ਛੋਟੀ ਮਾਨੀ ਦੀ ਯਾਦ ਆ ਗਈ। ਜੇ ਉਹ ਸਾਹਮਣੇ ਹੁੰਦੀ ਤਾਂ ਉਸਨੇ ਸਾਨੂੰ ਝੱਟ ਟੋਕ ਦੇਣਾ ਸੀ ਤੇ ਸਾਡੀਆਂ ਪੁਸਤਕਾਂ ਵਾਲੀ ਸਾਰੀ ਜਾਣਕਾਰੀ ਖੁਦ ਦੇ ਦੇਣੀ ਸੀ।

ਖ਼ੈਰ ! ਕੁਝ ਵੀ ਹੋਵੇ, ਆਪਣੇ ਤਜ਼ਰਬੇ ਦੇ ਲਿਹਾਜ ਨਾਲ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਅਜਿਹੀ ਸਥਿਤੀ 'ਚ ਅਕਸਰ ਆਪਣੇ ਬਾਰੇ, ਵਿਸਥਾਰ ਵਿੱਚ ਜਾਣਕਾਰੀ ਦੇਣਾ ਵੀ ਬੜਾ ਗੁਣਕਾਰੀ ਹੁੰਦਾ। ਕਈ ਡਾਕਟਰ ਵੀ ਸਾਹਿਤਕ ਰੁਚੀਆਂ ਵਾਲੇ ਹੁੰਦੇ। ਸਾਡੀਆਂ ਸਾਹਿਤਕ ਪ੍ਰਾਪਤੀਆਂ ਬਾਰੇ ਜਾਣਕੇ ਉਹ ਸਾਡੇ ਨਾਲ ਮੋਹ ਜਿਤਾਉਣ ਲੱਗ ਪੈਂਦੇ ਤੇ ਸਾਡੇ ਕਸ਼ਟ ਨਿਵਾਰਨ ਲਈ ਬੜੀ ਸੰਜੀਦਗੀ ਨਾਲ ਪੇਸ਼ ਆਉਂਦੇ।

ਹੌਲੀ ਹੌਲੀ ਡਾਕਟਰਾਂ ਨਾਲ ਸਾਹਿਤ, ਬਾਲ ਮਨੋਵਿਗਿਆਨ ਅਤੇ ਹੋਰ ਵਿਸ਼ਿਆਂ 'ਤੇ ਹੋਣ ਵਾਲੀਆਂ ਗੱਲਾਂ ਰਲਗੱਡ ਹੋਣ ਲੱਗ ਪਈਆਂ। ਇੱਕ ਡਾਕਟਰ ਸਾਡੀ ਗਰਦਨ ਦੇ ਇਰਦ, ਗਿਰਦ ਸੂਈ ਚੋਭ, ਚੋਭ ਕੇ ਕਿਸੇ ਖਾਸ ਤਰਾਂ ਦੀ ਝਰਨਾਹਟ ਬਾਰੇ ਪੁੱਛਣ ਲੱਗ ਪਿਆ। ਜਿਉਂ ਹੀ ਸਾਡੇ ਕੋਲੋਂ ਉਸਨੂੰ

ਸੂਈ ਚੋਭ ਨਾਲ ਲੋੜੀਂਦੀ ਤਰੰਗ ਪੈਦਾ ਕਰਨ ਵਾਲੀ ਨਾੜੀ ਦੀ ਸੂਚਨਾ ਮਿਲੀ ਉਸਨੇ ਤੁਰੰਤ ਉਸੇ ਥਾਂ ਸਰੀਰ ਨੂੰ ਸੁੰਨ ਕਰਨ ਵਾਲਾ ਇੱਕ ਹੋਰ ਟੀਕਾ ਲਾ ਦਿੱਤਾ । ਫਿਰ ਕੀ ਹੋਇਆ, ਉਸਤੋਂ ਬਾਅਦ ਸਾਡੀ ਬੋਲਤੀ ਬੰਦ ਹੋ ਗਈ ।

ਲੈਕਚਰ ਦੇਣ ਵਾਲਾ ਪੀਰੀਅੱਡ ਅੱਧ ਵਿਚਾਲੇ ਸਮਾਪਤ ਹੋ ਗਿਆ । ਠੱਕ ਠੱਕ... ਘਰੜ ਘਰੜ... ਆਰੀਆਂ, ਤੇਸੀਆਂ ਤੇ ਹਥੌੜੀਆਂ ਚੱਲਣ ਦੀ ਅਵਾਜ਼ ਮਹਿਸੂਸ ਹੋਣ ਲੱਗ ਪਈ । ਸ਼ਾਇਦ ਉਹ ਲੋਕ ਸਾਡੀਆਂ ਹੱਡੀਆਂ ਦੀ ਵੱਢ  ਟੁੱਕ ਕਰਨ ਤੇ ਨੱਟ-ਬੋਲਟਾਂ ਨਾਲ ਉਨਾਂ ਨੂੰ ਮੁੜ ਥਾਂ ਸਿਰ ਫਿੱਟ ਕਰਨ ਵਿੱਚ ਮਸਰੂਫ਼ ਹੋ ਗਏ । ਕਿਹੜੇ ਅੰਗ ਨਾਲ ਕੀ ਕੀਤਾ ਜਾ ਰਿਹਾ ?... ਸਾਫ ਸਾਫ ਕੁਝ ਵੀ ਸਮਝ 'ਚ ਨਹੀਂ ਸੀ ਆ ਰਿਹਾ ।

ਜਦੋਂ ਹੋਸ਼ ਪਰਤੀ ਤਾਂ ਅਸੀਂ ਓਪਰੇਸ਼ਨ ਥੀਏਟਰ 'ਚ ਨਹੀਂ ਐਮਰਜੈਂਸੀ ਵਾਰਡ 'ਚ ਲੇਟੇ ਪਏ ਸੀ । ਕੱਟ ਵੱਢ ਅਤੇ  ਸ਼ੋਰ ਸ਼ਰਾਬੇ ਵਾਲੀ ਰਾਤ ਬੀਤ ਚੁਕੀ ਸੀ । ਖਿੜਕੀ 'ਚੋਂ ਸੂਰਜ ਦੀਆਂ ਨਵੀਆਂ ਨਕੋਰ ਕਿਰਨਾਂ ਸਾਡੇ ਬੈੱਡ 'ਤੇ ਪੈ ਰਹੀਆਂ ਸਨ । ਆਲੇ ਦੁਆਲੇ ਸਾਡੇ ਵਾਂਗ ਰਾਤ ਨੂੰ ਓਪਰੇਸ਼ਨ ਕਰਵਾ ਕੇ ਆਏ ਕਈ ਹੋਰ ਮਰੀਜ਼ ਵੀ ਬੜੇ ਸ਼ਾਂਤ ਚਿੱਤ ਲੇਟੇ ਪਏ ਸਨ ।

ਅਚਾਨਕ ਇੱਕ ਨਰਸ ਮਰੀਜ਼ਾਂ ਦੇ ਵਾਰਸਾਂ ਨੂੰ ਬਾਹਰ ਨਿਕਲ ਜਾਣ ਦੀ ਚਿਤਾਵਨੀ ਦੇਣ ਲੱਗ ਪਈ । ਡਾਕਟਰ ਰਾਊਂਡ 'ਤੇ ਆ ਰਹੇ ਸਨ । ਵੱਡੇ ਡਾਕਟਰ ਦੇ ਨਾਲ ਛੋਟੇ ਡਾਕਟਰਾਂ ਦੀ ਟੋਲੀ ਵਾਰਡ 'ਚ ਪਏ ਹੋਰ ਮਰੀਜ਼ਾਂ ਨੂੰ ਛੱਡ ਸਿੱਧੀ ਸਾਡੇ ਬੈੱਡ ਦੇ ਦੁਆਲੇ ਆਣ ਖਲੋਤੀ ।

ਵੱਡੇ ਡਾਕਟਰ ਨੇ ਬੜੇ ਤਪਾਕ ਨਾਲ ਸਾਡਾ ਮੱਥਾ ਪਲੋਸਿਆ ਤੇ ਪੁੱਛਿਆ,  'ਲੈਕਚਰਾਰ ਜੀ ! ਕੀ ਹਾਲ ਚਾਲ ਏ ਹੁਣ' ? ...

'ਸਾਹਿਬ ! ਕਿਰਪਾ ਹੈ' ...

ਆਸ ਤੋਂ ਉਲਟਾ ਸਾਡਾ ਬੜਾ ਸੰਖੇਪ ਜਿਹਾ ਉੱਤਰ ਸੁਣ ਵੱਡੇ ਡਾਕਟਰ ਜਿਵੇਂ ਕਿਸੇ ਸੰਕਟ 'ਚ ਫਸ ਗਏ । ਹੈਰਾਨ ਪ੍ਰੇਸ਼ਾਨ ਦੂਜੇ ਡਾਕਟਰਾਂ ਨਾਲ ਗੰਭੀਰ ਮਸ਼ਵਰਾ ਕਰਦੇ ਸਾਡੇ ਪੈਰਾਂ ਵੱਲ ਪਏ ਐਕਸਰੇ ਤੇ ਫਾਈਲਾਂ ਨੂੰ ਮੁੜ ਬੜੇ ਧਿਆਨ ਨਾਲ ਨਿਰਖਣ ਪਰਖਣ ਲੱਗ ਪਏ । ਕੁਝ ਹੱਥ ਪੱਲੇ ਨਾ ਪਿਆ ... ਜਾਂਦੇ ਜਾਂਦੇ ਆਪਣੀ ਤਸੱਲੀ ਲਈ ਸਾਡੀ ਐਮਆਰਆਈ ਅਤੇ ਸੀਟੀ ਸਕੈਨ ਕਰਵਾਉਣ ਦੀ ਹਦਾਇਤ ਕਰ ਗਏ ।

ਉਨਾਂ ਦੇ ਜਾਣ ਤੋਂ ਬਾਅਦ ਸ਼੍ਰੀ ਮਤੀ ਨੇ ਖੁਲਾਸਾ ਕੀਤਾ ਕਿ ਰਾਤੀ ਓਪਰੇਸ਼ਨ ਦੌਰਾਨ ਅਸੀਂ ਡਾਕਟਰਾਂ ਨਾਲ ਪੁਲਸੀਆ ਅੰਦਾਜ 'ਚ ਬੜਾ ਅਵਾ ਤਵਾ ਬੋਲਦੇ ਰਹੇ ... ਇਸੇ ਕਾਰਨ ਉਹਨਾਂ ਨੂੰ ਲੱਗਿਆ ਕਿ ਹਾਦਸੇ ਨਾਲ ਤੁਹਾਡਾ ਦਿਮਾਗੀ ਤਵਾਜਨ ਵੀ ਬੁਰੀ ਤਰਾਂ ਵਿਗੜ ਗਿਆ ਹੋਏਗਾ ...

ਸਾਨੂੰ ਸਾਰੀ ਗੱਲ ਦੀ ਸਮਝ ਆ ਗਈ। ਉਗਰਾਹੀ ਲਈ ਜਿਵੇਂ ਕੋਈ ਲਾਲ ਪੀਲਾ ਸ਼ਾਹ ਲੰਮੇ ਉਚੇ ਆਪਣੇ ਕਰਿੰਦਿਆਂ ਦੇ ਲਾਮ ਲਸ਼ਕਰ ਨਾਲ ਆਇਆ ਹੋਵੇ ... ਪਰ ਅੱਗੇ ਅੜਬ ਸਮਝੇ ਜਾਣ ਵਾਲੇ ਦੇਣਦਾਰ ਦੀ ਥਾਂ ਕੋਈ ਹੋਰ ਸੰਜੀਦਾ, ਅਧੀਨ ਤੇ ਮਿਲਾਪੜਾ ਜਿਹਾ ਕਰਜ਼ਦਾਰ ਹੱਥ 'ਚ ਰਕਮ ਲਈ ਬੈਠਾ ਮਿਲ ਜਾਏ ... ਬੇਚਾਰੇ ਡਾਕਟਰਾਂ ਦੇ ਨਾਲ ਕੁਝ ਇੰਜ ਹੀ ਵਾਪਰਿਆ ਹੋਏਗਾ ...

ਖ਼ੈਰ ! ਡਾਕਟਰਾਂ ਦੀ ਫੌਰੀ ਹਦਾਇਤ 'ਤੇ ਹਸਪਤਾਲ ਦੀ ਐਂਬੂਲੈਂਸ ਰਾਹੀਂ ਬਾਹਰੋਂ ਸਾਡੀ ਐਮਆਰਆਈ ਕਰਵਾਈ। ਕਿਸਮਤ ਚੰਗੀ, ਦਿਮਾਗ ਦਾ ਕਾਰ ਵਿਹਾਰ ਤੇ ਹੱਡੀਆਂ ਦੀ ਉਣਤੀ ਬੁਣਤੀ ਸਾਰਾ ਕੁਝ ਠੀਕ ਨਿਕਲਿਆ। ਐਕਸੀਡੈਂਟ ਹੋਣ ਤੋਂ ਪਹਿਲਾਂ ਅਸਾਂ ਹੈਲਮਟ ਪਾਇਆ ਹੋਇਆ ਸੀ ਨਾ ... ਜਦੋਂ ਸਾਨੂੰ ਹੋਸ਼ ਆਈ ਸੀ ਤਾਂ ਉਦੋਂ ਵੀ ਹੈਲਮਟ ਸਾਡੇ ਸਿਰ 'ਤੇ ਬੱਕਲ ਨਾਲ ਕੱਸਿਆ ਪਿਆ ਸੀ। ਸ਼ਾਇਦ ਹੈਲਮਟ ਮਹਾਰਾਜ ਦੀ ਕਿਰਪਾ ਨਾਲ ਸਾਡਾ ਦਿਮਾਗ ਸਹੀ ਸਲਾਮਤ ਰਿਹਾ ... ਸ੍ਰੀ ਮਤੀ ਦੇ ਚਿਹਰੇ 'ਤੇ ਮੁੜ ਪਰਤ ਆਈ ਢੇਰ ਸਾਰੀ ਰੌਣਕ ਵੇਖ, ਸਾਨੂੰ ਵੀ ਟੁੱਟ, ਭੱਜ ਵਾਲੀ ਅਸਹਿ ਪੀੜ ਤੋਂ ਬੜੀ ਰਾਹਤ ਮਹਿਸੂਸ ਹੋਈ।

ਓਪਰੇਸ਼ਨ ਤੋਂ ਬਾਅਦ ਪਹਿਲਾ ਦਿਨ ਬੀਤਦਾ ਬੀਤਦਾ ਬੀਤ ਗਿਆ। ਵਿੱਚ ਵਿਚਾਲੇ ਜਿਉਂ ਜਿਉਂ ਸਾਡੀ ਹਾਦਸੇ ਵਾਲੀ ਖ਼ਬਰ ਫੈਲਦੀ ਗਈ, ਸੱਜਣ ਮਿੱਤਰ ਤੇ ਰਿਸ਼ਤੇਦਾਰ ਸਾਡਾ ਪਤਾ ਲੈਣ ਆਉਣ ਲੱਗ ਪਏ। ਕੁਝ ਸਰਸਰੀ ਤੇ ਕੁਝ ਗੰਭੀਰ ਗੱਲਾਂ ਬਾਤਾਂ ਹੁੰਦੀਆਂ। ਵੱਖੋ ਵੱਖਰੀਆਂ ਹਦਾਇਤਾਂ ਦਾ ਅਦਾਨ ਪ੍ਰਦਾਨ ਹੁੰਦਾ ... ਤੇਜ਼ ਰਫ਼ਤਾਰੀ ਤੇ ਨਸ਼ਿਆਂ ਦੇ ਵੱਧ ਰਹੇ ਰੁਝਾਨ 'ਤੇ ਚਰਚਾ ਹੁੰਦੀ। ਸਾਨੂੰ ਕਰਨ ਕਰਾਉਣ ਲਈ ਧਰਮ ਕਰਮ ਦੀਆਂ ਢੇਰਾਂ ਗੱਲਾਂ ਦੱਸੀਆਂ ਜਾਂਦੀਆਂ। ਭੀੜ ਵਾਲਾ ਵੇਲਾ ਕੱਟਣ ਲਈ ਸਿਰਫ ਤੇ ਸਿਰਫ ਰੱਬ ਨਾਲ ਲਿਵ ਲਾਉਣ ਦੀ ਤਾਕੀਦ ਕੀਤੀ ਜਾਂਦੀ।

ਬੀਬੇ ਬਾਲਾਂ ਵਾਂਗ ਬੁਲਾਰਿਆਂ ਦੇ ਮੂੰਹੋਂ ਨਸੀਹਤਾਂ ਤੇ ਹਦਾਇਤਾਂ ਸੁਣਦੇ ... ਮੌਕੇ 'ਤੇ ਬੜੀ ਅਧੀਨਗੀ ਨਾਲ ਕਿਹਾ ਸੁਣਿਆ ਸਿਰ ਮੱਥੇ ਪ੍ਰਵਾਨ ਕਰਦੇ ... ਦਿਨ ਢਲਦਿਆਂ ਵਾਰਡ 'ਚ ਬੈੱਡ 'ਤੇ ਪਏ ਪਏ ਵਿਸ਼ੇਸ਼ ਖਾਤਰਦਾਰੀ ਕਰਨ ਵਾਲੇ ਮਿੱਤਰਾਂ ਦੀ ਉਡੀਕ ਕਰਨ ਲੱਗ ਪੈਂਦੇ ... ਮਿੱਤਰ, ਜਿਹੜੇ ਹਨੇਰੇ ਦੀ ਆੜ 'ਚ ਕੋਕ ਦੀ ਖਾਲੀ ਬੋਤਲ ਵਿੱਚ ਵਿਸਕੀ ਜਾਂ ਲਿਮਕੇ ਦੀ ਬੋਤਲ ਵਿੱਚ ਵੋਦਕਾ ਪਾ ਲਿਆਉਂਦੇ ...

ਟੁੱਟੀ ਹੋਈ ਲੱਤ ਅਸਾਂ ਹਾਦਸੇ ਵਾਲੇ ਸਮੇਂ ਖੁਦ ਵੇਖ ਲਈ ... ਪਰ ਟੁੱਟੇ ਹੋਏ ਗੁੱਟ ਦਾ ਪਤਾ ਸਾਨੂੰ ਬਾਂਹ ਦੁਆਲੇ ਬੰਨੀ ਮੋਟੀ ਪੱਟੀ ਵੇਖ ਕੇ ਲੱਗਿਆ। ਸ੍ਰੀ ਮਤੀ ਨੇ ਦੱਸਿਆ ਕਿ ਬਾਂਹ ਦੇ ਐਕਸਰੇ ਕਰਵਾਉਂਣ ਤੋਂ ਬਾਅਦ ਹੀ ਗੁੱਟ ਵਿੱਚਲੇ ਹੇਅਰ ਲਾਈਨ ਫਰੈਕਚਰ ਦਾ ਪਤਾ ਲੱਗਾ ਸੀ ... ਸੋ ਡਾਕਟਰਾਂ ਨੇ ਗੁੱਟ ਵਿੱਚ ਵੀ ਲੰਮੇ ਲੰਮੇ ਕਿੱਲ ਤੇ ਤਾਰਾਂ ਪਾ ਟੁੱਟੀ ਹੱਡੀ ਜੋੜ ਦਿੱਤੀ।

ਉੱਫ ! ਸੱਜੀ ਲੱਤ ਦੀ ਹੱਡੀ ਦੇ ਨਾਲ ਖੱਬੇ ਗੁੱਟ ਦੀ ਹੱਡੀ ਵੀ ਟੁੱਟ ਗਈ ... ਸੌਣ ਵੇਲੇ ਪਾਸਾ ਮੋੜਨਾ ਵੀ ਸਹਿਲ ਨਹੀਂ ਸੀ । ਛਾਤੀ 'ਤੇ ਪਈ ਟੁੱਟੇ ਗੁੱਟ ਵਾਲੀ ਬਾਂਹ ਇੰਝ ਲੱਗਦੀ ਜਿਵੇਂ ਕੋਈ ਥੱਕਿਆ ਹਾਰਿਆ ਪਾਲਤੂ ਕੁੱਤਾ ਗਹਿਰੀ ਨੀਂਦੇ ਸੁੱਤਾ ਪਿਆ ਹੋਵੇ ... ਮਾੜੀ ਜਿਹੀ ਹਿੱਲ ਜੁੱਲ ਹੋਈ ਤਾਂ ਬੇਚਾਰਾ ਕੱਚੀ ਨੀਂਦੇ ਜਾਗ ਜਾਏਗਾ...

ਵੇਖੋ ! ਕਿੰਨੀ ਅਜੀਬ ਤੇ ਬੇਤਰਤੀਬ ਟੁੱਟ ਭੱਜ ਹੋਈ ... ਰੱਬ ਨੇ ਸਾਡੇ ਨਾਲ ਬੜਾ ਜ਼ੁਲਮ ਕੀਤਾ ... ਬਹੁਤ ਸਿਆਣਾ ਸਮਝਦਾ ਆਪਣੇ ਆਪ ਨੂੰ ... ਭਲਿਆ ਲੋਕਾ ! ਜੇ ਤੋੜ ਭੰਨ ਕਰਨੀ ਹੀ ਸੀ ਤਾਂ ਸੁਹਜ ਸਲੀਕੇ ਨਾਲ ਕਰਦਾ ... ਤੈਨੂੰ ਭਲਾ ਦੁਨੀਆ ਦਾ ਕਿਹੜਾ ਕੰਮ ਨਹੀਂ ਕਰਨਾ ਆਉਂਦਾ ?... ਸੱਜੀ ਲੱਤ ਦੇ ਨਾਲ ਸੱਜੀ ਬਾਂਹ ਤੋੜਦਾ ... ਬੰਦਾ ਖੱਬੇ ਪਾਸੇ ਲੇਟਿਆ ਆਰਾਮ ਤੇ ਸ਼ਰਧਾ ਨਾਲ ਪੂਜਾ ਪਾਠ ਤਾਂ ਕਰ ਲੈਂਦਾ ...

ਸਵੇਰੇ, ਸਵੇਰੇ ਟੀਕੇ ਲਾਉਣ ਤੇ ਸ਼ੂਗਰ ਚੈੱਕ ਕਰਨ ਵਾਲੀ ਨਰਸ ਮੁਸਕਰਾਉਂਦੀ ਹੋਈ ਸਾਡੇ ਸਿਰਹਾਣੇ ਆਣ ਖਲੋਤੀ ... ਪਹਿਲਾਂ ਚਾਹ ਵਾਲਾ ਆਇਆ ਸੀ ... ਉਸਦੇ ਆਉਣ 'ਤੇ ਪਤਾ ਲੱਗਾ ਕਿ ਅੱਜ ਨਵਾਂ ਸਾਲ ਚੜ੍ਹਿਆ ... ਰੱਬ ਕਰੇ, ਸਾਡੀ ਟੁੱਟ ਭੱਜ ਨੂੰ ਜੋੜਨ ਵਾਲਾ ਸਾਲ ਹੋਏ ... ਚਾਹ ਦਾ ਕੱਪ ਟੇਬਲ 'ਤੇ ਰੱਖਦਿਆਂ ਉਸਨੇ 'ਸ਼ੁੱਭ ਸਵੇਰਾ' ਤੇ 'ਹੈਪੀ ਨਿਊ ਈਅਰ' ਕਿਹਾ ਸੀ ...

ਇਸ ਤੋਂ ਪਹਿਲਾਂ ਕਿ ਨਰਸ ਕੁਝ ਬੋਲੇ ਅਸਾਂ ਬੜੇ ਮਿਠਾਸ ਭਰੇ ਲਹਿਜੇ ਵਿੱਚ ਨਰਸ ਨੂੰ 'ਹੈਪੀ ਨਿਊ ਈਅਰ' ਕਹਿ ਦਿੱਤਾ ... ਕਿਹਾ ਇਹ ਵੀ ਸੀ, 'ਸਿਸਟਰ ! ਰੱਬ ਦੇ ਰੰਗ ਵੇਖੋ ... ਅਸੀਂ ਤੁਹਾਨੂੰ 'ਸ਼ੁੱਭ ਕਾਮਨਾਵਾਂ' ਦੇ ਰਹੇ ਹਾਂ ਤੇ ਬਦਲੇ ਵਿੱਚ ਤੁਸੀਂ ਸਾਨੂੰ ਦਰਦ ਦੇ ਜਾਓਗੇ ... ਟੀਕੇ ਤੇ ਸੂਈਆਂ ਵਾਲਾ ਦਰਦ' ...

ਹੋਇਆ ਕੀ, ਬੱਲਡ ਦਾ ਨਮੂਨਾ ਲੈਣ ਲਈ ਇੱਕ ਵਾਰੀ ਚੋਭ ਲਾਉਣ ਦੀ ਥਾਂ ਉਸਨੇ ਸਾਡੇ ਉਂਗਲੀ-ਪੋਟੇ 'ਤੇ ਤਿੰਨ ਵਾਰੀ ਸੂਈ ਚੋਭ ਦਿੱਤੀ ...

ਸਾਡੇ ਕੁਝ ਕਹਿਣ, ਕਰਨ ਤੋਂ ਪਹਿਲਾਂ ਉਹ ਡੁੱਬੀ ਜਿਹੀ ਆਵਾਜ਼ 'ਚ ਬੋਲੀ, 'ਸੌਰੀ ! ਮੈਂ ਮਨੋਂ ਚਾਹੁੰਦੀ ਸੀ ਕਿ ਨੱਕੇ ਭਰ ਚੋਭ ਨਾਲ ਤੁਹਾਡੀ ਉਂਗਲੀ 'ਚੋਂ ਬਲੱਡ ਮਿਲ ਜਾਏ ... ਪਰ ਅਫਸੋਸ, ਮਨ ਚਾਹੀਆਂ ਮੁਰਾਦਾਂ ਅਕਸਰ ਅਧੂਰੀਆਂ ਰਹਿ ਜਾਂਦੀਆਂ ...

ਕਾਸ਼ ! ਸ਼ੂਗਰ ਚੈੱਕ ਕਰਨ ਵਾਲਾ ਕੋਈ ਰੀਮੋਟ ਟੈਸਟਿੰਗ ਯੰਤਰ ਹੁੰਦਾ ... ਸੂਈ ਚੋਭਾਂ ਤੋਂ ਬਿਨਾ ਦੂਰੋਂ ਹੀ ਸਾਡੀ ਸ਼ੂਗਰ ਚੈੱਕ ਹੋ ਜਾਂਦੀ ... ਬੇਚਾਰੀ ਸਿਸਟਰ ਨੂੰ ਵੀ ਪੀੜ ਦੀ ਥਾਂ ਖੁਸ਼ੀ ਵੰਡਣ ਦਾ ਮੌਕਾ ਮਿਲ ਜਾਂਦਾ ...

ਜਰਾ ਧਿਆਨ ਧਰਿਓ, ਹਸਪਤਾਲਾਂ ਵਿੱਚ ਜਿੰਦਗੀ ਤੇ ਮੌਤ ਦੀ ਖੇਡ ਨਾਲੋਂ ਨਾਲ ਚੱਲਦੀ ... ਹਸਪਤਾਲ ਸਿਹਤ ਸੁਧਾਰ, ਇਲਾਜ ਤੇ ਤੰਦਰੁਸਤੀ ਦੇ ਕੇਂਦਰ ਨਹੀਂ ਹੁਦੇ ... ਗਲਿਆਰਿਆਂ ਵਿੱਚ ਡਾਕਟਰਾਂ ਤੇ ਮਰੀਜ਼ਾਂ ਦੀ ਆਵਾਜਾਈ ਨਾਲ ਬੜੇ ਜਾਬਤੇ ‘ਚ ਦਾਨੀ, ਮੰਗਤੇ, ਸਾਧੂ, ਚੋਰ-ਉੱਚਕੇ, ਜੇਬਕਤਰੇ ਤੇ ਹੋਰ ਕੌਤਕੀ ਵੀ ਇੱਥੇ ਸੁਆਸਾਂ ਵਾਂਗ ਵਿੱਚਰਦੇ ... ਦਿਨ ਵੇਲੇ ਦੇ ਇਹ ਇਲਾਜ਼ ਘਰ, ਰਾਤ ਵੇਲੇ ਨੁੱਕਰੋ ਨੁੱਕਰੀ ਜੂਆ ਘਰ, ਰੰਡੀ ਘਰ ਤੇ ਦਾਰੂ ਘਰ ਦਾ ਰੂਪ ਧਾਰ ਲੈਂਦੇ ...

ਨੁੱਕਰ ਵਾਲੇ ਸਾਡੇ ਨਾਲ ਦੇ ਬੈੱਡ 'ਤੇ ਟੁੱਟੀ ਲੱਤ ਵਾਲਾ ਮਰੀਜ਼ ਪਿਆ ਹੁੰਦਾ। ਆਸਰੇ ਨਾਲ ਉਤਾਂਹ ਚੁੱਕੀ ਉਸਦੀ ਲੱਤ ਦੇ ਸਹੀ ਜੋੜ ਲਈ ਇੱਟਾਂ ਦਾ ਭਾਰ ਬੰਨਿਆ ਹੁੰਦਾ। ਦਿਨ ਵੇਲੇ ਵੇਖ, ਭਾਲ ਲਈ ਉਸ ਮਰੀਜ਼ ਕੋਲ ਇੱਕਾ ਦੁੱਕਾ ਬੰਦਾ ਹੁੰਦਾ ... ਜਿਉਂ, ਜਿਉਂ ਰਾਤ ਢਲਦੀ ਪੰਜ ਸੱਤ ਬੰਦੇ ਉਸਦੇ ਕੋਲ ਆ ਜਾਂਦੇ ...

ਫਿਰ ਕੀ ਹੋਣਾ ... ਉਸਦੇ ਬੈੱਡ ਹੇਠੋਂ ਦਾਰੂ ਦੇ ਨਾਲ ਕਦੀ ਚਿਕਨ ਚਿੱਲੀ, ਕਦੀ ਤਲੀ ਮੱਛੀ ਤੇ ਕਦੀ ਆਂਡਿਆਂ ਦੀ ਭੁਰਜੀ ਵਾਲੀ ਵਾਸ਼ਨਾ ਆਉਣੀ ... ਬੈੱਡ ਦੇ ਹੇਠਾਂ ਖਾਂਦੇ ਪੀਂਦੇ ਉਹ ਲੋਕ ਇਵੇਂ ਲੱਗਦੇ ਜਿਵੇਂ ਵਿਆਹ ਵਾਲੇ ਸ਼ਾਮਿਆਨੇ ਹੇਠਾਂ ਵੱਖਰਾ ਟੇਬਲ ਮੱਲ ਕੇ ਜਸ਼ਨ ਮਨਾ ਰਹੇ ਹੋਣ ... ਅਸੀਂ ਵੀ ਲਲਚਾਈਆਂ ਨਜ਼ਰਾਂ ਨਾਲ ਉਨਾਂ ਨੂੰ ਵੇਖਦੇ ਤੇ ਬੁੱਕਲ 'ਚ ਲੁਕਾਈ ਆਪਣੀ ਬਿਸਲੇਰੀ ਦੀ ਛੋਟੀ ਬੋਤਲ 'ਚੋਂ ਸਿੱਪ ਸਿੱਪ ਵੋਦਕਾ ਦਾ ਮਜ਼ਾ ਲੈਂਦੇ ਰਹਿੰਦੇ। ਕਦੀ ਕਦਾਈਂ ਸਾਡਾ ਮੂੰਹ ਸਲੂਣਾਂ ਕਰਨ ਲਈ ਉਹ ਸਾਨੂੰ ਵੀ ਚਿਕਨ ਚਿੱਲੀ, ਰੋਸਟਡ ਮੁਰਗੇ ਜਾਂ ਮੱਛੀ ਦਾ ਸੁਆਦ ਵਿਖਾ ਦੇਂਦੇ ਤੇ ਆਪਣੇ ਕਰਮਾਂ ਕੁਕਰਮਾਂ ਦਾ ਭਾਗੀ ਬਣਾ ਲੈਂਦੇ ...

ਰਾਤ ਦਾਰੂ ਦੇ ਲੋਰ 'ਚ ਬੀਤ ਜਾਂਦੀ। ਰਾਤ ਹੋਏ ਜਾਂ ਦਿਨ... ਉਸਨੇ ਬੀਤਣਾ ਹੀ ਹੁੰਦਾ ... ਮਨ ਹੀ ਹੁੰਦਾ ਜਿਹੜਾ ਨਾ ਉਦੈ ਹੁੰਦਾ ਨਾ ਅਸਤ ... ਹਮੇਸ਼ਾ ਸੋਚਾਂ ਦੇ ਜੰਗਲ 'ਚ ਭਟਕਦਾ ਰਹਿੰਦਾ ... ਸਾਡਾ ਰੱਬ ਵੀ ਬੜੀ ਊਟ ਪਟਾਂਗ ਸ਼ੈਅ ਹੁੰਦਾ ... ਲਹੂ ਮਿੱਝ ਤੇ ਹੱਡੀਆਂ ਦੇ ਜੀਵ ਜੰਤੂ ਬਣਾ ਆਪਣੇ ਆਪ ਨੂੰ ਹੀਰੋ ਸਮਝਦਾ ... ਕਿਸੇ ਬੇਚਾਰੇ ਦਾ ਦਿੱਲ ਫੇਲ੍ਹ ਕਰ ਦਿੰਦਾ ... ਕਿਸੇ ਗਰੀਬੜੇ ਦੀ ਬਾਂਹ ਤੋੜ ਦਿੰਦਾ ... ਉਸੇ ਜਿੰਦਹੀਣ ਬਾਂਹ ਨੂੰ ਗਲੇ 'ਚ ਪੱਟੀ ਪੁਆ ਕੇ ਚੁਕਵਾਈ ਫਿਰਨ 'ਚ ਆਪਣੀ ਸ਼ਾਨ ਸਮਝਦਾ ... ਕਿਸੇ ਨੂੰ ਕੈਂਸਰ ਦੀ ਮਾਰ ਮਾਰਦਾ ਮੰਜੇ ਨਾਲ ਮੰਜਾ ਕਰ ਦਿੰਦਾ ... ਵੱਡਾ ! ਚਤਰ ਏਡਾ ਕਿ ਆਪਣੇ ਸਿਰ ਇੱਕ ਵੀ ਦੋਸ਼ ਨਹੀਂ ਲੈਂਦਾ ...

ਹੱਡ ਮਾਸ ਤੇ ਲਹੂ ਦੀ ਥਾਏਂ ਬੰਦੇ ਕਹਿੰ ਧਾਤੂ ਜਾਂ ਸਟੇਨਲੈੱਸ ਸਟੀਲ ਦੇ ਬਣਾਏ ਹੁੰਦੇ ਤਾਂ ਚੰਗਾ ਸੀ ... ਨਾ ਸਿਰ ਪਾਟਦੇ ਨਾ ਹੱਡੀਆਂ ਟੁੱਟਦੀਆਂ... ਕਦੀ ਗਿੱਟਾ ਗੋਡਾ ਟੁੱਟ ਭੱਜ ਵੀ ਜਾਂਦਾ ਤਾਂ ਪਲਾਂ

ਛਿਣਾਂ 'ਚ ਆਸਾਨੀ ਨਾਲ ਵੈਲਡਿੰਗ ਹੋ ਜਾਂਦਾ ... ਗਰਮ ਗਰਮ ਹੱਡੀਆਂ 'ਤੇ ਥੋੜ੍ਹਾ ਕੁ ਠੰਡਾ ਪਾਣੀ ਪਾਉਂਦਿਆਂ ਛੂ ... ਛਾਂ ...ਕਰਦੀ ਭਾਫ਼ ਉੱਡਦੀ ਤੇ ਜੁੜਿਆ ਬੰਦਾ ਹੱਸਦਾ ਖੇਡਦਾ ਘਰ ਨੂੰ ਤੁਰ ਜਾਂਦਾ...

ਸਾਡੀ ਲੱਤ ਨੂੰ ਜੋੜਨ ਲਈ ਤੀਰ ਨੁਮਾ ਸੀਖਾਂ ਦਾ ਸ਼ਿਕੰਜਾ ਕੱਸਿਆ ਹੋਇਆ ਸੀ । ਪੇਚਾਂ ਵਾਲੀਆਂ ਸਟੀਲ ਦੀਆਂ ਚਾਰ ਨੁਕੀਲੀਆਂ ਸੀਖਾਂ ਮੋਟੀ ਹੱਡੀ ਵਿੱਚ ਕੱਸੀਆਂ ਸਨ ...ਓਪਰੇਸ਼ਨ ਵੇਲੇ ਡਾਕਟਰਾਂ ਨੇ ਗੋਡਿਉਂ ਹੇਠਲੀ ਹੱਡੀ ਵਿੱਚ ਵਰਮੇ ਨਾਲ ਮੋਰੀਆਂ ਕੀਤੀਆਂ ਹੋਣਗੀਆਂ ... ਸਵੇਰੇ ਸ਼ਾਮ ਨਰਸ ਆਉਂਦੀ ... ਹੱਡੀ ਤੇ ਮਾਸ ਦੀ ਹਿਫਾਜ਼ਤ ਲਈ ਸੀਖਾਂ ਵਾਲੇ ਜੋੜਾਂ 'ਤੇ ਟਿੰਚਰ ਦੀਆਂ ਪੱਟੀਆਂ ਕਰਦੀ ।

ਟੁੱਟੇ ਹੋਏ ਖੱਬੇ ਗੁੱਟ ਦਾ ਵੀ ਇਹੀਉ ਹਾਲ ਸੀ । ਬੇਚਾਰੇ ਨੂੰ ਲੰਮੇ ਲੰਮੇ ਕਿੱਲ ਤੇ ਮੋਟੀ ਤਾਰ ਨਾਲ ਜਕੜਬੰਦ ਵੱਜਾ ਹੋਇਆ ਸੀ । ਭਲੇ ਵੇਲਿਆਂ 'ਚ ਇੱਕ ਛਿੱਲਤਰ ਚੁੱਭ ਜਾਣੀ ਤਾਂ ਹਾਲ ਦੁਹਾਈ ਮਚਾ ਦੇਣੀ । ਇਥੇ ਤਾਂ ਲੱਤ, ਬਾਂਹ ਕਿੱਲ ਪੇਚਾਂ ਨਾਲ ਵਿੰਨੀ ਪਈ ਸੀ । ਮਰਦਾ ਕੀ ਨਾ ਕਰਦਾ ... ਲੇਖਾਂ 'ਚ ਲਿਖੇ ਨੂੰ ਭੋਗਣ ਤੋਂ ਸਿਵਾਏ ਕੋਈ ਚਾਰਾ ਵੀ ਤਾਂ ਨਹੀਂ ਹੁੰਦਾ ।

ਭੀਸ਼ਮ ਪਿਤਾਮਾ ਵੀ ਰਹਿ ਰਹਿ ਕੇ ਅੱਖਾਂ ਅੱਗੇ ਆਉਂਦੇ ... ਸ਼ਾਂਤ ਚਿੱਤ ਤੀਰਾਂ ਵਾਲੀ ਮ੍ਰਿਤੂ ਸੇਜ 'ਤੇ ਲੇਟੇ ... ਮਨ 'ਚ ਖਿਆਲ ਆਉਂਦੇ .. ਕਰਮਾਂ ਕੁਕਰਮਾਂ ਕਾਰਨ ਭਗਵਾਨ ਨੇ ਉਨਾਂ ਦੀ ਹੋਣੀ ਇੰਜ ਹੀ ਲਿਖੀ ਹੋਏਗੀ ... ਪਰ ਅਸੀਂ ਤਾਂ ਉਨਾਂ ਦੇ ਪੈਰਾਂ ਦੀ ਧੂੜ ਬਰਾਬਰ ਵੀ ਨਹੀਂ ... ਪਤਾ ਨਹੀਂ, ਰੱਬ ਜੀ ਨੇ ਅਜਿਹਾ ਕਰੂਰ ਵਰਤਾਰਾ ਕਿਉਂ
ਕੀਤਾ ?... ਨਿਗੂਣਾ ਜਿਹਾ 'ਜੀਵਨ ਦਾਨ' ਦੇ ਕੇ ਅਸਾਂ ਲੋਕਾਈ ਨੂੰ ਭਲਾ ਕਿਹੜੀ ਸੇਧ ਦੇਣੀ ਸੀ ? ...

ਬੈੱਡ 'ਤੇ ਪਿੱਠ ਪਾਸੇ ਪਿਆਂ ਪਿਆਂ ਮੋਢਾ ਤੇ ਪਿੱਠ ਲਾਲ ਸੁਰਖ ਹੋ ਗਏ । ਸ਼ੁਰੂ ਸਰਦੀਆਂ ਦੇ ਦਿਨੀਂ ਬੈੱਡ ਸੋਰ ਵਾਲੀ ਇਹ ਵੱਖਰੀ ਬਿਪਤਾ ਵੀ ਜਿਵੇਂ ਕਿਸਮਤ 'ਚ ਲਿਖੀ ਹੋਈ ਸੀ ...ਗਰਮੀਆਂ ਹੁੰਦੀਆਂ ਤਾਂ ਬੈੱਡ ਸੋਰ ਨਾਲ ਸਾਰੀ ਪਿੱਠ ਪੱਛੀ ਜਾਂਦੀ । ਵਰਤਾਰਾ ਬੜੇ ਫਿਕਰ ਵਾਲਾ ਸੀ ।

ਫਿਜੀਓਥਰੈਪਿਸਟ ਚਾਰੂ ਨੇ ਵੀ ਸਾਨੂੰ ਡਰਾਉਣ ਵਿੱਚ ਕੋਈ ਕਸਰ ਬਾਕੀ ਨਾ ਛੱਡੀ । ਆਖਦੀ ਸੀ, ਛੇਤੀ ਤੋਂ ਛੇਤੀ ਬੈੱਡ ਸੋਰ ਨੂੰ ਮੋੜਾ ਨਾ ਲੱਗਿਆ ਤਾਂ ਪਿੱਠ ਦਾ ਸਾਰਾ ਮਾਸ ਉੱਚੜ ਪੁੱਚੜ ਜਾਏਗਾ ... ਚਮੜੀ ਵਿੱਚ ਕੀੜੇ ਪੈ ਜਾਣਗੇ ... ਕੋਈ ਦਵਾਈ ਅਸਰ ਨਹੀਂ ਕਰੇਗੀ ... ਅਸੀਂ ਬਹੁਤ ਡਰ ਗਏ ... ਸਹਿਮ ਗਏ... ਨਿਊਸਪਾਰਿਨ ਪਾਊਡਰ ਤੇ ਨਾਰੀਅਲ ਤੇਲ ਵੀ ਕੋਈ ਕ੍ਰਿਸ਼ਮਾ ਨਾ ਵਿਖਾ ਸਕੇ ...

ਬੈੱਡ ਸੋਰ ਦੇ ਛੁਟਕਾਰੇ ਲਈ ਵਿਸ਼ੇਸ਼ ਗੱਦੇ ਦੀ ਲੋੜ ਸੀ । ਵਾਰਡ ਵਿੱਚ ਰੌਲਾ ਪਾ ਅਸਾਂ ਹਵਾ ਭਰਨ ਵਾਲਾ ਗੱਦਾ ਮੰਗਵਾ ਲਿਆ । ਗੱਦਾ ਮਿਲ ਜਾਣ 'ਤੇ ਧੱਫੜ ਲਾਲੀਆਂ ਨੂੰ ਮੋੜਾ ਲੱਗਣ ਦੀ ਆਸ

ਬੱਝ ਗਈ। ਸੱਚ ਮੁੱਚ ਹਵਾ ਵਾਲੇ ਗੱਦੇ ਨੇ ਜਾਦੂ ਵਰਗਾ ਅਸਰ ਕੀਤਾ। ਦਿਨਾਂ 'ਚ ਸਾਡੀ ਪਿੱਠ ਵਾਲੀ ਲਾਲੀ ਘੱਟਦੀ, ਘੱਟਦੀ ਖਤਮ ਹੋ ਗਈ।

ਵੇਖੋ ! ਲਾਟੂ ਨੂੰ ਜਗਾਉਣ ਲਈ ਨੈਗਟਿਵ ਪੌਜੀਟਿਵ ਅਤੇ ਅਰਥ ਵਾਲੀ ਤਾਰ ਦੀ ਲੋੜ ਹੁੰਦੀ ਹੈ। ਇੱਧਰ, ਸਤਾਰਾਂ ਦਿਨ ਤੇ ਸਤਾਰਾਂ ਰਾਤਾਂ ਦੇ ਤਕਰੀਬਨ ਚਾਰ ਸੌ ਘੰਟੇ ... ਚੌਵੀ ਹਜ਼ਾਰ ਮਿੰਟ ਜਾਂ ਕਹਿ ਲਓ ਚੌਦਾਂ ਲੱਖ, ਚਾਲ੍ਹੀ ਹਜ਼ਾਰ ਸਕਿੰਟ ... ਉੱਫ ! ਬੈੱਡ 'ਤੇ ਪਿਆ ਪਿਆ ਬੰਦਾ ਆਪਣੇ ਮਨ ਮਸਤਕ ਦੇ ਬਲਬ ਨੂੰ ਜਗਾਉਣ ਲਈ ਤੇ ਆਲੇ ਦੁਆਲੇ ਨੂੰ ਰੁਸ਼ਨਾਉਣ ਲਈ ਧਰਤੀ 'ਤੇ ਪੈਰ ਹੀ ਨਾ ਛੁਹਾ ਸਕੇ ... ਇਸ ਤੋਂ ਵੱਡੀ ਸਜਾ ਭਲਾ ਹੋਰ ਕੀ ਹੋ ਸਕਦੀ ?

ਆਖਦੇ ਨੇ ਨਾ ... ਕਰਮਾਂ ਦੇ ਫੱਲ ਵੀ ਇਥੇ ਹੀ ਅੱਖਾਂ ਦੇ ਸਾਹਮਣੇ ਮਿਲ ਜਾਂਦੇ ... ਬੰਦਾ ਮਹਿਸੂਸ ਕਰੇ ਜਾ ਨਾ... ਇਹ ਉਸਦੀ ਜਿੰਦਾਦਿਲੀ ਜਾਂ ਢੀਠਤਾਈ 'ਤੇ ਨਿਰਭਰ ਕਰਦਾ ...

ਲੇਟੇ ਲੇਟੇ ਡਾਇਰੀ ਵਿੱਚ ਅਰਥ ਤੇ ਅਨਰਥ ਦਾ ਹਿਸਾਬ ਕਿਤਾਬ ਝਰੀਟ ਰਹੇ ਸਾਂ। ਉਪਰੋਂ ਡਾਕਟਰ ਰਾਊਂਡ 'ਤੇ ਆ ਗਏ। ਕਲਮ ਝਰੀਟੀ ਵੇਖ ਸਾਡੀ ਡਾਇਰੀ 'ਤੇ ਨਿਗਾਹ ਟਿਕਾਉਂਦੇ ਪੁੱਛਣ ਲੱਗੇ, 'ਲੇਖਕ ਸਾਹਿਬ ! ਕਿਹੜੇ ਹਿਸਾਬਾਂ ਕਿਤਾਬਾਂ 'ਚ ਗੁੰਮੇ ਗੁਆਚੇ ਹੋ' ?...

'ਡਾਕਟਰ ਸਾਹਿਬ ! ਲੱਗਦਾ ਕਿ ਜੀਵਨ ਰੂਪੀ ਲਾਟੂ ਦਿਨੋਂ ਦਿਨ ਮੱਧਮ ਹੋਈ ਜਾ ਰਿਹਾ ...ਇਸਨੂੰ ਜਗਾਉਣ ਲਈ ਧਰਤੀ ਦੀ ਦੂਰੀ ਦਾ ਲੇਖਾ ਜੋਖਾ ਕਰ ਰਿਹਾਂ'...

'ਧਰਤੀ ਤੁਹਾਡੇ ਕੋਲੋਂ ਬਹੁਤੀ ਦੂਰ ਨਹੀਂ ... ਇੱਕ ਫਰੈਕਚਰ ਹੋਇਆ ਹੁੰਦਾ ਤਾਂ ਇਸਦੀ ਛੂਹ ਤੁਹਾਨੂੰ ਚਾਰ ਪੰਜ ਦਿਨ ਪਹਿਲਾਂ ਹੀ ਨਸੀਬ ਹੋ ਜਾਂਦੀ ... ਟੁੱਟੀ ਹੋਈ ਲੱਤ ਦੇ ਨਾਲ ਤੁਹਾਡੀ ਬਾਂਹ ਦੀ ਟੁੱਟ ਭੱਜ ਹੀ ਧਰਤੀ ਦੀ ਛੂਹ ਦਰਮਿਆਨ ਵੱਡੀ ਅੜਚਣ ਬਣੀ ਹੋਈ ਏ' ... ਕਮਰਿਉਂ ਬਾਹਰ ਜਾਂਦਿਆਂ ਬੜੇ ਪਿਆਰ ਨਾਲ ਡਾਕਟਰ ਨੇ ਸਾਡੇ ਮੋਢੇ 'ਤੇ ਹੱਥ ਫੇਰਦਿਆਂ ਸਮਝਾਇਆ।

ਜਿੰਦਗੀ ਦੇ ਲਾਟੂ ਨੂੰ ਜਗਦਾ ਰੱਖਣ ਵਾਲੀ ਲਾਲਸਾ ਪਲ ਪਲ ਵਧਦੀ ਜਾ ਰਹੀ ਸੀ। ਡਾਇਰੀ ਬੈੱਡ ਦੇ ਪਾਸੇ ਵਾਲੇ ਟੇਬਲ 'ਤੇ ਰੱਖ ਦਿੱਤੀ। ਪਾਲਤੂ ਕਤੂਰੇ ਵਰਗੀ ਟੁੱਟੀ ਤੇ ਸੱਤਿਆਹੀਣ ਬਾਂਹ ਨੂੰ ਸੱਜੀ ਬਾਂਹ ਦਾ ਆਸਰਾ ਦਿੱਤਾ ... ਬੜੇ ਯੁੱਧ ਨਾਲ ਲੱਤਾਂ ਲਮਕਾਈਆਂ ਤੇ ਬੈੱਡ 'ਤੇ ਉੱਠ ਬੈਠੇ।

ਟੁੱਟੀ ਹੋਈ ਲੱਤ ਵਾਲੀ ਚੱਪਲ ਹੇਠਾਂ ਪਈ ਦਿਸ ਰਹੀ ਸੀ। ਦੂਸਰੀ ਚੱਪਲ ਕੋਈ ਆਇਆ ਗਿਆ ਠੁੱਡਾ ਮਾਰਕੇ ਬੈੱਡ ਦੇ ਹੇਠਾਂ ਖਿਸਕਾ ਗਿਆ ਹੋਏਗਾ ... ਖੂੰਡੀ ਸਿਰਹਾਣੇ ਰੱਖੀ ਪਈ ਸੀ। ਕਮਰਿਉਂ ਬਾਹਰ ਬਰਾਂਡੇ 'ਚ ਪਈ ਪਹੀਆ ਕੁਰਸੀ ਸਾਫ ਦਿਸ ਰਹੀ ਸੀ। ਜੇਕਰ ਦੋਵੇਂ ਚੱਪਲਾਂ

ਇਕੱਠੀਆਂ ਦਿਸ ਪੈਂਦੀਆਂ ਤਾਂ ਬੜੀ ਆਸਾਨੀਂ ਨਾਲ ਕੋਸੀ ਨਿੱਘੀ ਤੇ ਮਮਤਾਮਈ ਧਰਤੀ ਨੂੰ ਛੂਹਣ ਲਈ ਬਾਹਰ ਨੂੰ ਤੁਰ ਪੈਂਦੇ ... ਧਰਤੀ ਵੀ ਸਾਡੀ ਹੋ ਜਾਂਦੀ ਤੇ ਆਕਾਸ਼ ਵੀ ...

ਲਾਗੇ ਪੁੱਤਰ ਸ੍ਰੀ ਆਪਣੇ ਲੈਪਟਾਪ 'ਚ ਖੁਭਿਆ ਬੈਠਾ ਸੀ। ਆਪਣੇ ਕੰਮ 'ਚ ਮਸਰੂਫ ਬੈਠੇ ਦਾ ਧਿਆਨ ਸਾਡੇ 'ਤੇ ਪੈ ਗਿਆ ... ਆਪਣਾ ਲੈਪਟਾਪ ਪਾਸੇ ਰੱਖ ਉਹ ਝੱਟ ਸਾਡੇ ਕੋਲ ਆ ਗਿਆ ਤੇ ਪੁੱਛਣ ਲੱਗਾ, 'ਪਾਪਾ ! ਕੀ ਚਾਹੀਦਾ' ?

'ਬਾਹਰ ਘੁੰਮਣ ਨੂੰ ਚਿੱਤ ਕਰਦਾ' ... ਘੰਟੇ, ਮਿੰਟਾਂ ਤੇ ਸਕਿੰਟਾਂ ਦੀ ਉਕਤਾਊ ਠਾਹਰ ਵਾਲੀ ਸਾਰੀ ਵਿੱਥਿਆ ਦੁਹਰਾਉਂਦਿਆਂ ਅਸੀਂ ਬੋਲੇ।

ਪੁੱਤਰ ਸ੍ਰੀ ਝੱਟ ਬਾਹਰ ਪਈ ਪਹੀਆ ਕੁਰਸੀ ਨੂੰ ਅੰਦਰ ਰੇੜ੍ਹ ਲਿਆਇਆ ਤੇ ਸਾਨੂੰ ਆਪਣੇ ਆਸਰੇ ਨਾਲ ਕੁਰਸੀ 'ਤੇ ਬੈਠਾ ਬਾਹਰ ਲੈ ਗਿਆ।

ਹਸਪਤਾਲ ਦੇ ਸੀ ਬਲਾਕ ਦੀ ਤੀਸਰੀ ਮੰਜਲ ਸੀ। ਬਰਾਂਡਾ ਦੂਰ ਦੁਮੇਲ ਤੀਕ ਫੈਲਿਆ ਹੋਇਆ ਸੀ। ਇੱਕ ਪਾਸੇ ਕਮਰਿਆਂ ਦੀ ਨਾ ਖ਼ਤਮ ਹੋਣ ਵਾਲੀ ਲੰਮੀ ਕਤਾਰ ਸੀ। ਦੂਸਰੇ ਪਾਸੇ ਨੀਲੀਆਂ ਪਹਾੜੀਆਂ 'ਚ ਛਿਪਣ ਦੀ ਤਿਆਰੀ ਕਰ ਰਿਹਾ ਸੂਰਜ ਜਿਵੇਂ ਸਾਨੂੰ ਅਲਵਿਦਾ ਕਹਿਣ ਲਈ ਰੁਕਿਆ ਖੜਾ ਸੀ ...

ਬਾਹਰ ਸ਼ੁਰੂ ਜਨਵਰੀ ਦੀ ਦੰਦੋੜਿਕਿਆਂ ਵਾਲੀ ਤੇਜ਼ ਹਵਾ ਵਗ ਰਹੀ ਸੀ। ਟੁੱਟੀ ਹੋਈ ਲੱਤ, ਕੁਰਸੀ ਦੇ ਫੁੱਟ ਰੈਸਟ 'ਤੇ ਟਿਕੀ ਹੋਈ ਸੀ। ਵੇਖਦਿਆਂ ਵੇਖਦਿਆਂ ਗੇਂਦ ਵਰਗਾ ਨਿੱਘਾ-ਕੋਸਾ ਸੂਰਜ ਸਾਡੀਆਂ ਅੱਖਾਂ ਸਾਹਮਣੇ ਪਹਾੜਾਂ 'ਚ ਗੁੰਮ ਗੁਆਚ ਗਿਆ। ਇਸਤੋਂ ਪਹਿਲਾਂ ਕਿ ਹਨੇਰਾ ਹੋਰ ਸਿਆਹ ਹੋ ਜਾਏ, ਸੂਰਜ ਦਾ ਸਾਥ ਛੁੱਟਦਾ ਵੇਖ ਅਸਾਂ ਆਪਣਾ ਸਾਬਤ ਪੈਰ ਧਰਤੀ ਨੂੰ ਛੁਹਾ ਦਿੱਤਾ ...

ਬਰਾਂਡੇ ਵਿੱਚਲੇ ਲਾਟੂ ਤਾਰਿਆਂ ਵਾਂਗ ਜਗਮਗਾਉਣ ਲੱਗ ਪਏ। ਲੱਤ ਦੀ ਹੱਡੀ ਨੂੰ ਜੋੜਨ ਵਾਲਾ ਸਟੀਲ ਦਾ ਸ਼ਿਕੰਜਾ ਪਹਿਲਾਂ ਨਾਲੋਂ ਜਿਆਦਾ ਚਮਕੀਲਾ ਪ੍ਰਤੀਤ ਹੋਣ ਲੱਗਾ। ਸੱਚੀ ! ਇੰਜ ਮਹਿਸੂਸ ਹੋਇਆ ਜਿਵੇਂ ਧਰਤੀ ਦੀ ਛੂਹ ਨਾਲ ਤਨ ਮਨ ਚਾਰਜ ਹੋ ਗਿਆ ਹੋਵੇ ...

ਪਹਿਲੀ ਵਾਰ ਲੰਮੇ ਬਰਾਂਡੇ ਦਾ ਛੋਟਾ ਜਿਹਾ ਚੱਕਰ ਲਾ ਅਸੀਂ ਮੁੜ ਟੁੱਟੀ ਹੋਈ ਲੱਤ ਤੇ ਬਾਂਹ ਦੀ ਤੀਮਾਰਦਾਰੀ ਹਿੱਤ ਬੜੀ ਇਹਤਿਆਤ ਨਾਲ ਬੈੱਡ 'ਤੇ ਆ ਲੇਟੇ। ਦੋ, ਢਾਈ ਹਫਤੇ ਬਾਅਦ ਹੀ ਸਹੀ ਧਰਤੀ ਨੂੰ ਛੂਹ ਕੇ ਬੜਾ ਸਕੂਨ ਮਿਲਿਆ। ਰੱਬ ਖੈਰ ਕਰੂ ... ਅਸਾਂ ਕਿਹੜੇ ਕਿਸੇ ਦੇ ਮਾਂਹ ਮਾਰੇ ਨੇ ... ਕੱਲ ਜਾਂ ਪਰਸੋਂ ਨੂੰ ਤੁਰਨ ਫਿਰਨ ਜੋਗੇ ਹੋ ਹੀ ਜਾਂਵਾਂਗੇ ...

ਵੇਖਣ ਨੂੰ ਬੰਦਾ ਦੋ ਪੈਰਾਂ 'ਤੇ ਖੜੀ ਇਕਹਿਰੀ ਤੇ ਨਿਮਾਣੀ ਜਿਹੀ ਹਸਤੀ ਹੋ ਸਕਦਾ। ਆਕਾਸ਼ਾਂ ਪਤਾਲਾਂ 'ਚ ਖੰਡਤ ਕੋਈ ਰੂਹ ਵੀ ... ਜਿਸਨੂੰ ਸਮੇਟਣ ਲਈ ਸਦੀਆਂ ਲੱਗ ਜਾਂਦੀਆਂ ... ਇੱਕ ਸਥਿਤੀ

ਇਹ ਵੀ ਆਉਂਦੀ ਕਿ ਬੰਦਾ ਰੱਬ ਨਾਲ ਇੱਕ ਮਿੱਕ ਹੋ ਜਾਂਦਾ ... ਸਮਾਧੀ 'ਚ ਲੀਨ ਉਸਦੀ ਦੇਹੀ ਤਾਂ ਦਿਸਦੀ ਪਰ ਹਕੀਕਤ ਚ ਗੁਨਾਹਾਂ ਦਾ ਲੇਖਾ ਜੋਖਾ ਕਰਦਾ ਉਹ ਆਪਣੇ ਅੱਲਾ ਮੀਆਂ ਨਾਲ ਵਿਚਰ ਰਿਹਾ ਹੁੰਦਾ ... ਲੇਟਿਆਂ ਲੇਟਿਆਂ ਸੋਚਾਂ ਦੇ ਸਮੁੰਦਰਾਂ 'ਚ ਗੋਤੇ ਖਾਂਦਿਆਂ ਪਤਾ ਨਹੀਂ ਕਿਹੜੇ ਵੇਲੇ ਅੱਖ ਲੱਗ ਗਈ ...

ਸੁਫਨਾ ਸ਼ੁਰੂ ਹੋ ਗਿਆ ... ਸੁਫਨੇ 'ਚ ਅਸੀਂ ਬੱਸ ਚਲਾ ਰਹੇ ਹੁੰਦੇ ਹਾਂ । ਇੱਕ ਹੋਰ ਬੱਸ ਸਾਡੇ ਨਾਲ ਨਾਲ ਜਾ ਰਹੀ । ਹਮੇਸ਼ਾਂ ਵਾਂਗ ਅੱਗੇ ਵਧਣ ਦੀ ਲਾਲਸਾ ... ਬੱਸ ਨੂੰ ਰੇਸ ਦੇ ਹੋਰ ਅੱਗੇ ਲੈ ਗਏ ... ਬੱਸ ਸੀ ਨਾ ... ਚਾਲਕ ਦੀ ਮਰਜ਼ੀ ਹੁੰਦੀ ... ਮਨ ਦੀ ਮੌਜ ਹੁੰਦੀ ... ਬੱਸ ਪਿੱਛੇ ਵੀ ਰਹਿ ਸਕਦੀ ... ਪਰ ਅਸੀਂ ਪਿੱਛੇ ਕਿਉਂ ਰਹੀਏ ?...

ਹੁੰਦਾ ਕੀ, ਪਿੱਛਲੀ ਬੱਸ ਚੱਲਦੀ ਚੱਲਦੀ ਅਚਾਨਕ ਅਲੋਪ ਹੋ ਜਾਂਦੀ ... ਕਿਧਰੇ ਵੀ ਨਹੀਂ ਦਿਸਦੀ ... ਪੁੱਛ, ਗਿੱਛ ਕਰਦੇ ਅਸੀਂ ਰਾਹਗੀਰਾਂ ਕੋਲੋਂ ਰਸਤਾ ਪੁੱਛਦੇ ਹਾਂ । ਮੋੜ 'ਤੇ ਖੜੇ ਲੋਕ ਪਿਛਲੇ ਮੋੜ ਤੋਂ ਮੁੜ ਗਈ ਇੱਕ ਬੱਸ ਬਾਰੇ ਦੱਸਦੇ ... ਜਿਉਂ ਹੀ ਬੱਸ ਨੂੰ ਮੋੜ ਕੇ ਦੂਜੀ ਬੱਸ ਵਾਲੇ ਰਸਤੇ 'ਤੇ ਪਾਉਂਦੇ ਹਾਂ ਤਾਂ ਅੱਗੇ ਲਾਂਘਾ ਨਹੀਂ, ਉੱਸਰਦੀਆਂ ਅਣਗਿਣਤ ਇਮਾਰਤਾਂ ਦਾ ਜੰਗਲ ਸਾਡਾ ਰਸਤਾ ਰੋਕ ਲੈਂਦਾ ... ਇੱਟਾਂ ਦੀ ਚਿਣਾਈ 'ਚ ਮਸਰੂਫ ਰਾਜ ਮਿਸਤਰੀ ਦੱਸਦਾ ਕਿ ਕੁਝ ਚਿਰ ਪਹਿਲਾਂ ਇੱਕ ਬੱਸ ਇੱਧਰੋਂ ਹੀ ਲੰਘੀ ਸੀ ...

ਸਾਹਮਣੇ ਸਾਹਲਾਂ, ਕਾਂਡੀਆਂ ਵਰਤਦੇ ਮਿਸਤਰੀ ਬੇਰੋਕ ਚਿਣਾਈ ਕਰੀ ਜਾਂਦੇ ਨੇ ... ਦਰਵਾਜ਼ੇ ਅਤੇ ਖਿੜਕੀਆਂ ਲਈ ਬਣਦੀ ਥਾਂ ਛੱਡੀ ਜਾ ਰਹੀ ... ਤੇਜ਼ੀ ਨਾਲ ਉੱਸਰ ਰਹੀਆਂ ਦੀਵਾਰਾਂ 'ਚੋਂ ਅਜਿਹਾ ਕੋਈ ਖੁਲ੍ਹਾ-ਡੁੱਲ੍ਹਾ ਲਾਂਘਾ ਨਹੀਂ ਦਿਸਦਾ ਜਿਸ ਰਾਹੀਂ ਬੰਦਾ ਆਸਾਨੀਂ ਨਾਲ ਅੱਗੇ ਜਾ ਸਕੇ ... ਅੱਖ ਦੇ ਫੋਰ 'ਚ ਵਾਪਰੇ ਇਸ ਭਾਣੇ ਨੂੰ ਵੇਖ ਮੱਥੇ 'ਤੇ ਤਰੇਲੀਆਂ ਆ ਜਾਂਦੀਆਂ ... ਬੱਸ ਨੂੰ ਚਲਾਉਣ ਵਾਲੇ ਹੱਥਾਂ ਦੇ ਤੋਤੇ ਉੱਡ ਜਾਂਦੇ ...

ਰੱਬ ਕਰੇ, ਇਸ ਭਵ ਸਾਗਰ 'ਚੋਂ ਪਾਰ ਉਤਾਰੇ ਲਈ ਕੋਈ ਫਾਰਮੂਲਾ ਮਿਲ ਜਾਏ ... ਜਾਂ ਫਿਰ ਬੱਸ ਹੀ ਸਵੈਚਾਲਿਤ ਹੋ ਜਾਏ ... ਰੀਮੋਟ ਕੰਟਰੋਲ ਵਾਲਾ ਉਸਦਾ ਸਟੇਅਰਿੰਗ ਆਪਣੇ ਆਪ ਮਿੱਥੇ ਹੋਏ ਕੋਣਾਂ 'ਤੋਂ ਮੁੜਦਾ ਜਾਏ ... ਬੇਤਰਤੀਬ ਇਮਾਰਤਾਂ ਦੇ ਭੀੜੇ ਭੀੜੇ ਦਰ ਦਰਵਾਜ਼ਿਆਂ 'ਚੋਂ ਪਾਰ ਜਾਂਦੀ ਕਰਮਾਂ ਵਾਲੀ ਬੱਸ ਸਾਨੂੰ ਵੇਲੇ ਸਿਰ ਮੰਜਿਲ 'ਤੇ ਪੁੱਜਦਾ ਕਰ ਦਏ ... ਪਰ ਅਸੀਂ ਕਿਹੜੇ ਕਿਸਮਤ ਦੇ ਧਨੀ ਹਾਂ ?... ਮੂੰਹੋਂ ਮੰਗੀਆਂ ਮੁਰਾਦਾਂ ਤਾਂ ਪਹੁੰਚੇ ਹੋਏ ਦਰਵੇਸ਼ਾਂ ਨੂੰ ਮਿਲਦੀਆਂ ...

ਸਾਡੇ ਵਾਂਗ ਕਾਹਲੀ ਬਾਹਲੀ 'ਚ ਘੜੀ ਦਾ ਖੁੰਝਿਆ ਬੰਦਾ ਕੋਹਾਂ 'ਤੇ ਜਾ ਪੈਂਦਾ ... ਪਿਤਾ ਸ਼੍ਰੀ ਵਾਂਗ ਹਮੇਸ਼ਾ ਕਾਹਲੀ ਵਰਤਾਈ ... ਤੱਤ ਭੜੱਥੇ ਜੇ ਅਸੀਂ ਅੱਗੇ ਅੱਗੇ ਨਾ ਤੁਰੇ ਹੁੰਦੇ ਤਾਂ ਏਡੀ ਵੱਡੀ

ਮੁਸੀਬਤ ਨਾ ਝੱਲਣੀ ਪੈਂਦੀ ... ਅੜਚਨ ਵੇਲੇ ਦੂਸਰੀ ਬੱਸ ਵਾਲੇ ਨੂੰ ਬੇਨਤੀ ਕਰ ਲੈਂਦੇ ... ਉਹ ਨੇਕਬਖ਼ਤ ਸਾਨੂੰ ਦੀਵਾਰਾਂ ਅਤੇ ਦਰਵਾਜਿਆਂ ਦੇ ਇਸ ਖਲਜਗਣ 'ਚੋਂ ਰਵਾਂ ਰਵੀਂ ਪਾਰ ਲਾ ਦਿੰਦਾ ... ਉੱਧਰ ਸਾਡੇ ਲਾਂਘੇ ਲਈ ਉਸਾਰੀ ਰੋਕ ਸਾਰੇ ਮਿਸਤਰੀ ਫਾਲਤੂ ਸਾਮਾਨ ਸਮੇਟਣ ਲੱਗ ਪਏ। ਇੱਧਰ ਵੇਲੇ ਸਿਰ ਘਰ ਪੁੱਜਣ ਲਈ ਅੱਖਾਂ ਮੀਟੀ ਬੱਸ 'ਚ ਲਾਚਾਰ ਬੈਠੇ ਅਸੀਂ ਆਪਣੇ ਰੱਬ ਜੀ ਨੂੰ ਧਿਆਉਣ ਲੱਗੇ ...

ਅਚਾਨਕ ਹੋਏ ਖੜਾਕ ਨਾਲ ਸਾਡੀ ਅੱਖ ਖੁੱਲ ਗਈ। ਸ੍ਰੀ ਮਤੀ ਬਾਹਰੋਂ ਬੈੱਡ ਟੀ ਲਿਆਈ ਸੀ। ਸਾਨੂੰ ਹੱਥਾਂ ਦੇ ਆਸਰੇ ਉਠਾ ਬੈੱਡ 'ਤੇ ਬੈਠਾ ਦਿੱਤਾ। ਹੇਠੋਂ ਜੁੱਤੀ ਲੱਭ ਕੇ ਪੈਰੀਂ ਪੁਆਈ ਤੇ ਫਿਰ ਵਾਸ਼ਰੂਮ ਜਾਣ ਲਈ ਹੱਥ 'ਚ ਖੂੰਡੀ ਫੜਾ ਦਿੱਤੀ। ਅਸੀਂ ਬੜੀ ਆਸਾਨੀਂ ਨਾਲ ਉੱਠ ਖਲੋਤੇ। ਰਵਾਂ, ਰਵੀਂ ਆਪਣੇ ਕਮਰੇ ਤੇ ਲੌਬੀ 'ਚੋਂ ਵਲ, ਵਲੇਵੇਂ ਖਾਂਦੇ ਅਸੀਂ ਵਾਸ਼ਰੂਮ 'ਚ ਅੱਪੜ ਗਏ ... ਲੰਗੜੇ ਵਾਹ ਤੁਰੇ ਜਾਂਦਿਆਂ ਸੁਫਨੇ ਵਾਲਾ ਸਫ਼ਰ ਅੱਖਰ, ਅੱਖਰ ਯਾਦ ਆਉਣ ਲੱਗਾ ... ... ਖਿੱਦੋ, ਖੂੰਡੀਆਂ ਨਾ ਹੋਣ ਤਾਂ ਸਾਡੀ ਜਿੰਦਗੀ ਅਟਕ ਜਾਂਦੀ .. ਅਸੀਂ ਅੰਨ੍ਹੇ ਮੋੜਾਂ ਵਾਲੀਆਂ ਦੀਵਾਰਾਂ ਵਿੱਚਕਾਰ ਅਟਕੀ ਬੱਸ ਬਣ ਦੇ ਡਰਾਈਵਰ ਬਣ ਜਾਂਦੇ ... ਆਪਣੀ ਮੰਜਿਲ ਦਾ ਰਸਤਾ ਭੁੱਲ, ਭੁਲਾ ਜਾਂਦੇ ...

ਰਹਿ, ਰਹਿ ਕੇ ਮਨ 'ਚ ਖਿਆਲ ਆਉਂਦਾ ਕਿ ਸ਼ਹਿਰ ਦੇ ਗਿਣੇ ਚੁਣੇ ਪੱਤਰਕਾਰਾਂ ਦੀ ਸੂਚੀ 'ਚ ਸ਼ਾਮਲ ਹੁੰਦਿਆਂ ਵੀ ਡਾਕਟਰ ਸਾਡੀ ਲੱਤ ਨੂੰ ਜੋੜਨ ਦੇ ਮਾਮਲੇ 'ਚ ਦੇਰੀ ਕਰ ਰਹੇ ... ਜੇ ਨੁਕੀਲੇ ਕਿੱਲਾਂ ਵਾਲਾ ਸ਼ਿਕੰਜਾ ਸਾਡੀ ਲੱਤ ਦੀ ਟੁੱਟੀ ਹੋਈ ਹੱਡੀ ਨੂੰ ਛੇਤੀ ਛੇਤੀ ਜੋੜਨ ਵਿੱਚ ਕਾਮਯਾਬ ਨਹੀਂ ਹੋ ਰਿਹਾ ਤਾਂ ਉਸਦੀ ਥਾਂ ਰਾਡ ਕਿਉਂ ਨਹੀਂ ਪਾਈ ਜਾ ਰਹੀ ?...

ਵੇਖੋ ! ਉਸੇ ਦਿਨ ਉੱਡਦੀ ਉੱਡਦੀ ਖਬਰ ਕੰਨੀਂ ਪੈ ਗਈ ਕਿ ਹੱਡੀਆਂ ਵਾਲੇ ਵੱਡੇ ਡਾਕਟਰ ਵੀ ਸਾਡੇ ਵਾਂਗ ਚੰਡੀਗੜ੍ਹ ਪ੍ਰੈੱਸ ਕਲੱਬ ਦੇ ਮੈਂਬਰ ਨੇ। ਝੱਟ ਆਪਣੇ ਸੀਨੀਅਰ ਪੱਤਰਕਾਰਾਂ ਨਾਲ ਰਾਬਤਾ ਬਣਾਇਆ ਤੇ ਲੱਤ ਵਿੱਚ ਰਾਡ ਪਵਾਉਣ ਲਈ ਚਾਰਾਜੋਈ ਸ਼ੁਰੂ ਕਰ ਦਿੱਤੀ।

ਫਿਰ ਕੀ ਹੋਇਆ, ਅਗਲੀ ਸਵੇਰ ਵੱਡੇ ਡਾਕਟਰ ਆਪਣੀ ਸਾਰੀ ਟੀਮ ਨਾਲ ਸਾਡੇ ਕੋਲ ਆ ਹਾਜ਼ਰ ਹੋਏ। ਗਹਿਰ, ਗੰਭੀਰ ਵਿਚਾਰ, ਵਟਾਂਦਰਾ ਹੋਇਆ ਤੇ ਸਾਡੀ ਫ਼ਾਈਲ 'ਤੇ ਲੱਤ ਵਿੱਚ ਰਾਡ ਪਾਉਣ ਦੇ ਹੁਕਮ ਚਾੜ੍ਹ ਦਿੱਤੇ ਗਏ। ਚੱਲਦੀ ਦਾ ਨਾਂ ਹੀ ਗੱਡੀ ਹੁੰਦਾ ... ਘਰ ਵਾਲਿਆਂ ਸਮੇਤ ਅਸੀਂ ਵੀ ਬੜੇ ਖੁਸ਼ ਹੋਏ। ਅੱਜ ਭਲਕੇ ਲੱਤ ਵਿੱਚ ਰਾਡ ਪੈ ਜਾਏਗੀ ਤੇ ਅਸੀਂ ਵੀ ਦੂਜੇ ਲੋਕਾਂ ਵਾਂਗ ਮੁੜ ਘੋੜੇ ਵਾਂਗ ਦੁੜੱਕੀਆਂ ਮਾਰਨ ਲੱਗ ਪਵਾਂਗੇ।

ਵੱਡੇ ਡਾਕਟਰ ਦਾ ਹੁਕਮ ਚੜ੍ਹਦਿਆਂ ਛੋਟੇ ਡਾਕਟਰ ਸਾਡੇ ਨਵੇਂ ਟੈਸਟ ਕਰਵਾਉਣ 'ਚ ਰੁੱਝ ਗਏ। ਰਾਡ ਦਾ ਸਾਜੋ ਸਾਮਾਨ ਮੰਗਵਾਉਣ ਲਈ ਸੰਬੰਧਤ ਠੇਕੇਦਾਰ ਬੁਲਾ ਲਿਆ। ਸਟੀਲ ਦੀ

ਮਿਆਰੀ ਰਾਡ ਤੇ ਪਲੇਟਾਂ ਮੰਗਵਾਉਣ ਲਈ ਦੱਸ ਹਜ਼ਾਰ ਰੁਪਏ ਦੀ ਸਿਕਿਉਰਿਟੀ ਜਮਾਂ ਕਰਵਾ ਦਿੱਤੀ। ਉਂਝ ਠੇਕੇਦਾਰ ਨੇ ਦੱਸਿਆ ਸੀ ਕਿ ਵੱਖ ਵੱਖ ਮਿਣਤੀ ਵਾਲੀਆਂ ਦਰਜਨ ਦੇ ਕਰੀਬ ਰਾਡਾਂ ਤੇ ਪਲੇਟਾਂ ਦੀ ਕੀਮਤ ਇੱਕ ਲੱਖ ਰੁਪਏ ਦੇ ਕਰੀਬ ਬਣਦੀ ।

ਸ਼ਾਮ ਤੀਕ ਜੋਲਾਂ ਕਰੀਮ ਦੀਆਂ ਦੋ ਟਿਊਬਾਂ, ਓਪਰੇਸ਼ਨ ਲਈ ਨਿੱਕ ਸੁੱਕ ਤੇ ਪੰਜ ਸੱਤ ਕਿੱਲੋ ਭਾਰੀਆਂ ਰਾਡਾਂ ਵਾਲਾ ਬਕਸਾ ਸਾਡੀ ਸਾਈਡ ਟੇਬਲ 'ਤੇ ਸਜਾ ਦਿੱਤਾ ਗਿਆ ।

ਬਸ ! ਇੱਕ ਦਿਨ ਬਾਕੀ ਸੀ ਲੰਗੜਦੀਨ ਤੋਂ ਨੱਠਣ ਭੱਜਣ ਵਾਲਾ ਅਰਬੀ ਘੋੜਾ ਬਣਨ ਲਈ ... ਸੱਚੀ ! ਸਾਰੀ  ਰਾਤ ਕੰਨਾਂ 'ਚ ਪਲ ਪਲ ਕਿਸੇ ਅੱਥਰੇ ਘੋੜੇ ਦੀ ਦਗੜ ਦਗੜ ਸੁਣਾਈ ਦੇਂਦੀ ਰਹੀ ।

ਬੀਤਦੀ, ਬੀਤਦੀ ਰਾਤ ਬੀਤ ਗਈ । ਸੱਜਰੀ ਸਵੇਰ ਬੜੀ ਸੁਹਾਵਣੀ ਲੱਗ ਰਹੀ ਸੀ । ਸਾਡੇ ਓਪਰੇਸ਼ਨ ਲਈ  ਤਿਆਰੀ ਸ਼ੁਰੂ ਹੋ ਗਈ । ਰਾਡ ਪੈਣ ਦੀ ਖੁਸ਼ੀ ਨਾਲ ਓਪਰੇਸ਼ਨ ਦਾ ਡਰ ਵੀ ਮਨ 'ਚ ਸਮਾਨੰਤਰ ਵਿਚਰਣ ਲੱਗ ਪਿਆ  । ਲੱਤ 'ਚ ਪਈ ਹੋਈ ਓਪਰੀ ਜਿਹੀ ਰਾਡ ਗਰਮੀਆਂ 'ਚ ਗਰਮ ਅਤੇ ਸਰਦੀਆਂ 'ਚ ਸਰਦ ਹੋਇਆ ਕਰੇਗੀ ... ਤਨ ਮਨ ਨੂੰ ਬੜੀ ਤਕਲੀਫ ਦਿਆ ਕਰੇਗੀ ... ਕੋਈ ਗੱਲ ਨਹੀਂ, ਛੋਟੀ ਜਿਹੀ ਤਕਲੀਫ ਸਹਿੰਦਿਆਂ ਵਿਸ਼ਾਲ ਤੇ ਖੂਬਸੂਰਤ ਦੁਨੀਆ ਦੇ ਰੰਗ ਤਮਾਸ਼ੇ ਤਾਂ ਵੇਖਣ ਮਾਨਣ ਨੂੰ ਮਿਲਣਗੇ ...

ਖੈਰ ! ਵਾਰਡ ਦਾ ਸਹਾਇਕ ਜੋਲਾਂ ਕਰੀਮ ਦੀਆਂ ਦੋਵੇਂ ਟਿਊਬਾਂ ਨਾਲ ਇੱਕ ਦੀ ਥਾਂ ਸਾਡੀਆਂ ਦੋਵੇਂ ਲੱਤਾਂ ਦੇ ਵਾਲ ਸਾਫ ਕਰ ਗਿਆ । ਨਰਸ ਸਾਨੂੰ ਹਰਾ ਗਾਉਨ 'ਤੇ ਟੋਪੀ ਪਾ ਗਈ । ਖਿਆਲਾਂ ਵਿੱਚ ਸਾਡੀ ਰਾਡ ਵਾਲੀ ਲੱਤ ਵੀ ਦੂਸਰੀ ਲੱਤ ਦੇ ਨਾਲ ਕਦਮ ਮਿਲਾ ਕੇ ਚੱਲਦੀ ਹੋਈ ਪ੍ਰਤੀਤ ਹੋਣ ਲੱਗੀ...

ਛੋਟੇ ਡਾਕਟਰ ਆਏ । ਸਾਡੀ ਟੁੱਟੀ ਲੱਤ ਦਾ ਤਾਜ਼ਾ ਤੇ ਪੂਰਾ ਐਕਸਰੇ ਕਰਵਾਉਣ ਦੀ ਤਾਕੀਦ ਕਰ ਗਏ । ਸ੍ਰੀ ਮਤੀ ਸਾਡੀਆਂ ਟੈਸਟ ਰਿਪੋਰਟਾਂ ਲੈਣ ਲੈਬ ਵੱਲ ਤੁਰ ਗਈ । ਪੁੱਤਰ ਸ੍ਰੀ ਸਾਨੂੰ ਚਾਈਂ ਚਾਈਂ ਸਟਰੇਚਰ 'ਤੇ ਪਾ ਐਕਸਰੇ ਰੂਮ ਵੱਲ ਚੱਲ ਪਿਆ । ਸਾਡੇ ਵਾਂਗ ਸ਼ਾਇਦ ਉਹ ਵੀ ਰਾਡ ਨੂੰ ਰੋਜ਼ ਰੋਜ਼ ਦੀ ਤਕਲੀਫ਼ ਤੋਂ ਨਿਜ਼ਾਤ ਦਿਵਾਉਣ ਦਾ ਅਹਿਮ ਵਸੀਲਾ ਸਮਝਦਾ ਹੋਏਗਾ ...

ਨਿੱਕੀ ਜਿਹੀ ਕੁੜੀ, ਐਕਸਰੇ ਰੂਮ ਦੇ ਬਾਹਰ ਵਾਰੀ ਦੀ ਉਡੀਕ 'ਚ ਬੈਠੀ ਸੀ । ਬਿਨਾ ਜਾਣ ਪਹਿਚਾਣ ਆਰਾਮ ਕੁਰਸੀ 'ਚ  ਮੁਸਕਰਾਉਂਦੀ ਬੈਠੀ ਨੇ ਸਾਨੂੰ 'ਹੈਲੋ' ਕਿਹਾ । ਜੁਆਬ ਵਿੱਚ ਅਸੀਂ ਵੀ ਮੁਸਕਰਾਏ ਤੇ ਨੰਨ੍ਹੀ ਪਰੀ ਨੂੰ 'ਹੈਲੋ' ਆਖ ਉਸਦਾ ਨਾਂ ਪੁੱਛਿਆ ।

'ਮੇਰਾ ਨਾਂ 'ਚਾਰੂ' ਏ ... ਮੈਂ ਸਰਕਾਰੀ ਮਾਡਲ ਸਕੂਲ ਵਿੱਚ ਪੰਜਵੀਂ ਜਮਾਤ ਦੀ ਪੜ੍ਹਾਈ ਕਰ ਰਹੀ ਹਾਂ... ਉਸਨੇ  ਬੇਝਿਜਕ ਜੁਆਬ ਦਿੱਤਾ ਜਿਵੇਂ ਮੁੱਦਤਾਂ ਤੋਂ ਸਾਨੂੰ ਜਾਣਦੀ ਹੋਵੇ ।

'ਚਾਰੂ ! ਤੂੰ ਇੱਥੇ ਮੰਮੀ ਦਾ ਐਕਸਰੇ ਕਰਵਾਉਣ ਆਈ ਹੋਵੇਂਗੀ' ? ... ਗੁਲਾਬ ਪੱਤੀਆਂ ਵਰਗੇ ਉਸਦੇ ਚਿਹਰੇ ਨੂੰ ਸਹਿਲਾਉਂਦਿਆਂ ਅਸਾਂ ਪੁੱਛਿਆ ।

'ਮੰਮੀ ਦਾ ਨਹੀਂ, ਇਹ ਆਪਣੇ ਐਕਸਰੇ ਕਰਵਾਉਣ ਆਈ ਏ'... ਲਾਗੇ ਬੈਠੀ ਉਸਦੀ ਮਾਂ ਬੋਲੀ।

'ਫੁੱਲ ਵਾਂਗ ਲਹਿਰਾਉਣ ਵਾਲੀ ਤੇ ਸੋਹਣੀਆਂ ਸੋਹਣੀਆਂ ਤਿਤਲੀਆਂ ਵਾਂਗ ਮੰਡਰਾਉਣ ਵਾਲੀ ਮਲੂਕ ਜਿਹੀ 'ਚਾਰੂ' ਨੂੰ ਐਕਸਰੇ ਕਰਵਾਉਣ ਦੀ ਕੀ ਲੋੜ ਪੈ ਗਈ' ? ਅਸੀਂ ਮੁੜ ਬੜੀ ਹੈਰਾਨੀ ਨਾਲ ਉਸਦੀ ਮਾਂ ਨੂੰ ਪੁੱਛਿਆ ।

'ਭਰਾ ਜੀ ! ਇਸਦੀਆਂ ਦੋਵੇਂ ਲੱਤਾਂ ਜਨਮ ਤੋਂ ਹੀ ਵਿੰਗੀਆਂ ਸਨ । ਇੱਥੋਂ ਰਾਡਾਂ ਪੁਆ ਕੇ ਸਿੱਧੀਆਂ ਕਰਵਾਈਆਂ ਸੀ । ਅੱਜ ਭਲਕੇ ਡਾਕਟਰਾਂ ਨੇ ਸਿੱਧੀਆਂ ਹੋ ਚੁਕੀਆਂ ਲੱਤਾਂ 'ਚੋਂ ਰਾਡਾਂ ਕੱਢਣ ਦੀ ਸਲਾਹ ਦਿੱਤੀ ਏ'... ਲੰਮੀ ਫ਼ਰਾਕ ਨੂੰ ਉਤਾਂਹ ਚੁੱਕ ਚਾਰੂ ਦੀਆਂ ਲੱਤਾਂ ਵਿਖਾਉਂਦੀ ਮਾਂ ਨੇ ਦੱਸਿਆ ।

ਉਫ਼ ! ਚਾਰੂ ਦੀਆਂ ਦੋਵੇਂ ਲੱਤਾਂ ਤੇ ਗੋਡੇ, ਗਿੱਟੇ ਨਸ਼ਤਰਾਂ ਦੇ ਜਖਮਾਂ ਅਤੇ ਟਾਂਕਿਆਂ ਦੇ ਨਿਸ਼ਾਨਾਂ ਨਾਲ ਵਿੰਨ੍ਹੇ ਪਏ ਸਨ । ਵੇਖਦਿਆਂ ਸਾਰ ਅੱਖਾਂ ਅੱਗੇ ਹਨੇਰਾ ਛਾ ਗਿਆ । ਫਿਰ ਸਾਡਾ ਮਨ ਚਾਰੂ ਦੀਆਂ ਲੱਤਾਂ ਨੂੰ ਵਿਸਾਰ ਆਪਣੀ ਲੱਤ ਦੀ ਹੋਣੀ ਨੂੰ ਵਿਚਾਰਨ ਲੱਗ ਪਿਆ ... ਜੇਕਰ ਛੋਟੀ ਜਿਹੀ ਚਾਰੂ ਦੋ, ਦੋ ਰਾਡਾਂ ਦਾ ਕਹਿਰ ਹੱਸਦੀ ਖੇਡਦੀ ਹੰਢਾ ਸਕਦੀ ਤਾਂ ਅਸੀਂ ਸਿਆਣੇ ਬਿਆਣੇ ਭਲਾ ਇੱਕ ਰਾਡ ਦਾ ਦਰਦ ਕਿਉਂ ਨਹੀਂ ਸਹਾਰ ਸਕਦੇ ?...

ਸੱਚੀ ! ਇੱਕ ਫਿਜੀਓਥਰੈਪਿਸਟ ਚਾਰੂ ਤੇ ਦੂਜੀ ਇਹ ਨਿਕੜੀ ਜਿਹੀ ਚਾਰੂ ... ਦੋਵਾਂ ਕੋਲ ਸਿੱਖਣ ਸਿਖਾਉਣ ਲਈ ਜਿੰਦਗੀ ਦੇ ਕਿੱਡੇ ਵੱਡੇ ਸਬਕ ਸਾਂਭੇ ਪਏ ਨੇ ...

ਐਕਸਰੇ ਕਰਵਾ ਅਸੀਂ ਆਪਣੀ ਵਾਰਡ 'ਚ ਆ ਗਏ । ਸ਼੍ਰੀ ਮਤੀ ਵੀ ਲੈਬ 'ਚੋਂ ਸਾਰੀਆਂ ਰਿਪੋਰਟਾਂ ਲੈ ਆਈ । ਵੱਡੇ ਡਾਕਟਰ ਸਾਹਿਬ ਦੇ ਆਉਣ ਦੀ ਉਡੀਕ ਬਾਕੀ ਸੀ । ਹੁਣ ਬਸ, ਉਨਾਂ ਨੇ ਸਾਨੂੰ ਫਿਰ ਤੋਂ ਨੱਠਣ, ਭੱਜਣ ਵਾਲਾ ਬੰਦਾ ਬਣਾਉਣ ਲਈ ਓਪਰੇਸ਼ਨ ਥੀਏਟਰ 'ਚ ਲੈ ਜਾਣ ਦਾ ਹੁਕਮ ਹੀ ਦੇਣਾ ਸੀ । ਅਸੀਂ ਵੀ ਹਰੇ ਗਾਉਨ 'ਚ ਲੇਟੇ, ਲੇਟੇ ਰਾਡ ਪਾਉਣ ਵਾਲੀ ਚੀਰ, ਫਾੜ ਨੂੰ ਚਿਤਵਦੇ ਮਨ ਨੂੰ ਦਿਲਾਸੇ ਦੇਣ ਲੱਗ ਪਏ ।

ਵੇਖਦਿਆਂ, ਵੇਖਦਿਆਂ ਵੱਡੇ ਡਾਕਟਰ ਵੀ ਆਪਣੀ ਟੀਮ ਸਮੇਤ ਸਾਡੇ ਕੋਲ ਆ ਗਏ । ਸਾਡੇ ਐਕਸਰੇ ਵਾਚਣ ਤੋਂ ਬਾਅਦ ਉਹ ਟੈਸਟ ਰਿਪੋਰਟਾਂ ਵੇਖਣ ਲੱਗ ਪਏ । ਵਧੀ ਹੋਈ ਸ਼ੂਗਰ ਵਾਲੀ

ਰਿਪੋਰਟ ਵੇਖਦਿਆਂ ਸਾਰ ਉਹ ਸਾਰੇ ਮਨ-ਮਰਜ਼ੀ ਕਰਨ ਵਾਲੇ ਰੱਬ ਬਣ ਗਏ ... ਮਿਲ, ਮਿਲਾ ਕੇ ਸਾਰਿਆਂ ਨੇ ਸਾਡੀ ਲੱਤ ਵਿੱਚ ਰਾਡ ਪਾਉਣ ਵਾਲਾ ਓਪਰੇਸ਼ਨ ਕਰਨ ਤੋਂ ਸਾਫ ਨਾਂਹ ਕਰ ਦਿੱਤੀ ...

ਜਿਵੇਂ ਰੱਬ ਨੇ ਟਿਕਟ ਖਿੜਕੀ ਖੋਲ੍ਹੀ ਹੋਵੇ ... ਹਰ ਬੰਦੇ ਨੂੰ ਘਟਨਾਵਾਂ, ਦੁਰਘਟਨਾਵਾਂ ਵਾਲੀ ਮਹਾਯਾਤਰਾ ਲਈ ਲੰਮੇ ਅਰਸੇ ਦੀ ਬੁਕਿੰਗ ਵਾਲੀ ਟਿਕਟ ਕੱਟਵਾਉਣੀ ਪੈਂਦੀ ... ਹੱਸਦੇ, ਖੇਡਦੇ ਬੰਦੇ ਨੂੰ ਮਹਿਜ ਇੱਕ ਅਪਾਹਜ ਮਰੀਜ਼
ਬਣਾਉਣਾ ਹੁੰਦਾ ...ਹਸਪਤਾਲਾਂ ਵਿੱਚ ਲਾਜ਼ਮੀ ਦਾਖਲ ਹੋਣਾ ਪੈਂਦਾ ... ਲਾਚਾਰ ਤੇ ਬੇਵੱਸ ਬੰਦੇ ਨੂੰ ਕਾਲੇ ਬੋਲੇ ਕਿਸੇ ਵਿਸ਼ਾਲ ਸਮੁੰਦਰ ਵਿੱਚ ਡੋਬਣਾ ਹੁੰਦਾ ... ਰੇਲ ਗੱਡੀ ਦੀ ਖਿੜਕੀਉਂ ਬਾਹਰ ਬੜੀ ਤੇਜ਼ ਰਫ਼ਤਾਰ ਨਾਲ ਪਿੱਛੇ ਨੂੰ ਜਾ ਰਹੀ ਰੰਗੀਨ ਦੁਨੀਆ ਤੇ ਲਹਿਲਹਾਉਂਦੇ ਰੁੱਖ, ਪੌਦਿਆਂ ਨੂੰ ਨੇੜਿਉਂ ਵੇਖਣ ਵਾਚਣ ਤੋਂ ਬਹੁਤ ਅੱਗੇ ਕਿਸੇ ਧੁੰਦਲੇ ਕੋਨੇ ਵਿੱਚ ਸਰਕਾ ਦੇਣਾ ਹੁੰਦਾ ... ਕਿਸੇ ਬੇਦੋਸ਼ੇ ਨੂੰ ਸਿਰਫ਼ ਤੇ ਸਿਰਫ਼ ਫਾਂਸੀ ਦੀ ਅਣਕਿਆਸੀ ਸਜ਼ਾ ਸੁਣਾਉਣੀ ਹੁੰਦੀ ... ਸੋਚਾਂ ਸੋਚਦਿਆਂ ਠੰਡ ਭਰੇ ਯਖ ਦਿਨਾਂ 'ਚ ਸਾਡੇ ਮੱਥੇ 'ਤੋਂ ਤਰੇਲੀਆਂ ਦੀਆਂ ਘਰਾਲਾਂ ਵਗਣ ਲੱਗ ਪਈਆਂ ...

ਹੁੰਦਾ ਕੀ ਏ ... ਤਿੰਨ, ਚਾਰ ਹਫਤਿਆਂ ਬਾਅਦ ਵਾਰੀ ਵਾਰੀ ਸਾਡੀ ਬਾਂਹ ਤੇ ਲੱਤ ਵਿੱਚੋਂ ਪਹਿਲਾਂ ਤੋਂ ਪਏ ਕਿੱਲ ਤੇ ਸੀਖਾਂ ਸਰੀਏ ਕੱਢ ਪੱਕੇ ਪਲਸਤਰ ਲਾ ਦਿੱਤੇ ਗਏ । ਸਮਾਂ ਪਾ ਕੇ ਬਾਹਰੋਂ ਡਾਕਟਰਾਂ ਦੇ ਓਹੜ, ਪੋਹੜ ਤੇ ਅੰਦਰੋਂ ਸਰੀਰ ਦੇ ਇਮਾਰਤਸਾਜਾਂ ਦੀ ਕਾਰੀਗਰੀ ਨਾਲ ਸਾਡੀ ਬਾਂਹ ਤੇ ਲੱਤ ਥਾਂ ਸਿਰ ਜੁੜ ਗਈ ।

ਵਾਕਰ ਦੀ ਸਹਾਇਤਾ ਨਾਲ ਸਹਿੰਦਾ ਸਹਿੰਦਾ ਕਾਰ ਵਿਹਾਰ ਕਰਨ ਲੱਗ ਪਏ । ਆਪਣੇ ਹਿੱਸੇ ਵਾਲੇ ਪੱਤਰਕਾਰ ਸੰਮੇਲਨਾਂ 'ਚ ਆਉਣ ਜਾਣ ਲੱਗੇ ... ਸੰਪਾਦਕ ਵਾਲੀਆ ਜੀ ਸਵੇਰ ਸ਼ਾਮ ਦੀਆਂ ਮੀਟਿੰਗਾਂ 'ਚ ਸਾਡੇ ਕੰਮ ਦੀਆਂ ਉਦਾਹਰਨਾਂ ਦਿੰਦੇ ਅਕਸਰ ਸਾਡੀ ਸਿਫਤ ਸਲਾਹੁਤ ਕਰਦੇ ...

ਇੱਕ ਦਿਨ ਦੀ ਸੁਣੋ ... ਮਿੱਤਰ ਪੱਤਰਕਾਰ ਸ਼ਿੰਦੇ ਦੀ ਗੱਡੀ 'ਚ ਬਹਿ ਅਸੀਂ ਮਾਊਂਟ ਵਿਊ ਹੋਟਲ 'ਚ ਦੁਪਹਿਰ ਦੀ ਪ੍ਰੈੱਸ ਕਾਨਫਰੰਸ 'ਚ ਜਾ ਸ਼ਾਮਲ ਹੋਏ । ਤਾਜ਼ੀ ਤਾਜ਼ੀ ਜੁੜੀ ਲੱਤ 'ਤੇ ਇਲਾਸਟਿਕ ਵਾਲੀ ਪੱਟੀ ਬੰਨੀ ਹੋਈ ਸੀ । ਉੱਥੇ ਲੰਚ ਦੇ ਨਾਲ ਬੀਅਰ ਵੀ ਵਰਤਾ ਦਿੱਤੀ ਗਈ । ਦੋ ਮੱਗ ਹੀ ਪੀਤੇ ਕਿ ਸ਼ਿੰਦੇ ਭਾਜੀ ਦੇ ਸਾਹਿਬਜਾਦੇ ਨੇ ਕਿਸੇ ਜਰੂਰੀ ਕੰਮ ਲਈ ਗੱਡੀ ਮੰਗਵਾ ਲਈ ।

ਸ਼ਿੰਦੇ ਭਾਜੀ ਨੇ ਆਪਾ ਸਮੇਟਣ ਦੇ ਨਾਲ ਸਾਨੂੰ ਵੀ ਛੇਤੀ ਉੱਠਣ ਲਈ ਡੰਡਾ ਚਾੜ੍ਹ ਦਿੱਤਾ । ਹੋਇਆ ਕੀ, ਤੁਰਨ ਤੋਂ ਪਹਿਲਾਂ ਹਬੜ,ਹਬੜ ਦੋ ਮੱਗ ਬੀਅਰ ਹੋਰ ਡਕਾਰ ਲਏ ... ਤਿੰਨ ਚਾਰ ਮਹੀਨਿਆਂ ਵਾਲੀ ਤ੍ਰੇਹ ਮਿਟਾਉਣੀ ਸੀ
ਨਾ ... ਤੇ ਫਿਰ ਸਰੂਰ ਵਿੱਚ ਝੂਮਦੇ ਵਾਕਰ ਦੀ ਸਹਾਇਤਾ ਨਾਲ ਵਾਪਸੀ ਲਈ ਉੱਠ ਤੁਰੇ ...

ਕਾਹਲੀ 'ਚ ਹੋਟਲ ਦੀ ਪਹਿਲੀ ਮੰਜਿਲ ਵਾਲੇ ਰੈਂਪ ਨੂੰ ਟੱਪਣ ਲੱਗਿਆਂ ਸਾਡੇ ਪੈਰ ਲੜਖੜਾ ਗਏ। ਵਾਕਰ ਸੰਭਾਲਿਆ ਨਾ ਗਿਆ ... ਤਾਜ਼ੀ ਜੁੜੀ ਲੱਤ 'ਤੇ ਭਾਰ ਪੈ ਗਿਆ ... ਜੁੜੀ ਹੋਈ ਹੱਡੀ ਤਿੜਕ ਗਈ ... ਉਸੇ ਹੱਡੀ ਨੂੰ ਜੁੜਵਾਉਂਣ ਲਈ ਫਿਰ ਹਸਪਤਾਲ ਜਾਣਾ ਪੈ ਗਿਆ। ਡਾਕਟਰਾਂ ਨੇ ਮੁੜ ਪਲਸਤਰ ਲਾ ਦਿੱਤਾ। ਚੰਗੀ ਭਲੀ ਰੇੜ੍ਹੇ ਪਈ ਜਿੰਦਗੀ ਦੋ ਮਹੀਨਿਆਂ ਲਈ ਫਿਰ ਖੜੋਤ 'ਚ ਆ ਗਈ।

ਖੈਰ ! ਬੀਤਦੇ ਬੀਤਦੇ ਉਹ ਦਿਨ ਵੀ ਬੀਤ ਗਏ ... ਦੱਸਿਆ ਸੀ ਨਾ ਮਲਕੁਲ ਮੌਤ ਦਾ ਫਰਿਸ਼ਤਾ ਨਿੱਤ ਨਵੀਆਂ ਖੇਡਾਂ ਖੇਡਦਾ। ਸਾਨੂੰ ਵੀ ਉਸਦੀ ਰਜ਼ਾ ਵਿੱਚ ਰਾਜ਼ੀ ਰਹਿਣਾ ਪੈਂਦਾ। ਹੁੰਦਾ ਕੀ ਏ ... ਉਸ ਦੀ ਮਰਜ਼ੀ ਨਾਲ ਕਿਸੇ ਵੀ ਉਮਰੇ ਅਪੈਂਡਿਕਸ ਦੀ ਖਤਰਨਾਕ ਅਤੇ ਅਸਹਿ ਪੀੜ ਉੱਠ ਸਕਦੀ ... ਪੀੜ ਜਿਹੜੀ ਜਿਆਦਾ ਦੇਰ ਅਣਗੌਲੀ ਰਹਿ ਜਾਏ ਤਾਂ ਨਾੜੀ ਬੰਦੇ ਦੇ ਅੰਦਰ ਫੱਟ ਸਕਦੀ ਤੇ ਉਸਦਾ ਘੋਗਾ ਚਿੱਤ ਕਰ ਸਕਦੀ ...

ਵੇਖੋ ! ਕਾਰਪੋਰੇਟ ਕਿਸਮ ਦਾ ਨਾਸ਼ੁਕਰਾ ਯੁਗ ਆ ਗਿਆ ... ਮਿਲਾਵਟਖ਼ੋਰੀ, ਰਿਸ਼ਵਤਖ਼ੋਰੀ ਤੇ ਪੈਸਾ ਪ੍ਰਧਾਨ ਹੋ ਗਿਆ ... ਗੁੰਝਲਦਾਰ ਟੈਸਟਿੰਗ ਮਸ਼ੀਨਾਂ ਸਾਡੇ ਜੀਵਨ ਦਾ ਹਿੱਸਾ ਬਣਾ ਧਰੀਆਂ ... ਸਰਲ ਜਿਹੇ ਲੋਕਾਂ ਦੇ ਜਿਗਰ ਨੂੰ ਫੈਟੀ ਬਣਾ ਦਿੰਦੀਆਂ ... ਪਿੱਤੇ ਸਮੇਤ ਗੁਰਦਿਆਂ ਵਿੱਚ ਪੱਥਰੀਆਂ ਦੀ ਦੱਸ ਪਾਉਣ ਤੋਂ ਵੀ ਗੁਰੇਜ਼ ਨਹੀਂ ਕਰਦੀਆਂ ...

ਚਲਦੇ, ਫਿਰਦੇ ਨਾ ਚਾਹੁੰਦਿਆਂ ਵੀ ਦੁਰਘਟਨਾ ਵਾਪਰ ਜਾਂਦੀ ... ਟੁੱਟੀਆਂ ਲੱਤਾਂ ਬਾਹਵਾਂ 'ਚ ਕਿੱਲ ਤੇ ਸੀਖਾਂ, ਸਰੀਏ ਪਾ ਆਰਜ਼ੀ ਗਾਂਢੇ ਲਾ ਦਿੱਤੇ ਜਾਂਦੇ ... ਪੱਟੀ ਪਲਸਤ ਤੇ ਡਾਕਟਰਾਂ ਦੇ ਓਹੜ, ਪੋਹੜ ਨਾਲ ਸਮਾਂ ਪਾ ਕੇ ਲੱਤਾਂ, ਬਾਹਵਾਂ ਥਾਂ ਸਿਰ ਜੁੜ ਜਾਂਦੀਆਂ ... ਭੁੱਲ ਭੁਲਾ ਕੇ ਅਸੀਂ ਫਿਰ ਆਪਣੀ ਅਗਲੀ ਯਾਤਰਾ 'ਚ ਮਸਰੂਫ਼ ਹੋ ਜਾਂਦੇ ...

ਰਾਤ ਦੇ ਚਾਰ ਪਹਿਰਾਂ ਵਾਂਗ ਬੰਦੇ ਦੇ ਜੀਵਨ ਵਿੱਚ ਵੀ ਵੀਹ, ਵੀਹ ਸਾਲਾਂ 'ਚ ਵੰਡੇ ਚਾਰ ਪਹਿਰ ਹੁੰਦੇ ਹੋਣਗੇ ... ਪਹਿਲੀ ਵੀਹੀ ਬੰਦਾ ਕਿਸੇ 'ਏ' ਬਲਾਕ 'ਚ ਗੁਜ਼ਾਰਦਾ ਹੋਏਗਾ ... ਦੂਜੀ ਵੀਹੀ 'ਬੀ' ਬਲਾਕ 'ਚ... ਤੇ ਤੀਜੀ ਵੀਹੀ ਸਾਡੇ ਵਾਂਗ ਟੁੱਟੇ, ਭੱਜਿਆਂ ਦੀ ਕੰਕਰੀਟ ਨਾਲ ਬਣੇ ਕਿਸੇ 'ਸੀ' ਬਲਾਕ ਵਿੱਚ ਗੁਜਰਦੀ ਹੋਏਗੀ ...

ਸਾਰਾ ਕੁਝ ਹੋਸ਼, ਹਵਾਸ 'ਚ ਵਾਪਰਦਾ ਹੋਏਗਾ ... ਵਿਤ ਮੂਜਬ ਹਾਦਸੇ ਹੁੰਦੇ ਹੋਣਗੇ ... ਪਿੱਤ ਪੱਥਰੀਆਂ ਨਿਕਲਦੀਆਂ ਹੋਣਗੀਆਂ... ਹਾਦਸਿਆਂ ਦੌਰਾਨ ਟੁੱਟ ਭੱਜ ਹੁੰਦੀ ਹੋਏਗੀ ... ਇਲਾਜ ਕਰਵਾਉਂਦਿਆਂ ਸਮਾਂ ਪਾ ਕੇ ਸਾਡੇ ਵਾਂਗ ਲੋਕਾਂ ਦੇ ਟੁੱਟੇ ਹੋਏ ਅੰਗ ਹਸਪਤਾਲ ਦੇ 'ਏ', 'ਬੀ' ਜਾਂ ਕਿਸੇ 'ਸੀ' ਬਲਾਕ 'ਚ ਜੁੜ ਜਾਂਦੇ ਹੋਣਗੇ। ਇੱਕ ਵੇਲੇ ਹਾਦਸਾਗ੍ਰਸਤ ਲੋਕਾਂ ਦੀਆਂ ਤੁਰਨ, ਫਿਰਨ ਤੋਂ

ਇਨਕਾਰੀ ਲੱਤਾਂ ਸਾਡੇ ਵਾਂਗ ਹਵਾਈ ਉਡਾਰੀਆਂ ਲਾਉਣ ਲੱਗ ਪੈਂਦੀਆਂ ਹੋਣਗੀਆਂ ... ਮੁੱਕਦੀ ਗੱਲ, ਮਿੱਥੇ ਹੋਏ ਸੁਆਸਾਂ ਦੇ ਸਮੇਂ ਤੇ ਸੀਮਾ ਦਰਮਿਆਨ ਸਾਰਾ ਕੁਝ ਆਮ ਵਾਂਗ ਹੋ ਜਾਂਦਾ ਹੋਏਗਾ ...

ਇੰਝ ਲੱਗਦਾ ਕਿ ਬਚਪਨ, ਜੁਆਨੀ ਤੇ ਸ਼ੁਰੂ ਬੁਢਾਪੇ ਵਾਲੀਆਂ ਤਿੰਨ ਵੀਹੀਆਂ ਹੰਢਾ ਲੈਣ ਤੋਂ ਬਾਅਦ ਨਿਯਮਤ ਸਮਾਂ ਸਾਰਣੀ ਅਨੁਸਾਰ ਬੰਦਾ ਆਪਣੀ ਚੌਥੀ ਵੀਹੀ ਭੋਗਣ ਲਈ ਕਿਸੇ 'ਡੀ' ਬਲਾਕ 'ਚ ਪ੍ਰਵੇਸ਼ ਕਰਦਾ ਹੋਏਗਾ ... ਕਿੱਥੇ ਹੁੰਦਾ ਹੋਏਗਾ ਚੌਥਾ ਬਲਾਕ ?... ਕਿਵੇਂ ਦਾ ਹੁੰਦਾ ਹੋਏਗਾ ?... ਕੁਝ ਪਤਾ ਨਹੀਂ ਲੱਗਦਾ ... ਜਿੰਦਗੀ ਦੇ ਇਸ ਪੜਾਅ 'ਤੇ ਲੱਖ ਚਾਹੁਣ ਦੇ ਬਾਵਜੂਦ ਬੰਦੇ ਦੀ ਨਿਰਖ, ਪਰਖ ਵੀ ਉਸਦੇ ਹੱਕ 'ਚ ਨਹੀਂ ਭੁਗਤਦੀ ਹੋਏਗੀ। ਕੈਂਸਰ, ਪ੍ਰੋਸਟੇਟ ਗ੍ਰੰਥੀਆਂ ਤੇ ਸਟੈਂਟ ਵਰਗੇ ਅਜੀਬੋ, ਗਰੀਬ ਛਲੇਡੇ ਰੱਬ ਦੇ ਮਿੱਥੇ ਹੋਏ ਜੀਵਨ ਕਾਲ ਤੋਂ ਪਹਿਲਾਂ ਬੰਦੇ ਦੇ ਸਾਹ ਸੂਤ ਲੈਂਦੇ ਹੋਣਗੇ ...

ਆਪਣੀ ਚੌਥੀ ਵੀਹੀ ਦੇ ਅੱਧ ਵਿਚਾਲੇ ਬੰਦਾ ਗਿਣਤੀਆਂ ਮਿਣਤੀਆਂ ਤੇ ਜਮਾਂ ਤਕਸੀਮਾਂ ਦੇ ਜੰਜਾਲ 'ਚ ਫਸ ਜਾਂਦਾ ਹੋਏਗਾ ... ਸਦਮੇ ਦਾ ਸਤਾਇਆ ਯਕੀਨਨ ਆਪਣੇ ਨਿਰਧਾਰਤ ਕਿਸੇ 'ਡੀ' ਬਲਾਕ 'ਚ ਪੁੱਜਣ ਜੋਗਾ ਨਹੀਂ ਰਹਿੰਦਾ ਹੋਏਗਾ ... ਬੇਚਾਰਾ ਰਸਤੇ ਵਿੱਚ ਹੀ ਇਸ ਫਾਨੀ ਜਹਾਨ ਨੂੰ ਅਲਵਿਦਾ ਆਖ ਕਿਸੇ ਅਦਿੱਖ ਤੇ ਅਣਕਿਆਸੇ ਬਲਾਕ ਵਿੱਚ ਖਪਤ ਹੋ ਜਾਂਦਾ ਹੋਏਗਾ ...

# ਈਲੀ ਸਾਡੀ ਰਾਣੀ

ਪੁੱਤਰ ਸ਼੍ਰੀ ਦੀ ਧੀ ਭਾਵ ਸਾਡੀ ਪੋਤਰੀ ਈਲੀ ਬੜੀ ਸਿਆਣੀ ਏ ... ਉਸ ਦਿਨ ਉਸਦੀ ਦਾਦੀ ਮਾਂ ਮਤਲਬ ਸਾਡੀ ਸ਼੍ਰੀ ਮਤੀ ਦਾ ਜਨਮ ਦਿਨ ਸੀ। ਸਵੇਰ ਤੋਂ ਹੀ ਉਸਨੂੰ ਫੋਨ, ਵਟਸਐਪ, ਫੇਸਬੁੱਕ ਤੇ ਮੇਲਾਂ ਰਾਹੀਂ 'ਹੈਪੀ ਬਰਥ ਡੇਅ' ਵਾਲੇ ਸੁਨੇਹੜਿਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਲਾਗੇ ਰਹਿੰਦੇ ਸਨੇਹੀ ਤੇ ਰਿਸ਼ਤੇਦਾਰ ਵੀ ਮਠਿਆਈ ਅਤੇ ਫੁੱਲਾਂ ਦੇ ਗੁਲਦਸਤੇ ਲਿਆ ਵਧਾਈਆਂ ਦੇਣ ਲੱਗ ਪਏ।

ਆਪਣੇ ਅੰਮੀ, ਪਾਪਾ ਨਾਲ ਈਲੀ ਵੀ ਵੀਕ ਐਂਡ 'ਤੇ ਚੰਡੀਗੜ੍ਹ ਆਈ ਹੋਈ ਸੀ। ਸਵੇਰ ਦੇ ਨੌਂ ਕੁ ਵਜੇ ਜਾਗ ਪਈ ਤੇ ਉਪਰੋਂ ਆਪਣੀ ਅੰਮੀ ਨਾਲ ਹੇਠਾਂ ਆ ਗਈ। ਡਾਈਨਿੰਗ ਟੇਬਲ 'ਤੇ ਰੱਖੀਆਂ ਮਠਿਆਈਆਂ ਅਤੇ ਰੰਗ,ਬਰੰਗੇ ਗੁਲਦਸਤੇ ਵੇਖ ਉਸਨੂੰ ਜਿਵੇਂ ਢੇਰ ਸਾਰਾ ਚਾਅ ਚੜ੍ਹ ਗਿਆ।

ਕੁਰਸੀ 'ਤੇ ਬੈਠ ਪਚਾਕੇ ਮਾਰ ਮਾਰ ਉਹ ਮਰਜ਼ੀ ਦੀ ਮਠਿਆਈ ਖਾਣ ਲੱਗ ਪਈ। ਲੋੜੀਂਦੀ ਪੇਟ ਪੂਜਾ ਕਰ ਉਸਦਾ ਧਿਆਨ ਗੁਲਦਸਤਿਆਂ ਵੱਲ ਹੋ ਗਿਆ।

ਈਲੀ ਨੇ ਕੀ ਕੀਤਾ, ਇੱਕ ਗੁਲਦਸਤੇ ‘ਚੋਂ ਵੱਡਾ ਸਾਰਾ ਗੁਲਾਬ ਦਾ ਫੁੱਲ ਤੋੜ ਲਿਆ। ਫਿਰ ਉਹ ਦੀਨ ਦੁਨੀਆ ਨੂੰ ਭੁੱਲ ਭੁਲਾ ਫੁੱਲ ਦੀ ਪੱਤੀ ਪੱਤੀ ਨੋਚ ਹੇਠਾਂ ਖਿਲਾਰਣ ਲੱਗ ਪਈ।

ਅਚਾਨਕ ਰਸੋਈ 'ਚੋਂ ਖਾਣਾ ਬਣਾਉਂਦੀ ਉਸਦੀ ਦਾਦੀ ਮਾਂ ਹਾਲ ਕਮਰੇ 'ਚ ਆਈ ਤੇ ਫੁੱਲ ਪੱਤੀਆਂ ਤੋੜਦੀ ਈਲੀ ਨੂੰ ਵੇਖ ਹੈਰਾਨ ਰਹਿ ਗਈ। ਕੁਝ ਪਲ ਉਹ ਕੋਮਲ ਤੇ ਖੁਸ਼ਬੂਦਾਰ ਪੱਤੀਆਂ ਤੋੜਦੀ ਨਿੱਕੜੀ ਨੂੰ ਬੜੇ ਧਿਆਨ ਨਾਲ ਵੇਖਦੀ ਰਹੀ ਤੇ ਫਿਰ ਬੋਲੀ, 'ਈਲੀ ਰਾਣੀ ! ਲੱਗਦਾ ਏ ਕਿ ਇੱਥੇ ਕੋਈ ਰੋ ਰਿਹਾ ...

'ਦਾਦੀ ਮਾਂ ! ਵੇਖੋ, ਮੈਂ ਤਾਂ ਹੱਸ ਰਹੀ ਹਾਂ' ... ਪੱਤੀਆਂ ਤੋੜਨ ‘ਚ ਮਸਰੂਫ਼ ਈਲੀ ਬੜੀ ਸਹਿਜਤਾ ਨਾਲ ਬੋਲੀ।

ਈਲੀ ਦੀ ਸੁਣ ਦਾਦੀ ਮਾਂ ਨੇ ਹੇਠਾਂ ਨੂੰ ਝੁਕਦਿਆਂ ਇੱਕ ਗੁਲਦਸਤੇ ਦੇ ਫੁੱਲਾਂ ਨੂੰ ਕੰਨ ਲਾ ਲਏ। ਦਾਦੀ ਮਾਂ ਨੂੰ ਵੇਖ ਉਹ ਕਹਿਣ ਲੱਗੀ, 'ਦਾਦੀ ਮਾਂ ! ਫੁੱਲ ਨਹੀਂ ਰੋਂਦੇ... ਕੋਈ ਬੇਬੀ ਰੋ ਰਿਹਾ ਹੋਏਗਾ... ਬਾਹਰ ਜਾ ਕੇ ਵੇਖੋ'...

'ਈਲੀ ! ਮੈਨੂੰ ਤਾਂ ਇਨਾਂ ਫੁੱਲਾਂ ਦੇ ਰੋਣ ਦੀ ਆਵਾਜ਼ ਆ ਰਹੀ'... ਦਾਦੀ ਮਾਂ ਬੋਲੀ।

'ਦਾਦੀ ਮਾਂ ! ਫੁੱਲ ਕਿਉਂ ਰੋਣ ਲੱਗ ਪਏ ? ਵੇਖੋ ... ਸਾਰੇ ਮੇਰੇ ਨਾਲ ਹੱਸ ਖੇਡ ਰਹੇ'... ਹੱਥ 'ਚ ਫੜੇ ਕੁਝ ਕੁ ਬਚੀਆਂ ਪੱਤੀਆਂ ਵਾਲੇ ਫੁੱਲ ਨੂੰ ਆਪਣੇ ਕੰਨ ਨਾਲ ਲਾਉਂਦੀ ਈਲੀ ਬੋਲੀ।

'ਵੇਖੋ ਈਲੀ ! ਬੇਧਿਆਨੇ ਜਦੋਂ ਕਦੀ ਤੁਸੀਂ ਚੱਲਦੇ ਚੱਲਦੇ ਅਚਾਨਕ ਡਿੱਗ ਪੈਂਦੇ ਹੋ ਤਾਂ ਤੁਸੀਂ ਰੋਣ ਲੱਗ ਪੈਂਦੇ ਹੋ ਨਾ' ...

'ਦਾਦੀ ਮਾਂ ! ਕੋਈ ਬੇਬੀ ਡਿੱਗੇਗਾ ਤਾਂ ਉਸਨੂੰ ਸੱਟ ਵੀ ਲੱਗੇਗੀ ... ਬੇਬੀ ਨੂੰ ਸੱਟ ਲੱਗ ਜਾਏ ਤਾਂ ਉਹ ਜਰੂਰ ਰੋਏਗਾ'...

'ਗੁੱਡ ! ਹੋਰ ਸੁਣੋ ... ਜਦੋਂ ਕਦੀ ਤੁਹਾਡੀ ਅੰਮੀ ਬਾਹਰ ਗਈ ਹੋਵੇ ਤਾਂ ਤੁਸੀਂ ਉਦੋਂ ਵੀ ਰੋਣ ਲੱਗ ਪੈਂਦੇ ਹੋ' ...

'ਦਾਦੀ ਮਾਂ ! ਜਦੋਂ ਕੋਈ ਅੰਮੀ ਬਿਨਾ ਦੱਸੇ ਪੁੱਛੇ ਤੇ ਚੁੱਪ ਚੁਪੀਤੇ ਬੇਬੀ ਦੀਆਂ ਅੱਖਾਂ ਤੋਂ ਉਹਲੇ ਹੋ ਜਾਂਦੀ ਤਾਂ ਬੇਬੀ ਨੂੰ ਉਸਦੀ ਯਾਦ ਆਉਂਣ ਲੱਗ ਪੈਂਦੀ ... ਇਸ ਲਈ ਹਰ ਬੇਬੀ ਨੇ ਰੋਣਾ ਹੁੰਦਾ' ...

'ਵੈਰੀ ਗੁੱਡ ! ਹੁਣ ਇਹ ਦੱਸੋ ਕਿ ਇਨਾਂ ਫੁੱਲਾਂ ਦੀ ਵੀ ਕੋਈ ਅੰਮੀ ਹੁੰਦੀ ਹੋਏਗੀ ਨਾ' ? ...

'ਦਾਦੀ ਮਾਂ ! ਸਾਹਮਣੇ ਗੁਲਦਸਤਿਆਂ ਵਿੱਚ ਪਏ ਵੱਡੇ ਵੱਡੇ ਫੁੱਲ ਵੇਖੋ ... ਇਹੀਓ ਤਾਂ ਫੁੱਲਾਂ ਦੇ ਅੰਮੀ, ਪਾਪਾ ਹੁੰਦੇ'...

'ਈਲੀ ਰਾਣੀ ! ਹੁਣ ਬੜੇ ਧਿਆਨ ਨਾਲ ਸੋਚੋ ਤੇ ਦੱਸੋ ... ਲਾਪ੍ਰਵਾਹੀ ਨਾਲ ਜਦੋਂ ਤੁਸੀਂ ਫੁੱਲਾਂ ਦੀਆਂ ਪੱਤੀਆਂ ਨੂੰ ਤੋੜ ਤੋੜ ਹੇਠਾਂ ਸੁੱਟਿਆ ਹੋਏਗਾ ਤਾਂ ਉਨਾਂ ਨੂੰ ਵੀ ਸੱਟ ਲੱਗੀ ਹੋਏਗੀ ... ਪੀੜ ਵੀ ਹੋਈ ਹੋਏਗੀ ... ਹੋਰ ਸੁਣੋ, ਜਦੋਂ ਤੁਸੀਂ ਫੁੱਲ ਨੂੰ ਗੁਲਦਸਤੇ ਵਿੱਚੋਂ ਤੋੜਿਆ ਹੋਏਗਾ ਤਾਂ ਇਸਦੀ ਦੀ ਮਾਂ ਵੀ ਰੋਈ ਹੋਏਗੀ'...

ਦਾਦੀ ਮਾਂ ਦੀਆਂ ਗੱਲਾਂ ਸੁਣ ਈਲੀ ਚੁੱਪ ਹੋ ਗਈ। ਕਦੀ ਹੇਠਾਂ ਖਿੱਲਰੀਆਂ ਪੱਤੀਆਂ ਤੇ ਕਦੀ ਟੇਬਲ 'ਤੇ ਪਏ ਗੁਲਦਸਤੇ ਨੂੰ ਬੜੇ ਗਹੁ ਨਾਲ ਵੇਖਣ ਲੱਗੀ। ਆਪਣੇ ਹੱਥ 'ਚ ਫੜੇ ਫੁੱਲ ਨੂੰ ਘੁਮਾਉਂਦੀ ਉਸਦੀ ਡੰਡੀ ਦੇ ਸਿਰੇ ਨੂੰ ਹੱਥ ਲਾ ਲਾ ਵੇਖਣ ਲੱਗੀ।

ਟੁੱਟੇ ਫੁੱਲ ਦੀ ਡੰਡੀ ਗਿੱਲੀ ਸੀ। ਫੁੱਲ ਜਿਵੇਂ ਸੱਚੀਮੁੱਚੀ ਰੋ ਕੇ ਹਟਿਆ ਹੋਏ ... ਫਿਰ ਕੀ ਹੋਇਆ, ਫੁੱਲਾਂ ਦੇ ਅੱਥਰੂ ਕਿਆਸਦੀ ਭਰੇ ਮਨ ਨਾਲ ਈਲੀ ਬੋਲੀ, 'ਦਾਦੀ ਮਾਂ ! ਕਦੀ ਕਦਾਈਂ ਅਸੀਂ ਖੇਡਾਂ ਖੇਡਦੇ ਡਿੱਗ ਪੈਂਦੇ ਹਾਂ ਤਾਂ ਸਾਨੂੰ ਸੱਟ ਲੱਗ ਜਾਂਦੀ ਏ ... ਤੇ ਫਿਰ ਪੀੜ ਹੋਣ ਕਾਰਨ ਅਸੀਂ ਰੋਣ ਲੱਗ ਪੈਂਦੇ ਹਾਂ ... ਇਵੇਂ ਹੀ ਫੁੱਲਾਂ ਦੀਆਂ ਪੱਤੀਆਂ ਤੋੜੀਏ ਤਾਂ ਉਨਾਂ ਨੂੰ ਵੀ ਪੀੜ ਹੁੰਦੀ ਹੋਏਗੀ ... ਸੌਰੀ ! ਅੱਗੇ ਤੋਂ ਮੈਂ ਵੀ ਫੁੱਲ ਨਹੀਂ ਤੋੜਿਆ ਕਰਾਂਗੀ ...

ਜੁਆਬ ਵਿੱਚ ਹੱਸਦੀ ਦਾਦੀ ਮਾਂ ਨੇ ਉਸਨੂੰ ਆਪਣੀ ਗੋਦੀ 'ਚ ਲੈ ਲਿਆ ਤੇ ਪਿਆਰ ਨਾਲ ਸਹਿਲਾਉਂਦੀ ਬੋਲੀ, 'ਈਲੀ ਸਾਡੀ ਰਾਣੀ ! ਬੜੀ ਹੈ ਸਿਆਣੀ'...

ਈਲੀ ਨੂੰ ਫੁੱਲ ਪੱਤੀਆਂ ਨਾਲ ਪਿਆਰ ਕਰਨ ਵਾਲੀ ਸਿੱਖਿਆ ਦੇ ਦਾਦੀ ਮਾਂ ਨੂੰ ਬੜੀ ਖੁਸ਼ੀ ਹੋਈ । ਖੁਸ਼ੀ ਇਸ ਗੱਲ ਦੀ ਵੀ ਕਿ ਈਲੀ ਸਾਰੀਆਂ ਗੱਲਾਂ ਬੜੀ ਆਸਾਨੀ ਨਾਲ ਮੰਨ ਗਈ ।

ਕੋਈ ਬੱਚਾ ਸਿੱਖਿਆ ਲੈ ਲਏ ਤੇ ਚੁੱਪ ਚਾਪ ਬੈਠ ਜਾਏ ...ਅਜਿਹਾ ਨਹੀਂ ਹੁੰਦਾ ... ਉਹ ਵੀ ਮੌਕਾ ਤਾੜ ਕੇ ਵੱਡਿਆਂ ਨੂੰ ਸਿਖਾਉਣ ਦੀ ਕੋਸ਼ਿਸ਼ ਕਰਦਾ ਏ ...ਸੋ ਦਾਦੀ ਮਾਂ ਨੂੰ ਸਿਖਾਉਣ ਵਾਲੀ ਨਿੱਕੜੀ ਦੀ ਸਿਆਣਪ ਭਰੀ ਤੇ ਹੋਰ ਵੱਡੀ ਗੱਲ ਵੀ ਸੁਣ ਲਓ ...

ਹੋਇਆ ਕੀ, ਇੱਕ ਦਿਨ ਚੰਡੀਗੜ੍ਹੋਂ ਸ੍ਰੀ ਮਤੀ ਬਹੂ ਸ੍ਰੀ ਨੂੰ ਦਿੱਲੀ ਫੋਨ ਕਰ ਰਹੀ ਸੀ । ਫੋਨ ਈਲੀ ਨੇ ਚੁੱਕ ਲਿਆ । ਸ੍ਰੀ ਮਤੀ ਨੇ ਪੁੱਛਿਆ, 'ਹੈਲੋ ! ਈਲੀ ਕੀ ਕਰ ਰਹੇ ਹੋ' ?

'ਦਾਦੀ ਮਾਂ ! ਬਾਗ਼ ਵਿੱਚ ਸੈਰ ...

'ਤੇ ਹੋਰ ਕੀ' ?...

'ਫੁੱਲ ਵੀ ਵੇਖ ਰਹੀਂ ਹਾਂ ... ਸੱਚੀ ! ਹੱਸਦੇ ਨੱਚਦੇ ਫੁੱਲ ਬੜੀ ਖੁਸ਼ਬੂ ਵੰਡ ਰਹੇ ਨੇ' ...

'ਮੈਂ ਵੀ ਖੁਸ਼ਬੂ ਲੈਣੀ ਏ' ... ਈਲੀ ਦੀ ਦਾਦੀ ਮਾਂ ਬੋਲੀ ।

'ਦਾਦੀ ਮਾਂ ! ਨੋ ਪਰਾਬਲਮ ... ਹੁਣ ਵੇਖੋ, ਮੈਂ ਆਪਣਾ ਮੋਬਾਈਲ ਫੁੱਲਾਂ ਦੇ ਲਾਗੇ ਕਰ ਲਿਆ ... ਯੈਲੋ ਤੇ ਰੈੱਡ ਕਲਰ ਵਾਲੀ ਜਿੰਨੀ ਮਰਜ਼ੀ ਖੁਸ਼ਬੂ ਲੈ ਲਓ ... ਹਾਂ ਸੱਚ ! ਮੇਰੀ ਆਵਾਜ਼ ਵੀ ਧਿਆਨ ਨਾਲ ਸੁਣਿਓ ... ਜੇ ਚਾਹੋ ਤਾਂ ਇਸ ਵਿੱਚੋਂ ਵੀ ਰੰਗ ਬਰੰਗੀ ਖੁਸ਼ਬੂ ਲੈ ਸਕਦੇ ਹੋ' ...

ਈਲੀ ਦੀ ਸੁਣ ਦਾਦੀ ਮਾਂ ਦੀ ਗੱਲ ਮੁੱਕ ਗਈ ... ਗੱਲਾਂ ਲਈ ਰੰਗਦਾਰ ਖੁਸ਼ਬੂ ਦੀ ਲੋੜ ਹੁੰਦੀ ... ਖੁਸ਼ਬੂਦਾਰ ਆਵਾਜ਼ ਚਾਹੀਦੀ ... ਸਭ ਕੁਝ ਈਲੀ ਕੋਲ ਸੀ ... ਦਾਦੀ ਮਾਂ ਕੋਲ ਕੁਝ ਵੀ ਨਹੀਂ ਸੀ ...

# ਬਾਬੇ ਦੀਆਂ ਬਰਕਤਾਂ

ਸਿਆਣੇ ਆਖਦੇ ਕਿ ਆਖਰੀ ਉਮਰੇ ਬੰਦੇ ਨੂੰ ਜਿਉਂਦੇ ਜੀਅ ਆਪਣੇ ਖਿਲਾਰੇ ਖੁਦ ਸਮੇਟ ਜਾਣੇ ਚਾਹੀਦੇ ... ਨਹੀਂ ਤਾਂ ਪਿੱਛੇ ਰਹਿ ਗਏ ਲੋਕਾਂ ਨੂੰ ਤੁਹਾਡਾ ਕੂੜ ਕਬਾੜ ਸੰਭਾਲਣ ਵਿੱਚ ਬੜੀ ਮੁਸ਼ਕਲ ਹੁੰਦੀ ... ਇਸੇ ਵਿਚਾਰ ਦੇ ਬੋਝ ਹੇਠ ਸਿਆਣਪ ਵਰਤ ਲਈ ... ਫੁਰਸਤ ਦੇ ਪਲਾਂ ਦੌਰਾਨ ਕੂਲਰ ਦੇ ਖਾਲੀ ਡੱਬੇ ਵਿੱਚ ਸਾਂਭੇ ਫੋਟੋਆਂ ਵਾਲੇ ਲਿਫ਼ਾਫ਼ੇ, ਪੁਰਾਣੀਆਂ ਫਾਈਲਾਂ ਅਤੇ ਹੋਰ ਕਾਗਜ਼ਾਤ ਦੀ ਨਿਰਖ ਪਰਖ ਸ਼ੁਰੂ ਕਰ ਲਈ ... ਜਰੂਰੀ ਕਾਗਜ਼ ਰੱਖ ਬਾਕੀ ਕਾਗਜ਼ ਰੱਦੀ ਦੀ ਟੋਕਰੀ 'ਚ ਪਾਈ ਗਏ ... ਕੁੱਲ ਖਿਲਾਰੇ ਦਾ ਚੌਥਾ ਕੁ ਹਿੱਸਾ ਬਾਕੀ ਰਹਿ ਗਿਆ ਜਿਸਨੂੰ ਨਕਾਰ ਦੇਣ ਦਾ ਹੌਂਸਲਾ ਨਾ ਪਿਆ ...

ਦਿੱਲੀ ਵਾਲੇ ਡਾ. ਹਰਿਭਜਨ ਸਿੰਘ, ਕਰਤਾਰ ਸਿੰਘ ਦੁੱਗਲ, ਪ੍ਰਭਜੋਤ ਕੌਰ, ਅੰਮ੍ਰਿਤਾ ਪ੍ਰੀਤਮ, ਕਰਨਲ ਨਰਿੰਦਰਪਾਲ ਤੇ ਹੋਰ ਲੇਖਕਾਂ ਦੀਆਂ 'ਵਨ ਡੇਅ ਲਾਈਫ' ਵਾਲੀਆਂ ਢੇਰ ਸਾਰੀਆਂ ਬੇਸ਼ਕੀਮਤੀ ਤਸਵੀਰਾਂ ਸਾਂਭੀਆਂ ਪਾਈਆਂ .... ਆਪ ਉਹ ਲੋਕ ਦੁਨਿਆਵੀ ਖਲਜਗਣ ਤੋਂ ਮੁਕਤ ਹੋ ਉੱਪਰ ਸਵਰਗਾਂ 'ਚ ਬੈਠੇ ਬੜੀ ਸਕੂਨਮਈ ਜਿੰਦਗੀ ਜਿਊ ਰਹੇ ਹੋਣਗੇ ... ਹੇਠਾਂ ਅਸੀਂ ਉਨਾਂ ਦੀਆਂ ਸਿਮਰਤੀਆਂ ਸਾਂਭੀ ਬੈਠੇ ਰਹਿੰਦੇ ... ਬੜੀ ਮਿਹਨਤ, ਮੁਸ਼ੱਕਤ ਨਾਲ ਲੰਮੇ ਪੈਂਡੇ ਮਾਰ ਖਿੱਚੀਆਂ ਸੀ ਤਸਵੀਰਾਂ... ਤਸਵੀਰਾਂ ਜਿਨਾਂ ਨੂੰ ਆਪਣੇ ਘਰੋਂ ਵਿਸਾਰ ਦੇਣ ਲਈ ਮਨ ਨਹੀਂ ਮੰਨਦਾ ...

ਸਵੈ ਸਿਖਲਾਈ ਵਾਲੇ ਹੱਥ ਲਿਖਤ ਵਿੱਦਿਅਕ ਪਾਠ ਪਏ ਹੋਏ ... ਬਾਲ ਕਹਾਣੀਆਂ ਦੇ ਖਰੜੇ ਤੇ ਆਪਣੇ ਖਰਚੇ ਨਾਲ ਛਪਵਾਈਆਂ ਢੇਰਾਂ ਮਾਂ ਜਾਏ ਬੱਚਿਆਂ ਵਰਗੀਆਂ ਯਾਦਗਾਰੀ ਬਾਲ ਸਾਹਿਤ ਦੀਆਂ ਪੁਸਤਕਾਂ ਪਈਆਂ ਹੋਈਆਂ ਜਿਨਾਂ ਨੂੰ ਹੁਣ ਅੱਖੋਂ ਓਹਲੇ ਕਰ ਦੇਣਾ ਸੌਖਾ ਨਹੀਂ ਲੱਗਦਾ ... ਉਮਰ ਲੱਗ ਗਈ ਇਸ ਅਨਮੋਲ ਖ਼ਜ਼ਾਨੇ ਨੂੰ ਇੱਕਤਰ ਕਰਦਿਆਂ ... ਇਹ ਵੀ ਪਤਾ ਕੇ ਸਾਡੇ ਅੱਖਾਂ ਮੀਟਦਿਆਂ ਸਾਰ ਹੀ ਨਿਕੰਮੀ ਔਲਾਦ ਨੇ ਬਿਨਾਂ ਵੇਖਿਆਂ, ਜਾਂਚਿਆ ਸਭ, ਕੁਝ ਕਿਸੇ ਰੱਦੀ ਵਾਲੇ ਕਬਾੜੀਏ ਨੂੰ ਚੰਦ ਰੁਪਇਆਂ ਬਦਲੇ ਘਰੋਂ ਚੁਕਤਾ ਕਰ ਦੇਣਾ ...

ਫਰੋਲਾ, ਫਰਾਲੀ ਕਰਦਿਆਂ ਇੱਕ ਸਰਟੀਫਿਕੇਟ ਨਜ਼ਰੀਂ ਪੈ ਜਾਂਦਾ ਏ ... ਉਸ ਕਾਗਜ਼ ਦੀ ਕਰਾਮਾਤ ਵੇਖੋ ... ਸਾਡੀ ਮੌਜੂਦਾ ਉਮਰ ਵਾਲਾ ਸਮਾਂ ਜਿਵੇਂ ਪੰਜਾਹ ਸਾਲ ਪਿੱਛੇ ਸਰਕ ਜਾਂਦਾ ਏ ...

ਉਦੋਂ ਬਾਬੇ ਨਾਨਕ ਦਾ ਪੰਜ ਸੌਵਾਂ ਪ੍ਰਕਾਸ਼ ਪੁਰਬ ਬੜੀ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਸੀ । ਗਲੀਆਂ, ਬਾਜ਼ਾਰਾਂ ਵਿੱਚ ਸ਼ਰਧਾਲੂਆਂ ਦਾ ਏਡਾ ਵੱਡਾ ਹੜ ਆਇਆ ਹੋਇਆ ਸੀ ਕਿ ਜ਼ਮੀਨ 'ਤੇ ਤਿਲ ਸੁੱਟਣ ਜੋਗੀ ਥਾਂ ਵੀ ਨਹੀਂ ਸੀ ਦਿਸਦੀ । ਅਸੀਂ ਤੇ ਸਾਡੇ ਆਂਢੀਆਂ ਗੁਆਂਢੀਆਂ ਨੇ ਵੀ ਦੂਰ

ਦੁਰੇਡਿਉਂ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਆਏ ਸ਼ਰਧਾਲੂਆਂ ਨੂੰ ਘਰਾਂ ਵਿੱਚ ਰਹਿਣ ਲਈ ਗੁਜ਼ਾਰੇ ਜੋਗੀ ਥਾਂ ਦੇ ਦਿੱਤੀ ।

ਟਾਊਨ ਹਾਲ ਵਾਲੇ ਸੈਕੰਡਰੀ ਸਕੂਲ 'ਚ ਦਸਵੀਂ ਜਮਾਤ ਦੀ ਪੜ੍ਹਾਈ ਚੱਲ ਰਹੀ ਸੀ । ਪ੍ਰਕਾਸ਼ ਪੁਰਬ ਦੀ ਰੌਸ਼ਨੀ ਵਿੱਚ ਬਾਬੇ ਨਾਨਕ ਦੇ ਜੀਵਨ ਤੇ ਫਲਸਫੇ ਬਾਰੇ ਲੇਖ ਮੁਕਾਬਲੇ ਦਾ ਸੱਦਾ ਆ ਗਿਆ । ਦੱਸਿਆ ਸੀ ਨਾ ... ਸ਼ੰਗਾਰਾ ਆਜੜੀ ਸਾਡੇ ਪੰਜਾਬੀ ਵਾਲੇ ਮਾਸਟਰ ਹੁੰਦੇ ਸੀ । ਉਨਾਂ ਜਮਾਤ ਵਿੱਚ ਦੱਸਿਆ ਕਿ ਸਾਰੇ ਦੇਸ਼ ਦੇ ਸਕੂਲ ਇਸ ਮੁਕਾਬਲੇ ਵਿੱਚ ਹਿੱਸਾ ਲੈ ਰਹੇ ਨੇ ... ਬਾਬੇ ਨਾਨਕ ਦੇ ਬਚਪਨ, ਸੱਚੇ ਸੁੱਚੇ ਜੀਵਨ, ਕਿਰਤ ਕਮਾਈ ,ਯਾਤਰਾ ਜਾਂ ਉਨਾਂ ਦੀਆਂ ਸਿੱਖਿਆਵਾਂ ਨੂੰ ਦਰਸਾਉਂਦੇ ਲੇਖ ਲਿਖ ਕੇ ਮੁਕਾਬਲੇ ਵਿੱਚ ਹਿੱਸਾ ਲਿਆ ਜਾ ਸਕਦਾ । ਪਹਿਲੇ, ਦੂਜੇ ਤੇ ਤੀਜੇ ਨੰਬਰ 'ਤੇ ਆਉਣ ਵਾਲੇ ਲੇਖਾਂ ਨੂੰ ਸਰਟੀਫਿਕੇਟਾਂ ਸਮੇਤ ਨਗਦ ਇਨਾਮ ਰਾਸ਼ੀ ਵੀ ਦਿੱਤੀ ਜਾਏਗੀ । ਚਾਹਵਾਨ ਵਿਦਿਆਰਥੀ ਇਸ ਲੇਖ ਮੁਕਾਬਲੇ ਵਿੱਚ ਹਿੱਸਾ ਲੈ ਸਕਦੇ ...

ਪੜ੍ਹਾਈ, ਲਿਖਾਈ ਵਿੱਚ ਸਾਡਾ ਹੱਥ ਤੰਗ ਹੀ ਹੁੰਦਾ ਸੀ । ਪਿਤਾ ਸ੍ਰੀ ਉਦੋਂ ਸਕੂਲ ਦੇ ਸਾਹਮਣੇ ਕੋਤਵਾਲੀ ਵਿੱਚ ਠਾਣੇਦਾਰ ਹੁੰਦੇ । ਸ਼ਹਿਰ 'ਚ ਹੀ ਨਹੀਂ, ਘਰ ਵਿੱਚ ਵੀ ਹਮੇਸ਼ਾ ਅਫ਼ਸਰੀ ਅੰਦਾਜ ਨਾਲ ਵਿੱਚਰਦੇ । ਇਹ ਵੀ ਯਾਦ ਏ ਕਿ ਪੰਜੇ ਪੁੱਤਾਂ ਦੀ ਭਲਾਈ ਹਿਤ ਲੋੜਾਂ, ਥੋੜਾਂ ਦੀ ਪੂਰਤੀ ਵੇਲੇ ਕਦੇ ਮੱਥੇ ਵੱਟ ਨਹੀਂ ਸੀ ਪਾਉਂਦੇ ।

ਪਹਿਲੀ ਵਾਰੀ ਪਤਾ ਨਹੀਂ ਕਿਵੇਂ ਲੇਖ ਲਿਖਿਆ ਗਿਆ ... ਅੱਗੇ ਬਾਬੇ ਦੀਆਂ ਬਰਕਤਾਂ ਵੇਖੋ ... ਸਾਡੇ ਲੇਖ ਨੂੰ ਸਰਬ ਭਾਰਤੀ ਮੁਕਾਬਲੇ ਵਿੱਚੋਂ ਦੂਸਰਾ ਇਨਾਮ ਮਿਲ ਗਿਆ । ਹੁਣ ਸਾਫ ਲੱਗਦਾ ਕਿ ਉਸ ਵੇਲੇ ਇੱਕ ਵੱਡੇ ਇਨਾਮ ਦੀ ਖੁਸ਼ੀ, ਦੂਜੀ ਪੰਜਾਬੀ ਮਾਸਟਰ ਸ਼ੰਗਾਰਾ ਆਜੜੀ ਦੀ ਸਿੱਖਿਆ ਤੇ ਤੀਜੀ ਗੁਲ ਭਾਜੀ ਅਤੇ ਉਨਾਂ ਦੇ ਸਾਹਿਤਕਾਰ ਮਿੱਤਰਾਂ ਦੀ ਸੰਗਤ ਨੇ ਸਾਨੂੰ ਵੀ ਸਾਹਿਤ ਵਾਲੇ ਪਾਸੇ ਮੋੜਨ ਵਿਚ ਹਿੱਸਾ ਪਾਇਆ ਹੋਏਗਾ ...

ਗੱਲ ਬਾਬੇ ਨਾਨਕ ਦੇ ਸਰਬੱਤ ਦਾ ਭਲਾ ਚਾਹੁਣ ਵਾਲੇ ਜੀਵਨ ਫਲਸਫੇ ਦੀ ਸੀ । ਪਤਾ ਨਹੀਂ ਪਹਿਲੀ ਵਾਰੀ ਜੇਤੂ ਲੇਖ ਅਸਾਂ ਕਿਵੇਂ ਲਿਖ ਲਿਆ ? ਕਦੀਂ ਕਦਾਈਂ ਸਕੂਲ ਦੀ ਕੰਟੀਨ ਵਿੱਚੋਂ ਪੰਜੀ ਦਸੀ ਦੀਆਂ ਲੂਣੀਆਂ ਜਾਂ ਮਿਠੀਆਂ ਸੇਵੀਂਆਂ ਖਾਣ ਵਾਲੇ ਨਾਚੀਜ ਨੂੰ ਸਰਟੀਫਿਕੇਟ ਦੇ ਨਾਲ ਢਾਈ ਸੌ ਰੁਪਏ ਦਾ ਨਕਦ ਇਨਾਮ ਵੀ ਮਿਲਿਆ
ਸੀ ...

ਉਦੋਂ ਤੋਂ ਅਸੀਂ ਪਿੱਛੇ ਮੁੜ ਕੇ ਨਹੀਂ ਵੇਖਿਆ ... ਘਰੇਲੂ ਕਾਰਨਾਮਿਆਂ ਦੀ ਰੌਸ਼ਨੀ ਵਿੱਚ ਗੁਲ ਭਾਜੀ ਦੇ ਮਗਰੇ ਮਗਰ ਅਸੀਂ ਵੀ 1989 ਦੇ ਅਖੀਰ ਵਿੱਚ ਅੰਮ੍ਰਿਤਸਰ ਨੂੰ ਅਲਵਿਦਾ ਕਹਿ ਚੰਡੀਗੜ੍ਹ

ਆ ਗਏ। ਇਥੇ ਸਾਡੇ ਕੋਲ ਲਾਲੀ ਬਾਬਾ, ਅਜੀਤ ਪਿਆਸਾ, ਨਿੰਦਰ ਘੁਗਿਆਣਵੀ, ਪ੍ਰੋ. ਰਮਨ ਤੇ ਗੁਲਜ਼ਾਰ ਮੁਹੰਮਦ ਗੌਰੀਆ ਵਰਗੇ ਕਈ ਨੇਕ ਦਿਲ ਸਾਹਿਤਕਾਰ ਆਉਂਦੇ ਜਾਂਦੇ ਰਹੇ।

ਚੰਡੀਗੜ੍ਹ ਵਿੱਚ ਸਥਾਪਤ ਹੋ ਜਾਣ 'ਤੇ ਕਾਰ ਸਿੱਖਣ ਤੇ ਖਰੀਦਣ ਦੀ ਰੀਝ ਜਾਗ ਪਈ। ਸ੍ਰੀ ਮਤੀ ਵੀ ਬੱਚੇ ਵੱਡੇ ਹੋ ਜਾਣ 'ਤੇ ਸਕੂਟਰ ਨੂੰ ਅੱਪਗ੍ਰੇਡ ਕਰਕੇ ਨਵੀਂ ਕਾਰ ਖਰੀਦਣ ਲਈ ਜ਼ੋਰ ਪਾਉਣ ਲੱਗ ਪਈ। ਸਬੱਬ ਨਾਲ ਗੌਰੀਆ ਭਾਈ ਚੰਡੀਗੜ੍ਹ ਆਇਆ ਹੋਇਆ ਸੀ। ਉਸ ਨਾਲ ਪਰਿਵਾਰ ਸਮੇਤ ਕਾਰ ਚਲਾਉਣੀ ਸਿੱਖਣ ਅਤੇ ਖਰੀਦਣ ਵਾਲੀ ਖਾਹਸ਼ ਸਾਂਝੀ ਕੀਤੀ ਸੀ। ਗੌਰੀਏ ਨੇ ਬੜੇ ਕੰਮ ਦਾ ਫਾਰਮੂਲਾ ਦੱਸਿਆ ਸੀ ਜਿਸ ਨਾਲ ਕਾਰ ਸਿੱਖਣ ਵਾਲੀ ਸਾਡੀ ਅੱਧੀ ਚਿੰਤਾ ਖਤਮ ਹੋ ਗਈ।

ਗੌਰੀਆ ਆਖਦਾ ਹੁੰਦਾ ਤੀ ... 'ਕਿਸੇ ਕੰਪਨੀ ਦੀ ਕਾਰ ਖਰੀਦਣ ਤੋਂ ਪਹਿਲਾਂ ਉਸਦੀ ਲੰਬਾਈ, ਚੁੜਾਈ ਜਿੱਡੇ ਦੋ ਕਾਨੇ ਖਰੀਦ ਲਓ ... ਓਸੇ ਲੰਬਾਈ, ਚੌੜਾਈ ਰੁੱਖ ਕਾਨੇ ਸਕੂਟਰ ਦੇ ਹੈਂਡਲ ਨਾਲ ਬੰਨ ਲਓ ... ਦੋ ਤਿੰਨ ਦਿਨ ਖੁਲ੍ਹੀ ਸੜਕ 'ਤੇ ਹਨੇਰੇ, ਸਵੇਰੇ ਸਕੂਟਰ ਚਲਾਓ ... ਸਕੂਟਰ ਚਲਾਉਂਦਿਆਂ ਤੁਸੀਂ ਆਪਣੇ ਸੱਜੇ, ਖੱਬੇ ਤੇ ਅੱਗੇ, ਪਿੱਛੇ ਕਾਰ ਦੀ ਸਪੇਸ ਵਾਲਾ ਅਹਿਸਾਸ ਕਰੋਗੇ ... ਇਹ ਅਹਿਸਾਸ ਅਤੇ ਸੂਝ ਹੀ ਹੁੰਦੀ ਜਿਸ ਕਾਰਨ ਸਾਨੂੰ ਕਾਰ ਚਲਾਉਣ ਦੀ ਜਾਚ ਆ ਜਾਂਦੀ'...

ਇੱਥੇ ਰਹਿੰਦਿਆਂ ਟੈਕਸਟ ਬੁੱਕ ਬੋਰਡ ਵਾਲੇ ਗੁਰਸ਼ਰਨ ਸਿੰਘ, ਰਮਾ ਰਤਨ, ਪੰਖੜੀਆਂ ਵਾਲੇ ਸੁਖਦੇਵ ਮਾਧੋਪੁਰੀ, ਸਰਬਜੀਤ ਬੇਦੀ, ਡੀਪੀਆਈ ਦਫ਼ਤਰ ਵਾਲੇ ਅਮਰ ਗਿਰੀ, ਮੋਹਨ ਭੰਡਾਰੀ, ਆਰਟਿਸਟ ਰਾਜ ਕੁਮਾਰ ਤੇ ਦੇਵ ਭਾਰਦਵਾਜ ਵਰਗੇ ਸੁਹਿਰਦ ਸਾਹਿਤਕਾਰਾਂ ਨੇ ਨਿਰਸੰਦੇਹ ਪਹਿਲਾਂ ਸਾਨੂੰ ਬਾਲ ਸਾਹਿਤ ਦੀਆਂ ਪੈਲੀਆਂ ਵਿੱਚ ਕਲਮੀਂ ਕਿਰਤ-ਕਮਾਈ ਕਰਨ ਦੀ ਚੇਟਕ ਲਾਈ ... ਦੋ, ਢਾਈ ਦਰਜਨ ਬਾਲ-ਪੁਸਤਕਾਂ ਲਿਖਵਾਈਆਂ ਤੇ ਫਿਰ ਉਂਗਲੀ ਫੜ ਕੇ ਬਾਲ ਸਾਹਿਤ ਦੇ ਧੁਰ ਕੋਠੇ ਵੀ ਚੜ੍ਹਾਇਆ।

ਦੱਸਿਆ ਸੀ ਨਾ ... ਪੁਤਲੀ ਤਮਾਸ਼ੇ ਲਈ ਰਾਸ਼ਟਰੀ ਫੈਲੋਸ਼ਿਪ, ਅਧਿਆਪਨ ਪੁਰਸਕਾਰ, ਬਾਲ ਸਾਹਿਤ ਲਈ ਰਾਸ਼ਟਰੀ ਅਤੇ ਸ਼ਰੋਮਣੀ ਪੁਰਸਕਾਰ ਵਰਗੇ ਮਾਣ, ਸਨਮਾਨਾਂ ਨਾਲ ਝੋਲੀ ਭਰੀ ਪਈ ... ਜੋ ਕੁਝ ਅਸੀਂ ਅੱਜ ਹਾਂ ... ਕੋਲ ਕੋਈ ਪ੍ਰਾਪਤੀ ਏ ... ਸਾਰਾ ਕੁਝ ਗੁਰੂ ਬਾਬੇ ਦੀ ਮਿਹਰ ਤੇ ਸੱਜਣ ਬੇਲੀਆਂ ਦੇ ਸਹਿਯੋਗ ਕਾਰਨ ਬਣਿਆ ਲੱਗਦਾ ...

ਬਾਕੀ ਰਹਿ ਗਈ ਹੁਣ ਸਫ਼ਰ ਨੂੰ ਸਮੇਟਣ ਵਾਲੀ ਗੱਲ ... ਅੱਲਾ ਮੀਆਂ ਕੋਲ ਉੱਪਰ ਬੈਠੇ ਗੌਰੀਏ ਦਾ ਦੱਸਿਆ ਬੇਸ਼ਕੀਮਤੀ ਫਾਰਮੂਲਾ ਅੱਜ ਵੀ ਅੱਖਰ, ਅੱਖਰ ਯਾਦ ਏ ... ਜਦੋਂ ਵੀ ਸੱਦਾ ਆਇਆ ਉਸ ਦੀ ਸੁਝਾਈ ਹੋਈ 'ਕਾਨਾ ਕਾਰ' 'ਚ ਬਹਿ ਅੰਤਮ ਯਾਤਰਾ ਵੀ ਮੰਗਲਮਈ ਹੋ ਜਾਏਗੀ ...

ਵੇਖਦਿਆਂ, ਵੇਖਦਿਆਂ ਕਈ ਮਿੱਤਰ ਪਿਆਰੇ ਕੂਚ ਕਰ ਗਏ ... ਵੇਖੋ ! ਅਸੀਂ ਬੜੇ ਭਾਗਾਂ ਵਾਲੇ ਹਾਂ ... ਸਰਬ ਸਾਂਝੇ ਬਾਬੇ ਨਾਨਕ ਦਾ ਪੰਜ ਸੌ ਪੰਜਾਹਵਾਂ ਪ੍ਰਕਾਸ਼ ਪੁਰਬ ਮਨਾਉਣ ਲਈ ਇਸ ਫਾਨੀ ਦੁਨੀਆਂ ਵਿੱਚ ਹੱਸ ਖੇਡ ਰਹੇ
ਹਾਂ ...

ਗੁਆਂਢੀ ਮੁਲਕ ਦੇ ਖੇਡ ਬਿਰਤੀ ਵਾਲੇ ਪ੍ਰਧਾਨ ਮੰਤਰੀ ਜਨਾਬ ਇਮਰਾਨ ਖਾਨ ਦੀ ਫਰਾਖ਼ਦਿਲੀ, ਸਾਡੇ ਵਾਲੇ ਨਵਜੋਤ ਸਿੱਧੂ ਦੀ ਨਿਵੇਕਲੀ ਪਹਿਲ ਅਤੇ ਭਰਾਤਰੀ ਭਾਵਨਾ ਦਾ ਪ੍ਰਗਟਾਵਾ ਕਰਨ ਵਾਲੇ ਸਾਡੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਸਹਿਮਤੀ ਨਾਲ ਗੁਰੂ ਪਿਆਰੀਆਂ ਸੰਗਤਾਂ ਵਾਸਤੇ ਸ਼੍ਰੀ ਕਰਤਾਰਪੁਰ ਸਾਹਿਬ ਲਈ ਵਿਸ਼ੇਸ਼ ਲਾਂਘਾ ਬਣ ਗਿਆ। ਬਾਬੇ ਦਾ ਵਿਸ਼ੇਸ਼ ਪੁਰਬ ਮਨਾਉਣ ਲਈ ਚੜ੍ਹਦੇ ਅਤੇ ਲਹਿੰਦੇ ਪੰਜਾਬ ਸਮੇਤ ਕੁੱਲ ਆਲਮ ਵਿੱਚ ਇਸ ਰੱਬੀ ਵਰਤਾਰੇ ਲਈ ਖੁਸ਼ੀਆਂ ਭਰੇ ਜਸ਼ਨ ਮਨਾਏ ਗਏ।

ਇਸ ਪੁੰਨ ਕਾਰਜ ਲਈ ਦੇਸ਼ਾਂ, ਵਿਦੇਸ਼ਾਂ ਵਿੱਚ ਬੈਠੇ ਗੁਰੂ ਘਰ ਦੇ ਲੱਖਾਂ ਪਿਆਰੇ ਕਈ ਦਹਾਕਿਆਂ ਤੋਂ ਆਪਣੇ ਧਰਮ ਅਸਥਾਨਾਂ ਦੇ ਖੁਲ੍ਹੇ ਦਰਸ਼ਨ ਦੀਦਾਰਿਆਂ ਲਈ ਅਰਦਾਸਾਂ, ਅਰਜੋਈਆਂ ਕਰਦੇ ਸਨ। ਸਾਡਾ ਬਾਬਾ ਜਾਣੀਜਾਣ ਏ ... ਬਿਨਾ ਕਿਸੇ ਵਿਤਕਰੇ ਉਹ ਅਪਾਰ ਬਰਕਤਾਂ ਪਾਉਂਦਾ ... ਸਭਨਾ ਦੇ ਹਿਰਦੇ ਠਾਰਦਾ ...

ਗੱਲ ਭੁੱਲੇ ਵਿੱਸਰੇ ਸਰਟੀਫਿਕੇਟ ਦੀ ਹੋ ਰਹੀ ਸੀ। ਉਹ ਸਰਟੀਫਿਕੇਟ ਕਿਸੇ ਅਣਮੋਲ ਖਜ਼ਾਨੇ ਵਰਗਾ ਲੱਗਣ ਲੱਗਦਾ। ਬਾਬੇ ਨਾਲ ਮੁੜ ਸੁਰਤੀ ਜੁੜ ਜਾਂਦੀ ... ਮਨ ਮੰਗਤਾ ਹੋ ਜਾਂਦਾ ... ਇੱਕੋ ਇੱਕ ਸਾਹਿਤ ਅਕਾਦਮੀ ਵਾਲੇ ਬਾਲ ਸਾਹਿਤ ਪੁਰਸਕਾਰ ਦੀ ਉਮੀਦ ਬਾਕੀ ਏ ... ਪੁਰਸਕਾਰ ਲਈ ਸਾਡੇ ਕੇਸ ਅਕਾਦਮੀ ਦੀ ਸਿਖਰਲੀ ਪੌੜੀ 'ਤੇ ਪੁੱਜ ਪੁੱਜ ਨਾਕਾਮ ਹੁੰਦੇ ਰਹੇ ... ਜੇ ਬਾਬੇ ਨੇ ਪੰਜ ਸੌਵੇਂ ਪ੍ਰਕਾਸ਼ ਪੁਰਬ 'ਤੇ ਨਿਵਾਜਿਆ ਸੀ ਤਾਂ ਹੁਣ ਬਾਬਾ ਆਪਣੇ ਪੰਜ ਸੌ ਪੰਜਾਹਵੇਂ ਪ੍ਰਕਾਸ਼ ਪੁਰਬ 'ਤੇ ਆਪਣੇ ਸੇਵਕ ਨੂੰ ਭਲਾ ਕਿਵੇਂ ਵਿਸਾਰ ਸਕਦਾ ?

ਖੈਰ ! ਜਾਣੀਜਾਣ ਬਾਬੇ ਨੇ ਆਪਣੇ ਪ੍ਰਕਾਸ਼ ਪੁਰਬ ਵਾਲੇ ਮੌਕੇ ਸਾਨੂੰ 'ਸ਼੍ਰੀ ਗੁਰੂ ਨਾਨਕ ਦੇਵ ਜੀ ਅਚੀਵਰਜ ਅਵਾਰਡ' ਨਾਲ ਸਨਮਾਨਿਤ ਕਰਵਾ ਦਿੱਤਾ। ਅਵਾਰਡ, ਜਿਸ ਲਈ ਅਸੀਂ ਵੀ ਪੰਜਾਬ ਸਰਕਾਰ ਦੁਆਰਾ ਸਾਹਿਤ, ਕਲਾ, ਵਪਾਰ, ਦੇਸ਼ ਦੀ ਸੁਰੱਖਿਆ ਅਤੇ ਕਿਰਸਾਨੀ ਆਦਿ ਦੇ ਖੇਤਰਾਂ ਵਿੱਚ ਅਹਿਮ ਹਿੱਸਾ ਪਾਉਣ ਵਾਲੀਆਂ ਗਿਣੀਆਂ, ਚੁਣੀਆਂ ਪੰਜ ਸੌ ਪੰਜਾਹ ਅੰਤਰਰਾਸ਼ਟਰੀ ਤੇ ਸਨਮਾਨਯੋਗ ਹਸਤੀਆਂ ਵਿੱਚ ਸ਼ਾਮਲ ਕਰ ਲਏ ਗਏ ...

ਦੱਸਿਆ ਸੀ ਨਾ ... ਦਾਤਾ ਦੇਵਣਹਾਰ ਹੁੰਦਾ ... ਬਖਸ਼ਣਹਾਰ ਹੁੰਦਾ ... ਬੰਦਾ ਹੀ ਹੁੰਦਾ ਜੋ ਪੈਰ ਪੈਰ 'ਤੇ ਭੁੱਲਣਹਾਰਾ ਹੁੰਦਾ ... ਆਪਣੀ ਝੋਲੀ ਨੂੰ ਸਮੇਟੀ ਬੈਠਾ ਰਹਿੰਦਾ ... ਪਰ ਵੇਖੋ ! ਵੰਡਣ ਲਈ ਬਾਬੇ ਕੋਲ ਬਰਕਤਾਂ ਦੇ ਅਥਾਹ ਭੰਡਾਰ ਭਰੇ ਹੁੰਦੇ ... ਬੱਚੇ ਨੂੰ ਟੁੱਟੇ ਫੁੱਟੇ ਖਿਡੌਣੇ ਜਿਂਵੇਂ ਆਪਣੀ ਜਿੰਦ ਜਾਨ ਤੋਂ ਪਿਆਰੇ ਹੁੰਦੇ ... ਉਵੇਂ ਹੀ ਜਿਉਂਦੇ ਜੀਅ ਮਿਹਨਤ ਮੁਸ਼ੱਕਤ ਨਾਲ ਕਮਾਏ ਬੇਸ਼ਕੀਮਤੀ 'ਤਾਮਰ ਪੱਤਰ' ਵੀ ਬੰਦੇ ਨੂੰ ਪਿਆਰੇ ਹੁੰਦੇ ... ਅੱਪਣੇ ਹੱਥੀਂ ਉਨਾਂ ਨੂੰ ਅੱਖੋਂ ਓਹਲੇ ਕਰ ਦੇਣਾ ਸੌਖਾ ਨਹੀਂ ਹੁੰਦਾ ...

# ਚੈੱਕ ਆਊਟ, ਚੈੱਕ ਇਨ

ਦੱਸਿਆ ਸੀ ਨਾ ਬੰਦਾ ਹਮੇਸ਼ਾ ਮੋਤੀ ਤੇ ਤਾਰਿਆਂ ਜੜੇ ਪਰੀ-ਖੰਭ ਲਾ ਕੇ ਗਗਨ ਉਡਾਰੀਆਂ ਮਾਰਨਾ ਚਾਹੁੰਦਾ ਏ ... ਹੇਠਾਂ ਨਿੱਤਰੇ ਪਾਣੀਆਂ ਵਿੱਚ ਤੈਰਦੀਆਂ ਹੋਈਆਂ ਰੰਗੀਨ ਮੱਛੀਆਂ ਚਾਹੁੰਦਾ ਏ ... ਐਪਰ ਬੰਦੇ ਦੀ ਕਿਸਮਤ ਵਿਚ ਪੈਰ, ਪੈਰ 'ਤੇ ਹੋਣੀਆਂ ਤੇ ਅਣਹੋਣੀਆਂ ਵੀ ਲਿਖੀਆਂ ਹੁੰਦੀਆਂ ਨੇ ... ਅਗਲਾ ਪਲ ਦੁੱਖਦਾਇਕ ਹੋਏਗਾ ਜਾਂ ਸੁੱਖਦਾਇਕ ਹੋਏਗਾ ... ਇਹ ਬੰਦੇ ਨੂੰ ਨਹੀਂ, ਬੰਦੇ ਦੇ ਰੱਬ ਨੂੰ ਹੀ ਪਤਾ ਹੁੰਦਾ ਹੋਏਗਾ ...

ਬੀਵੀ ਨਾਲ ਮੂੰਹ ਵੱਟੇ ਨੂੰ ਪੂਰੇ ਚਾਰ ਦਿਨ, ਛਿਆਨਵੇਂ ਘੰਟੇ ਤੇ ਬੇਹਿਸਾਬੇ ਮਿੰਟ, ਸਕਿੰਟ ਬੀਤ ਚੁਕੇ ਨੇ। ਗਰਾਉਂਡ ਫਲੋਰ ਤੋਂ ਆਪਣਾ ਡੰਡਾ-ਡੇਰਾ ਸਮੇਟ ਕੇ ਘਰ ਦੀ ਉੱਪਰਲੀ ਮੰਜਿਲ 'ਤੇ ਵਾਹਵਾ ਸੋਹਣੀ ਦਿਨਕਟੀ ਹੋ ਰਹੀ ਏ। ਲਿਖਣ ਪੜ੍ਹਨ ਲਈ ਉੱਪਰ ਖੁਲ੍ਹਾ ਸਮਾਂ ਏ। ਮਾਨੀ ਜਾਂ ਉਸਦੀ ਅੰਮੀ ਚਾਹ,ਪਾਣੀ ਦੇ ਜਾਂਦੀ ਏ। ਹਰ ਵਾਰੀ ਉਹ ਹੇਠਾਂ ਪਰਤ ਆਉਣ ਦੀ ਤਾਕੀਦ ਕਰਦਿਆਂ ਉਹ ਆਖਦੀਆਂ, 'ਆਪਣਿਆਂ ਨਾਲ ਜਿਆਦਾ ਦੇਰ ਗੁੱਸਾ ਨਹੀਂ ਕਰੀਦਾ... ਬੜੇ ਦਿਨ ਇੱਕਲੇ ਰਹਿ ਲਿਆ ... ਬਹੁਤਾ ਸਮਾਂ ਵੀ ਨਹੀਂ ਹੁੰਦਾ ਬੰਦੇ ਕੋਲ ... ਬੰਦੇ ਬਣੋ ਤੇ ਹੇਠਾਂ ਆ ਜਾਉ' ...

ਅਸੀਂ ਬੰਦੇ ਘਰ-ਬਾਰ ਦੇ ਮਾਲਕ ਹੁੰਦੇ ਹਾਂ। ਰੋਟੀ,ਰੋਜ਼ੀ ਕਮਾਉਣ ਲਈ ਸਵੇਰੇ, ਸ਼ਾਮ ਕੁੱਤੇ ਵਾਂਗ ਹਰਲ-ਹਰਲ ਕਰਦੇ ਫਿਰਦੇ ਹਾਂ। ਖੋਤੇ ਵਾਂਗ ਮਿਹਨਤ ਕਰ ਕੇ ਰੋਟੀ-ਪਾਣੀ ਚਲਾਉਣ ਦੇ ਆਹਰ ਕਰਦੇ ਹਾਂ। ਫਿਰ ਵੀ ਘਰ ਵਿਹਲੀ ਬੈਠੀ ਬੀਵੀ ਜੇਕਰ 'ਓਏ' ਕਹਿ ਦਏ ਤਾਂ ਭਲਾ ਕਿਹੜੇ ਮਰਦ ਦੀ ਅਣਖ ਨਹੀਂ ਜਾਗੇਗੀ ?... ਹਰ ਕੋਈ ਸਾਡੇ ਵਾਂਗ ਹੀ ਕਰੇਗਾ ... ਉਸਦੇ ਅੰਦਰਲਾ ਮਰਦ ਜਾਗੇਗਾ ਹੀ ... ਕੋਈ ਵੀ ਮਰਦ ਆਪਣੀ ਬੀਵੀ ਦੀ ਜਾਇਜ਼-ਨਜਾਇਜ਼ ਗੱਲ ਨੂੰ ਨਹੀਂ ਸਹਾਰ ਸਕਦਾ...

ਹੋਇਆ ਕੀ, ਉਸ ਦਿਨ ਦੋ-ਢਾਈ ਵਜੇ ਜਰੂਰੀ ਕੰਮ ਲਈ ਘਰੋਂ ਬਾਹਰ ਜਾਣਾ ਪੈ ਗਿਆ। ਇਧਰ ਸ੍ਰੀ ਮਤੀ ਦੇ ਐਕਟਿਵਾ ਦਾ ਹਾਰਨ ਨਹੀਂ ਸੀ ਵੱਜ ਰਿਹਾ। ਚਾਹ-ਪੈਨ ਦੀ ਡੰਡੀ ਟੁੱਟੀ ਹੋਈ ਸੀ। ਮਿਕਸੀ ਦੇ ਗ੍ਰਾਈਂਡਰ ਦਾ ਨਵਾਂ ਬਲੇਡ ਪੈਣ ਵਾਲਾ ਸੀ। ਉਸਨੇ ਮਾਰਕੀਟ 'ਚੋਂ ਆਪਣੀ ਚੁੰਨੀ ਵੀ ਰੰਗਵਾਉਣੀ ਸੀ। ਦਿਨ ਦੇ ਬਾਰਾਂ ਵਜੇ ਹੋਣਗੇ। ਜਦੋਂ ਉਹ ਘਰੋਂ ਬਾਹਰ ਜਾਣ ਲੱਗੀ ਤਾਂ ਅਸੀਂ ਵੀ ਤਰਸ ਖਾ ਕੇ ਉਸਦੇ ਨਾਲ ਹੋ ਤੁਰੇ।

ਮਾਰਕੀਟ ਵਿੱਚ ਉਹ ਆਪਣੇ ਹਿੱਸੇ ਵਾਲੇ ਕੰਮ ਕਰਨ ਲੱਗ ਪਈ ਤੇ ਅਸੀਂ ਮਕੈਨਿਕ ਕੋਲ ਸਕੂਟਰ ਠੀਕ ਕਰਵਾਉਣ ਬੈਠ ਗਏ। ਕੰਮ ਨਿਪਟਾ ਉਹ ਸਾਡੇ ਕੋਲ ਆਈ ਤੇ ਕੁਝ ਪਲ ਰੁਕਣ ਦੀ ਥਾਂ ਪਰ੍ਹੇ ਛਾਂਵੇ ਖਲੋਣ ਦਾ ਕਹਿ ਕੇ ਅੱਗੇ ਤੁਰ ਗਈ।

ਪੌਣੇ ਦੋ ਵੱਜ ਗਏ। ਸਕੂਟਰ ਠੀਕ ਕਰਵਾ ਅਸੀਂ ਵੀ ਤੁਰ ਪਏ। ਪੂਰੀ ਮਾਰਕੀਟ 'ਚ ਉਹ ਕਿਧਰੇ ਨਾ ਦਿਸੀ। ਵਾਪਸ ਮੁੜ ਅਸੀਂ ਫਿਰ ਸ਼੍ਰੀ ਮਤੀ ਨੂੰ ਮਾਰਕੀਟ ਵਿਚ ਇਧਰ, ਉਧਰ ਟੋਲਣ ਲੱਗ ਪਏ। ਉਸਨੂੰ ਗੈਰ ਹਾਜ਼ਰ ਵੇਖ, ਦਿਮਾਗ 'ਚ ਅੱਗ ਦੇ ਭਾਂਬੜ ਮੱਚਣ ਲੱਗ ਪਏ ... ਅਗਲੇ ਹੀ ਪਲ ਉਹ ਕਾਹਲੀ ਨਾਲ ਖੋਖਾ ਮਾਰਕੀਟ 'ਚੋਂ ਬਾਹਰ ਨਿਕਲ ਆਈ ਤੇ ਸਟਾਰਟ ਖੜ੍ਹੇ ਸਕੂਟਰ ਦੇ ਪਿੱਛੇ ਬੈਠ ਗਈ। ਅਸਾਂ ਆਓ ਵੇਖਿਆ ਨਾ ਤਾਓ ... ਕੱਪੜਿਉਂ ਬਾਹਰ ਹੋ ਗਏ ... ਭਰੇ ਬਾਜ਼ਾਰ 'ਚ ਉਸਦੀ ਮਾਂ ਭੈਣ ਇੱਕ ਕਰ ਦਿੱਤੀ ...

ਮਾਂ ਦੀ ਧੀ, ਅੱਗੋਂ ਉਹ ਵੀ ਕਿਹੜੀ ਘੱਟ ਨਿਕਲੀ ... ਸਾਰਾ ਰਸਤਾ ਇੱਟ ਦਾ ਜੁਆਬ ਪੱਥਰ ਨਾਲ ਦਿੰਦੀ ਆਈ। ਗੁੱਸੇ ਨਾਲ ਸਾਡੇ ਸਰੀਰ 'ਚੋਂ ਅੱਗ ਨਿਕਲਦੀ ਰਹੀ। ਘਰ ਪੁੱਜਣ 'ਤੇ ਹੱਥ ਚੁੱਕਣ ਦੀ ਕਸਰ ਹੀ ਬਾਕੀ ਸੀ ... ਖੈਰ ! ਕਿਸਮਤ ਵੱਸ ਅਖ਼ਬਾਰੀ ਮੀਟਿੰਗ ਵਿੱਚ ਜਾਣ ਦਾ ਸਮਾਂ ਹੋਇਆ ਪਿਆ ਸੀ। ਭਰੇ, ਪੀਤੇ ਅਸੀਂ ਛੇਤੀ ਨਾਲ ਨਹਾਤੇ-ਧੋਤੇ, ਤਿਆਰ ਹੋਏ ਤੇ ਘਰੋਂ ਬਾਹਰ ਨਿਕਲ ਗਏ ... ਸ਼ੁਕਰ ਰੱਬ ਦਾ ... ਬਲਾ ਟਲ ਗਈ ...

ਅਗਲੀ ਸੁਣੋ ... ਮਾਨੀ ਆਪਣੀ ਅੰਮੀ ਨਾਲ ਨਾਨੀ ਦੀ ਭੈਣ ਘਰ ਪਾਠ ਦੇ ਭੋਗ 'ਤੇ ਜਾਣ ਲਈ ਤਿਆਰ ਹੋ ਰਹੀ ਸੀ। ਤਿਆਰੀ ਲਗਭਗ ਮੁਕੰਮਲ ਹੋ ਚੁਕੀ ਸੀ। ਸਟੋਰ ਦਾ ਬੂਹਾ ਬੰਦ ਕਰਦਿਆਂ ਮਾਨੀ ਦੀ ਅੰਮੀ ਦਾ ਧਿਆਨ ਮਸ਼ੀਨ ਵਿਚ ਪਏ ਧੋਤੇ ਹੋਏ ਕੱਪੜਿਆਂ 'ਤੇ ਪੈ ਗਿਆ। ਕੱਪੜੇ ਬਾਹਰ ਵਿਹੜੇ 'ਚ ਲਿਆ ਉਸਨੇ ਮਾਨੀ ਨੂੰ ਕਿਹਾ, 'ਇਨਾਂ ਕੱਪੜਿਆਂ ਨੂੰ ਬਾਹਰ ਸੁੱਕਣੇ ਪਾ ਆ ...

ਮਾਨੀ ਨੇ ਨਵਾਂ ਸੂਟ ਪਾਇਆ ਹੋਇਆ ਸੀ। ਚਾਅ ਵਿੱਚ ਜਾਂ ਬੇਧਿਆਨੀ ਵਿੱਚ ਉਸਨੂੰ ਅੰਮੀ ਦੀ ਗੱਲ, ਪੂਰੀ ਸਮਝ ਨਹੀਂ ਆਈ ਹੋਣੀ। ਬੀਬੇ ਬੱਚੇ ਵਾਂਗ ਉਹ ਧੋਤੇ ਹੋਏ ਗਿੱਲੇ ਕੱਪੜੇ ਫੜ ਉਸੇ ਵੇਲੇ ਮੁੜ ਮਸ਼ੀਨ ਵਿੱਚ ਪਾ ਆਈ।

ਸਾਰੇ ਜਣੇ ਬਾਹਰਲਾ ਦਰਵਾਜਾ ਬੰਦ ਕਰਕੇ ਕਾਰ ਵਿੱਚ ਬੈਠ ਗਏ ... ਤੁਰਨ ਤੋਂ ਪਹਿਲਾਂ ਉਸਦੀ ਅੰਮੀ ਨੂੰ ਕੱਪੜਿਆਂ ਦੀ ਯਾਦ ਆ ਗਈ ... ਕੱਪੜੇ, ਜਿਹੜੇ ਉਹ ਮਸ਼ੀਨ ਵਿੱਚ ਧੋ ਕੇ ਹੁਣੇ ਬਾਹਰ ਨਿਕਲੀ ਸੀ ... ਬਾਹਰ ਉਸਨੂੰ ਰੇਲਿੰਗ 'ਤੇ ਸੁੱਕਣੇ ਪਏ ਕੱਪੜੇ ਕਿਧਰੇ ਨਾ ਦਿਸੇ ... ਅੰਮੀ ਨੇ ਹੈਰਾਨ ਹੁੰਦਿਆਂ ਮਾਨੀ ਨੂੰ ਪੁੱਛਿਆ, 'ਮਾਨੀ ! ਕੱਪੜੇ ਕਿੱਥੇ ਸੁੱਕਣੇ ਪਾਏ ਈ' ?

'ਵਾਸ਼ਿੰਗ ਮਸ਼ੀਨ ਵਿਚ'... ਸਹਿਜ ਭਾਅ ਮਾਨੀ ਨੇ ਜੁਆਬ ਦਿੱਤਾ।

'ਓ ! ਹੋ !! ਆਪਕੋ ਅਕਲ ਕੱਬ ਆਏਗੀ ?... ਕੋਈ ਭੀ ਕਾਮ ਢੰਗ ਸੇ ਨਹੀਂ ਕਰਤੀ ਆਪ ... ਇੰਗਲਿਸ਼ ਮੀਡੀਅਮ ਸਕੂਲ ਮੇਂ ਪੜ੍ਹਨੇ ਕਾ ਕਿਆ ਫਾਇਦਾ' ?... ਮਾਨੀ ਨੂੰ ਗੁੱਸੇ ਨਾਲ ਡਾਂਟਦੀ ਹੋਈ ਉਸਦੀ ਅੰਮੀ ਕਾਰ 'ਚੋਂ ਹੇਠਾਂ ਉੱਤਰ ਆਈ। ਘਰ ਦਾ ਦਰਵਾਜ਼ਾ ਖੋਲ੍ਹ ਅੰਦਰ ਆਈ ਤੇ ਮਾਨੀ ਦੁਆਰਾ ਮਸ਼ੀਨ ਵਿੱਚ ਪਾਏ ਹੋਏ ਧੋਤੇ ਕੱਪੜੇ ਮੁੜ ਤਾਰ 'ਤੇ ਸੁੱਕਣੇ ਪਾਉਣ ਲੱਗ ਪਾਈ।

ਮਾਨੀ ਨੇ ਕੀ ਕੀਤਾ, ਅੱਖਾਂ 'ਚੋਂ ਮੋਟੇ ਮੋਟੇ ਅਥਰੂ ਕੇਰਦੀ ਸਾਡੇ ਕੋਲ ਆ ਗਈ ਤੇ ਬੈੱਡ 'ਤੇ ਲੇਟਦੀ ਬੋਲੀ, 'ਨਾਨੂ ! ਮੈਂ ਪਾਠ 'ਤੇ ਨਹੀਂ ਜਾ ਰਹੀ ... ਇਥੇ ਤੁਹਾਡੇ ਕੋਲ ਹੀ ਰਹਾਂਗੀ' ...

ਮਾਨੀ ਨਾਲ ਜਿਆਦਤੀ ਹੋਈ ਵੇਖ ਸਾਨੂੰ ਵੀ ਬੜਾ ਤਰਸ ਆਇਆ। ਲਾਡ ਨਾਲ ਮੱਥਾ ਪਲੋਸਿਆ ਤੇ ਉਸਦੇ ਹੰਝੂ ਪੂੰਝ ਦਿੱਤੇ। ਫਿਰ ਉਸਨੂੰ ਅੰਮੀ ਅਤੇ ਨਾਨੀ ਨਾਲ ਭੇਜਣ ਦੇ ਇਰਾਦੇ ਨਾਲ ਕਿਹਾ, 'ਪਿਆਰੀ ਮਾਨੀ ! ਹੁਣ ਤਾਂ ਤੁਸੀਂ ਤਿਆਰ ਹੋਏ ਹੋ ... ਨਵਾਂ ਸੂਟ ਵੀ ਪਾਇਆ ਹੋਇਆ ... ਜੇ ਤੁਸੀਂ ਪਾਠ ਵਾਲੇ ਘਰ ਨਾ ਗਏ ਤਾਂ ਕਿਸੇ ਬੱਚੇ ਨੂੰ ਤੁਹਾਡੇ ਸੂਟ ਦਾ ਪਤਾ ਨਹੀਂ ਲੱਗਣਾ ?...

'ਨਾਨੂੰ ! ਨਵੇਂ ਸੂਟ ਬੂਟ ਨਾਲ ਬੰਦੇ ਨੂੰ ਕੋਈ ਫਰਕ ਨਹੀਂ ਪੈਂਦਾ ... ਬਸ ! ਮੈਂ ਆਪਣੇ ਮਨ ਨਾਲ ਫੈਸਲਾ ਕਰ ਲਿਆ ਕਿ ਹੁਣ ਅੰਮੀ ਨਾਲ ਜਿੰਦਗੀ ਭਰ ਕਿਧਰੇ ਵੀ ਨਹੀਂ ਜਾਵਾਂਗੀ ... ਛੋਟੇ ਬੱਚਿਆਂ ਦੀ ਵੀ ਸੈਲਫ ਰਿਸਪੈਕਟ ਹੁੰਦੀ ਏ' ...

'ਪਰ ਕਿਉਂ' ? ਇਥੇ 'ਸੈਲਫ ਰਿਸਪੈਕਟ' ਵਾਲੀ ਗੱਲ ਕਿਥੋਂ ਆ ਗਈ' ? ਅਸਾਂ ਬੜੀ ਹਲੀਮੀ ਨਾਲ ਉਸਨੂੰ ਪੁੱਛਿਆ।

'ਅੰਮੀ ਮੇਰੇ ਨਾਲ ਹਮੇਸ਼ਾ ਗੁੱਸੇ ਭਰਿਆ ਵਿਹਾਰ ਕਰਦੀ ਹੈ ... ਹਮੇਸ਼ਾ ਕੌੜੇ ਬੋਲ ਬੋਲਦੀ ਏ ... ਬੱਚਿਆਂ ਨੂੰ ਡਾਂਟਣ ਦੀ ਥਾਂ ਪਿਆਰ ਨਾਲ ਵੀ ਸਮਝਾਇਆ ਜਾ ਸਕਦਾ ਏ'...

'ਪਿਆਰੀ ਬੇਟੀ ! ਬੰਦੇ ਨੂੰ ਵੇਲਾ ਸੰਭਾਲਣਾ ਚਾਹੀਦਾ ਏ ... ਜੇ ਕੋਈ ਬੰਦਾ ਕਿਸੇ ਗੱਲ 'ਤੇ ਮੂਰਖਤਾ ਕਰਦਾ ਹੈ ਤਾਂ ਦੂਜੇ ਬੰਦੇ ਨੂੰ ਉਸਦੇ ਉਲਟ ਸਿਆਣਪ ਵਰਤਣੀ ਚਾਹੀਦੀ ਏ ... ਅਜਿਹਾ ਕਰਨ ਨਾਲ ਵੱਡੇ, ਵੱਡੇ ਮਸਲੇ ਵੀ ਸਹਿਜੇ ਹੀ ਹੱਲ ਹੋ ਜਾਂਦੇ ਨੇ ... ਸੋ ਹੁਣ ਤੁਸੀਂ ਵੀ ਸਿਆਣੇ ਬਣ ਕੇ ਵੇਲਾ ਸੰਭਾਲੋ ਤੇ ਸਾਰਿਆਂ ਦੇ ਨਾਲ ਪਾਠ 'ਤੇ ਚਲੇ ਜਾਓ ... ਸ਼ਾਮਾਂ ਵੇਲੇ ਵਾਪਸੀ 'ਤੇ ਤੁਸੀਂ ਵੀ ਆਪਣਾ ਸਕੂਲ ਬੈਗ ਤੇ ਕੱਪੜੇ ਲੈ ਕੇ ਸਾਡੇ ਕੋਲ ਆ ਜਾਇਓ ... ਉੱਪਰ ਅਸੀਂ ਨਾਨੂੰ ਤੇ ਮਾਨੀ ਬੇਟੀ ਇੱਕਠੇ ਰਿਹਾ ਕਰਾਂਗੇ' ...

'ਨਾਨੂੰ ! ਕਿਸੇ ਨੂੰ ਸਮਝਾਉਣਾ ਤੇ ਗਿਆਨ ਦੇਣਾ ਬੜਾ ਸੌਖਾ ਹੁੰਦਾ ... ਪਰ ਅਜਿਹੀਆਂ ਗੱਲਾਂ ਬੰਦਾ ਖੁਦ ਨਹੀਂ ਸਮਝਦਾ ...

'ਬੇਟਾ ਜੀ ! ਮੈਂ ਸਮਝਿਆ ਨਹੀਂ ... ਤੁਸੀਂ ਕਹਿਣਾ ਕੀ ਚਾਹੁੰਦੇ ਹੋ' ?...

'ਨਾਨੂੰ ! ਤੁਸੀਂ ਵੀ ਤਾਂ ਅੰਮੀ ਵਰਗੇ ਜ਼ਿੱਦੀ ਤੇ ਗੁੱਸੇਖੋਰੇ ਹੋ ... ਮੈਨੂੰ ਤਾਂ ਤੁਹਾਡੇ ਦੋਹਾਂ ਵਿੱਚ ਕੋਈ ਫਰਕ ਨਹੀਂ ਦਿਸਦਾ ... ਦੋਵੇਂ ਹਮੇਸ਼ਾ ਹਵਾ ਨੂੰ ਤਲਵਾਰਾਂ ਮਾਰਦੇ ਰਹਿੰਦੇ ਹੋ' ... ਮਾਨੀ ਨੇ ਜਿਵੇਂ ਹੋਰ ਬੁਝਾਰਤ ਪਾਉਂਦਿਆਂ

ਕਿਹਾ ।

'ਮਾਨੀ ਜੀ ! ਸਾਨੂੰ ਤੁਹਾਡੀ ਗੱਲ ਦੀ ਸਮਝ ਨਹੀਂ ਆਈ ... ਕੀ ਮਤਲਬ ?... ਤੁਸੀਂ ਕਹਿਣਾ ਕੀ ਚਾਹੁੰਦੇ ਹੋ' ?... ਆਪਣਾ ਸਿਰ ਖੁਰਕਦਿਆਂ ਅਸਾਂ ਅੰਮੀ ਵਾਲਾ ਮਸਲਾ ਛੱਡ ਸਾਡੇ ਨਾਲ ਨਵਾਂ ਆਢਾ ਲਾ ਬੈਠੀ ਮਾਨੀ ਨੂੰ ਪੁੱਛਿਆ ।

'ਨਾਨੂੰ ! ਜਦੋਂ ਤੁਸੀਂ ਨਾਨੀ ਨਾਲ ਮਾਰਕੀਟ ਗਏ ਸੀ ਤਾਂ ਉਦੋਂ ਸਾਡੀ ਨਾਨੀ ਨੂੰ ਭੁੱਖ ਲੱਗ ਗਈ ਸੀ । ਉਹ ਉਥੇ ਕੁਝ ਖਾਣ ਚਲੇ ਗਏ ... ਤੁਸੀਂ ਉਨਾਂ ਦੀ ਦੋ ਚਾਰ ਮਿੰਟ ਵਾਲੀ ਗੈਰਹਾਜ਼ਰੀ ਵੀ ਬਰਦਾਸ਼ਤ ਨਹੀਂ ਸੀ ਕੀਤੀ ... ਫਿਰ ਭਰੇ ਬਾਜ਼ਾਰ ਵਿੱਚ ਕੋਈ ਸਫਾਈ ਲੈਣ, ਦੇਣ ਤੋਂ ਬਿਨਾਂ ਤੁਸੀਂ ਉਨਾਂ ਨੂੰ ਚੰਗਾ, ਮੰਦਾ ਬੋਲਣਾ ਸ਼ੁਰੂ ਕਰ ਦਿੱਤਾ ... ਹੋਰ ਤੇ ਹੋਰ, ਖੁਦ ਆਪ ਹੀ ਗਲਤੀ ਕਰਨ ਤੋਂ ਬਾਅਦ ਚਾਰ ਦਿਨਾਂ ਤੋਂ ਲਗਾਤਾਰ ਉੱਪਰ ਡੇਰਾ ਲਾਈ ਬੈਠੇ ਹੋਏ ਹੋ ... ਸੱਚੀ ! ਤੁਸੀਂ ਵੀ ਅੰਮੀ ਨਾਲੋਂ ਘੱਟ ਨਹੀਂ ਹੋ ... ਮੈਨੂੰ ਤਾਂ ਭੋਰਾ ਵੱਧ ਹੀ ਲੱਗਦੇ ਹੋ' ... ਬੈੱਡ ਤੋਂ ਉਠਦਿਆਂ ਮਾਨੀ ਬੋਲੀ ।

ਨਿਕੜੀ ਜਿਹੀ ਮਾਨੀ ਨੇ ਜਿਵੇਂ ਸਾਡੀਆਂ ਅੱਖਾਂ ਖੋਲ੍ਹ ਦਿੱਤੀਆਂ ਹੋਣ ... ਅੰਦਰੋਂ, ਅੰਦਰੀ ਆਪਣੀ ਗ਼ਲਤੀ ਦਾ ਅਹਿਸਾਸ ਕਰਦਿਆਂ ਅਸੀਂ ਬਸ ਇਨਾਂ ਕੁ ਬੋਲੇ, 'ਮਾਨੀ ਜੀ ! ਵੈਰੀ ਸੌਰੀ' ...

'ਪਿਆਰੇ ਨਾਨੂੰ ! ਬਾਏ ... ਅਸੀਂ ਸਾਰੇ ਅੰਮੀ ਦੀ ਮਾਸੀ ਘਰ ਜਾ ਰਹੇ ਹਾਂ ... ਆਪਣੇ ਘਰ ਦਾ ਖਿਆਲ ਰਖਿਓ' ...

ਹੁਣ ਖਿੜੇ ਹੋਏ ਚਿਹਰੇ ਵਾਲੀ ਮਾਨੀ, ਹੇਠਾਂ ਨੂੰ ਪੌੜੀਆਂ ਉੱਤਰਦੀ ਹੋਈ ਇੰਜ ਲੱਗ ਰਹੀ ਸੀ ਜਿਵੇਂ ਹਵਾ ਵਿੱਚ ਉੱਡ ਰਹੀ ਕੋਈ ਪਰੀ ਹੋਵੇ ...

ਮਾਨੀ ਦੇ ਚਲੇ ਜਾਣ ਤੋਂ ਬਾਅਦ ਸਾਡਾ ਧਿਆਨ ਕੰਧ ਘੜੀ 'ਤੇ ਜਾ ਪਿਆ । ਦੁਪਹਿਰ ਦੇ ਬਾਰਾਂ ਵਜਣ ਵਿੱਚ ਕੁਝ ਮਿੰਟ ਬਾਕੀ ਸਨ । ਕਿਸੇ ਹੋਟਲ ਦੇ ਕਮਰੇ ਵਿੱਚ ਹੁੰਦੇ ਤਾਂ ਇਸੇ ਵੇਲੇ ਚੈੱਕ ਆਊਟ ਕਰਨਾ ਪੈਂਦਾ ...ਜਾਂ ਫਿਰ ਅਗਲੇ ਦਿਨ ਦਾ ਕਿਰਾਇਆ ਦੇਣਾ ਪੈਂਦਾ ... ਅਸਾਂ ਕੀ ਕੀਤਾ, ਉਸੇ ਵੇਲੇ ਸਾਮਾਨ ਸਮੇਟਿਆ ਤੇ ਉੱਪਰਲੀ ਮੰਜਿਲ ਤੋਂ ਚੈੱਕ ਆਊਟ ਕਰ ਆਪਣੇ ਹੇਠਲੇ ਕਮਰੇ ਵਿੱਚ ਚੈੱਕ ਇਨ ਕਰ ਗਏ ...

ਦੱਸਿਆ ਸੀ ਨਾ ... ਰੱਬ ਜੀ ਆਪਣੇ ਖੇਡ ਖਿਡੌਣਿਆਂ ਨਾਲ ਬੰਦੇ ਨੂੰ ਹਸਾਉਂਦੇ, ਰੁਆਉਂਦੇ ਤੇ ਰੁਸਾਉਂਦੇ, ਵਰਚਾਉਂਦੇ ਰਹਿੰਦੇ ... ਖ਼ਲਕਤ ਨੂੰ ਕੱਠ-ਪੁਤਲੀਆਂ ਸਮਝਦੇ ... ਆਪਣੀ ਮੌਜੇ ਅਦਿੱਖ

ਧਾਗਿਆਂ ਨਾਲ ਬੰਦੇ ਨੂੰ ਨਚਾਉਂਦੇ ... ਨਿਮਾਣੀਆਂ ਪੁਤਲੀਆਂ ਲਈ ਮਨ ਦੀ ਮੌਜੇ ਕਿੱਥੇ ? ... ਉੱਚਾ, ਨੀਵਾਂ ਇੱਕ ਸਾਹ ਵੀ ਨਹੀਂ ਲੈਣ ਦਿੰਦੇ ... ਗਿਣੇ, ਮਿਣੇ ਚੌਗਿਰਦੇ 'ਚ ਆਪਣੀ ਅਦਿੱਖ ਲਛਮਣ ਰੇਖਾ ਲਕੀਰੀ ਰੱਖਦੇ ... ਕਿਸੇ ਨਾ ਕਿਸੇ ਮਖ਼ਲੂਕ ਨੂੰ ਹਮੇਸ਼ਾ ਚੈੱਕ ਇਨ ਤੇ ਚੈੱਕ ਆਊਟ ਕਰਨ ਵਿੱਚ ਮਸਰੂਫ਼ ਰਹਿੰਦੇ ...

ਮਨ ਕੈਨਵਸ 'ਤੇ ਮਾਤਾ, ਪਿਤਾ, ਬੀਵੀ,ਬੱਚੇ ਤੇ ਸੱਜਣ ਬੇਲੀ ਓਟ ਆਸਰੇ ਬਣਦੇ ... ਕਿਸੇ ਰਾਜੇ ਦੀ ਅੱਗਾ ਸੁਆਰਨ ਵਾਲੀ ਬਾਤ ਹੋਏ ... ਆਸਾਂ, ਉਮੀਦਾਂ ਦੇ ਉਲਟ ਮਾਨੀ ਵਾਲਾ ਘੁੱਪ ਹਨੇਰੇ ‘ਚ ਬਿਜਲੀ ਦੀ ਲਕੀਰ ਨਾਲ ਤਿੜਕੇ ਦਿਲ ਵਾਲਾ ਹਲਫੀਆ ਬਿਆਨ ਹੋਏ ... ਹਕੀਕਤ ਵਿੱਚ ਭਰਮ ਭਰੇ ਸਭ ਓਟ ਆਸਰੇ ਛਿਣ ਭੰਗਰੇ ...

ਵੇਖੋ ! ਬੰਦਾ ਮੁੜ ਮੁੜ ਹੋਣੀਆਂ ਨੂੰ ਵਿਸਾਰਦਾ ... ਹਰੀਆਂ ਕਚੂਰ ਵਾਦੀਆਂ ਵਿੱਚ ਵਿਚਰਨਾ ਲੋਚਦਾ ... ਨਿਰੰਤਰਤਾ ਵਿੱਚ ਅੰਦਰ, ਬਾਹਰ ਉੱਪਰ, ਹੇਠਾਂ ਖੌਫ਼ਨਾਕ ਤੇ ਆਦਮਖੋਰ ਢਲਾਨਾਂ 'ਤੇ ਖੇਡਾਂ ਖੇਡਦਾ ...

ਅਜ਼ਲਾਂ ਤੋਂ ਸ਼ੁਰੂ ਭੰਡਾ, ਭੰਡਾਰੀਆ ਦੀ ਖੇਡ ... ਵੇਖੋ ! ਰੁਕਣ ਦਾ ਨਾਂ ਨਹੀਂ ਲੈਂਦੀ ... ਜਿਉਂਦੇ ਥੀਂਦੇ ਬੰਦੇ 'ਤੇ ਕਹਿਰ ਮਚਾਉਂਦੀ ... ਜਿਵੇਂ ਬੰਦਾ ਸੀਮਾਹੀਣ ਬ੍ਰਹਿਮੰਡ 'ਚ ਵਿਚਰਦਾ ... ਅੰਨ੍ਹੇ ਬੋਲੇ ਖੂਹ 'ਚ ਟਿੰਡਾਂ ਦੀ ਜੂਨ ਹੰਢਾਉਂਦਾ ... ਦਿਨ, ਰਾਤ ਵਾਂਗ ... ਰੁੱਤਾਂ ਦੀ ਆਈ ਚਲਾਈ ਵਾਂਗ ... ਬੰਦਾ ਆਉਂਦਾ ਤੇ ਸਮੇਂ ਦੀ ਗਰਦ ਹੇਠ ਲੁਕ ਛਿਪ ਜਾਂਦਾ ...